# United Sikhs ਵਲੋਂ Black Lives Matter ਦਾ ਸਮਰਥਨ ਅਤੇ ਗੁਰੂ ਕੇ ਲੰਗਰਾਂ ਨਾਲ ਸੇਵਾ

## ਨਿਊਯਾਰਕ ਤੋਂ ਲਾਸ ਐਂਜਲਸ ਤੱਕ ਹੋਈਆਂ ਜੂਨਥੀਨਥ ਰੈਲੀਆਂ 'ਚ ਲਿਆ ਹਿੱਸਾ









ਨਿਊਯਾਰਕ (ਬਿਊਰੋ)- 'ਮਾਨਸ ਕੀ ਜਾਤ ਸਭੈ ਏਕੋ ਪਹਿਚਾਨਬੋ' (ਹਿਊਮਨ ਰੇਸ ਇਸ ਵਨ) ਦੇ ਸੰਕਲਪ 'ਤੇ ਪਹਿਰਾ ਦੇਣ ਵਾਲੀ ਨਿਊਯਾਰਕ ਨਾਲ ਸਬੰਧਿਤ ਸੰਸਥਾ ਯੂਨਾਈਟਿਡ ਸਿੱਖਸ ਦੇ ਵਾਲੰਟੀਅਰ 'ਬਲੈਕ ਲਾਈਵਜ਼ ਮੈਟਰ' ਦਾ ਸਮਰਥਨ ਕਰਦੇ ਹੋਏ ਜੂਨਥੀਨਥ ਰੈਲੀਆਂ 'ਚ ਨਿਊਯਾਰਕ ਤੋਂ ਲਾਸ ਐਂਜਲਸ ਤੱਕ ਹੋਏ ਮਾਰਚਾਂ 'ਚ ਵਧ ਚੜ੍ਹ ਕੇ ਸ਼ਾਮਲ ਹੋਏ। ਇੱਥੇ ਦੱਸਣਯੋਗ ਹੈ ਕਿ ਯੂਨਾਈਟਿਡ ਨੇਸ਼ਨਜ਼ ਵਲੋਂ ਮਾਨਤਾ ਪ੍ਰਾਪਤ ਰਾਹਤ ਸੰਸਥਾ 'ਯੂਨਾਈਟਿਡ ਸਿੱਖਸ' ਵਲੋਂ ਕੋਵਿਡ-19 ਮਹਾਂਮਾਰੀ ਦੌਰਾਨ ਅਮਰੀਕਾ ਭਰ ਵਿਚ 1.25 ਮਿਲੀਅਨ ਲੋਕਾਂ ਨੂੰ ਪੱਕਿਆ ਪਕਾਇਆ ਭੋਜਨ ਛਕਾਇਆ ਗਿਆ ਹੈ ਅਤੇ ਇਹ ਸੇਵਾ ਲਗਾਤਾਰ ਜਾਰੀ ਹੈ।

ਸਮਾਨਤਾ ਅਤੇ ਨਿਆਂ ਦੇ ਬੁਨਿਆਦੀ ਸਿਧਾਂਤਾਂ ਵਿੱਚ, ਯੂਨਾਈਟਿਡ ਸਿੱਖਸ ਦੇ ਵਾਲੰਟੀਅਰਾਂ ਦੀ ਇੱਕ ਟੀਮ ਨੇ ਨਿਊਯਾਰਕ ਸਿਟੀ ਅਤੇ ਲਾਸ ਏਂਜਲਸ ਵਿੱਚ ਜੂਨਥੀਨਥ ਰੈਲੀਆਂ ਦੇ ਮਾਰਚਾਂ ਵਿਚ ਕਾਰਕੁੰਨਾਂ ਅਤੇ ਪ੍ਰਬੰਧਕਾਂ ਨਾਲ ਮੋਢੇ ਨਾਲ ਮੋਢਾ ਜੋੜ ਕੇ ਖੜ੍ਹੇ ਹੋਣ ਦਾ ਕਾਰਜ ਨਿਭਾਇਆ ਅਤੇ ਰੈਲੀ ਦੇ ਇਕ ਸਿਰੇ ਤੋਂ ਦੂਜੇ ਸਿਰੇ ਤੱਕ ਸ਼ਾਮਿਲ ਲੋਕਾਂ ਨੂੰ ਪੱਕਿਆ ਪਕਾਇਆ ਪੌਸ਼ਟਿਕ ਭੋਜਨ ਛਕਾਇਆ।

ਅਫਰੀਕੀ ਮੂਲ ਦੇ ਲੋਕਾਂ ਲਈ ਸੁਤੰਤਰਤਾ ਦਿਵਸ ਦੇ ਤੌਰ 'ਤੇ ਜਾਣਿਆ ਜਾਂਦਾ ਜੂਨਥੀਨਥ ਦਿਨ ਉਸ ਦਿਨ ਦਾ ਸੰਕੇਤ ਦਿੰਦਾ ਹੈ ਜਦੋਂ ਫੈਡਰਲ ਫੌਜਾਂ ਸਟੇਟ ਦਾ ਕਬਜ਼ਾ ਲੈਣ ਲਈ ਅਤੇ ਸਟੇਟ ਦੇ ਗੁਲਾਮਾਂ ਨੂੰ ਆਜ਼ਾਦ ਕਰਵਾਉਣ ਲਈ 19 ਜੂਨ 1865 ਵਿਚ ਗੈਲਵਿਸਟਨ, ਟੈਕਸਾਸ ਪਹੁੰਚੀਆਂ ਸਨ। ਸੈਨਿਕਾਂ ਦੀ ਆਮਦ 'ਮੁਕਤੀ ਘੋਸ਼ਣਾ ਪੱਤਰ' 'ਤੇ ਦਸਤਖਤ ਕਰਨ ਤੋਂ ਢਾਈ ਸਾਲ ਬਾਅਦ ਹੋਈ। ਜੂਨਥੀਨਥ ਦਾ ਦਿਨ ਸਯੁੰਕਤ ਰਾਜ ਅਮਰੀਕਾ ਵਿਚ ਗੁਲਾਮੀ ਦੇ ਪ੍ਰਭਾਵਸ਼ਾਲੀ ਅੰਤ ਦੀ ਨਿਸ਼ਾਨਦੇਹੀ ਕਰਦਾ ਹੈ ਅਤੇ ਅਫਰੀਕੀ ਅਮਰੀਕੀਆਂ ਦੀ ਸਭ ਤੋਂ ਲੰਬੀ ਛੁੱਟੀ ਵਜੋਂ ਮਨਾਇਆ ਜਾਂਦਾ ਹੈ।

ਪੁਲਿਸ ਦੁਆਰਾ ਮਾਰੇ ਗਏ ਅਫਰੀਕੀ ਮੂਲ ਦੇ ਲੋਕਾਂ ਲਈ ਇਨਸਾਫ ਦੀ ਮੰਗ ਕਰਨ ਲਈ ਪਿਛਲੇ ਕੁਝ ਹਫਤਿਆਂ ਤੋਂ ਦੇਸ਼ ਭਰ ਦੀਆਂ ਰੈਲੀਆਂ ਦੇ ਨਾਲ ਇਹ ਸਾਲ ਜੁੜਦਾ ਹੋਇਆ ਯਾਦਗਾਰੀ ਵਿਸ਼ੇਸ਼ ਮਹੱਤਵ ਰੱਖਦਾ ਹੈ। ਸੰਸਥਾ ਦੇ ਇਕ ਵਲੰਟੀਅਰ ਨੇ ਕਿਹਾ "ਜਿਵੇਂ ਕਿ ਮੈਂ ਤਬਦੀਲੀ ਕਰਨ ਵਾਲਿਆਂ ਦੇ ਇਸ ਬਖਸ਼ਿਸ਼ਾਂ ਵਾਲੇ ਇਕੱਠ ਤੋਂ ਪਹਿਲਾਂ ਬੋਲਦਾ ਹਾਂ, ਜਿਵੇਂ ਕਿ ਮੈਂ ਉਨ੍ਹਾਂ ਲੋਕਾਂ ਦੀਆਂ ਕਾਰਵਾਈਆਂ ਨੂੰ ਵੇਖਦਾ ਹਾਂ ਜਿਹੜੇ ਚੁੱਪ ਨਾਂ ਰਹਿਣ ਦੀ ਚੋਣ ਕਰਦੇ ਹਨ, ਜਿਵੇਂ ਕਿ ਮੈਂ ਪ੍ਰਣਾਲੀ ਦੀਆਂ ਬੇੜੀਆਂ ਨੂੰ ਤੋੜਨ ਦੇ ਨਾਅਰੇ ਸੁਣਦਾ ਹਾਂ, ਨਸਲਵਾਦ ਅਤੇ ਪੁਲਿਸ ਦੀ ਬੇਰਹਿਮੀ, ਜਿਵੇਂ ਕਿ ਮੈਂ ਇਸ ਬਹੁਤ ਹੀ ਸੀਮਤ ਪਲਾਂ ਵਿੱਚ 400 ਸਾਲਾਂ ਤੋਂ ਸਤਾਏ ਲੋਕਾਂ ਦੇ ਦਰਦ ਅਤੇ ਰਾਹ ਵਿਚ ਆਏ ਦੁੱਖਾਂ ਦਾ ਭਾਰ ਮਹਿਸੂਸ ਕਰਦਾ ਹਾਂ ਅਤੇ ਇਹਨਾਂ ਵਿਚ ਸ਼ਾਮਲ ਹੋ ਕੇ ਮੈਂ ਨਿਮਰ ਅਤੇ ਸਨਮਾਨਿਤ ਹੋਇਆ ਸਮਝਦਾ ਹਾਂ।"

ਲਾਸ ਏਂਜਲਸ ਵਿਚ ਆਪ੍ਰੇਸ਼ਨਾਂ ਦੀ ਡਾਇਰੈਕਟਰ, ਮੀਤਨ ਕੌਰ ਨੇ ਉਨ੍ਹਾਂ ਹਜ਼ਾਰਾਂ ਸਵੈ-ਸੇਵਕਾਂ ਦੀ ਟੀਮ ਨਾਲ ਮਾਰਚ ਕੀਤਾ ਜੋ ਪ੍ਰਣਾਲੀਗਤ ਨਸਲਵਾਦ ਲਈ ਇਨਸਾਫ ਦੀ ਮੰਗ ਕਰਦਿਆਂ ਗੁਲਾਮੀ ਦੇ ਅੰਤ ਦਾ ਜਸਨ ਮਨਾ ਰਹੇ ਸਨ। ਮੀਤਨ ਕੌਰ ਨੇ ਕਿਹਾ ਕਿ "ਦੇਸ਼ ਦੇ ਸਾਹਮਣੇ ਅੱਜ ਦੀਆਂ ਚੁਣੌਤੀਆਂ ਦੇ ਬਾਵਜੂਦ ਮੈਂ ਨਿਮਰ ਹਾਂ ਅਤੇ ਉਦੇਸ਼ਾਂ ਦੀ ਭਾਵਨਾ ਨਾਲ ਭਰਪੂਰ ਹਾਂ। ਕੋਵਿਡ-19 ਅਤੇ ਨਸਲਵਾਦ ਦੀਆਂ ਮਹਾਂਮਾਰੀਆਂ ਚਿੰਤਾਜਨਕ ਹਨ ਪਰ ਮੈਂ ਦੇਸ਼ ਭਰ ਦੇ ਲੱਖਾਂ ਲੋਕਾਂ ਦੁਆਰਾ ਦਰਸਾਈ ਗਈ ਕਮਿਊਨਿਟੀ ਦੀ ਤਾਕਤ ਦੇ ਪ੍ਰਦਰਸ਼ਨ ਵਿੱਚ ਦ੍ਰਿੜਤਾ ਨਾਲ ਸ਼ਾਮਲ ਹਾਂ, ਅਸੀਂ ਜਿੱਤ ਪ੍ਰਾਪਤ ਕਰਾਂਗੇ। ਯੂਨਾਈਟਿਡ ਸਿੱਖਸ ਦੋ




ਮਹਾਂਮਾਰੀ ਦੀਆਂ ਪ੍ਰਤੀਕ੍ਰਿਆਵਾਂ ਪ੍ਰਤੀ ਮਨੁੱਖਤਾ ਦੇ ਹੱਕ ਵਿਚ ਦ੍ਰਿੜਤਾ ਪੂਰਵਕ ਖੜ੍ਹੀ ਹੈ, ਜੋ ਕਿ ਸਾਡੇ ਸਾਡੇ ਸਾਹਮਣੇ ਕੋਵਿਡ-19 ਅਤੇ ਨਸਲਵਾਦ ਦੇ ਰੂਪ ਵਿਚ ਖੜ੍ਹੀਆਂ ਹਨ। ਇੱਥੇ ਦੱਸਣਯੋਗ ਹੈ ਅਫਰੀਕੀ ਮੂਲ ਦੇ ਲੋਕਾਂ ਲਈ ਇਹ ਦਿਨ ਬਹੁਤ ਹੀ ਮਹੱਤਵਪੂਰਨ ਹੈ ਕਿਉਂਕਿ ਇਸ ਦਿਨ ਗੁਲਾਮੀ ਪ੍ਰਥਾ ਦਾ ਅੰਤ ਹੋਇਆ ਸੀ ਅਤੇ ਆਖਰੀ ਗੁਲਾਮਾਂ ਨੂੰ ਵੀ ਆਜ਼ਾਦ ਕਰ ਦਿੱਤਾ ਗਿਆ ਸੀ ਅਤੇ ਇਸ ਲਈ ਇਹਨਾਂ ਲੋਕਾਂ ਵਲੋਂ ਅੱਜ ਦੇ ਦਿਨ ਅਜ਼ਾਦੀ ਦਿਵਸ ਮਨਾਇਆ ਜਾਂਦਾ ਹੈ, ਭਾਵੇਂ ਕਿ ਅਮਰੀਕਾ 4 ਜੁਲਾਈ ਨੂੰ ਅਜ਼ਾਦੀ ਦਿਵਸ ਮਨਾਉਂਦਾ ਹੈ ਪਰ ਅਫਰੀਕੀ ਲੋਕ 19 ਜੂਨ ਨੂੰ ਆਪਣਾ ਅਜ਼ਾਦੀ ਦਿਵਸ ਸਮਝਦੇ ਹਨ। ਯੂਨਾਟੀਟਿਡ ਸਿੱਖਸ ਨੇ ਅਫਰੀਕੀ-ਅਮੀਕੀ ਲੋਕਾਂ ਦੇ ਇਸ ਜਸ਼ਨ ਵਿਚ ਵਧ ਚੜ੍ਹ ਕੇ ਹਿੱਸਾ ਲਿਆ ਕਿਉਂਕਿ ਇਹਨਾਂ ਲੋਕਾਂ ਵਾਂਗ ਹੀ ਸਿੱਖਾਂ ਨੇ ਜ਼ੁਲਮ ਸਹਾਰੇ ਹਨ ਅਤੇ ਇਹ ਦਰਦ ਇਕੋ ਜਿਹਾ ਹੈ, ਇਸਦੇ ਨਾਲ ਹੀ ਰੈਲੀਆਂ ਵਿਚ ਸ਼ਾਮਲ ਲੋਕਾਂ ਨੂੰ ਪੱਕਿਆ ਪਕਾਇਆ ਭੋਜਨ ਪ੍ਰਦਾਨ ਕੀਤਾ, ਪੀਣ ਲਈ ਪਾਣੀ ਦਿੱਤਾ ਅਤੇ ਮਨੁੱਖਤਾ ਤੇ ਹੁੰਦੇ ਜ਼ੁਲਮ ਦੇ ਵਿਰੋਧ ਦਾ ਪ੍ਰਗਟਾਵਾ ਵੀ ਕੀਤਾ।

# ਕੋਰੋਨਾ ਵਾਇਰਸ ਫੈਲਣ ਲਈ ਚੀਨ ਜ਼ਿੰਮੇਵਾਰ : ਟਰੰਪ

• ਅਮਰੀਕੀ ਝੰਡੇ ਦੇ ਅਪਮਾਨ ਲਈ 1 ਸਾਲ ਦੀ ਹੋਵੇ ਸਜ਼ਾ • ਟੁਲਸਾ ਰੈਲੀ ਵਿਚ ਆਸ ਨਾਲੋਂ ਘੱਟ ਹੋਇਆ ਇਕੱਠ




ਟੁਲਸਾ (ਓਕਲਾਹੋਮਾ), (ਹੁਸਨ ਲੜੋਆ ਬੰਗਾ) : ਇਥੇ ਰੈਲੀ ਨੂੰ ਸੰਬੋਧਨ ਕਰਦਿਆਂ ਰਾਸ਼ਟਰਪਤੀ ਟਰੰਪ ਨੇ ਇਕ ਵਾਰ ਫਿਰ ਕੋਰੋਨਾਵਾਇਰਸ ਫੈਲਣ ਲਈ ਚੀਨ ਨੂੰ ਜ਼ਿੰਮੇਵਾਰ ਠਹਿਰਾਇਆ ਤੇ ਉਨ੍ਹਾਂ ਨੇ ਕੋਰੋਨਾ ਨੂੰ 'ਚੀਨੀ ਵਾਇਰਸ' ਕਿਹਾ। ਇਸ ਦੇ ਨਾਲ ਹੀ ਉਨ੍ਹਾਂ ਨੇ ਉਸ ਦੇ ਪ੍ਰਸਾਸ਼ਨ ਵਲੋਂ ਕੋਰੋਨਾਵਾਇਰਸ ਦੀ ਰੋਕਥਾਮ ਲਈ ਕੀਤੇ ਯਤਨਾਂ ਦੀ ਜ਼ੋਰਦਾਰ ਸ਼ਬਦਾਂ ਵਿਚ ਸ਼ਲਾਘਾ ਕੀਤੀ। ਆਸ ਨਾਲੋਂ ਘੱਟ ਹੋਏ ਇਕੱਠ ਨੂੰ ਟਰੰਪ ਨੇ 1 ਘੰਟਾ 41 ਮਿੰਟ ਸੰਬੋਧਨ ਕੀਤਾ। ਟਰੰਪ ਨੇ ਕਿਹਾ ਕਿ ਉਸ ਨੂੰ ਆਸ ਸੀ ਕਿ ਬੀ.ਓ.ਕੇ. ਸੈਂਟਰ ਵਿਚਲੀਆਂ 19 ਹਜ਼ਾਰ ਸੀਟਾਂ ਭਰ ਜਾਣਗੀਆਂ ਤੇ ਹਜ਼ਾਰਾਂ ਲੋਕਾਂ ਦੀ ਹੋਰ ਭੀੜ ਇਕੱਠੀ ਹੋਵੇਗੀ ਪ੍ਰੰਤੂ ਇਥੇ ਤਾਂ ਕਈ ਸੀਟਾਂ ਖਾਲੀ ਹਨ। ਟਰੰਪ ਨੇ ਦੇਸ਼ ਭਰ ਵਿਚ ਹੋਏ ਪ੍ਰਦਰਸ਼ਨਾਂ ਦੀ ਸਖ਼ਤ ਲਹਿਜ਼ੇ ਵਿਚ ਆਲੋਚਨਾ ਕਰਦਿਆਂ ਕਿਹਾ ਕਿ 'ਖੱਬੇ ਪੱਖੀਆਂ ਦੀ ਆਪਹੁਦਰੀ ਭੀੜ ਸਾਡੇ ਇਤਿਹਾਸ ਨੂੰ ਨਸ਼ਟ ਕਰਨ ਦੇ ਯਤਨ ਵਿਚ ਹੈ, ਸਾਡੇ ਸ਼ਾਨਦਾਰ ਸਮਾਰਕਾਂ ਨੂੰ ਤਬਾਹ ਕੀਤਾ ਜਾ ਰਿਹਾ ਹੈ ਤੇ ਬੁੱਤਾਂ ਨੂੰ ਤੋੜਿਆ ਜਾ ਰਿਹਾ ਹੈ। ਲੰਘੀ ਰਾਤ ਵਾਸ਼ਿੰਗਟਨ ਡੀ.ਸੀ. ਵਿਚ ਤਾਜ਼ਾ ਵਿਖਾਵਾ ਹੋਇਆ ਹੈ, ਜਿਥੇ ਇਕ ਸੰਘੀ ਬੁੱਤ ਨੂੰ ਤੋੜ ਦਿੱਤਾ ਗਿਆ ਹੈ। ਪ੍ਰਦਰਸ਼ਨਕਾਰੀਆਂ ਨੇ ਕਲਾ ਦੇ ਇਕ ਬਹੁਤ ਹੀ ਸੁੰਦਰ ਨਮੂਨੇ ਨੂੰ ਤਬਾਹ ਕਰ ਦਿੱਤਾ ਹੈ।" ਪ੍ਰਦਰਸ਼ਨਕਾਰੀਆਂ ਨੇ ਜਨਰਲ ਅਲਬਰਟ ਪਾਈਕ ਦੇ ਬੁੱਤ ਨੂੰ ਤੋੜ ਦਿੱਤਾ ਤੇ ਉਪਰੰਤ ਇਸ ਨੂੰ ਅੱਗ ਦੇ ਸਪੁਰਦ ਕਰ ਦਿੱਤਾ। ਉਨ੍ਹਾਂ ਕਿਹਾ ਕਿ ਓਕਲਾਹੋਮਾ ਵਿਚ ਰੈਲੀ ਸੈਂਸਰਸ਼ਿਪ ਤੇ ਬੰਦਸ਼ਾਂ ਖਿਲਾਫ਼ ਕੀਤੀ ਗਈ ਹੈ। ਰਾਸ਼ਟਰਪਤੀ ਨੇ ਕਿਹਾ 'ਉਹ ਸਾਡੀ ਵਿਰਾਸਤ ਨੂੰ ਖਤਮ ਕਰਨਾ ਚਾਹੁੰਦੇ ਸਨ ਤਾਂ ਜੋ ਇਸ ਦੀ ਥਾਂ 'ਤੇ ਦਮਨਕਾਰੀ ਪ੍ਰਬੰਧ ਕਾਇਮ ਕੀਤਾ ਜਾ ਸਕੇ। ਉਹ ਸਾਡਾ ਪੁਲਿਸ ਵਿਭਾਗ ਖਤਮ ਕਰਨਾ ਚਾਹੁੰਦੇ ਹਨ, ਇਸ ਸਬੰਧੀ ਗੰਭੀਰਤਾ ਨਾਲ ਸੋਚਣਾ ਪਵੇਗਾ।" ਕਈ ਥਾਵਾਂ 'ਤੇ ਪ੍ਰਦਰਸ਼ਨਕਾਰੀਆਂ ਵਲੋਂ ਅਮਰੀਕੀ ਝੰਡਾ ਸਾੜੇ ਜਾਣ ਬਾਰੇ ਗੱਲ ਕਰਦਿਆਂ ਟਰੰਪ ਨੇ ਕਿਹਾ ਕਿ ਸਾਨੂੰ ਇਕ ਕਾਨੂੰਨ ਬਣਾਉਣਾ ਚਾਹੀਦਾ ਹੈ ਜਿਸ ਤਹਿਤ ਅਮਰੀਕੀ ਝੰਡਾ ਸਾੜਨ ਵਾਲੇ ਨੂੰ ਇਕ ਸਾਲ ਲਈ ਜੇਲ੍ਹ ਜਾਣਾ ਪਵੇਗਾ।" ਕੋਰੋਨਾ ਬਾਰੇ ਬੋਲਦਿਆਂ ਟਰੰਪ ਨੇ ਕਿਹਾ ਕਿ 'ਇਸ ਵਿਚ ਕੋਈ ਸ਼ੱਕ ਨਹੀਂ ਹੈ ਕਿ ਇਹ ਇਕ ਬਿਮਾਰੀ ਹੈ, ਮੈਂ ਇਸ ਨੂੰ ਵੱਖ-ਵੱਖ 19 ਨਾਵਾਂ ਨਾਲ ਪੁਕਾਰ ਸਕਦਾ ਹਾਂ। ਬਹੁਤ ਸਾਰੇ ਲੋਕ ਇਸ ਨੂੰ ਵਾਇਰਸ ਕਹਿੰਦੇ ਹਨ ਜੋ ਇਹ ਹੈ ਵੀ ਪਰ ਹੋਰ ਫਲੂ ਕਹਿੰਦੇ ਹਨ। ਇਨ੍ਹਾਂ ਵਿਚ ਕੀ ਫਰਕ ਹੈ?" ਉਨ੍ਹਾਂ ਨੇ ਕੋਰੋਨਾਇਰਸ ਨੂੰ 'ਕੁੰਗ ਫਲੂ' ਦਾ ਨਾਂ ਵੀ ਦਿੱਤਾ।

### ਟਰੰਪ ਦੀ ਆਲੋਚਨਾ

ਰੈਲੀ ਵਿਚ ਦਿੱਤੇ ਭਾਸ਼ਣ ਉਪਰੰਤ ਕੁਝ ਲੋਕਾਂ ਨੇ ਸ਼ੱਕ ਪ੍ਰਗਟ ਕੀਤਾ ਹੈ ਕਿ ਟਰੰਪ ਨਸਲਵਾਦੀ ਹੈ। ਸਾਬਕਾ ਸੰਘੀ ਵਕੀਲ ਤੇ ਟਰੰਪ ਦੇ ਆਲੋਚਕ ਰੀਨਾਟੋ ਮੈਰੀਓਟੀ ਨੇ ਕਿਹਾ ਹੈ ਕਿ ਟਰੰਪ ਨੇ ਕੋਰੋਨਾਵਾਇਰਸ ਲਈ 'ਕੁੰਗ ਫਲੂ' ਸ਼ਬਦ ਵਰਤਿਆ ਹੈ ਜਿਸ ਤੋਂ ਉਸ ਦੇ ਨਸਲੀ ਹੋਣ ਬਾਰੇ ਸ਼ੱਕ ਦੀ ਕੋਈ ਗੁੰਜਾਇਸ਼ ਨਹੀਂ ਰਹਿ ਜਾਂਦੀ। ਅਦਾਕਾਰ ਜਾਰਜ ਟੇਕੀ ਨੇ ਖਤਰਨਾਕ ਬਿਮਾਰੀ ਬਾਰੇ ਮਖੌਲੀ ਕਰਨ ਲਈ ਟਰੰਪ ਦੀ ਨਿੰਦਾ ਕੀਤੀ ਹੈ। ਟੇਕੀ ਨੇ ਟਵੀਟ ਕੀਤਾ ਹੈ ਕਿ ਟਰੰਪ ਨੇ ਟੁਲਸਾ ਰੈਲੀ ਵਿਚ ਕੋਵਿਡ-19 ਬਾਰੇ ਮਖੌਲ ਕਰਦਿਆਂ ਇਸ ਨੂੰ ਕੁੰਗ ਫਲੂ ਕਿਹਾ ਜੋ ਨਾ ਕੇਵਲ ਨਸਲਵਾਦੀ ਟਿੱਪਣੀ ਹੈ ਬਲਕਿ ਕੋਰੋਨਾਵਾਇਰਸ ਕਾਰਨ ਮੌਤ ਦੇ ਮੂੰਹ ਵਿਚ ਜਾ ਪਏ। 1,22,000 ਲੋਕਾਂ ਦਾ ਵੀ ਅਪਮਾਨ ਹੈ। ਇਥੇ ਵਰਨਣਯੋਗ ਹੈ ਕਿ ਸਿਹਤ ਮਾਹਿਰਾਂ ਨੇ ਕੋਰੋਨਾ ਫੈਲਣ ਦੇ ਡਰ ਕਾਰਨ ਰੈਲੀ ਦਾ ਵਿਰੋਧ ਕੀਤਾ ਸੀ ਪਰ ਟਰੰਪ ਨੇ ਸਿਹਤ ਮਾਹਿਰਾਂ ਦੀ ਸਲਾਹ ਨੂੰ ਅੱਖੋਂ-ਪਰੋਖੇ ਕਰਕੇ ਟੁਲਸਾ ਵਿਚ ਰੈਲੀ ਕੀਤੀ।

# ਅਮਰੀਕਾ ਦੇ ਇਤਿਹਾਸ ਦੀਆਂ ਗੌਰਵਮਈ ਸਮਾਰਕਾਂ ਦੀ ਭੰਨਤੋੜ ਅਤੇ ਨਸ਼ਟ ਕਰਨ ਵਾਲਿਆਂ ਨੂੰ ਹੋਵੇਗੀ ਲੰਬੀ ਕੈਦ: ਰਾਸ਼ਟਰਪਤੀ ਟਰੰਪ



ਵਾਸ਼ਿੰਗਟਨ : ਰਾਸ਼ਟਰਪਤੀ ਡੋਨਾਲਡ ਟਰੰਪ ਨੇ ਸੰਯੁਕਤ ਰਾਜ ਵਿਚ ਸਮਾਰਕਾਂ, ਮੂਰਤੀਆਂ ਜਾਂ ਅਜਿਹੀਆਂ ਹੋਰ ਸੰਘੀ ਜਾਇਦਾਦਾਂ ਦੀ ਭੰਨਤੋੜ ਜਾਂ ਵਿਨਾਸ਼ ਕਰਨ ਵਾਲੇ ਕਿਸੇ ਨੂੰ ਵੀ ਗ੍ਰਿਫਤਾਰ ਕਰਨ ਦਾ ਅਧਿਕਾਰ ਦਿੱਤਾ ਹੈ।

ਰਾਸ਼ਟਰਪਤੀ ਟਰੰਪ ਨੇ ਮੰਗਲਵਾਰ ਸਵੇਰੇ ਟਵਿੱਟਰ 'ਤੇ ਇਹ ਐਲਾਨ ਕੀਤਾ।

ਵੈਟਰਨ ਮੈਮੋਰੀਅਲ ਪ੍ਰਜ਼ਰਵੇਸ਼ਨ ਐਕਟ ਦੇ ਅਨੁਸਾਰ ਉਲੰਘਣਾ ਕਰਨ ਵਾਲਿਆਂ ਨੂੰ ਇੱਕ ਦਹਾਕੇ ਤਕ ਜੇਲ੍ਹ ਵਿੱਚ ਦਾ ਸਾਹਮਣਾ ਕਰਨਾ ਪੈ ਸਕਦਾ ਹੈ। ਜਾਰਜ ਫਲਾਇਡ ਦੀ ਮੌਤ ਤੋਂ ਬਾਅਦ ਉੱਚ ਨਸਲੀ ਤਣਾਅ ਅਤੇ ਸਮਾਜਿਕ ਬੇਚੈਨੀ ਦੇ ਮੱਦੇਨਜ਼ਰ ਪ੍ਰਦਰਸ਼ਨਕਾਰੀਆਂ ਨੇ ਦੇਸ਼ ਭਰ ਵਿੱਚ ਸੰਘ ਦੇ ਮੂਰਤੀਆਂ ਅਤੇ ਯਾਦਗਾਰਾਂ ਨੂੰ ਨਿਸ਼ਾਨਾ ਬਣਾਇਆ ਹੈ।

ਕਈ ਸ਼ਹਿਰਾਂ ਨੇ ਉਨ੍ਹਾਂ ਨੂੰ ਹਟਾਉਣ ਦਾ ਆਦੇਸ਼ ਦਿੱਤਾ ਹੈ, ਪਰ ਬਹੁਤ ਸਾਰੇ ਪ੍ਰਦਰਸ਼ਨਕਾਰੀਆਂ ਨੇ ਉਨ੍ਹਾਂ ਨੂੰ ਆਪ ਹੀ ਹਟਾਉਣ ਦਾ ਕੰਮ ਸ਼ੁਰੂ ਕਰ ਦਿੱਤਾ।

ਰਾਸ਼ਟਰਪਤੀ ਟਰੰਪ ਨੇ ਕਿਹਾ ਕਿ ਉਨ੍ਹਾਂ ਦਾ ਹੁਕਮ ਤੁਰੰਤ ਲਾਗੂ ਹੋ ਗਿਆ ਹੈ ਅਤੇ ਪਹਿਲਾਂ ਹੀ ਹਟਾਈਆਂ ਗਈਆਂ ਮੂਰਤੀਆਂ ਨੂੰ ਦੁਬਾਰਾ ਲਗਾਇਆ ਜਾਵੇਗਾ।

## ਹਿੰਸਾ ਕਰਨ ਵਾਲਿਆਂ ਨੂੰ ਲੰਬਾ ਸਮਾਂ ਜੇਲਾਂ 'ਚ ਡੱਕਿਆ ਜਾਵੇਗਾ : ਰਾਸ਼ਟਰਪਤੀ ਟਰੰਪ



ਵਾਸ਼ਿਗਟਨ, (ਹੁਸਨ ਲੜੋਆ ਬੰਗਾ) : ਲੰਘੇ ਦਿਨ ਵ੍ਹਾਈਟ ਹਾਊਸ ਨੇੜੇ ਕਮਾਂਡਰ ਇਨ ਚੀਫ ਐਂਡਰੀਊ ਜੈਕਸਨ ਦੇ ਬੁੱਤ ਨੂੰ ਨਸ਼ਟ ਕਰਨ ਦਾ ਯਤਨ ਕਰਨ ਵਾਲਿਆਂ ਨੂੰ ਗੁੰਡਾ ਅਨਸਰ ਕਰਾਰ ਦਿੰਦਿਆਂ ਰਾਸਟਰਪਤੀ ਡੋਨਾਲਡ ਟਰੰਪ ਨੇ ਅਜਿਹੇ ਲੋਕਾਂ ਨੂੰ ਲੰਬਾ ਸਮਾ ਜੇਲ੍ਹਾਂ ਵਿਚ ਡੱਕਣ ਦਾ ਵਾਅਦਾ ਕੀਤਾ ਹੈ। ਟਰੰਪ ਨੇ ਕਿਹਾ, "ਅਸੀਂ ਅਜਿਹੇ ਅਰਾਜਕਤਾਵਾਦੀਆਂ ਤੇ ਪ੍ਰਦਰਸ਼ਨਕਾਰੀਆਂ ਨੂੰ ਲੰਬੇ ਸਮੇਂ ਲਈ ਜੇਲ੍ਹ ਵਿਚ ਭੇਜਣ ਬਾਰੇ ਵਿਚਾਰ ਕਰ ਰਹੇ ਹਾਂ। ਅਜਿਹੇ ਲੋਕਾਂ ਨੂੰ ਤੁਸੀਂ ਜਿਸ ਨਾਂ ਨਾਲ ਮਰਜ਼ੀ ਪੁਕਾਰੋ। ਕੁਝ ਲੋਕ ਇਹ ਭਾਸ਼ਾ ਪਸੰਦ ਨਹੀਂ ਕਰਦੇ ਪਰ ਉਹ ਭੈੜੇ ਲੋਕ ਹਨ ਜੋ ਸਾਡੇ ਦੇਸ਼ ਨੂੰ ਪਿਆਰ ਨਹੀਂ ਕਰਦੇ। ਉਹ ਸਾਡੇ ਸਮਾਰਕ ਤਬਾਹ ਨਹੀਂ ਕਰ ਸਕਦੇ। ਮੈਂ ਇਹ ਸਪਸ਼ਟ ਕਰ ਦੇਣਾ ਚਾਹੁੰਦਾ ਹਾਂ।" ਰਾਸ਼ਟਰਪਤੀ ਨੇ ਕਿਹਾ ਕਿ ਉਹ ਇਸ ਸਬੰਧੀ ਬਹੁਤ ਛੇਤੀ ਆਦੇਸ਼ ਜਾਰੀ ਕਰਨਗੇ। ਉਨ੍ਹਾਂ ਨੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕਿਹਾ ਕਿ "ਮੈਂ ਲਾਅ ਇਨਫੋਰਸਮੈਂਟ ਅਧਿਕਾਰੀਆਂ ਦਾ ਧੰਨਵਾਦ ਕਰਦਾ ਹਾਂ ਜਿਨ੍ਹਾਂ ਨੇ ਲਫੇਤੇ ਪਾਰਕ ਵਿਚ ਐਂਡਰੀਊ ਜੈਕਸਨ ਦੇ ਸਮਾਰਕ ਉਪਰ ਹਮਲੇ ਨੂੰ ਰੋਕਆ। ਅਜਿਹਾ ਕਰਕੇ ਉਨ੍ਹਾਂ ਨੇ ਵੱਡਾ ਕੰਮ ਕੀਤਾ ਹੈ। ਅਸੀਂ ਇਸ ਸਥਿਤੀ ਨਾਲ ਨਿਪਟਣ ਲਈ ਵ੍ਹਾਈਟ ਹਾਊਸ ਦੀ ਗੁਪਤ ਸੇਵਾ 'ਤੇ ਕੁਝ ਹੋਰ ਅਧਿਕਾਰੀਆਂ ਨਾਲ ਮਿਲ ਕੇ ਕੰਮ ਕਰ ਰਹੇ ਹਾਂ।" ਉਨ੍ਹਾਂ ਕਿਹਾ "ਬਹੁਤ ਸਾਰੇ ਲੋਕ ਜੇਲਾਂ ਵਿਚ ਹਨ ਤੇ ਅੱਜ ਵੀ ਜੇਲ੍ਹ ਜਾ ਰਹੇ ਹਨ। ਅਸੀਂ ਉਨ੍ਹਾਂ ਲੋਕਾਂ ਲਈ ਕਾਨੂੰਨ ਤਹਿਤ ਲੰਬੀ ਸਜ਼ਾ ਦੀ ਵਿਵਸਥਾ ਕਰ ਰਹੇ ਹਾਂ। ਸਾਡੇ ਕੋਲ 'ਵਿਸ਼ੇਸ਼ ਸਮਾਰਕ ਕਾਨੂੰਨ' ਹੈ।"

# ਅਮਰੀਕਾ 'ਚ ਪਹਿਲੇ ਵਿਸ਼ਵ ਯੁੱਧ ਨਾਲੋਂ ਜ਼ਿਆਦਾ ਮੌਤਾਂ

ਸੈਕਰਾਮੈਂਟੋ: (ਹੁਸਨ ਲੜੋਆ ਬੰਗਾ)-ਅਮਰੀਕਾ ਵਿਚ ਕੋਰੋਨਾ ਵਾਇਰਸ ਨਾਲ ਮੌਤਾਂ ਦੀ ਗਿਣਤੀ 1 ਲੱਖ 21 ਹਜ਼ਾਰ ਤੋਂ ਵੱਧ ਹੋ ਗਈ ਹੈ। ਇਹ ਗਿਣਤੀ ਪਹਿਲੇ ਵਿਸ਼ਵ ਯੁੱਧ ਵਿਚ ਮਾਰੇ ਗਏ ਅਮਰੀਕਨਾਂ ਨਾਲੋਂ ਵਧ ਗਈ ਹੈ। ਪਹਿਲੇ ਵਿਸ਼ਵ ਯੁੱਧ 'ਚ 1,16,516 ਅਮਰੀਕਨ ਮਾਰੇ ਗਏ ਸਨ। ਇਸ ਸਮੇਂ ਕੋਰੋਨਾ ਵਾਇਰਸ ਨਾਲ ਪੀੜਤ ਅਮਰੀਕਨਾਂ ਦੀ ਗਿਣਤੀ 23 ਲੱਖ ਹੈ ਜਦ ਕਿ ਸਾਢੇ 9 ਲੱਖ ਤੋਂ ਜ਼ਿਆਦਾ ਮਰੀਜ਼ ਠੀਕ ਹੋਏ ਹਨ। ਮਰੀਜ਼ਾਂ ਦੇ ਠੀਕ ਹੋਣ ਦੀ ਦਰ ਵਿਚ ਵੱਡੀ ਪੱਧਰ ਉਪਰ ਸੁਧਾਰ ਹੋਇਆ ਹੈ। ਇਹ ਦਰ ਵਧ ਕੇ 89% ਹੋ ਗਈ ਹੈ। ਇਹ ਖ਼ਬਰ ਰਾਹਤ ਦੇਣ ਵਾਲੀ ਹੈ ਕਿ ਪਿਛਲੇ ਦਿਨਾਂ ਦੌਰਾਨ ਕੋਰੋਨਾ ਵਾਇਰਸ ਨਾਲ ਮੌਤਾਂ ਦੀ ਗਿਣਤੀ ਘਟ ਕੇ 500 ਤੋਂ ਹੇਠਾਂ ਆ ਗਈ ਹੈ। ਹਾਲਾਂਕਿ ਨਵੇਂ ਮਰੀਜ਼ਾਂ ਦੇ ਆਉਣ ਦਾ ਸਿਲਸਿਲਾ ਜਾਰੀ ਹੈ ਪਰ ਨਿਊਯਾਰਕ, ਨਿਊਜਰਸੀ, ਮਾਸਾਚੂਸੈਟਸ, ਇਲੀਨੋਇਸ ਤੇ ਪੈਨਸਿਲਵਾਨੀਆ ਵਰਗੇ ਰਾਜ, ਜਿੱਥੇ ਸਭ ਤੋਂ ਵਧ ਮੌਤਾਂ ਹੋਈਆਂ ਹਨ, ਵਿਚ ਕੋਰੋਨਾ ਵਾਇਰਸ ਫੈਲਣ ਦੀ ਰਫ਼ਤਾਰ ਮੱਧਮ ਗਈ ਹੈ।

## ਕੁਝ ਅਮਰੀਕਨ ਮੇਰੇ ਵਿਰੋਧ 'ਚ ਮਾਸਕ ਪਾਉਂਦੇ ਹਨ- ਟਰੰਪ



ਰਾਸ਼ਟਰਪਤੀ ਡੋਨਾਲਡ ਟਰੰਪ ਨੇ ਦਾਅਵਾ ਕੀਤਾ ਹੈ ਕਿ ਕੋਰੋਨਾ ਵਾਇਰਸ ਮਹਾਂਮਾਰੀ ਦੌਰਾਨ ਕੁਝ ਲੋਕ ਮੇਰੇ ਵਿਰੋਧ ਵਿਚ ਮਾਸਕ ਪਾਉਂਦੇ ਹਨ ਨਾ ਕਿ ਉਹ ਕੋਰੋਨਾ ਵਾਇਰਸ ਨੂੰ ਫੈਲਣ ਤੋਂ ਰੋਕਣ ਲਈ ਅਜਿਹਾ ਕਰਦੇ ਹਨ। ਉਨ੍ਹਾਂ ਕਿਹਾ ਕਿ ਮਾਸਕ ਪਾਉਣ ਵਾਲੇ ਲੋਕ ਇਹ ਦੱਸਣਾ ਚਾਹੁੰਦੇ ਹਨ ਕਿ ਉਹ ਮੈਨੂੰ ਪਸੰਦ ਨਹੀਂ ਕਰਦੇ। ਰਾਸ਼ਟਰਪਤੀ ਟਰੰਪ ਜੋ ਡਜੀਜ਼ ਕੰਟਰੋਲ ਐਂਡ ਪ੍ਰੀਵੈਨਸ਼ਨ ਸੈਂਟਰ (ਸੀ.ਡੀ.ਸੀ.) ਦੀ ਸਲਾਹ ਦੇ ਉਲਟ ਮਾਸਕ ਨਹੀਂ ਪਾਉਂਦੇ, ਨੇ ਕਿਹਾ ਕਿ ਉਨ੍ਹਾਂ ਦੇ ਮਾਸਕ ਮੁੱਦੇ 'ਤੇ ਲੋਕ ਚਰਚਾ ਕਰਦੇ ਹਨ। ਵਾਲ ਸਟਰੀਟ ਜਰਨਲ ਨਾਲ ਗੱਲਬਾਤ ਕਰਦਿਆਂ ਰਾਸ਼ਟਰਪਤੀ ਨੇ ਕਿਹਾ ਕਿ 'ਲੋਕ ਆਪਣੀਆਂ ਉਂਗਲਾਂ ਮਾਸਕ ਉੱਪਰ ਫੇਰਦੇ ਹਨ ਤੇ ਫਿਰ ਉਸ ਨੂੰ ਲਾਹ ਦਿੰਦੇ ਹਨ। ਤਦ ਉਹ ਆਪਣੀਆਂ ਉਂਗਲਾਂ ਨਾਲ, ਨੱਕ, ਮੂੰਹ ਤੇ ਅੱਖਾਂ ਨੂੰ ਛੂੰਹਦੇ ਹਨ। ਬਾਅਦ ਵਿਚ ਉਨ੍ਹਾਂ ਨੂੰ ਪਤਾ ਹੀ ਨਹੀਂ ਲੱਗਦਾ ਕਿ ਉਹ ਵਾਇਰਸ ਦੀ ਲਪੇਟ 'ਚ ਕਿਸ ਤਰ੍ਹਾਂ ਆ ਗਏ।


Brahma Kumaris Silicon Valley
Presents
Live Webinar
Are We IN-DEPENDENT?
Saturday,
July 4, 2020
5:00 PM - 6:00 PM
(PDT)





Speaker:
Rajyogini Dr. BK Sunita Didi, Ph.D.
International Mgmt. Consultant,
Teacher & Senior Spiritual Mentor,
Brahma Kumaris HQ, Mount Abu, India

Register online for this FREE Webinar at
https://svbrahmakumaris.org/webinar

Contributions graciously accepted https://svbrahmakumaris.org | (408) 809-1908



ਰੱਖੜਾ ਇਨਕਮ ਟੈਕਸ ਅਤੇ ਇਮੀਗ੍ਰੇਸ਼ਨ

ਇੱਕੋ ਜਗ੍ਹਾ ਅਤੇ ਇੱਕੋ ਛੱਤ ਹੇਠ ਆਪ ਜੀ ਹੇਠ ਲਿਖੀਆਂ ਸੇਵਾਵਾਂ ਪ੍ਰਾਪਤ ਕਰ ਸਕਦੇ ਹੋ ਜਿਵੇਂ ਕਿ ਇਨਕਮ ਟੈਕਸ (ਕਾਰਪੋਰੇਸ਼ਨ, ਬਿਜਨਸ, ਪਰਸਨਲ), ਰੀਅਲ ਅਸਟੇਟ, ਲਾਈਫ ਇੰਸ਼ੋਰੈਂਸ, ਉਬਾਮਾ ਕੇਅਰ, ਮੈਡੀਕੇਅਰ, ਪਾਸਪੋਰਟ ਰਿਨਿਊ, ਵੀਜਾ, ਸਿਟੀਜ਼ਨਸ਼ਿਪ, ਗਰੀਨ ਕਾਰਡ, ਵਰਕ ਪਰਮਿਟ, R-1 ਵੀਜ਼ਾ, ਫੈਮਿਲੀ ਪਟੀਸ਼ਨ ਫਾਈਲਿੰਗਜ਼ ਜਾਂ ਫਿਰ IRS ਨਾਲ ਕੋਈ ਵੀ ਮਸਲਾ।

ਹੁਣ ਤੁਸੀਂ ਇਥੇ MEDICARE BENEFITS ਲਈ ਅਪਲਾਈ ਕਰਦੇ ਹੋ। ਅਤੇ ਮੈਡੀਕੇਅਰ ਸਹੂਲਤਾਂ ਲਈ ਹੋਰ ਵਧੇਰੇ ਜਾਣਕਾਰੀ ਲੈ ਸਕਦੇ ਹੋ ਜੀ




Get more BENEFITS
at No Cost $0 Premium



Rakhra Tax & Immigration
3073 W Ashlan Ave <> Fresno, CA 93722
Ph. (559) 243-9200,
Fax (559) 549-6211
or visit
www.rakhrataxservice.com
or avtar06@gmail.com


ਤੇਗ ਬਹਾਦਰ ਸਿਮਰਿਐ ਘਰ ਨਉ ਨਿਧਿ ਆਵੈ ਧਾਇ ॥
ਧਰਮ ਦੀ ਚਾਦਰ, ਦੀਨ ਰੱਖਿਅਕ ,
ਬੈਰਾਗ , ਤਿਆਗ ਤੇ ਅਨੁਰਾਗ ਦੀ ਮੂਰਤ,
ਸਾਹਿਬ ਸ੍ਰੀ ਗੁਰੂ ਤੇਗ ਬਹਾਦਰ ਜੀ ਦੇ
400 ਸਾਲਾ ਪਾਵਨ ਆਗਮਨ ਗੁਰਪੁਰਬ ਨੂੰ ਸਮਰਪਿਤ,
ਲੜੀਵਾਰ ਵਿਆਖਿਆ,
ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ,
ਨੌਵੇਂ ਪਾਤਸ਼ਾਹ ਦੀ ਦਰਜ ਬਾਣੀ,
ਸਲੋਕ ਮ:੯ਵੇਂ ਦੀ,
ਕਰਾਂਗੇ ਸਰਵਣ
ਭਾਈ ਸਾਹਿਬ
ਭਾਈ ਪਿੰਦਰਪਾਲ ਸਿੰਘ ਜੀ ਪਾਸੋਂ
ਰੋਜ਼ਾਨਾ
ਰਾਤ 8:30 ਵਜੇ PTC ਸਿਮਰਨ 'ਤੇ।
/PTCSimran


VALLEY REAL ESTATE CENTER TRACY
RANJIT SINGH
REALTOR®
DRE# 01922089
209.956.1000
408.355.5700
RESIDENTIAL & COMMERCIAL REAL ESTATE
SINGLE FAMILY HOME • APARTMENT COMPLEX • INCOME PROPERTY • RANCH HOUSE • AGRICULTURE LAND (VACANT LAND, ALMOND FARM) • OFFICE BUILDING • RETAIL PLAZA • INDUSTRIAL PROPERTY INCLUDING TRUCK YARD AND WAREHOUSE
ਸਾਡੇ ਕੋਲ ਹਰ ਤਰਾਂ ਦੇ ਖਰੀਦਦਾਰ ਹਨ, ਅਸੀ ਤੁਹਾਡੀ ਜਾਇਦਾਦ
ਮਾਰਕੀਟ ਵਿੱਚ ਜਾਣ ਤੋ ਪਹਿਲਾ ਹੀ ਚੰਗੇ ਭਾਅ ਤੇ ਵੇਚ ਸਕਦੇ ਹਾ

# ਬਿਨਾਂ ਦਸਤਾਵੇਜ਼ਾਂ ਵਾਲੇ ਪ੍ਰਵਾਸੀ ਅਮਰੀਕਾ ਵਿਚ ਰਹਿ ਸਕਣਗੇ- ਸੁਪਰੀਮ ਕੋਰਟ ਵੱਲੋਂ ਟਰੰਪ ਨੂੰ ਵੱਡਾ ਝਟਕਾ

## ਰਾਸ਼ਟਰਪਤੀ ਨੇ ਫੈਸਲੇ ਨੂੰ ਕਜ਼ਰਵੇਟਿਵ ਲਈ 'ਧਮਾਕਾ' ਕਰਾਰਾ ਦਿੱਤਾ



















ਵਾਸ਼ਿੰਗਟਨ 19 ਜੂਨ (ਹੁਸਨ ਲੜੋਆ ਬੰਗਾ)- ਲੰਘੇ ਦਿਨ ਸੁਪਰੀਮ ਕੋਰਟ ਨੇ ਟਰੰਪ ਪ੍ਰਸ਼ਾਸਨ ਨੂੰ ਵੱਡਾ ਝਟਕਾ ਦਿੰਦਿਆਂ ਪ੍ਰਵਾਸੀਆਂ ਦੇ ਹੱਕ ਵਿਚ ਇਕ ਅਹਿਮ ਨਿਰਨਾ ਦਿੰਦੇ ਹੋਏ ਉਸ ਪ੍ਰੋਗਰਾਮ ਦੀ ਪੁਸ਼ਟੀ ਕਰ ਦਿੱਤੀ ਹੈ ਜਿਸ ਤਹਿਤ ਨੌਜਵਾਨਾਂ ਤੇ ਹੋਰ ਪ੍ਰਵਾਸੀਆਂ ਜਿਨਾਂ ਕੋਲ ਲੋੜੀਂਦੇ ਦਸਤਾਵੇਜ਼ ਨਹੀਂ ਹਨ, ਨੂੰ ਅਮਰੀਕਾ ਵਿਚ ਰਹਿਣ ਦੀ ਇਜਾਜ਼ਤ ਦਿੱਤੀ ਗਈ ਹੈ। ਇਨਾਂ ਗੈਰ ਕਾਨੂੰਨੀ ਪ੍ਰਵਾਸੀਆਂ ਨੂੰ ਫੈਸਲੇ ਦੀ ਲੰਬੇ ਸਮੇਂ ਤੋਂ ਉਡੀਕ ਸੀ। ਅੱਜ ਵੀ ਫੈਸਲੇ ਸਮੇ ਵੱਡੀ ਗਿਣਤੀ ਵਿਚ ਪ੍ਰਵਾਸੀ ਅਦਾਲਤ ਦੇ ਬਾਹਰ ਮੌਜੂਦ ਸਨ ਜਿਨਾ ਨੇ ਫੈਸਲੇ ਉਪਰੰਤ ਸੁੱਖ ਦਾ ਸਾਹ ਲਿਆ। ਲੱਗਦਾ ਹੈ ਕਿ ਰਾਸ਼ਟਰਪਤੀ ਡੋਨਾਲਡ ਟਰੰਪ ਇਕ ਵਾਰ ਫਿਰ ਆਪਣੀ 'ਅਮਰੀਕਨ ਫਸਟ' ਨੀਤੀ ਉਪਰ ਸਵਾਰ ਹੋ ਕੇ ਨਵੰਬਰ ਵਿਚ ਆ ਰਹੀਆਂ ਰਾਸ਼ਟਰਪਤੀ ਚੋਣਾਂ ਜਿੱਤਣਾ ਚਹੁੰਦੇ ਹਨ। ਇਸ ਲਈ ਉਨਾਂ ਨੇ ਸੁਪੀਰਮ ਕੋਰਟ ਦੇ ਫੈਸਲੇ ਦਾ ਜਬਰਦਸਤ ਵਿਰੋਧ ਕੀਤਾ ਹੈ ਤੇ ਨਿੰਦਾ ਕੀਤੀ ਹੈ। ਫੈਸਲੇ ਨੂੰ ਰਿਪਬਲਿਕਨਾਂ ਨਾਲ ਧੱਕਾ ਕਰਾਰ ਦਿੱਤਾ ਹੈ। ਰਾਸ਼ਟਰਪਤੀ ਨੇ ਫੈਸਲੇ ਦੀ ਨਿੰਦਾ ਕਰਦਿਆਂ ਦੋਸ਼ ਲਾਇਆ ਹੈ ਕਿ ਅਦਾਲਤ ਨੇ ਕੰਜ਼ਰਵੇਟਿਵ ਨੀਤੀ ਦੇ ਰਾਹ ਵਿਚ ਵੱਡੇ ਧਮਾਕੇ ਨਾਲ ਰੁਕਾਵਟ ਪਾਈ ਹੈ। ਟਰੰਪ ਨੇ ਟਵੀਟ ਕੀਤਾ ਹੈ ਕਿ " ਕੀ ਇਸ ਤੋਂ ਇਹ ਪ੍ਰਭਾਵ ਮਿਲਦਾ ਹੈ ਕਿ ਸੁਪਰੀਮ ਕੋਰਟ ਮੈਨੂੰ ਪਸੰਦ ਨਹੀਂ ਕਰਦੀ?" ਰਾਸ਼ਟਰਪਤੀ ਨੇ ਕਿਹਾ ਕਿ ਸੁਪਰੀਮ ਕੋਰਟ ਵੱਲੋਂ ਕੀਤੇ ਜਾ ਰਹੇ ਖਤਰਨਾਕ ਰਾਜਸੀ ਨਿਰਨੇ ਕੰਜ਼ਰਵੇਟਿਵਾਂ ਲਈ ਧਮਾਕੇ ਦੀ ਤਰਾਂ ਹਨ। ਇਹ ਉਨਾਂ ਲੋਕਾਂ ਦੇ ਚੇਹਰੇ ਨੂੰ ਵਿਗਾੜਣ ਦਾ ਯਤਨ ਹੈ ਜੋ ਆਪਣੇ ਆਪ ਨੂੰ ਰਿਪਬਲੀਕਨ ਜਾਂ ਕੰਜ਼ਰਵੇਟਿਵ ਕਹਿਣ ਉਪਰ ਮਾਣ ਕਰਦੇ ਹਨ।" ਰਾਸ਼ਟਰਪਤੀ ਨੇ ਆਪਣੇ ਸਮਰਥਕਾਂ ਨਾਲ ਭਵਿੱਖ ਵਿਚ ਹੋਰ ਕੰਜ਼ਰਵੇਟਿਵ ਜੱਜ ਨਿਯੁਕਤ ਕਰਨ ਦਾ ਵਾਅਦਾ ਕੀਤਾ ਹੈ। ਕਾਨੂੰਨੀ ਤੇ ਰਾਜਸੀ ਵਿਸ਼ਲੇਸ਼ਣਕਾਰਾਂ ਦਾ ਕਹਿਣਾ ਹੈ ਕਿ ਰਾਸ਼ਟਰਪਤੀ ਸੁਪਰੀਮ ਕੋਰਟ ਦੇ ਨਿਰਨੇ ਨੂੰ ਆਪਣੇ ਨਜ਼ਰੀਏ ਤੋਂ ਲੈਂਦੇ ਹਨ ਤੇ ਉਹ ਕਾਨੂੰਨ ਨੂੰ ਮੋਹਰੇ ਰਖਕੇ ਗੱਲ ਨਹੀਂ ਕਰਦੇ। ਸੀ ਆਈ ਏ ਦੇ ਸਾਬਕਾ ਡਾਇਰੈਕਟਰ ਜਨਰਲ ਮਾਈਕਲ ਹੇਡਨ ਨੇ ਟਵੀਟ ਕੀਤਾ ਹੈ ਕਿ ' ਇਹ ਸੰਵਿਧਾਨਕ ਮਾਮਲਾ ਹੈ।" ਸੁਪਰੀਮ ਕੋਰਟ ਦੇ ਨਿਰਨੇ ਉਪਰੰਤ ਗੈਰ ਕਾਨੂੰਨੀ ਪ੍ਰਵਾਸੀਆਂ ਨੂੰ ਦੇਸ਼ ਵਿਚੋਂ ਕੱਢਣ ਦੇ ਅਮਲ ਉਪਰ ਰੋਕ ਲੱਗ ਜਾਵੇਗੀ। ਦੇਸ਼ ਦੀ ਸਰਬ ਉੱਚ ਅਦਾਲਤ ਨੇ ਟਰੰਪ ਪ੍ਰਸ਼ਾਸਨ ਵੱਲੋਂ ਡੀ.ਏ.ਸੀ ਏ (ਡਾਕਾ) ਪ੍ਰੋਗਰਾਮ ਖਤਮ ਕਰਨ ਦੀਆਂ ਕੋਸ਼ਿਸ਼ਾਂ ਨੂੰ ਨਕਾਮ ਕਰ ਦਿੱਤਾ ਹੈ ਜਿਸ ਪ੍ਰੋਗਰਾਮ ਤਹਿਤ ਤਕਰੀਬਨ 6,50,000 ਨੌਜਵਾਨ ਤੇ ਹੋਰ ਬਿਨਾਂ ਦਸਤਾਵੇਜ਼ਾਂ ਵਾਲੇ ਪ੍ਰਵਾਸੀ ਅਮਰੀਕਾ ਵਿਚ ਰਹਿ ਸਕਣਗੇ ਤੇ ਕੰਮ ਕਰ ਸਕਣਗੇ। ਇਨਾਂ ਲੋਕਾਂ ਜਿਨਾਂ ਵਿਚ ਭਾਰਤੀਆਂ ਦੀ ਵੱਡੀ ਗਿਣਤੀ ਵੀ ਸ਼ਾਮਿਲ ਹੈ, ਨੂੰ ਹੁਣ ਦੇਸ਼ ਵਿਚੋਂ ਕੱਢ ਦੇਣ ਦੀ ਲਟਕਦੀ ਤਲਵਾਰ ਦਾ ਡਰ ਨਹੀਂ ਰਹੇਗਾ। ਤਿੰਨ ਦਿਨ ਪਹਿਲਾਂ ਵੀ ਸੁਪਰੀਮ ਕੋਰਟ ਨੇ ਟਰੰਪ ਪ੍ਰਸ਼ਾਸਨ ਨੂੰ ਵੱਡਾ ਝਟਕਾ ਦਿੱਤਾ ਸੀ ਤੇ ਉਸ ਨੇ ਟਰੰਪ ਪ੍ਰਸ਼ਾਸਨ ਦੇ ਉਲਟ ਕਿੰਨਰਾਂ ਤੇ ਲੈਸਬੀਅਨ ਵਰਕਰਾਂ ਦੇ ਹੱਕਾਂ ਨੂੰ ਬਹਾਲ ਰਖਿਆ ਸੀ।

*ਤਨ ਧੰਨੁ ਜਣੇਦੀ ਮਾਉ ਆਏ ਸਫਲੁ ਸੇ ॥*

# ਵੀਰ ਰਵਿੰਦਰ ਸਿੰਘ ਲਿੱਤਰਾਂ ਨੂੰ ਯਾਦ ਕਰਦਿਆਂ



ਭਾਈ ਰਵਿੰਦਰ ਸਿੰਘ ਜੀ ਲਿੱਤਰਾਂ
ਜਨਮ 29 ਜੂਨ 1966 (ਮੁਹੇਮਾਂ)
ਸ਼ਹਾਦਤ 4 ਫ਼ਰਵਰੀ 1986 (ਨਕੋਦਰ)

ਭਰ ਜਵਾਨੀ ਵਿੱਚ ਕਰੀਬ ਉੱਨੀ ਸਾਲ ਦੀ ਉਮਰ ਵਿੱਚ ਸ਼੍ਰੀ ਗੁਰੂ ਗਰੰਥ ਸਾਹਿਬ ਜੀ ਦੇ ਅਦਬ ਸਤਿਕਾਰ ਲਈ 1986 ਸਾਕਾ ਨਕੋਦਰ ਸਮੇਂ ਸ਼ਹਾਦਤ ਪ੍ਰਾਪਤ ਕਰਨ ਵਾਲੇ ਵੀਰ ਰਵਿੰਦਰ ਸਿੰਘ ਦੀ ਸ਼ਹੀਦੀ ਬਾਰੇ ਤਾਂ ਬਹੁਤੇ ਜਾਣਦੇ ਨੇ ਪਰ ਮੈਂ ਅੱਜ ਤੁਹਾਡੇ ਨਾਲ ਵੀਰ ਦੇ ਛੋਟੇ ਜਿਹੇ ਜੀਵਨ ਬਾਰੇ ਜਾਣਕਾਰੀ ਸਾਂਝੀ ਕਰਨ ਲੱਗਿਆ ਹਾਂ।

ਅੱਜ ਤੋਂ 54 ਵਰ੍ਹੇ ਪਹਿਲਾਂ 29 ਜੂਨ ਦੇ ਦਿਨ ਵੀਰ ਰਵਿੰਦਰ ਸਿੰਘ ਨੇ ਮਾਤਾ ਬਲਦੀਪ ਕੌਰ ਜੀ ਦੀ ਕੁੱਖੋਂ ਮੁਹੇਮਾ ਵਿਖੇ ਆਪਣੇ ਨਾਨਕੇ ਘਰ ਜਨਮ ਲਿਆ। ਆਪ ਜੀ ਦੇ ਨਾਨੀ, ਬੀਬੀ ਚਰਨ ਕੌਰ ਜੀ, ਗਿਆਨੀ ਹਰਚਰਨ ਸਿੰਘ ਜੀ ਮਹਾਲੋਂ, ਜਥੇਦਾਰ ਤਖ਼ਤ ਸ਼੍ਰੀ ਕੇਸ਼ਗੜ੍ਹ ਸਾਹਿਬ ਦੀ ਜੁੜਵਾਂ ਭੈਣ ਸੀ ।

ਰਿਸ਼ਤੇਦਾਰਾਂ, ਇਲਾਕਾ ਨਿਵਾਸੀਆਂ ਤੇ ਵੀਰ ਦੇ ਜਮਾਤੀਆਂ ਨੇ ਜੋ ਸਾਂਝਾ ਕੀਤਾ ਉਹ ਵੀਰ ਰਵਿੰਦਰ ਜੀ ਦੇ ਚਰਿਤ੍ਰ, ਸੁਭਾਅ ਤੇ ਜੀਵਨ ਬਾਰੇ ਇਹ ਚਿੱਤਰ ਚਿੱਤਰਦਾ ਹੈ ਕਿ ਵੀਰ ਬਹੁਤ ਹੀ ਕੋਮਲ ਦਿਲ, ਮਿਲਾਪੜਾ, ਹਰ ਇੱਕ ਦੀ ਮਦਦ ਲਈ ਤੱਤਪਰ ਰਹਿਣ ਵਾਲਾ ਅਣਖੀ, ਧਰਮੀ ਤੇ ਗੁਰੂ ਜੀ ਦੇ ਪਿਆਰ ਵਿੱਚ ਭਿੱਜੀ ਰੂਹ ਸੀ।

ਵੀਰ ਜੀ ਨੂੰ ਨਿੱਕੀ ਉਮਰ ਤੋਂ ਹੀ ਦਸਤਾਰ ਸਜਾਉਣ ਦਾ ਬਹੁਤ ਜ਼ਿਆਦਾ ਚਾਅ ਹੁੰਦਾ ਸੀ, ਕੇਸਰੀ ਤੇ ਗੂੜ੍ਹਾ ਨੀਲਾ ਰੰਗ ਉਸਦੇ ਪਸੰਦੀਦਾ ਸਨ। ਇੱਕ ਵਾਰ ਸਾਡੇ ਗੁਆਂਢੀ ਜੋ ਕਿ ਬ੍ਰਾਹਮਣ ਪਰਿਵਾਰ ਨਾਲ ਸਬੰਧ ਰੱਖਦਾ ਸੀ, ਨੇ ਵੀਰ ਨੂੰ ਕਿਹਾ ਕਿ 'ਬਿੰਦੇ' ਕੋਈ ਹੋਰ ਰੰਗ ਦੀ ਪੱਗ ਬੰਨ੍ਹ ਲਿਆ ਕਰ ਪਿੰਡ ਵਾਲਿਆਂ ਨੇ ਕਹਿਣਾ ਕਿ ਇਹ ਪੱਗਾਂ ਤੂੰ ਅਨੰਦਪੁਰ ਸਾਹਿਬ ਆਪਣੇ ਨਾਨਾ ਜੀ ਕੋਲੋਂ ਲੈ ਆਉਂਦਾ ਹੁਣਾ ਤਾਂ ਵੀਰ ਨੇ ਜਵਾਬ ਦਿੱਤਾ ਕਿ ਪੰਡਿਤ ਜੀ ਸ਼ਾਇਦ ਤੁਹਾਨੂੰ ਨਹੀਂ ਪਤਾ ਪਰ ਗਿਆਨੀ ਹਰਚਰਨ ਸਿੰਘ ਜੀ ਮੁਹਾਲੋਂ ਬਿਨ੍ਹਾਂ ਕਿਸੇ ਤਨਖ਼ਾਹ ਦੇ ਤਖ਼ਤ ਸ਼੍ਰੀ ਕੇਸ਼ਗੜ੍ਹ ਸਾਹਿਬ ਜੀ ਦੇ ਜਥੇਦਾਰ ਵਜੋਂ ਸੇਵਾ ਕਰਦੇ ਹਨ, ਇਥੋਂ ਤੱਕ ਕਿ ਉਨ੍ਹਾਂ ਦੇ ਘਰ ਵਿੱਚ ਬਣਨ ਵਾਲੇ ਭੋਜਨ ਲਈ ਰਾਸ਼ਨ ਵੀ ਉਹ ਆਪਣੇ ਪਿੰਡ ਤੋਂ ਲੈਕੇ ਜਾਂਦੇ ਨੇ।



ਇੱਕ ਹੋਰ ਗੁਆਂਢੀ ਛੋਟੇ ਵੀਰ ਨੇ ਕਿਹਾ ਕਿ ਉਸਦੀ ਮਾਤਾ ਜੀ ਨੇ ਉਸਨੂੰ ਦੱਸਿਆ ਕਿ ਜਦੋਂ ਉਸਦਾ ਜਨਮ ਹੋਇਆ ਤਾਂ ਉਸਦੇ ਪਿਤਾ ਜੀ ਜੋ ਕਿ ਰੇਲਵੇ ਵਿੱਚ ਨੌਕਰੀ ਕਰਦੇ ਸੀ ਪਿੰਡ ਨਹੀਂ ਸਨ ਤਾਂ 'ਬਿੰਦਾ' ਭਾਅ ਜੀ ਉਸਦੇ ਮਾਤਾ ਜੀ ਨੂੰ ਹਸਪਤਾਲ ਲੈਕੇ ਗਿਆ, ਸਾਰੀ ਰਾਤ ਉਨ੍ਹਾਂ ਦੀ ਸੇਵਾ ਕੀਤੀ ਅਤੇ ਇਸ ਵੀਰ ਦੇ ਜਨਮ ਹੋਣ ਤੱਕ ਉਨ੍ਹਾਂ ਕੋਲ ਰਹਿਕੇ ਉਨ੍ਹਾਂ ਦੀ ਮਦਦ ਕੀਤੀ। ਪਿੰਡ ਦੀ ਇੱਕ ਕੁੜੀ ਜੋ ਕਿ ਵਿਆਹੀ ਹੋਈ ਸੀ ਨੇ ਦੱਸਿਆ ਕਿ ਉਹ ਤੇ ਉਸਦਾ ਪਤੀ ਇੱਕ ਟੈਂਪੂ ਵਿੱਚ ਲਿੱਤਰਾਂ ਤੋਂ ਨਕੋਦਰ ਜਾ ਰਹੇ ਸਨ ਕਿ ਰਸਤੇ ਵਿੱਚ ਉਸਦਾ ਪਤੀ ਜੋ ਕਿ ਸ਼ਰਾਬੀ ਸੀ ਨੇ ਉਸ ਨਾਲ ਝਗੜਨਾ ਸ਼ੁਰੂ ਕਰ ਦਿੱਤਾ। ਵੀਰ ਰਵਿੰਦਰ ਵੀ ਟੈਂਪੂ ਵਿੱਚ ਸੀ ਸ਼ਾਇਦ ਕਾਲਜ ਜਾ ਰਿਹਾ ਸੀ, ਨੇ ਉਸਦੇ ਪਤੀ ਨੂੰ ਨਾ ਝਗੜਣ ਦੀ ਸੁਲਾਹ ਦਿੱਤੀ ਪਰ ਉਸਨੇ ਉਲਟਾ ਆਪਣੀ ਘਰਵਾਲੀ ਦੇ ਚਪੇੜ ਜੜ ਦਿੱਤੀ, ਵੀਰ ਨੇ ਟੈਂਪੂ ਰਕਵਾਕੇ ਐਸਾ ਸਮਝਾਇਆ ਕਿ ਉਸ ਦਿਨ ਤੋਂ ਬਾਅਦ ਉਸਨੇ ਕਦੇ ਵੀ ਉਸ ਭੈਣ 'ਤੇ ਹੱਥ ਨਹੀਂ ਚੁੱਕਿਆ। ਇਸ ਭੈਣ ਦੇ ਅੱਥਰੂ ਰੁਕੇ ਨਹੀਂ ਸੀ ਰੁਕਦੇ ਜਦੋਂ ਉਹ ਆਪਣੀ ਹੱਡ ਬੀਤੀ ਸਾਂਝੀ ਕਰ ਰਹੀ ਸੀ ਤੇ ਕਹਿ ਰਹੀ ਸੀ ਕਿ ਅੱਜ ਦੇ ਜ਼ਮਾਨੇ ਵਿੱਚ ਜਦੋਂ ਆਪਣੇ ਵੀ ਨਾਲ ਨਹੀਂ ਖੜ੍ਹਦੇ ਰਵਿੰਦਰ ਵੀਰ ਨੇ ਸਰਦਾਰਾਂ ਦਾ ਪੁੱਤ ਹੋਣ ਦੇ ਬਾਵਜੂਦ ਮੈਨੂੰ ਪਿੰਡ ਦੀ ਧੀ ਜਾਣਕੇ ਭੈਣ ਹੋਣ ਦਾ ਮਾਣ ਦਿੱਤਾ।



ਵੀਰ ਜੋ ਕਿ ਇਲੈਕਟ੍ਰੀਕਲ ਇੰਜੀਨੀਅਰ ਬਣਨਾ ਲੋਚਦਾ ਸੀ ਸਕੂਲ ਤੇ ਕਾਲਜ ਵਿੱਚ ਇੱਕ "ਮਾਡਲ ਵਿਦਿਆਰਥੀ" ਦੇ ਤੌਰ 'ਤੇ ਪਹਿਚਾਣਿਆ ਜਾਂਦਾ ਸੀ। ਵੀਰ ਸਕੂਲ ਤੇ ਪਿੰਡ ਦੀ ਹਾਕੀ ਟੀਮ ਦਾ ਖਿਡਾਰੀ ਹੋਣ ਦੇ ਨਾਲ ਨਾਲ ਭਾਰ ਚੁੱਕਣ ਦਾ ਵੀ ਬਹੁਤ ਸ਼ੌਕੀਨ ਸੀ।

ਵੀਰ ਜੀ ਨੇ 1984 ਦੀ ਵੈਸਾਖ਼ੀ ਮੌਕੇ ਤਖ਼ਤ ਸ਼੍ਰੀ ਕੇਸ਼ਗੜ੍ਹ ਸਾਹਿਬ ਵਿਖੇ ਖੰਡੇ ਬਾਟੇ ਦੀ ਪਾਹੁਲ ਪ੍ਰਾਪਤ ਕੀਤੀ ਸੀ। ਸਿੱਖ ਸਟੂਡੈਂਟ ਫੈਡਰੇਸ਼ਨ ਤੇ ਯੂਥ ਅਕਾਲੀ ਦਲ ਦੇ ਗੁਰਮਤਿ ਸਮਾਗਮਾਂ ਵਿੱਚ ਵੱਧ ਚੜ੍ਹਕੇ ਹਿੱਸਾ ਲੈਂਦਾ ਸੀ ਤੇ ਪਿੰਡ ਦੇ ਗੁਰੂ ਘਰ ਵਿੱਚ ਸ਼੍ਰੀ ਗੁਰੂ ਗਰੰਥ ਸਾਹਿਬ ਜੀ ਦੇ ਸੁੱਖ ਆਸਣ ਦੀ ਸੇਵਾ ਅਕਸਰ ਕਰਦਾ ਸੀ।

1984 ਦੇ ਸਾਕੇ ਨੇ ਆਪ ਜੀ ਦੇ ਮਨ ਨੂੰ ਬਹੁਤ ਠੇਸ ਪਹੁੰਚਾਈ। ਜਦੋਂ ਵੀ ਵਿਹਲੇ ਹੁੰਦੇ ਆਪਣੀ ਅਭਿਆਸ ਕਾਪੀ ਵਿੱਚ ਸਤਿਨਾਮ ਵਾਹਿਗੁਰੂ ਜੀ ਦਾ ਜਾਪੁ ਲਿਖਦੇ ਰਹਿੰਦੇ ਸਨ।

ਪਰਿਵਾਰ ਵਿੱਚ ਆਪਣੇ ਭੈਣ ਭਰਾਵਾਂ ਨਾਲੋਂ ਵੱਡੇ ਹੋਣ ਕਰਕੇ ਆਪਣੇ ਪਿਤਾ ਬਾਪੂ ਬਲਦੇਵ



ਸਿੰਘ ਜੀ ਲਿੱਤਰਾਂ ਦੀ ਹਮੇਸ਼ਾਂ ਸੱਜੀ ਬਾਂਹ ਬਣਕੇ ਵਿਚਰੇ।

**ਇੱਕ ਰੌਚਿਕ ਤੱਥ:** ਵੀਰ ਜੀ ਦੇ ਸਾਇੰਸ ਅਧਿਆਪਕ ਗੁਰ-ਪ੍ਰਵਾਸੀ ਮਾਸਟਰ ਬਲਵੰਤ ਸਿੰਘ ਜੀ ਦੇ ਬੇਟੇ ਨੇ ਇੱਕ ਵਾਰ ਆਪਣੇ ਪਿਤਾ ਜੀ ਨੂੰ ਕਿਹਾ, "ਪਾਪਾ 'ਬਿੰਦੇ' ਭਾਅ ਜੀ ਜ਼ਰੂਰ ਜ਼ਿਆਦਾ ਅੰਮ੍ਰਿਤ ਛਕਿਆਂ ਹੁਣਾ" ਮਾਸਟਰ ਜੀ ਨੇ ਪੁੱਛਿਆ ਕਿਓਂ ਤਾਂ ਗੁਰੀ ਨੇ ਜਵਾਬ ਦਿੱਤਾ, "ਪਿੰਡ ਵਿੱਚ ਹੋਰ ਕਿਸੇ ਨੇ ਵੀ ਏਡੀ ਵੱਡੀ ਕਿਰਪਾਨ ਨੀ ਪਾਈ ਹੁੰਦੀ"

ਵੀਰ ਦੀਆਂ ਗੱਲਾਂ ਕਰਦਿਆਂ ਰਾਤਾਂ ਲੰਘ ਜਾਂਦੀਆਂ ਨੇ ਪਰ ਵੀਰ ਦੀਆਂ ਯਾਦਾਂ ਦੀ ਲੜੀ ਕਦੇ ਨਹੀਂ ਟੁੱਟਦੀ।

ਸਾਡੀ ਗਵਾਂਢਣ ਜੋ ਘਰਾਂ ਵਿਚੋਂ ਪਿਤਾ ਜੀ ਦੀ ਚਾਚੀ ਲੱਗਦੀ ਸੀ, ਨੇ ਦੱਸਣਾ ਕਿ ਨਿੱਕੇ ਹੁੰਦੇ ਨੂੰ ਮੈਂ ਪੁੱਛਿਆ 'ਬਿੰਦੇ' ਵੱਡਾ ਹੋ ਕੇ ਕੀ ਕਰਨਾ ਤਾਂ ਵੀਰ ਦਾ ਜਵਾਬ ਸੀ ਕਿ ਸ਼ਹੀਦ ਹੋਣਾ। ਚਾਚੀ ਕਹਿੰਦੀ ਕਿ ਤੂੰ ਨਿੱਕਾ ਜਿਹਾ ਬਹੁਤ ਵੱਡੀਆਂ ਗੱਲਾਂ ਕਰਦਾਂ ਤਾਂ ਵੀਰ ਜੀ ਦਾ ਜਵਾਬ ਸੀ ਕਿ ਸਾਡੇ ਵੀਰ, ਗੁਰੂ ਗੋਬਿੰਦ ਸਿੰਘ ਜੀ ਦੇ ਸਾਹਿਬਜ਼ਾਦੇ ਵੀ ਤਾਂ ਨਿੱਕੀ ਉਮਰ 'ਚ ਹੀ ਸ਼ਹੀਦੀਆਂ ਪਾ ਗਏ ਸੀ। ਉਹ ਆਪਣੇ ਕਹੇ ਬੋਲ ਕਮਾ ਗਿਆ!

ਮਾਣ ਹੈ ਵੱਡੇ ਵੀਰ ਤੇ ਜਿਸ ਨੇ ਆਪਣੀ ਸ਼ਹਾਦਤ ਦੇ ਕੇ ਦਸ਼ਮੇਸ਼ ਪਿਤਾ ਦੀ ਗੋਦ ਪ੍ਰਾਪਤ ਕਰ ਲਈ!

**ਹਰਿੰਦਰ ਸਿੰਘ (ਛੋਟਾ ਵੀਰ ਭਾਈ ਰਵਿੰਦਰ ਸਿੰਘ ਲਿੱਤਰਾਂ)**
**29 ਜੂਨ 2020**

## ਕਮਿਊਨਿਟੀ ਆਵਾਜ਼: (COMMUNITY VOICES)

# "I can't breathe." "ਮੈਂ ਸਾਹ ਨਹੀਂ ਲੈ ਸਕਦਾ"

ਜਦੋਂ ਮੈਂ George Floyd ਨੂੰ ਉਥੋਂ ਲਿਜਾਇਆ ਜਾਂਦਾ ਵੇਖਿਆ ਸੀ, ਤਾ ਮੇਰੇ ਸਾਹਮਣੇ 1980 ਅਤੇ 1990 ਦੇ ਦਹਾਕਿਆਂ ਦੌਰਾਨ ਭਾਰਤ ਵਿਚ ਸਿੱਖਾਂ ਉੱਤੇ ਹੋਏ ਜ਼ੁਲਮਾਂ, ਜਿਹਨਾਂ ਵਿਚ 1984 ਸਿੱਖ ਨਸਲਕੁਸ਼ੀ (SIKH GENOCICIDE) ਵੀ ਸ਼ਾਮਲ ਸੀ, ਨੂੰ ਭਾਰਤ ਸਰਕਾਰ ਦੁਆਰਾ ਦੁਬਾਰਾ ਕੀਤੇ ਗਏ ਕਹਿਰ ਅਣਮਨੁੱਖੀ ਜ਼ੁਲਮ ਬਾਰੇ ਸੋਚਿਆ। ਫੌਜੀ ਬਲਾਂ ਅਤੇ ਪੁਲਿਸ ਵਿਭਾਗਾਂ ਦੁਆਰਾ ਨਾਗਰਿਕਾਂ 'ਤੇ ਕੀਤੇ ਗਏ, 6 ਸਾਲ ਤੋਂ ਘੱਟ ਉਮਰ ਦੇ ਸਿੱਖ ਬੱਚਿਆਂ ਨੂੰ ਤਸੀਹੇ ਦਿੱਤੇ ਗਏ ਅਤੇ ਮਾਰਿਆ ਗਿਆ;

ਪੁਲਿਸ ਦੀ ਬੇਰਹਿਮੀ ਨੂੰ ਖਤਮ ਕਰਨਾ ਹੀ ਅਮਰੀਕਾ ਨੂੰ ਫਿਰ ਮਹਾਨ ਬਣਾਉਂਦਾ ਹੈ। ਤਿੰਨ ਛੋਟੇ ਸ਼ਬਦ, ਜਾਣ ਪਛਾਣ ਕਾਰਨ ਮੇਰੇ ਦਿਮਾਗ ਵਿਚ ਗੂੰਜ ਰਹੇ ਹਨ। ਇੰਨੇ ਸਾਲਾਂ ਬਾਅਦ, ਮੈਂ ਫਿਰ ਵੀ ਇਹ ਵਾਰ ਵਾਰ ਕਿਉਂ ਸੁਣ ਰਿਹਾ ਹਾਂ?

ਮੇਰੇ ਘਰ ਦੇ ਵਿੱਚ, ਜਦੋਂ ਮੈਂ ਚੁੱਪ ਚਾਪ ਵੇਖ ਰਿਹਾ ਹਾਂ, ਆਪਣੇ ਪਰਿਵਾਰ ਦੇ ਨਿੱਘ ਅਪਣੇਪਨ ਨਾਲ ਘਿਰਿਆ ਹੋਇਆ ਹਾਂ ਤਾਂ ਮੇਰੇ ਆਪਣੇ ਸਾਹ ਹੰਝੂਆਂ ਨਾਲ ਭੜਕ ਰਹੇ ਵਹਿ ਰਹੇ ਹਨ। ਮੈਂ ਤਕਰੀਬਨ 9 ਬੇਰਹਿਮੀ ਵਾਲੇ ਮਿੰਟਾਂ ਲਈ ਵੀਡੀਓ ਨੂੰ ਵੇਖਿਆ ਜਦੋਂ ਜਾਰਜ ਫਲਾਈਡ ਨੇ ਹਿਲਣਾ ਬੰਦ ਕਰ ਦਿੱਤਾ ਸੀ ਅਤੇ ਉਥੇ ਜ਼ਮੀਨ 'ਤੇ ਪਿਆ, ਕੋਈ ਸਹਾਇਤਾ ਨਹੀਂ, ਇਕੱਲੇ।

ਉਸ ਦੇ ਗਲੇ 'ਤੇ ਗੋਡੇ? ਪੁਲਿਸ ਅਧਿਕਾਰੀ ਡੇਰੇਕ ਚੌਵਿਨ ਦੁਆਰਾ ਅਰਜ਼ੀ ਦਿੱਤੀ ਗਈ, ਕੈਮਰੇ 'ਤੇ ਅਣਪਛਾਤੇ ਦਿਖਾਈ ਦਿੱਤੀ, ਜਿਵੇਂ ਕਿ ਹੋਰ ਪੁਲਿਸ ਅਧਿਕਾਰੀ ਉਸ ਨੂੰ ਰੋਕਣ ਦੀ ਬਜਾਏ ਆਸੇ-ਪਾਸੇ ਖੜੇ ਹੋ ਗਏ ਅਤੇ ਹੈਰਾਨ ਕਰਨ ਵਾਲੇ ਦਰਸ਼ਕਾਂ ਦੁਆਰਾ ਕਾਰਵਾਈ ਤੋਂ ਉਸ ਨੂੰ ਬਚਾਏ।

ਜਿਵੇਂ ਕਿ ਮੈਂ ਜਾਰਜ ਫਲਾਈਡ ਨੂੰ ਉਥੋਂ ਲਿਜਾਇਆ ਜਾਂਦਾ ਵੇਖਿਆ ਸੀ, ਮੈਂ 1980 ਅਤੇ 1990 ਦੇ ਦਹਾਕਿਆਂ ਦੌਰਾਨ ਭਾਰਤ ਵਿਚ ਸਿੱਖਾਂ ਉੱਤੇ ਹੋਏ ਜ਼ੁਲਮਾਂ, ਜਿਹਨਾਂ ਵਿਚ 1984 ਸਿੱਖ ਨਸਲਕੁਸ਼ੀ ਵੀ ਸ਼ਾਮਲ ਸੀ, ਨੂੰ ਭਾਰਤ ਸਰਕਾਰ ਦੁਆਰਾ ਦੁਬਾਰਾ ਸੋਚਿਆ ਸੀ। ਫੌਜੀ ਬਲਾਂ ਅਤੇ ਪੁਲਿਸ ਵਿਭਾਗਾਂ ਦੁਆਰਾ ਨਾਗਰਿਕਾਂ 'ਤੇ ਕੀਤੇ ਗਏ, 6 ਸਾਲ ਤੋਂ ਘੱਟ ਉਮਰ ਦੇ ਸਿੱਖ ਬੱਚਿਆਂ ਨੂੰ ਤਸੀਹੇ ਦਿੱਤੇ ਗਏ ਅਤੇ ਮਾਰਿਆ ਗਿਆ; ਭਾਰਤੀ ਫੌਜ ਅਤੇ ਭਾਰਤੀ ਪੁਲਿਸ ਵਲੋਂ ਸਿੱਖ ਔਰਤਾਂ ਬੱਚੀਆਂ ਨਾਲ ਸਮੂਹਿਕ ਬਲਾਤਕਾਰ ਕੀਤਾ ਗਿਆ ਅਤੇ ਸਿੱਖ ਵਿਅਕਤੀਆਂ ਨੂੰ ਉਨ੍ਹਾਂ ਦੀ ਬਾਂਹ ਬੰਨ੍ਹ ਕੇ ਜਿਉਂਦੇ ਜਿੰਦਾ ਸਾੜ ਦਿੱਤਾ ਗਿਆ ਅਤੇ ਅਣਗਿਣਤ ਸਿੱਖਾਂ ਦੇ ਬੱਚਿਆਂ ਨੂੰ ਪੁਲਿਸ ਹਿਰਾਸਤ ਵਿਚ ਅਸਹਿ ਤੇ ਅਕਹਿ ਤਸੀਹੇ ਦੇਕੇ ਸ਼ਹੀਦ ਕਰ ਦਿੱਤਾ ਗਿਆ।

1984 ਦੇ ਸਿੱਖ ਨਸਲਕੁਸ਼ੀ SIKH GENOCICIDE ਤੋਂ 36 ਸਾਲ ਬਾਅਦ, ਸਿੱਖ ਸਰਕਾਰ ਦੁਆਰਾ ਸਪਾਂਸਰ ਕੀਤੀ ਹਿੰਸਾ ਨੂੰ ਯਾਦ ਕਰਦੇ ਹਨ ਅਤੇ ਇਨਸਾਫ ਦੀ ਮੰਗ ਕਰਦੇ ਹਨ, ਕਿਉਂਕਿ ਸਿੱਖ ਨਸਲਕੁਸ਼ੀ ਦੇ ਦੋਸ਼ੀਆਂ ਨੂੰ ਮੰਤਰਾਲੇ ਦੇ ਪੱਧਰ ਦੇ ਅਹੁਦੇ ਅਤੇ ਤਰੱਕੀਆਂ ਦਿੱਤੀਆਂ ਜਾਂਦੀਆਂ ਹਨ, ਜਦੋਂ ਕਿ ਕਤਲ ਕੀਤੇ ਗਏ ਪਰਿਵਾਰਾਂ ਦੇ ਸੋਗ, ਇਥੋਂ ਤੱਕ ਕਿ ਲਾਸ਼ਾਂ ਵੀ ਨਹੀਂ ਦਿੱਤੀਆਂ ਜਾ ਰਹੀਆਂ ਆਪਣੇ ਪਿਆਰਿਆਂ ਨੂੰ ਸੰਸਕਾਰ ਦੀਆਂ ਰਸਮਾਂ ਲਈ ਵੀ ਵਾਪਸ ਨਹੀ ਕੀਤਾ ਗਿਆ

ਮੇਰਾ ਭਾਈਚਾਰਾ ਅਮਰੀਕਾ ਵਿਚ "ਆਜ਼ਾਦ ਦੀ ਧਰਤੀ, ਬਹਾਦਰ ਦਾ ਘਰ" ਦੇ ਟੁੱਟੇ ਵਾਅਦੇ ਕਰਕੇ ਭਾਰਤ ਵਿਚ ਧਾਰਮਿਕ ਅਤਿਆਚਾਰਾਂ ਤੋਂ ਬਚਿਆ ਨਹੀਂ ਸੀ।

ਆਓ ਅਸੀਂ ਸਾਰੇ ਆਜ਼ਾਦ ਹੋ ਸਕੀਏ, ਬਹਾਦਰ ਬਣੋ ਅਤੇ ਮੰਨ ਲਓ ਕਿ ਅਮਰੀਕਾ ਵਿੱਚ ਪੁਲਿਸ ਦੀ ਸਮੱਸਿਆ ਹੈ। ਅਧਿਐਨ ਤੋਂ ਬਾਅਦ ਹੋਏ ਅਧਿਐਨ ਤੋਂ ਪਤਾ ਚੱਲਿਆ ਹੈ ਕਿ ਗੋਰਿਆਂ ਨਾਲੋਂ ਕਾਲੇ ਲੋਕਾਂ ਦੀ ਪੁਲਿਸ ਹਿਰਾਸਤ ਵਿੱਚ ਮੌਤ ਹੋ ਜਾਂਦੀ ਹੈ।

George Floyd, Trayvon Martin, Tamir Rice, Michael Brown, Eric Garner, Philando Castile, Breonna Taylor ਅਤੇ ਹੋਰ ਅਣਗਿਣਤ ਲੋਕਾਂ ਦਾ ਪੁਲਿਸ ਦੁਆਰਾ ਕਤਲ, ਸਵੈ-ਨਿਯੁਕਤ "ਚੌਕੀਦਾਰ" ਅਤੇ ਕਾਲੇ (ਅਤੇ ਭੂਰੇ) ਵਿਰੁੱਧ ਪੁਲਿਸ ਵਿਭਾਗਾਂ ਦੇ ਮਿਲਟਰੀਕਰਨ 'ਤੇ ਸਾਡੀ ਗੁੰਝਲਦਾਰ ਚੁੱਪ ਕਰਕੇ ਹੀ ਹੈ

ਸਿੱਖੀ ਨਿਆਂ ਦਾ ਧਰਮ ਹੈ। ਇਸ ਲਈ ਮੈਂ ਇਹ ਕਹਿਣ ਜਾ ਰਿਹਾ ਹਾਂ: Black Lives Matter and All Lives Matter ਸਿੱਖੀ ਚ ਕਾਲੇ ਤਾਂ ਕੀ ਹਰ ਇੱਕ ਇਨਸਾਨ ਦੀ ਜ਼ਿੰਦਗੀ ਸਿੱਖੀ ਲਈ ਮੈਟਰ ਕਰਦੀ ਹੈ। ਇਸ ਤੱਥ ਦਾ ਕੋਈ ਵਿਰੋਧੀ ਨਹੀਂ ਹੋਣਾ ਚਾਹੀਦਾ। ਜੇ ਅਸੀਂ ਆਲ ਲਿਵਜ਼ ਮੈਟਰ ਨੂੰ ਵਿਸ਼ਵਾਸ ਕਰਦੇ ਹਾਂ, ਵਿਸ਼ਵਾਸ ਦੇ ਲੋਕ ਹੋਣ ਦੇ ਨਾਤੇ, ਚੇਤਨਾ ਦੇ, ਤਾਂ ਸਾਨੂੰ ਅਮਰੀਕਾ ਨੂੰ ਦੁਬਾਰਾ ਮਹਾਨ ਬਣਾਉਣ ਲਈ ਕੰਮ ਕਰਨ ਦੀ ਲੋੜ ਹੈ।

ਪੁਲਿਸ ਦੇ ਵਤੀਰੇ ਦੀ ਨਿਗਰਾਨੀ ਲਈ ਕਮਿਊਨਿਟੀ ਐਡਵਾਈਜ਼ਰੀ ਕਮੇਟੀ ਸਥਾਪਤ ਕਰਕੇ, ਪੁਲਿਸ ਅਧਿਕਾਰੀਆਂ ਦੇ ਖਿਲਾਫ ਸਾਰੀਆਂ ਸ਼ਿਕਾਇਤਾਂ ਜਨਤਕ ਕਰਨ ਦੁਆਰਾ, ਹਰ ਵਾਰ ਕਿਸੇ ਨਾਗਰਿਕ 'ਤੇ ਹਥਿਆਰਾਂ ਦਾ ਇਸ਼ਾਰਾ ਕਰਨ ਸਮੇਂ ਪੁਲਿਸ ਨੂੰ ਰਿਪੋਰਟ ਕਰਨ ਦੀ ਮੰਗ ਕਰਕੇ, ਅਮਰੀਕਾ ਨੂੰ ਫਿਰ ਮਹਾਨ ਬਣਾਓ, ਕਿਸੇ ਦੀ ਹੱਤਿਆ ਵਿਚ ਜ਼ੀਰੋ ਸਹਿਣਸ਼ੀਲਤਾ ਦੀ ਨੀਤੀ ਰੱਖ ਕੇ ਨਿਹੱਥੇ ਨਾਗਰਿਕ ਜਾਰਜ ਫਲੋਈਡ ਅਤੇ ਪੁਲਿਸ ਹਿਰਾਸਤ ਵਿਚ ਮਾਰੇ ਗਏ ਹੋਰਨਾਂ ਲੋਕਾਂ ਲਈ ਜਲਦੀ ਨਿਆਂ ਦੀ ਮੰਗ ਕਰਕੇ ਅਮਰੀਕਾ ਨੂੰ ਫਿਰ ਮਹਾਨ ਬਣਾਉ।

ਇਹ ਮੰਨ ਕੇ ਅਮਰੀਕਾ ਨੂੰ ਦੁਬਾਰਾ ਮਹਾਨ ਬਣਾਓ ਕਿ ਪੁਲਿਸ ਵਿਭਾਗਾਂ ਵਿਚ ਅਸੀਂ ਕਿਸੇ "ਮਾੜੇ ਸੇਬ" ਦੀ ਆਗਿਆ ਨਹੀਂ ਦੇ ਸਕਦੇ। ਸਿਰਫ ਖਾਲੀ ਸ਼ਬਦ ਨਹੀਂ, ਨੀਤੀ ਬਦਲ ਕੇ ਅਮਰੀਕਾ ਨੂੰ ਦੁਬਾਰਾ ਮਹਾਨ ਬਣਾਓ। ਇੱਥੇ ਸਾਡੇ ਆਪਣੇ ਬੇਕਰਸਫੀਲਡ ਪੁਲਿਸ ਵਿਭਾਗ ਨਾਲ ਘਰ ਤੋਂ ਸ਼ੁਰੂ ਕਰੋ। ਬੇਕਰਸਫੀਲਡ, ਅਸੀਂ ਇਸ ਤੋਂ ਬਿਹਤਰ ਹਾਂ। ਮੈਂ ਤੁਹਾਡੇ ਨਾਲ ਹਾਂ।

**ਡਾਕਟਰ ਸ.ਬਲਮੀਤ ਸਿੰਘ**
**Health care administrator. Bakersfield**

## ਅਮਰੀਕਾ 'ਚ ਸਿੱਖੀ ਦਾ ਮਹਾਨ ਅਸਥਾਨ ਗੁਰਦੁਆਰਾ ਸਾਹਿਬ ਸੈਨਹੋਜ਼ੇ ਦੇ ਕੁਝ ਮੈਂਬਰ ਸਾਹਿਬਾਨ ਕੋਰੋਨਾ ਵਾਇਰਸ ਦੀ ਲਪੇਟ 'ਚ ਆਏ

**ਜਿਨ੍ਹਾਂ 'ਚ ਪੰਥ ਦੇ ਮਹਾਨ ਕੀਰਤਨੀਏ ਅਤੇ ਪੱਤਰਕਾਰ ਸ਼ਾਮਲ ਅਕਾਲ ਪੁਰਖ ਤੰਦਰੁਸਤੀ ਬਖਸ਼ੇ**

**ਗੁਰੂਘਰ ਮੱਥਾ ਟੇਕਣ ਲਈ ਸੰਗਤਾਂ ਨੂੰ ਮਾਸਕ ਲਗਾਕੇ ਆਉਣ ਦੀ ਬੇਨਤੀ: ਸ. ਸੁਖਦੇਵ ਸਿੰਘ ਬੈਨੀਵਾਲ**

**ਕੋਰੋਨਾ ਮਾਮਲੇ ਤੋਂ ਬਾਅਦ ਸੈਨਹੋਜ਼ ਗੁਰਦੁਆਰਾ ਸਾਹਿਬ ਆਰਜ਼ੀ ਤੌਰ 'ਤੇ ਬੰਦ**



ਸੈਨਹੋਜ਼/ਕੈਲੀਫੋਰਨੀਆ- : ਗੁਰਦੁਆਰਾ ਸਾਹਿਬ ਸੈਨੋਹੋਜ਼ੇ ਦੇ ਕੁਝ ਸੇਵਾਦਾਰਾਂ ਦੀ ਰਿਪੋਰਟ ਕੋਰੋਨਾ ਪਾਜ਼ੀਟਿਵ ਆਉਣ ਤੇ ਗੁਰੂਘਰ ਨੂੰ ਬੰਦ ਕਰ ਦਿੱਤਾ ਗਿਆ ਹੈ। ਗੁਰਦੁਆਰਾ ਸਾਹਿਬ ਦੀ ਪ੍ਰਬੰਧਕ ਕਮੇਟੀ ਦੇ ਸੀਨੀਅਰ ਮੈਂਬਰ ਸ੍ਰ. ਸੁਖਦੇਵ ਸਿੰਘ ਬੈਨੀਪਾਲ ਵਲੋਂ 'ਸਾਡੇ ਲੋਕ' ਅਖਬਾਰ ਨਾਲ ਗੱਲਬਾਤ ਕਰਦਿਆਂ ਕਿਹਾ ਕੀ ਇਸ ਸਬੰਧੀ ਸੰਗਤਾਂ ਨੂੰ ਜਾਣਕਾਰੀ ਦਿੱਤੀ ਗਈ ਹੈ ਤੇ ਸੰਗਤਾਂ ਨੂੰ ਕੁਝ ਸਮੇਂ ਲਈ ਗੁਰਦੁਆਰਾ ਸਾਹਿਬ ਨਾ ਆਉਣ ਦੀ ਬੇਨਤੀ ਕੀਤੀ ਗਈ ਹੈ।

ਗੁਰਦੁਆਰਾ ਕਮੇਟੀ ਵਲੋਂ ਸੰਗਤਾਂ ਨੂੰ ਕਿਹਾ ਗਿਆ ਹੈ ਕਿ ਉਹ ਗੁਰਦੁਆਰਾ ਸਾਹਿਬ ਤੋਂ ਚੱਲ ਰਹੀਆਂ ਧਾਰਮਿਕ ਸੇਵਾਵਾਂ ਨਾਲ ਗੁਰਦੁਆਰਾ ਸਾਹਿਬ ਦੀ ਐਪ ਰਾਹੀਂ ਜੁੜਨ। ਗੁਰਦੁਆਰਾ ਸੈਨਹੋਜ਼ੇ 'ਚ ਕੋਰੋਨਾ ਵਾਇਰਸ ਦਾ ਪਹਿਲਾ ਮਾਮਲਾ ਬੀਤੇ ਦਿਨੀਂ ਦਰਜ ਕੀਤਾ ਗਿਆ ਸੀ। ਇਸ ਪੀੜਤ ਨੂੰ ਹਸਪਤਾਲ ਦਾਖਲ ਕਰਵਾਇਆ ਗਿਆ ਹੈ ਅਤੇ ਉਸ ਦੇ ਨੇੜਲੇ ਸਿੰਘ ਨੂੰ ਕੁਆਰੰਟਾਈਨ ਕੀਤਾ ਗਿਆ ਹੈ। ਗੁਰਦੁਆਰਾ ਸਾਹਿਬ ਦੀ ਇਮਾਰਤ 'ਚ ਡਿਸਇਨਫੈਕਟੈਂਟ ਦਾ ਛਿੜਕਾਅ ਕੀਤਾ ਗਿਆ ਹੈ।

ਇਹ ਮਾਮਲਾ ਸਾਹਮਣੇ ਆਉਣ ਤੋਂ ਬਾਅਦ ਗੁਰਦੁਆਰਾ ਸਾਹਿਬ ਦੇ ਸਾਰੇ ਸੇਵਾਦਾਰਾਂ ਦਾ ਕੋਰੋਨਾ ਵਾਇਰਸ ਟੈਸਟ ਕਰਵਾਇਆ ਗਿਆ ਸੀ। ਇਸ ਵਿਚ ਕੁਝ ਹੋਰ ਸੇਵਾਵਾਰਾਂ ਦੀ ਰਿਪੋਰਟ ਵੀ ਪਾਜ਼ੀਟਿਵ ਆਈ ਹੈ। ਇਨ੍ਹਾਂ ਨੂੰ ਕੁਆਰੰਟਾਈਨ ਕੀਤਾ ਗਿਆ ਹੈ। ਗੁਰੂ ਕੀਆ ਸੰਗਤਾਂ ਨੂੰ ਨਿਮਰਤਾ ਸਾਹਿਤ ਬੇਨਤੀ ਹੈ ਕਿ ਜਿਸ ਨੇ ਮੱਥਾ ਟੇਕਣ ਆਵ੍ਣਾ ਹੈ ਕੈਲੀਫੋਰਨੀਆ ਸਟੇਟ ਦੇ ਹੁਕਮਾਂ ਮੁਤਾਬਕ ਉਹ ਮਾਸਕ ਲਗਾ ਕੇ ਆਉਣ।

# ਵਾਸ਼ਿੰਗਟਨ ਦੇ ਸਿੱਖ ਪੰਜਾਬ ਦੇ ਨੌਜਵਾਨਾਂ ਨੂੰ ਦਿੰਦੇ ਹਨ ਸਹਾਇਤਾ !






ਪੰਜਾਬ ਦੇ ਨੌਜਵਾਨਾਂ ਲਈ ਇੱਕ ਕਰੋੜ 98 ਲੱਖ ਦਿੱਤਾ 888 ਵਿਦਿਆਰਥੀਆਂ ਨੂੰ 277,000 ਅਮਰੀਕੀ ਸਿੱਖਾਂ ਵੱਲੋਂ ਪੰਜਾਬ ਦੇ ਨੌਜਵਾਨਾਂ ਦੀ ਪੜਾਈ ਲਈ ਜ਼ੋਰਦਾਰ ਮਦਦ! ਲੋੜਵੰਦ ਵਿਦਿਆਰਥੀਆਂ ਨੂੰ ਉਚੇਰੀ ਵਿੱਦਿਆ ਲਈ ਮਾਇਕ ਮਦਦ! ਮੈਨੂੰ ਇਸ ਜਥੇਬੰਦੀ ਦੇ ਮੁਢਲੇ ਸੰਸਥਾਪਕਾਂ ਚ ਹੋਣ ਦਾ ਮਾਣ ਹੈ। ?? ਹੁਣ ਤੱਕ 7300 ਵਿਦਿਆਰਥੀਆਂ ਨੂੰ ਮਦਦ ਦਿੱਤੀ ਜਾ ਚੁੱਕੀ ਹੈ ਤੇ ਅੱਧੇ ਗਰੈਜੂਏਟ ਹੋਕੇ ਨੌਕਰੀਆਂ ਤੇ ਲੱਗ ਗਏ ਹਨ। ਵਜ਼ੀਫ਼ਾ ਲਈ ਕਸਵੱਟੀ - 1) ਪਰਿਵਾਰਕ ਆਮਦਨੀ 1 ਲੱਖ ਅੱਸੀ ਹਜ਼ਾਰ ਤੋਂ ਘੱਟ ਸਲਾਨਾ 2) ਡਿਗਰੀ ਕੋਰਸ ਵਿੱਚ ਦਾਖਲਾ 3) 60% ਜਾਂ ਇਸ ਤੋਂ ਵੱਧ ਨੰਬਰ ਆਉਣੇ ਜ਼ਰੂਰੀ!





ਡਾ. ਗੁਰਪ੍ਰੀਤ ਸਿੰਘ ਧੁੱਗਾ, M.D., C.M.D, ਸਟਰ ਹਸਪਤਾਲ (ਫੇਅਰ ਫੀਲਡ-ਵਲੇਹੋ) ਵਿਚ ਮੈਡੀਕਲ ਡਾਇਰੈਕਟਰ ਹਨ। ਅਮੈਰੀਕਨ ਮੈਡੀਕਲ ਬੋਰਡ ਵਲੋਂ ਡਬਲ ਬੋਰਡ ਸਰਟੀਫਾਈਡ ਹਨ। । ਉਹਨਾਂ ਨੂੰ ਸਾਲ 2006 ਵਿਚ 'ਸੀਨੀਅਰ ਹੈਲਥ ਹੀਰੋ' ਦਾ ਪੁਰਸਕਾਰ ਵੀ ਦਿੱਤਾ ਗਿਆ। ਡਾ. ਧੁੱਗਾ ਨੇ ਸਰਕਾਰੀ ਮੈਡੀਕਲ ਕਾਲਜ, ਪਟਿਆਲਾ ਤੋਂ ਆਪਣੀ ਮੁੱਢਲੀ ਮੈਡੀਕਲ ਸਿੱਖਿਆ ਪੂਰੀ ਕੀਤੀ। ਡਾ. ਧੁੱਗਾ, ਕੈਲੀਫੋਰਨੀਆ ਦੇ ਫੇਅਰਫੀਲਡ ਸ਼ਹਿਰ ਵਿਚ ਬਤੌਰ ਚੇਅਰਮੈਨ, ਪਲੈਨਿੰਗ ਕਮਿਸ਼ਨ ਸੇਵਾਵਾਂ ਨਿਭਾ ਚੁੱਕੇ ਹਨ। ਉਹ ਪੰਜਾਬੀ ਅਮੈਰੀਕਨ ਕਲਚਰਲ ਐਸੋਸੀਏਸ਼ਨ ਦੇ ਫਾਊਂਡਰ ਮੈਂਬਰ ਹਨ, ਜੋ ਕਿ ਕੈਲੀਫੋਰਨੀਆ ਵਿਚ ਇਕ ਸਮਾਜਿਕ ਕੰਮ ਕਰਨ ਵਾਲੀ ਸੰਸਥਾ ਹੈ। ਡਾ. ਗੁਰਪ੍ਰੀਤ ਸਿੰਘ ਧੁੱਗਾ ਵੱਲੋਂ ਸਿਹਤ ਸਬੰਧੀ ਲਿਖੀ ਆਪਣੀ ਕਿਤਾਬ 'ਹੈਲਥ ਗਾਈਡ' ਬਿਮਾਰੀਆਂ ਦੀ ਜਾਣਕਾਰੀ ਅਤੇ ਰੋਕਥਾਮ, ਬਚਾਅ, ਘਰੇਲੂ ਇਲਾਜ ਅਤੇ ਡਾਕਟਰਾਂ ਨੂੰ ਕਦੋਂ ਵਿਖਾਈਏ ਬਾਰੇ ਵਿਸਥਾਰ ਨਾਲ ਦੱਸਦੀ ਹੈ। ਸਿਹਤ ਸਬੰਧੀ ਜ਼ਿਆਦਾਤਰ ਕਿਤਾਬਾਂ ਮੈਡੀਕਲ ਨਾਲ ਸਬੰਧਤ ਵਿਅਕਤੀਆਂ ਦੇ ਲਈ ਹੀ ਲਿਖੀਆਂ ਗਈਆਂ ਹਨ। ਇਸ ਕਰਕੇ ਅਜਿਹੀ ਸਿਹਤ ਸਬੰਧੀ 'ਹੈਲਥ ਗਾਈਡ' ਵਰਗੀ ਕਿਤਾਬ ਦੀ ਬੇਹੱਦ ਜ਼ਰੂਰਤ ਸੀ ਜੋ ਆਮ ਵਿਅਕਤੀ ਪੜ੍ਹ ਸਕੇ, ਸਮਝ ਸਕੇ ਅਤੇ ਆਪਣੀ ਰੋਜ਼ ਮੱਰਾ ਦੀ ਜ਼ਿੰਦਗੀ 'ਚ ਵਰਤ ਸਕੇ। ਇਹ ਕਿਤਾਬ 'ਹੈਲਥ ਗਾਈਡ' ਸਭ ਜ਼ਰੂਰਤਾਂ ਨੂੰ ਪੂਰਾ ਕਰਦੀ ਹੈ। ਇਸ ਕਿਤਾਬ ਸਬੰਧੀ ਜਾਣਕਾਰੀ ਅਸੀਂ 'ਸਾਡੇ ਲੋਕ' 'ਚ ਲੜੀਵਾਰ ਛਾਪ ਕੇ ਮਾਣ ਹਾਸਲ ਕਰ ਰਹੇ ਹਾਂ। ਜੇਕਰ ਕਿਸੇ ਵਿਅਕਤੀ ਨੂੰ ਇਹ ਕਿਤਾਬ ਚਾਹੀਦੀ ਹੈ ਤਾਂ ਉਹ ਡਾ. ਧੁੱਗਾ ਨਾਲ gpdhugga@gmail.com 'ਤੇ ਸੰਪਰਕ ਕਰ ਸਕਦੇ ਹਨ।



-ਸਤਨਾਮ ਸਿੰਘ ਖਾਲਸਾ

## ਹੈਲਥ ਗਾਈਡ

# ਪ੍ਰੋਸਟੇਟ (ਗਦੂਦ) ਦਾ ਕੈਂਸਰ

(ਲੜੀ ਜੋੜਨ ਲਈ ਪਿਛਲਾ ਅੰਕ ਦੇਖੋ)

**ਰੋਕਥਾਮ/ਬਚਾਅ :**

1. ਪਿੱਠ ਦੀਆਂ ਮਾਸਪੇਸ਼ੀਆਂ ਨੂੰ ਮਜ਼ਬੂਤ ਕਰਨ ਲਈ ਰੋਜ਼ਾਨਾ ਕਸਰਤ ਕਰੋ।
2. ਜੇਕਰ ਤੁਹਾਡਾ ਭਾਰ ਬਹੁਤ ਜ਼ਿਆਦਾ ਹੈ ਤਾਂ ਆਪਣਾ ਭਾਰ ਘਟਾਓ।
3. **ਭਾਰ ਉਠਾਉਣ ਦਾ ਸਹੀ ਤਰੀਕਾ :**

(ੳ) ਜਦੋਂ ਭਾਰ ਉਠਾਉਣਾ ਹੋਵੇ ਤਾਂ ਆਪਣੇ ਗੋਡੇ ਝੁਕਾਓ ਜਾਂ ਮੋੜੋ, ਪਿੱਠ ਸਿੱਧੀ ਰੱਖੋ ਅਤੇ ਭਾਰ ਨੂੰ ਆਪਣੇ ਸਰੀਰ ਦੇ ਨੇੜੇ ਰੱਖੋ।

(ਅ) ਫਿਰ ਆਪਣੀਆਂ ਬਾਂਹਵਾਂ ਅਤੇ ਲੱਤਾਂ ਨੂੰ ਕੰਮ ਕਰਨ ਦੇਵੋ।

(ੲ) ਭਾਰ ਉਠਾਉਣ ਲਈ ਆਪਣੀ ਕਮਰ ਨੂੰ ਨਾ ਝੁਕਾਓ।

(ਸ) ਜੋ ਭਾਰ ਤੁਹਾਡੇ ਲਈ ਜ਼ਿਆਦਾ ਹੈ ਤਾਂ ਉਸ ਨੂੰ ਨਾ ਉਠਾਓ।

4. ਇੱਕੋ ਸਥਿਤੀ ਵਿੱਚ ਜ਼ਿਆਦਾ ਦੇਰ ਨਾ ਬੈਠੋ।

**ਘਰੇਲੂ ਇਲਾਜ :**

1. ਆਪਣੇ ਰੋਜ਼ਾਨਾ ਦੇ ਕੰਮ-ਕਾਰ ਜਾਰੀ ਰੱਖੋ ਅਤੇ ਸੈਰ ਕਰੋ। ਬੈਠਣ ਅਤੇ ਲੇਟਣ ਨਾਲ ਪਿੱਠ ਦੀ ਦਰਦ ਹੋਰ ਵੱਧ ਸਕਦੀ ਹੈ।
2. ਹਰ 2 ਘੰਟੇ ਬਾਅਦ 15-20 ਮਿੰਟਾਂ ਲਈ ਠੰਡੀ ਬਰਫ਼ ਜਾਂ ਨਮੀ ਵਾਲਾ ਸੇਕ ਦਿਓ (ਗਰਮ, ਗਿੱਲਾ ਤੌਲੀਆ)।
3. ਆਈਬੂਪ੍ਰੋਫ਼ਿਨ ਅਤੇ ਐਸਪੀਰਿਨ ਦਰਦ ਤੇ ਸੋਜ਼ਿਸ਼ ਵਿੱਚ ਮਦਦਗਾਰ ਹਨ।
4. ਆਪਣੇ ਸਰੀਰ ਦੀ ਬੈਠਣ ਉੱਠਣ ਦੀ ਸਥਿਤੀ ਨੂੰ ਠੀਕ ਰੱਖੋ।
5. ਆਪਣੇ ਸਰੀਰ ਦੀਆਂ ਮਾਸਪੇਸ਼ੀਆਂ ਨੂੰ ਸਮੇਂ ਸਮੇਂ ਬਾਅਦ ਆਰਾਮ ਦਿਵਾਓ।

**ਡਾਕਟਰ ਨੂੰ ਕਦੋਂ ਦਿਖਾਈਏ :**




1. ਜੇਕਰ ਤੁਹਾਡੀਆਂ ਲੱਤਾਂ ਕਮਜ਼ੋਰ ਹੋ ਰਹੀਆਂ ਹਨ।
2. ਜੇਕਰ ਤੁਹਾਨੂੰ ਬੁਖ਼ਾਰ ਹੈ।
3. ਜੇਕਰ ਤੁਹਾਡਾ ਭਾਰ ਬਹੁਤ ਘੱਟ ਰਿਹਾ ਹੈ।
4. ਜੇਕਰ ਤੁਸੀਂ ਆਪਣਾ ਪਿਸ਼ਾਬ ਜਾਂ ਮਲ ਕਾਬੂ ਵਿੱਚ ਨਹੀਂ ਰੱਖ ਸਕਦੇ।
5. ਜੇਕਰ ਤੁਸੀਂ ਚੱਲ-ਫਿਰ ਜਾਂ ਖੜੇ ਨਹੀਂ ਹੋ ਸਕਦੇ।
6. ਜੇਕਰ ਲੱਤਾਂ ਅਤੇ ਪੈਰ ਸੁੰਨ ਹੋ ਜਾਣ।
7. ਜੇਕਰ ਘਰੇਲੂ ਇਲਾਜ ਦੇ ਬਾਵਜੂਦ ਦਰਦ ਵੱਧ ਰਹੀ ਹੋਵੇ।

**ਸ਼ਿਐਟੀਕਾ (ਗੰਹ ਦਾ ਦਰਦ) ਕੀ ਹੈ ?**

ਸ਼ਿਐਟੀਕਾ ਦੀ ਨਸ 'ਤੇ ਦਬਾਓ ਪੈਣ ਕਾਰਨ ਦਰਦ, ਸੁੰਨਾਪਣ ਅਤੇ ਕਮਜ਼ੋਰੀ ਹੋ ਜਾਂਦੀ ਹੈ, ਇਸ ਨੂੰ ਗੰਹ ਦਾ ਦਰਦ ਜਾਂ ਸ਼ਿਐਟੀਕਾ ਕਿਹਾ ਜਾਂਦਾ ਹੈ। ਪਿੱਠ ਦਾ ਦਰਦ ਹੋਣ ਦੇ ਹੋਰ ਕਾਰਨਾਂ ਦੀ ਤਰ੍ਹਾਂ ਸ਼ਿਐਟੀਕਾ ਦੀ ਰੋਕਥਾਮ/ਬਚਾਅ ਅਤੇ ਇਲਾਜ ਵੀ ਉਸੇ ਤਰ੍ਹਾਂ ਹਨ।

**ਪਿੱਠ ਦਾ ਅਪ੍ਰੇਸ਼ਨ :**

ਅਪ੍ਰੇਸ਼ਨ ਨਾਲ ਬਹੁਤ ਘੱਟ ਲੋਕਾਂ ਨੂੰ ਪਿੱਠ ਦੇ ਦਰਦ ਤੋਂ ਆਰਾਮ ਮਿਲਦਾ ਹੈ। ਤੁਹਾਡਾ ਡਾਕਟਰ ਜਾਂ ਰੀੜ੍ਹ ਦੀ ਹੱਡੀ ਦਾ ਮਾਹਿਰ ਹੀ ਫ਼ੈਸਲਾ ਕਰਨਗੇ ਕਿ ਤੁਹਾਨੂੰ ਅਪ੍ਰੇਸ਼ਨ ਦੀ ਜ਼ਰੂਰਤ ਹੈ ਜਾਂ ਨਹੀਂ।

**ਪਿੱਠ ਦਰਦ ਲਈ ਕਸਰਤਾਂ**

1. ਆਪਣੀ ਛਾਤੀ ਨੂੰ ਜ਼ਮੀਨ ਵੱਲ ਨੂੰ ਕਰੋ, ਜਿੰਨਾ ਸੰਭਵ ਹੋ ਸਕੇ ਸਾਹਮਣੇ ਨੂੰ ਆਉ। 5-10 ਸਕਿੰਟਾਂ ਲਈ ਰੁਕੋ। ਹਰੇਕ ਸੈੱਟ ਨੂੰ 5 ਵਾਰੀ ਦੁਹਰਾਉ। ਇਕ ਵਾਰ ਵਿਚ ਦੋ ਸੈੱਟ ਕਰੋ। ਇਕ ਦਿਨ ਵਿਚ ਦੋ ਵਾਰੀ ਕਰੋ।
2. ਆਪਣੀ ਪਿੱਠ ਅਤੇ ਪੈਰਾਂ ਨੂੰ ਸਿੱਧਾ ਰੱਖੋ, ਆਪਣੇ ਗੋਡਿਆਂ ਨੂੰ ਖੱਬੇ ਪਾਸੇ ਘੁਮਾਉ। ਤਿੰਨ ਸਕਿੰਟਾਂ ਲਈ ਰੁਕ ਕੇ ਰੱਖੋ। ਹਰ ਸੈੱਟ ਨੂੰ ਦਸ ਵਾਰੀ ਦੁਹਰਾਉ। ਹਰ ਵਾਰੀ ਦੋ ਸੈੱਟ ਕਰੋ। ਇਕ ਦਿਨ ਵਿਚ ਦੋ ਵਾਰੀ ਕਰੋ। ਫਿਰ ਇਸ ਨੂੰ ਸੱਜੇ ਪਾਸੇ ਕਰੋ ਅਤੇ ਦੁਹਰਾਉ।
3. ਆਪਣੇ ਸੱਜੇ ਗੋਡੇ ਦੇ ਪਿਛਲੇ ਪਾਸੇ ਆਪਣੇ ਹੱਥ ਰੱਖੋ। ਗੋਡੇ ਨੂੰ ਛਾਤੀ ਵੱਲ ਮੋੜੋ ਜਦੋਂ ਤੱਕ ਕਿ ਪਿੱਠ ਦੇ ਹੇਠਲੇ ਹਿੱਸੇ ਅਤੇ ਚੂਲੇ ਨੂੰ ਆਰਾਮ ਨਾਲ ਖਿਚਾਉ ਮਹਿਸੂਸ ਨਾ ਹੋਵੇ। ਆਪਣੀ ਪਿੱਠ ਨੂੰ ਆਰਾਮ ਦੀ ਹਾਲਤ ਵਿਚ ਰੱਖੋ। 5 ਤੋਂ 10 ਸਕਿੰਟਾਂ ਲਈ ਰੋਕ ਕੇ ਰੱਖੋ। ਇਕ ਸੈੱਟ ਵਿਚ 10 ਵਾਰ ਕਰੋ। ਇਕ ਸਮੇਂ ਵਿਚ ਇਕ ਸੈੱਟ ਕਰੋ। ਇਕ ਦਿਨ ਵਿਚ ਦੋ ਵਾਰੀ ਕਰੋ।
4. ਦੋਵੇਂ ਗੋਡਿਆਂ ਦੇ ਪਿਛਲੇ ਪਾਸੇ ਆਪਣੇ ਹੱਥ ਰੱਖੋ। ਦੋਵੇਂ ਗੋਡਿਆਂ ਨੂੰ ਛਾਤੀ ਵੱਲ ਮੋੜੋ ਜਦੋਂ ਤੱਕ ਕਿ ਪਿੱਠ ਦੇ ਹੇਠਲੇ ਹਿੱਸੇ ਅਤੇ ਚੂਲੇ ਨੂੰ ਆਰਾਮ ਨਾਲ ਖਿਚਾਉ ਮਹਿਸੂਸ ਨਾ ਹੋਵੇ। ਆਪਣੀ ਪਿੱਠ ਨੂੰ ਆਰਾਮ ਦੀ ਹਾਲਤ ਵਿਚ ਰੱਖੋ। 5 ਤੋਂ 10 ਸਕਿੰਟਾਂ ਲਈ ਰੋਕ ਕੇ ਰੱਖੋ। ਇਕ ਦਿਨ ਵਿਚ ਦੋ ਵਾਰੀ ਕਰੋ।
5. ਚੂਲੇ ਅਤੇ ਪੇਟ ਦੀਆਂ ਮਾਸਪੇਸ਼ੀਆਂ ਵਿਚ ਚੰਗੀ ਤਰ੍ਹਾਂ ਖਿਚਾਉ ਪਾ ਕੇ ਪਿੱਠ ਵਾਲੇ ਪਾਸੇ ਲੇਟੋ। ਇਸ ਨੂੰ 3 ਤੋਂ 5 ਸਕਿੰਟਾਂ ਲਈ ਰੋਕ ਕੇ ਰੱਖੋ। ਹਰ ਸੈੱਟ ਨੂੰ 10 ਵਾਰੀ ਕਰੋ। ਇਕ ਸਮੇਂ ਵਿਚ ਇਕ ਸੈੱਟ ਕਰੋ। ਇਕ ਦਿਨ ਵਿਚ ਦੋ ਵਾਰੀ ਕਰੋ।

**ਗਰਦਨ ਦਾ ਦਰਦ**

ਕਾਰਨ :

1. ਬੈਠਣ ਵੇਲੇ ਸਰੀਰ ਨੂੰ ਸਿੱਧੇ ਨਾ ਰੱਖਣਾ।
2. ਮਾਨਸਿਕ ਤਣਾਓ।
3. ਗਰਦਨ ਦੀਆਂ ਮਾਸਪੇਸ਼ੀਆਂ ਦੀ ਸੱਟ ਜਾਂ ਖਿਚਾਅ।
4. ਗਰਦਨ ਦੇ ਜੋੜਾਂ ਦਾ ਗਠੀਆ।
5. ਨਸਾਂ ਦਾ ਦਬਾਓ।
6. ਸਰਵਾਈਕਲ ਡਿਸਕ (ਰੀੜ੍ਹ ਦੀ ਹੱਡੀ ਦੇ ਮਣਕਿਆਂ ਦੇ ਵਿਚਕਾਰ ਨਰਮ ਪਦਾਰਥ) ਦਾ ਖ਼ਰਾਬ ਹੋਣਾ।
7. ਗਰਦਨ ਦੀ ਸੱਟ।

(ਚਲਦਾ)

ਇਹ ਕਾਲਮ ਤੁਹਾਡੀ ਜਾਣਕਾਰੀ ਲਈ ਹੈ, ਜੇ ਬਿਮਾਰੀ ਉਚਿਤ ਸਮੇਂ ਵਿਚ ਠੀਕ ਨਹੀਂ ਹੁੰਦੀ ਤਾਂ ਡਾਕਟਰ ਨੂੰ ਦਿਖਾਓ।






# ਅਮਰੀਕਾ ਦੇ ਜੜ੍ਹੀਂ ਬੈਠਾ ਨਸਲਵਾਦ




*ਅਫ਼ਰੀਕੀ-ਅਮਰੀਕੀ ਲੋਕਾਂ ਦਾ ਖੇਡਾਂ ਤੇ ਹੋਰ ਖੇਤਰਾਂ ਵਿਚ ਬਹੁਤ ਯੋਗਦਾਨ ਹੈ। ਇਸ ਦੇ ਬਾਵਜੂਦ ਉਨ੍ਹਾਂ ਨਾਲ ਦੁਰਵਿਹਾਰ ਦੀਆਂ ਘਟਨਾਵਾਂ ਦਾ ਹੋਣਾ ਮੰਦਭਾਗਾ ਹੀ ਕਿਹਾ ਜਾ ਸਕਦਾ ਹੈ। ਅਸਲ ਵਿਚ ਅਮਰੀਕਾ ਵਿਚ ਬਾਕੀ ਘੱਟ ਗਿਣਤੀਆਂ ਨਾਲ ਵੀ ਕਈ ਵਾਰ ਮਾੜਾ ਵਿਵਹਾਰ ਕੀਤਾ ਜਾਂਦਾ ਹੈ।*

25 ਮਈ ਨੂੰ ਅਮਰੀਕਾ ਦੇ ਮਿਨੇਸੋਟਾ ਸੂਬੇ ਦੇ ਪ੍ਰਸਿੱਧ ਸ਼ਹਿਰ ਮਿਨਿਆਪੋਲਿਸ 'ਚ ਇਕ ਗੋਰੇ ਪੁਲਿਸ ਅਫ਼ਸਰ ਹੱਥੋਂ ਸਿਆਹਫਾਮ ਜਾਰਜ ਫਲਾਇਡ ਦੇ ਮਾਰੇ ਜਾਣ ਦੇ ਵਿਰੋਧ ਵਿਚ ਅਮਰੀਕੀ ਨਸਲਵਾਦ ਵਿਰੁੱਧ ਸਾਰੀ ਦੁਨੀਆ ਵਿਚ ਇਕ ਲਹਿਰ ਉੱਠ ਖੜ੍ਹੀ ਹੋਈ ਹੈ। ਜਾਰਜ ਫਲਾਇਡ ਨੂੰ 20 ਡਾਲਰਾਂ ਦੇ ਨਕਲੀ ਨੋਟ ਨਾਲ ਸਿਗਰਟ ਖ਼ਰੀਦਣ ਦੇ ਦੋਸ਼ ਹੇਠ ਗ੍ਰਿਫ਼ਤਾਰ ਕੀਤਾ ਗਿਆ ਸੀ। ਪੁਲਿਸ ਅਧਿਕਾਰੀ ਡੇਰਿਕ ਚੌਵਿਨ ਨੇ ਉਸ ਦੇ ਹੱਥ ਬੰਨ੍ਹ ਕੇ ਉਸ ਨੂੰ ਜ਼ਮੀਨ 'ਤੇ ਸੁੱਟ ਲਿਆ ਅਤੇ ਤਕਰੀਬਨ 8.46 ਮਿੰਟ ਤਕ ਗੋਡੇ ਨਾਲ ਉਸ ਦੀ ਧੌਣ ਨੂੰ ਨੱਪੀ ਰੱਖਿਆ। ਉਸ ਨੇ ਇਸ ਦਾ ਵਿਰੋਧ ਕਰਦੇ ਹੋਏ ਵਾਸਤਾ ਪਾਇਆ ਕਿ ਉਸ ਨੂੰ ਸਾਹ ਨਹੀਂ ਆ ਰਿਹਾ ਪਰ ਪੁਲਿਸ ਅਧਿਕਾਰੀ ਨੇ ਕੋਈ ਪਰਵਾਹ ਨਾ ਕੀਤੀ ਜਿਸ ਕਾਰਨ ਉਸ ਦੀ ਮੌਤ ਹੋ ਗਈ। ਇਸ ਘਟਨਾ ਦੀ ਵੀਡੀਓ ਵਾਇਰਲ ਹੋਣ ਨਾਲ ਸੰਸਾਰ ਭਰ ਵਿਚ ਮੁਜ਼ਾਹਰੇ ਸ਼ੁਰੂ ਹੋ ਗਏ ਸਨ।

ਜਾਰਜ ਫਲਾਇਡ ਦੇ ਮਾਰੇ ਜਾਣ ਤੋਂ ਪਿੱਛੋਂ 14 ਜੂਨ ਨੂੰ ਦੂਜੀ ਘਟਨਾ ਵਾਪਰੀ ਜਿਸ ਵਿਚ ਪੁਲਿਸ ਨੇ ਇਕ ਹੋਰ ਸਿਆਹਫਾਮ 27 ਸਾਲਾ ਰੇਸ਼ਰਡ ਬਰੁੱਕਸ ਦੀ ਹੱਤਿਆ ਕਰ ਦਿੱਤੀ। ਉਸ ਨੇ ਪੁਲਿਸ ਕੋਲੋਂ ਟੇਸਰ ਗੰਨ ਖੋਹ ਕੇ ਭੱਜਣ ਦੀ ਕੋਸ਼ਿਸ਼ ਕੀਤੀ ਸੀ। ਇੱਥੇ ਇਹ ਦੱਸਣਯੋਗ ਹੈ ਕਿ ਟੇਸਰ ਉਹ ਹਥਿਆਰ ਹੈ ਜਿਸ ਵਿਚੋਂ 50 ਹਜ਼ਾਰ ਵੋਲਟ ਦਾ ਕਰੰਟ ਨਿਕਲਦਾ ਹੈ ਜੋ ਭੱਜ ਰਹੇ ਅਪਰਾਧੀ ਨੂੰ ਝਟਕਾ ਦਿੰਦਾ ਹੈ ਅਤੇ ਇਸ ਦਾ ਅਸਰ ਸਿਰਫ਼ 5 ਸਕਿੰਟ ਰਹਿੰਦਾ ਹੈ ਤੇ ਦੋਸ਼ੀ ਕਾਬੂ ਆ ਜਾਂਦਾ ਹੈ। ਇਸ ਨਾਲ ਕਈ ਵਾਰ ਮੌਤ ਵੀ ਹੋ ਜਾਂਦੀ ਹੈ। ਉਕਤ ਘਟਨਾ ਨੇ ਬਲਦੀ 'ਤੇ ਤੇਲ ਪਾਉਣ ਦਾ ਕੰਮ ਕੀਤਾ। ਪੱਚੀ ਮਈ ਤੋਂ ਸ਼ੁਰੂ ਹੋਏ ਜਨ ਅੰਦੋਲਨ ਵਿਚ ਸਾਰੇ ਵਰਗਾਂ ਦੇ ਲੋਕ ਇਕਜੁੱਟ ਹੋ ਕੇ ਇਨ੍ਹਾਂ ਹੱਤਿਆਵਾਂ ਦੇ ਵਿਰੋਧ ਵਿਚ ਨਿਕਲੇ ਹੋਏ ਹਨ। ਕਈ ਮੌਤਾਂ ਹੋ ਚੁੱਕੀਆਂ ਹਨ। ਅੱਗਜ਼ਨੀ ਤੇ ਹੋਰ ਸਾੜ-ਫੂਕ ਦੀਆਂ ਘਟਨਾਵਾਂ ਵਾਲੀਆਂ ਖ਼ਬਰਾਂ ਨਾਲ ਅਖ਼ਬਾਰਾਂ ਭਰੀਆਂ ਪਈਆਂ ਹਨ। ਇਸ ਅੰਦੋਲਨ ਵਿਚ ਰਾਸ਼ਟਰਪਤੀ ਡੋਨਾਲਡ ਟਰੰਪ ਦੇ ਰਵੱਈਏ ਦੀ ਵੀ ਨਿਖੇਧੀ ਕੀਤੀ ਜਾ ਰਹੀ ਹੈ। ਉਨ੍ਹਾਂ ਨੇ ਮੁਜ਼ਾਹਰਾਕਾਰੀਆਂ ਨੂੰ ਠੱਗ ਤਕ ਕਿਹਾ ਹੈ ਅਤੇ ਦੋਸ਼ ਲਾਇਆ ਹੈ ਕਿ ਇਹ ਸਾਰਾ ਕੁਝ ਐਂਟਿਫਾ ਦੀ ਅਗਵਾਈ ਵਿਚ ਕੀਤਾ ਜਾ ਰਿਹਾ ਤਾਂ ਜੋ ਅਮਰੀਕਾ ਨੂੰ ਬਦਨਾਮ ਕੀਤਾ ਜਾ ਸਕੇ। ਐਂਟਿਫ਼ਾ ਇਕ ਸਾਮਰਾਜ ਵਿਰੋਧੀ ਜਥੇਬੰਦੀ ਹੈ ਜਿਸ ਨੂੰ ਐਂਟਿਫ਼ਾਸਿਸਟ ਜਥੇਬੰਦੀ ਕਿਹਾ ਜਾਂਦਾ ਹੈ। ਜਦ ਤੋਂ ਟਰੰਪ ਨੇ ਅਮਰੀਕਾ ਵਿਚ ਸੱਜੇ-ਪੱਖੀ ਸਿਆਸਤ ਨੂੰ ਹਵਾ ਦੇਣੀ ਸ਼ੁਰੂ ਕੀਤੀ ਹੈ, ਉਸ ਸਮੇਂ ਤੋਂ ਹੀ ਇਸ ਜਥੇਬੰਦੀ ਵੱਲੋਂ ਆਪਣੀਆਂ ਸਰਗਰਮੀਆਂ ਵਧਾ ਦਿੱਤੀਆਂ ਗਈਆਂ ਹਨ। ਵੈਸੇ ਵੀ ਕੋਰੋਨਾ ਦੀ ਮਾਰ ਹੇਠ ਅਮਰੀਕੀ-ਅਫ਼ਰੀਕੀ ਲੋਕ ਜ਼ਿਆਦਾ ਆਏ ਹੋਏ ਹਨ। ਕਿਉਂਕਿ ਚੋਣਾਂ ਹਨ, ਇਸ ਲਈ ਰਾਸ਼ਟਰਪਤੀ ਵੱਲੋਂ ਕਈ ਤਰ੍ਹਾਂ ਦੇ ਰੰਗ ਵਿਖਾਏ ਜਾ ਰਹੇ ਹਨ।

ਅਮਰੀਕਾ ਵਿਚ ਨਸਲਵਾਦ ਦਾ ਇਤਿਹਾਸ ਬਹੁਤ ਪੁਰਾਣਾ ਹੈ। ਆਦਿਵਾਸੀ ਅਮਰੀਕੀਆਂ ਦੇ ਮਾੜੇ ਦਿਨ 1462 ਵਿਚ ਹੀ ਸ਼ੁਰੂ ਹੋ ਗਏ ਸਨ ਜਦ ਕੋਲੰਬਸ ਜੋ ਕਿ ਭਾਰਤ ਲੱਭਣ ਤੁਰਿਆ ਸੀ, ਗ਼ਲਤੀ ਨਾਲ ਅਮਰੀਕਾ ਜਾ ਵੜਿਆ। ਗੋਰੇ ਲੋਕਾਂ ਨੇ ਆਦਿਵਾਸੀਆਂ ਨਾਲ ਲੜਾਈਆਂ ਲੜ ਕੇ ਉਨ੍ਹਾਂ ਨੂੰ ਮਾਰ ਮੁਕਾਉਣਾ ਸ਼ੁਰੂ ਕਰ ਦਿੱਤਾ ਅਤੇ ਉਨ੍ਹਾਂ ਦੀਆਂ ਜ਼ਮੀਨਾਂ ਜਾਇਦਾਦਾਂ ਸਾਂਭਣੀਆਂ ਸ਼ੁਰੂ ਕਰ ਦਿੱਤੀਆਂ। ਹੁਣ ਮੂਲ ਵਾਸੀਆਂ ਦੀ ਗਿਣਤੀ ਆਟੇ ਵਿਚ ਲੂਣ ਦੇ ਸਮਾਨ ਹੈ। ਉਹ ਆਪਣੀ ਪਛਾਣ ਬਚਾਉਣ ਵਿਚ ਜੁਟੇ ਹੋਏ ਹਨ। ਨਸਲਵਾਦ ਦਾ ਕਰੂਪ ਚਿਹਰਾ ਯੂਰਪੀਅਨਾਂ ਦੀ ਵੱਡੀ ਗਿਣਤੀ 'ਚ ਆਉਣ ਨਾਲ ਸ਼ੁਰੂ ਹੁੰਦਾ ਹੈ। ਉਨ੍ਹਾਂ ਨੂੰ ਉੱਥੋਂ ਦੀ ਜ਼ਮੀਨ ਨੂੰ ਵਾਹੁਣ ਅਤੇ ਹੋਰ ਕੰਮਾਂ ਲਈ ਮਜ਼ਦੂਰਾਂ ਦੀ ਲੋੜ ਸੀ। ਉਨ੍ਹਾਂ ਨੇ ਰਿਸ਼ਟ-ਪੁਸ਼ਟ ਅਫ਼ਰੀਕੀਆਂ ਨੂੰ ਸੰਨ 1600 ਦੇ ਨੇੜੇ-ਤੇੜੇ ਉਨ੍ਹਾਂ ਨੂੰ ਗ਼ੁਲਾਮ ਬਣਾ ਕੇ ਲਿਆਉਣਾ ਸ਼ੁਰੂ ਕਰ ਦਿੱਤਾ। ਹੌਲੀ-ਹੌਲੀ ਗੋਰੇ ਲੋਕ ਅਮਰੀਕਾ ਆ ਕੇ ਵਸਣ ਲੱਗੇ ਜਿਸ ਨਾਲ ਗ਼ੁਲਾਮੀ ਪ੍ਰਥਾ ਵੀ ਸ਼ੁਰੂ ਹੋ ਗਈ। ਇਨ੍ਹਾਂ ਗ਼ੁਲਾਮਾਂ ਬਾਰੇ ਅਨੇਕਾਂ ਪੁਸਤਕਾਂ ਲਿਖੀਆਂ ਜਾ ਚੁੱਕੀਆਂ ਹਨ। ਵਿਕਾਊ ਵਸਤਾਂ ਵਾਂਗ ਉਨ੍ਹਾਂ ਨੂੰ ਸੰਗਲਾਂ ਨਾਲ ਨੂੜ ਕੇ ਲਿਆਂਦਾ ਜਾਂਦਾ ਤੇ ਖੁੱਲ੍ਹੀ ਮੰਡੀ ਵਿਚ ਵੇਚਿਆ ਜਾਂਦਾ। ਇਕ ਪਰਿਵਾਰ ਦੇ ਵੱਖ-ਵੱਖ ਜੀਆਂ ਨੂੰ ਵੱਖ-ਵੱਖ ਲੋਕਾਂ ਨੂੰ ਵੇਚਿਆ ਜਾਂਦਾ। ਮਾਂ-ਪਿਉ ਬਥੇਰੇ ਤਰਲੇ ਕਰਦੇ ਕਿ ਉਨ੍ਹਾਂ ਦੇ ਬੱਚੇ ਉਨ੍ਹਾਂ ਨਾਲੋਂ ਅਲੱਗ ਨਾ ਕਰੋ। ਬੱਚੇ ਨੂੰ ਜਬਰੀ ਮਾਂ-ਪਿਉ ਕੋਲੋਂ ਖੋਹਿਆ ਜਾਂਦਾ ਪਰ ਉਨ੍ਹਾਂ ਦੇ ਕੀਰਨਿਆਂ ਨੂੰ ਕੋਈ ਨਾ ਸੁਣਦਾ। ਇਨ੍ਹਾਂ ਬੱਚਿਆਂ 'ਚੋਂ ਕਈਆਂ ਨੇ ਵੱਡੇ ਹੋ ਕੇ ਬੜੀਆਂ ਦਰਦਨਾਕ ਕਹਾਣੀਆਂ ਕਾਨੀਬੱਧ ਕੀਤੀਆਂ ਹਨ। ਪੰਜਾਬੀ 'ਚ ਗੁਰਚਰਨ ਸਿੰਘ ਜੈਤੋ ਨੇ ਕਈ ਪੁਸਤਕਾਂ ਅਮਰੀਕਾ ਜਾ ਕੇ ਇਨ੍ਹਾਂ ਲੋਕਾਂ ਦੇ ਦਰਦ ਨੂੰ ਸਮਝਦੇ ਹੋਏ ਲਿਖੀਆਂ ਹਨ।

ਉਨ੍ਹਾਂ 2017 ਵਿਚ 'ਭਗੌੜੇ ਗ਼ੁਲਾਮ' ਨਾਮੀ ਪੁਸਤਕ ਲਿਖੀ ਹੈ। ਇਸ ਵਿਚ ਉਨ੍ਹਾਂ ਨੇ ਉਨ੍ਹਾਂ ਗ਼ੁਲਾਮਾਂ ਦੀਆਂ ਦਰਦਨਾਕ ਕਹਾਣੀਆਂ ਲਿਖੀਆਂ ਹਨ ਜੋ ਮਾਲਕਾਂ ਤੋਂ ਦੁਖੀ ਹੋ ਕੇ ਭੱਜ ਜਾਂਦੇ ਸਨ ਕਿਉਂਕਿ ਉਹ ਸਮਾਜ ਵਿਚ ਆਮ ਨਾਗਰਿਕ ਦੀ ਤਰ੍ਹਾਂ ਨਹੀਂ ਰਹਿ ਸਕਦੇ ਸਨ ਜਿਵੇਂ ਜੇਲ੍ਹ ਵਿੱਚੋਂ ਭੱਜਾ ਕੈਦੀ ਨਹੀਂ ਰਹਿ ਸਕਦਾ। ਅਮਰੀਕੀ ਲਾਇਬਰੇਰੀਆਂ ਵਿਚ ਇਨ੍ਹਾਂ ਅਫ਼ਰੀਕੀ-ਅਮਰੀਕੀ ਲੋਕਾਂ ਨਾਲ ਹੋਏ ਜ਼ੁਲਮ ਦੀਆਂ ਅਨੇਕਾਂ ਪੁਸਤਕਾਂ ਮਿਲਦੀਆਂ ਹਨ। ਇਨ੍ਹਾਂ ਤੋਂ ਪਤਾ ਲੱਗਦਾ ਹੈ ਕਿ ਉਨ੍ਹਾਂ ਕੋਲੋਂ ਡੰਡੇ ਦੇ ਜ਼ੋਰ ਨਾਲ ਕੰਮ ਲਿਆ ਜਾਂਦਾ ਸੀ। ਜੇ ਕੋਈ ਕੰਮ ਨਾ ਕਰਦਾ ਜਾਂ ਥੱਕ ਕੇ ਸਾਹ ਲੈਂਦਾ ਤਾਂ ਉਸ ਨੂੰ ਛਾਂਟੇ ਮਾਰੇ ਜਾਂਦੇ। ਇਨ੍ਹਾਂ ਛਾਂਟਿਆਂ ਦੇ ਅੱਗੇ ਕਿੱਲ ਲੱਗੇ ਹੁੰਦੇ ਸਨ। ਜਦ ਇਹ ਛਾਂਟੇ ਵੱਜਦੇ ਤਾਂ ਉਨ੍ਹਾਂ ਦੇ ਸਰੀਰ ਲਹੂ-ਲੁਹਾਣ ਹੋ ਜਾਂਦੇ। ਦੁਖਦਾਈ ਪੱਖ ਇਹ ਹੈ ਕਿ ਮਿਸਾਚੂਸਟ ਵਿਚ 1641 ਵਿਚ ਗ਼ੁਲਾਮੀ ਨੂੰ ਕਾਨੂੰਨੀ ਮਾਨਤਾ ਦਿੱਤੀ ਗਈ। ਅਠਾਰਵੀਂ ਸਦੀ ਦੇ ਪਿਛਲੇ ਅੱਧ ਵਿਚ ਬਰਤਾਨੀਆ ਖ਼ਿਲਾਫ਼ ਵਿਦਰੋਹ ਉੱਠ ਖੜ੍ਹਾ ਹੋਇਆ। ਇਸ ਦੇ ਬਾਵਜੂਦ ਇਨ੍ਹਾਂ ਅਫ਼ਰੀਕੀ-ਅਮਰੀਕੀਆਂ ਨੂੰ ਡਰਾਉਣ ਧਮਕਾਉਣ ਲਈ ਕੂਕਲਕਸ਼ ਕਲੈਨ ਨੇ 1867 ਵਿਚ ਇਕ ਗੁਪਤ ਜਥੇਬੰਦੀ ਬਣਾਈ ਜਿਸ ਦਾ ਕੰਮ ਕਾਲੇ ਭਾਈਚਾਰੇ ਅਤੇ ਉਨ੍ਹਾਂ ਦੇ ਸਹਾਇਕਾਂ ਨੂੰ ਕਤਲ ਕਰਨਾ ਸੀ। ਸੰਨ 1873 ਵਿਚ ਕੋਲਫੈਕਸ ਤੇ 1874 ਵਿਚ ਕੋਸ਼ਾਟ ਨੇ ਸਿਆਹਫਾਮਾਂ ਦਾ ਕਤਲੇਆਮ ਕੀਤਾ। ਜੇ ਤਿੰਨ ਗੋਰੇ ਮਰਦੇ ਸਨ ਤਾਂ 40 ਤੋਂ 50 ਕਾਲੇ ਮਾਰੇ ਜਾਂਦੇ ਸਨ।

ਇਹ 20ਵੀਂ ਸਦੀ ਤੀਕ ਚੱਲਦਾ ਰਿਹਾ। ਇਹ ਰੁਕਿਆ ਇਸ ਕਰ ਕੇ ਕਿ ਇਤਿਹਾਸਕਾਰਾਂ ਨੇ ਇਸ ਦਾ ਪਤਾ ਲਾ ਲਿਆ। ਇਕ ਹੋਰ ਪਹਿਲੂ ਹੈ ਕਿ ਗੋਰਿਆਂ ਤੇ ਕਾਲਿਆਂ ਲਈ ਵੱਖ-ਵੱਖ ਕਾਨੂੰਨ ਬਣਾਏ ਗਏ। ਸੰਨ 1890 ਤੋਂ 1940 ਤੀਕ ਦੇ ਇਸ ਸਮੇਂ ਨੂੰ ਜਿਮ ਕਰੋਅ ਯੁੱਗ ਕਿਹਾ ਜਾਂਦਾ ਹੈ। ਨਿੱਕੇ-ਨਿੱਕੇ ਜ਼ੁਰਮਾਂ ਲਈ ਗੋਰੇ ਸਿਆਹਫਾਮਾਂ ਨੂੰ ਫਾਹੇ ਲਾ ਦਿੰਦੇ। ਅਮਰੀਕੀ ਕਾਲਿਆਂ ਦੇ ਕਤਲੇਆਮ ਜਾਂ ਇੰਜ ਕਹਿ ਲਓ ਕਿ ਘੱਲੂਘਾਰਿਆਂ ਨੂੰ ਦਰਸਾਉਣ ਲਈ ਮਿਲਵਾਕੀ, ਵਿਸਕੌਂਸਿਨ ਵਿਚ ਇਕ ਅਜਾਇਬਘਰ ਬਣਿਆ ਹੈ ਜਿੱਥੇ ਇਨ੍ਹਾਂ ਜ਼ੁਲਮਾਂ ਨੂੰ ਦਰਸਾਇਆ ਗਿਆ ਹੈ। ਪਹਿਲੇ ਤੇ ਦੂਜੇ ਵਿਸ਼ਵ ਯੁੱਧ 'ਚ ਅਨੇਕਾਂ ਅਫ਼ਰੀਕੀ-ਅਮਰੀਕੀਆਂ ਨੇ ਭਾਗ ਲਿਆ ਸੀ। ਇਸ ਦੇ ਮੱਦੇਨਜ਼ਰ ਉਨ੍ਹਾਂ ਨੂੰ 1948 ਵਿਚ ਫ਼ੌਜ 'ਚ ਭਰਤੀ ਕੀਤਾ ਜਾਣ ਲੱਗਾ। ਸਿਵਲ ਰਾਈਟਸ ਐਕਟ 1964 ਵਿਚ ਸਭ ਅਮਰੀਕੀਆਂ ਨੂੰ ਬਰਾਬਰ ਦੇ ਅਧਿਕਾਰ ਦਿੱਤੇ ਗਏ। ਇਸ ਦਾ ਸਿੱਟਾ ਹੀ ਸੀ ਕਿ ਅਫ਼ਰੀਕੀ-ਅਮਰੀਕੀ ਮੂਲ ਦੇ ਬਰਾਕ ਓਬਾਮਾ ਦੋ ਵਾਰ ਅਮਰੀਕਾ ਦੇ ਰਾਸ਼ਟਰਪਤੀ ਬਣੇ। ਅਫ਼ਰੀਕੀ-ਅਮਰੀਕੀ ਲੋਕਾਂ ਦਾ ਖੇਡਾਂ ਤੇ ਹੋਰ ਖੇਤਰਾਂ ਵਿਚ ਬਹੁਤ ਯੋਗਦਾਨ ਹੈ। ਇਸ ਦੇ ਬਾਵਜੂਦ ਉਨ੍ਹਾਂ ਨਾਲ ਦੁਰਵਿਹਾਰ ਦੀਆਂ ਘਟਨਾਵਾਂ ਦਾ ਹੋਣਾ ਮੰਦਭਾਗਾ ਹੀ ਕਿਹਾ ਜਾ ਸਕਦਾ ਹੈ। ਅਸਲ ਵਿਚ ਅਮਰੀਕਾ ਵਿਚ ਬਾਕੀ ਘੱਟ ਗਿਣਤੀਆਂ ਨਾਲ ਵੀ ਕਈ ਵਾਰ ਮਾੜਾ ਵਿਵਹਾਰ ਕੀਤਾ ਜਾਂਦਾ ਹੈ। ਸਿੱਖਾਂ ਨਾਲ ਵੀ ਵਿਤਕਰੇ ਦੀਆਂ ਘਟਨਾਵਾਂ ਅਕਸਰ ਵਾਪਰਦੀਆਂ ਰਹਿੰਦੀਆਂ ਹਨ। ਅਮਰੀਕਾ ਦੇ ਓਕ ਕ੍ਰੀਕ ਗੁਰਦੁਆਰੇ ਵਿਚ 5 ਅਗਸਤ 2012 ਨੂੰ ਇਕ ਸਿਰਫਿਰੇ ਨਵ-ਨਾਜ਼ੀਵਾਦੀ ਸਾਬਕਾ ਅਮਰੀਕੀ ਫ਼ੌਜੀ ਵੇਡ ਮਾਈਕਲ ਪੇਜਰ ਨੇ ਹਮਲਾ ਕਰ ਦਿੱਤਾ ਸੀ।

ਇਸ ਹਮਲੇ ਨੇ ਦੁਨੀਆ ਭਰ ਦੇ ਸਿੱਖਾਂ ਨੂੰ ਹੀ ਨਹੀਂ, ਸਗੋਂ ਅਮਰੀਕੀਆਂ ਨੂੰ ਵੀ ਡੂੰਘੇ ਸਦਮੇ ਵਿਚ ਲਿਆ ਦਿੱਤਾ ਸੀ। ਪੁਲਿਸ ਵੱਲੋਂ ਸਮੇਂ ਸਿਰ ਪੁੱਜਣ ਅਤੇ ਹਮਲਾਵਰ ਨੂੰ ਮਾਰਨ ਸਦਕਾ ਇਕ ਬਹੁਤ ਵੱਡਾ ਦੁਖਾਂਤ ਟਲ ਗਿਆ ਸੀ। ਗੁਰਦੁਆਰੇ ਦੇ ਪ੍ਰਧਾਨ ਸਤਵੰਤ ਸਿੰਘ ਕਾਲੇਕਾ ਦੀ ਦਲੇਰਾਨਾ ਕਾਰਵਾਈ ਨੇ ਸੰਗਤ ਦੀਆਂ ਵੱਡਮੁੱਲੀਆਂ ਜਾਨਾਂ ਬਚਾਉਣ ਵਿਚ ਸਹਾਇਤਾ ਕੀਤੀ ਭਾਵੇਂ ਕਿ ਕਾਲੇਕਾ ਇਸ ਕਾਰਵਾਈ ਸਮੇਂ ਹਮਲਾਵਰ ਦੇ ਹਮਲੇ ਦਾ ਸ਼ਿਕਾਰ ਹੋ ਗਏ ਅਤੇ ਉਨ੍ਹਾਂ ਸਮੇਤ 7 ਕੀਮਤੀ ਜਾਨਾਂ ਅਜਾਈਂ ਚਲੀਆਂ ਗਈਆਂ ਅਤੇ 3 ਜ਼ਖ਼ਮੀ ਹੋਏ। ਅਮਰੀਕਾ 'ਚ 11 ਸਤੰਬਰ 2000 ਨੂੰ ਹੋਏ ਅੱਤਵਾਦੀ ਹਮਲੇ ਤੋਂ ਬਾਅਦ ਸਿੱਖਾਂ ਨੂੰ ਮੁਸਲਮਾਨ ਸਮਝ ਕੇ ਉਨ੍ਹਾਂ 'ਤੇ ਹਮਲੇ ਕੀਤੇ ਗਏ। ਆਪਣੇ ਸਟੋਰ ਦੇ ਬਾਹਰ ਬੂਟਿਆਂ ਨੂੰ ਪਾਣੀ ਦੇ ਰਹੇ ਐਰੀਜ਼ੋਨਾ ਵਾਸੀ ਬਲਬੀਰ ਸਿੰਘ ਸੋਢੀ ਨੂੰ ਇਸੇ ਤਰ੍ਹਾਂ ਸਿਰਫਿਰੇ ਅਮਰੀਕੀ ਫ਼ੌਜੀ ਨੇ ਗੋਲ਼ੀ ਦਾ ਸ਼ਿਕਾਰ ਬਣਾਇਆ। ਇਸ ਤੋਂ ਬਾਅਦ ਉਸ ਦਾ ਭਰਾ ਤੇ 5 ਹੋਰ ਸਿੱਖ ਇਸ ਨਸਲੀ ਵਿਤਕਰੇ ਕਰ ਕੇ ਮਾਰੇ ਗਏ। ਹੁਣ 14 ਜੂਨ 2020 ਨੂੰ ਰਾਸ਼ਟਰਪਤੀ ਟਰੰਪ ਨੇ ਸਮੂਹ ਅਮਰੀਕੀਆਂ ਨੂੰ ਗ਼ੁਲਾਮੀ ਦੀ ਬੁਰਾਈ ਖ਼ਤਮ ਕਰਨ ਦੀ ਅਪੀਲ ਕੀਤੀ ਹੈ। ਇਹ ਤਾਂ ਸਮਾਂ ਹੀ ਦੱਸੇਗਾ ਕਿ ਅਮਰੀਕਾ 'ਚ ਆਮ ਵਰਗੇ ਹਾਲਾਤ ਕਦੋਂ ਬਣਨਗੇ ਤੇ ਨਸਲਵਾਦ ਨੂੰ ਰੋਕਣ ਲਈ ਕੀ ਕਦਮ ਚੁੱਕੇ ਜਾਂਦੇ ਹਨ।

ਡਾ. ਚਰਨਜੀਤ ਸਿੰਘ ਗੁਮਟਾਲਾ
ਮੋਬਾ: 94175-33060

# 19 ਹੋਰ ਪ੍ਰਵਾਸੀ ਪੰਜਾਬੀ ਖਡੂਰ ਸਾਹਿਬ ਇਕਾਂਤਵਾਸ ਕੇਂਦਰ ਪਹੁੰਚੇ

ਖਡੂਰ ਸਾਹਿਬ: ਅਮਰੀਕਾ ਅਤੇ ਦੁਬਈ ਤੋਂ ਅੱਜ ਇਥੇ ਖਡੂਰ ਸਾਹਿਬ ਇਕਾਂਤਵਾਸ ਕੇਂਦਰ ਵਿਚ 19 ਪ੍ਰਵਾਸੀ ਹੋਰ ਪੁੱਜੇ ਹਨ। ਕਾਰ ਸੇਵਾ ਖਡੂਰ ਸਾਹਿਬ ਦੀ ਸਰਪ੍ਰਸਤੀ ਵਿਚ ਚਲਦੇ ਸ੍ਰੀ ਗੁਰੂ ਅੰਗਦ ਦੇਵ ਕਾਲਜ ਵਿਖੇ ਬਣਾਏ ਗਏ ਇਕਾਂਤਵਾਸ ਕੇਂਦਰ ਵਿਚ ਅੱਜ ਦੁਪਹਿਰ ਤੋਂ ਪਹਿਲਾਂ ਅਮਰੀਕਾ ਵਲੋਂ ਵਾਪਸ ਭੇਜੇ ਗਏ 7 ਅਤੇ ਦੁਬਈ ਤੋਂ 6 ਵਿਅਕਤੀ ਇਕਾਂਤਵਾਸ ਕੇਂਦਰ ਵਿਚ ਪਹੁੰਚੇ। ਜਦਕਿ ਬਾਅਦ ਦੁਪਹਿਰ ਦੁਬਈ ਤੋਂ 6 ਹੋਰ ਵਿਅਕਤੀ ਖਡੂਰ ਸਾਹਿਬ ਇਕਾਂਤਵਾਸ ਕੇਂਦਰ ਵਿਚ ਪਹੁੰਚੇ ਹਨ।

ਦੁਬਈ ਤੋਂ ਆਏ ਪਿੰਡ ਗੁਪਾਲਾ ਦੇ ਜਸਪਾਲ ਸਿੰਘ ਨੇ ਦੱਸਿਆ ਕਿ ਉਧਰ ਖਾਲਸਾ ਮੋਟਰਸਾਈਕਲ ਵਾਲਿਆਂ ਨੇ ਸਾਡੀ ਵੱਡੀ ਮਦਦ ਕੀਤੀ ਅਤੇ ਇਧਰ ਕਾਰ ਸੇਵਾ ਖਡੂਰ ਸਾਹਿਬ ਦੀ ਸਾਂਭ ਸੰਭਾਲ ਬੇਮਿਸਾਲ ਹੈ। ਇਕਾਂਤਵਾਸ ਵਿਚ ਰਹਿ ਰਹੇ ਵਿਅਕਤੀਆਂ ਦੀ ਸਾਂਭ ਸੰਭਾਲ ਵਿਚ ਲੱਗੇ ਕਾਰ ਸੇਵਾ ਖਡੂਰ ਸਾਹਿਬ ਦੇ ਸੇਵਾਦਾਰ ਭਾਈ ਨਿਰਮਲ ਸਿੰਘ ਨੇ ਇਸ ਮੌਕੇ ਦੱਸਿਆ ਕਿ ਅਮਰੀਕਾ ਤੋਂ ਪਰਤੇ 7 ਵਿਅਕਤੀ ਇਧਰੋਂ 25-25 ਲੱਖ ਰੁਪਏ ਏਜੰਟਾਂ ਨੂੰ ਦੇ ਕੇ ਮੈਕਸੀਕੋ ਰਾਹੀਂ ਅਮਰੀਕਾ ਗਏ ਸਨ, ਪਰ ਡੇਢ ਸਾਲ ਜੇਲ੍ਹ ਵਿਚ ਰਹਿਣ ਮਗਰੋਂ ਇਨ੍ਹਾਂ ਨੂੰ ਵਾਪਸ ਭੇਜ ਦਿੱਤਾ ਗਿਆ। ਇਸ ਮੌਕੇ, ਇਨ੍ਹਾਂ ਵਿਚੋਂ ਕਈਆਂ ਨੇ ਦੱਸਿਆ ਕਿ ਉਹ ਘਰ ਤੇ ਜ਼ਮੀਨਾਂ ਗਹਿਣੇ ਰੱਖ ਕੇ ਗਏ ਸਨ ਪਰ ਸਭ ਬੇਕਾਰ ਗਿਆ। ਉਨ੍ਹਾਂ ਨੇ ਸਰਕਾਰ ਕੋਲ ਮਦਦ ਲਈ ਗੁਹਾਰ ਵੀ ਲਗਾਈ ਹੈ.



Disclaimer : Sade Lok Weekly Punjabi Newspaper and People associated with it are not responsible are any chaims made advertisers and do not endorse any product or services advertised in the Sade Lok weekly Punjabi Newspaper. Printing in California and Distributed all over the USA. Please Consult your lawyer before buying-hiring-contracting throgh the advertisement. Publish in Sade Lok Weekly Newspaper. In the Business of selling Space and claims made by the advertiser are not tested.

ALL DISPUTES SUBJECTED TO THE COUNTY OF ALAMEDA CALIFORINA.

ਲੇਖਕ ਦੇ ਵਿਚਾਰਾਂ ਨਾਲ ਸੰਪਾਦਕ ਦਾ ਅਤੇ ਅਦਾਰਾ ਸਾਡੇ ਲੋਕ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ।

# ਦੁਖੁ ਨਾਹੀ ਸਭੁ ਸੁਖੁ ਹੀ ਹੈ

*ਮਨੁੱਖ ਨੂੰ ਪ੍ਰਭੂ ਦੀ ਸਿਫ਼ਤਿ-ਸਾਲਾਹ ਭੁੱਲ ਜਾਂਦੀ ਹੈ ਉਹ ਸਦਾ ਇਉਂ ਵਿਲਕਦਾ ਹੈ ਜਿਵੇਂ ਕੋਹੜ ਦੇ ਰੋਗ ਵਾਲਾ ਬੰਦਾ। ਸਿਮਰਨ ਤੋਂ ਖ਼ਾਲੀ ਰਹਿਣ ਕਰ ਕੇ ਸਹੇੜੇ ਹੋਏ ਦੁੱਖਾਂ ਬਾਰੇ ਹੀ ਬਹੁਤੇ ਗਿਲੇ ਕਰੀ ਜਾਣੇ ਵੀ ਵਿਅਰਥ ਹਨ ਕਿਉਂਕਿ ਉਹ ਪਰਮਾਤਮਾ ਸਾਡੇ ਗਿਲੇ ਕਰਨ ਤੋਂ ਬਿਨਾ ਹੀ ਸਾਡੇ ਰੋਗਾਂ ਦਾ ਕਾਰਣ ਜਾਣਦਾ ਹੈ।*



**ਸ. ਰਾਮ ਸਿਘ**
ਸਾਬਕਾ ਸੀਨੀਅਰ ਸੁਪਰੀਮ ਕੌਸਲ ਮੈਂਬਰ ਗੁਰਦੁਆਰਾ ਸਾਹਿਬ ਫਰੀਮਾਂਟ

ਗੁਰੂ ਸਾਹਿਬਾਂ ਨੇ ਸਾਡੇ ਉਪਰ ਮਹਾਨ ਕ੍ਰਿਪਾ ਕਰਕੇ ਜੀਵਨ ਦੀਆ ਕੁਝ ਗੁੰਝਲਦਾਰ ਗੱਲਾਂ ਸਾਨੂੰ ਸਮਝਾਈਆ ਹਨ ਜਿਨਾਂ ਨਾਲ ਸਾਡਾ ਜੀਵਨ ਸੁਖਾਲਾ ਬੀਤ ਸਕਦਾ ਹੈ। ਬੇਸ਼ਕ ਗੁਰੂ ਜੀ ਨੇ ਸਾਨੂੰ ਚੰਗੇ ਅਤੇ ਮਾੜੇ ਵਿਚ ਫਰਕ ਸਮਝਾਇਆ ਪਰ ਸਾਡਾ ਮਨ ਅਤੇ ਮਤਿ ਸੰਸਾਰ ਵਿਚ ਐਸੀ ਉਲਝਦੀ ਹੈ ਕਿ ਸਾਡੀ ਚੋਣ ਮੁਢੋਂ ਹੀ ਗਲਤ ਹੋ ਜਾਣ ਕਾਰਨ ਅਸੀਂ ਸਾਰੀ ਉਮਰ ਖੱਜਲ ਖੁਅਰੀ ਵਿਚ ਬਤੀਤ ਕਰਦੇ ਹਾਂ ਕੁਝ ਕੁ ਚੀਜਾਂ ਬਾਰੇ ਸਾਡਾ ਮਨ ਹੀ ਨਹੀਂ ਮੰਨਦਾ ਉਸ ਲਈ ਅਸੀਂ ਕੋਈ ਨਾ ਕੋਈ ਬਹਾਨਾ ਘੜ ਲੈਦੇ ਹਾਂ। ਇਸ ਵਿਚ ਕੋਈ ਸ਼ੱਕ ਨਹੀਂ ਕਿ ਮਨੁੱਖ ਆਪਣਾ ਕੀਤਾ ਪਾਉਂਦਾ ਹੈ ਅਤੇ ਬੀਜਿਆ ਵੱਢਦਾ ਹੈ। ਇਹ ਕੁਦਰਤਿ ਦੀ ਸਚਾਈ ਹੈ ਅਤੇ ਅਗਰ ਤੁਸੀਂ ਇਸ ਨੂੰ ਮੰਨਣ ਤੋਂ ਇਨਕਾਰੀ ਹੋ ਤਾਂ ਉਸ ਨਾਲ ਕੁਦਰਤਿ ਨੂੰ ਕੋਈ ਫਰਕ ਨਹੀਂ ਪੈਂਦਾ। ਜੇਕਰ ਅਸੀਂ ਜੀਵਨ ਦੇ ਸੁਖ ਦੁਖ ਦੀ ਹੀ ਗੱਲ ਕਰੀਏ ਤਾਂ ਬਹੁ ਗਿਣਤੀ ਸੁਖ ਹੀ ਮੰਗਦੀ ਹੈ ਦੁਖ ਕੋਈ ਨਹੀਂ ਮੰਗਦਾ ਪਰ ਗੁਰਬਾਣੀ ਦਾ ਫੈਸਲਾ ਹੈ ਕਿ 'ਦੁਖ ਦਾਰੂ ਸੁਖ ਰੋਗ ਭਇਆ' ਭਾਵ ਬਹੁਤ ਵਾਰੀ ਦੁਖ ਹੀ ਦਾਰੂ ਭਾਵ ਦਵਾਈ ਬਣ ਜਾਂਦਾ ਹੈ ਅਤੇ ਸੁਖ ਦੁਖ ਦਾ ਕਾਰਨ ਬਣਦਾ ਹੈ। ਇਹ ਸਭ ਕੁਝ ਅਸੀਂ ਹਰ ਰੋਜ ਜਿੰਦਗੀ ਵਿਚ ਵੇਖਦੇ ਹਾਂ। ਬਾਬੇ ਨਾਨਕ ਨੇ ਸਾਨੂੰ ਸਮਝਾਇਆ ਭਲਿਓ ਬਹੁਤਾ ਮੰਗਣਾ ਛੱਡ ਦਿਓ ਅਤੇ ਉਸ ਦੇ ਹੁਕਮ ਵਿਚ ਰਹੋ, ਪਰ ਸਾਡੇ ਵਿਚੋਂ ਕਿੰਨੇ ਹੁਕਮ ਮੰਨਣ ਲਈ ਤਿਆਰ ਹਨ? ਗੁਰੂ ਜੀ ਸਾਨੂੰ ਸਮਝਾਉਂਦੇ ਹਨ ਕਿ ਸੁਖ ਦੁਖ ਸਦਾ ਸਰੀਰਾਂ ਦੇ ਨਾਲ ਹਨ। ਸਮਾਂ ਬਦਲਦਾ ਹੈ ਅਤੇ ਕੋਈ ਚੀਜ ਇਕਸੁਰ ਨਹੀਂ ਰਹਿੰਦੀ ਜੀਵਨ ਵਿਚ ਉਤਾਰ ਚੜਾਓ ਆਉਂਦੇ ਰਹਿੰਦੇ ਹਨ। ਕਈ ਵਾਰ ਦੁੱਖ ਦਾਰੂ ਹੋ ਨਿਬੜਦਾ ਹੈ ਭਾਵ ਦੁੱਖ ਵੇਲੇ ਰੱਬ ਚੇਤੇ ਆ ਜਾਂਦਾ ਹੈ ਕਈ ਲੋਕ ਠੋਕਰ ਖਾ ਕੇ ਸੰਭਲ ਜਾਂਦੇ ਹਨ। ਜਿਵੇਂ ਕਿ ਕਿਸੇ ਭਿਆਨਕ ਦੁਰਘਟਨਾ ਤੋਂ ਬਾਦ ਕੋਈ ਵਿਅਕਤੀ ਸ਼ਰਾਬ ਪੀਣ ਤੋਂ ਤੋਬਾ ਕਰ ਲੈਂਦਾ ਹੈ ਉਸ ਦਾ ਜੀਵਨ ਹੀ ਬਦਲ ਜਾਂਦਾ ਹੈ। ਇਸ ਬਦਲਾਓ ਲਈ ਸਖਤ ਮਿਹਨਤ ਕਰਨੀ ਪੈਂਦੀ ਹੈ।

**ਸੁਖ ਕਉ ਮਾਗੈ ਸਭੁ ਕੋ ਦੁਖੁ ਨ ਮਾਗੈ ਕੋਇ ॥**
**ਸੁਖੈ ਕਉ ਦੁਖੁ ਅਗਲਾ ਮਨਮੁਖਿ ਬੂਝ ਨ ਹੋਇ ॥**
**ਸੁਖ ਦੁਖ ਸਮ ਕਰਿ ਜਾਣੀਅਹਿ ਸਬਦਿ ਭੇਦਿ ਸੁਖੁ ਹੋਇ॥ ੫੭**

ਇਉਂ ਜਾਪਦਾ ਹੈ ਕਿ ਅਸੀਂ ਸੁਖ ਦੀ ਪ੍ਰੀਭਾਸ਼ਾ ਨੂੰ ਸਮਝਣ ਤੋਂ ਅਸਮਰਥ ਹਾਂ। ਇਹ ਸਮਝਣਾ ਬਹੁਤ ਜਰੂਰੀ ਹੈ ਕਿ ਖੁਸ਼ੀ ਰਹਿਣ ਲਈ ਤੁਹਾਡਾ ਜੀਵਨ ਬਹੁਤ ਸਾਦਾ ਹੋਣਾ ਚਾਹੀਦਾ ਹੈ। ਜਿੰਨੇ ਵਾਧੂ ਚੱਕਰਾਂ ਵਿਚ ਮਨੁੱਖ ਦੇਖਾ ਦੇਖੀ ਵਿਚ ਪੈ ਰਿਹਾ ਹੈ ਉਨਾਂ ਹੀ ਦੁਖ ਸਹੇੜ ਰਿਹਾ ਹੈ। ਜ਼ਿੰਦਗੀ ਵਿਚ ਸਾਡੀਆ ਲੋੜਾਂ ਬਹੁਤ ਹੀ ਘੱਟ ਹਨ ਰੋਟੀ ਖਾਣ ਲਈ, ਕਪੜਾ ਪਹਿਨਣ ਲਈ ਅਤੇ ਮਕਾਨ ਰਹਿਣ ਲਈ। ਅੱਜ ਦੇ ਸੰਤ ਕੇਵਲ ਨਾਮ ਦੇ ਸੰਤ ਹਨ ਕਿਉਂ ਕਿ ਦੁਨਿਆਵੀ ਮਾਇਆ ਅਤੇ ਸੁਖ ਦੇ ਸਾਧਨ ਇੱਕਠੇ ਕਰ ਕੇ ਕੋਈ ਕਦੀ ਸੁਖੀ ਨਹੀਂ ਹੋਇਆ ਅਗਰ ਕੋਈ ਰਾਜਾ ਜਨਕ ਵਰਗਾ ਭਗਤ ਹੋਇਆ ਵੀ ਹੈ ਤਾਂ ਉਨਾਂ ਨੇ ਦੁਨੀਆ ਦਾ ਮੋਹ ਛੱਡ ਦਿਤਾ ਸੀ। ਸਾਡੇ ਗੁਰੂ ਸਾਹਿਬ ਨੇ ਸਾਨੂੰ ਬਾਰ ਬਾਰ ਕਿਹਾ ਕਿ ਮਾਇਆ ਦੇ ਪਿਛੇ ਨਹੀਂ ਜਾਣਾ। ਅਸੀਂ ਬਹਾਨੇ ਬਾਜੀ ਨਾਲ ਸਮਾਂ ਲੰਘਾਉਣਾ ਚਾਹੁੰਦੇ ਹਾਂ। ਇਸ ਤਰ੍ਹਾਂ ਅਸੀਂ ਆਪਣਾ ਹੀ ਨੁਕਸਾਨ ਕਰ ਰਹੇ ਹਾਂ। ਅਸੀਂ ਆਪਣੇ ਕੀਤੇ ਕੰਮਾਂ ਦੇ ਕਰਤੇ ਬਣਨ ਕਾਰਨ ਹੀ ਦੁੱਖ ਸਹੇੜਦੇ ਹਾਂ ਕਰਮ ਦਾ ਕਰਤਾ ਹੀ ਜੁੰਮੇਵਾਰ ਹੁੰਦਾ ਹੈ ਭਾਵ ਹਰੇਕ ਕਰਮ ਦਾ ਕੋਈ ਕਾਰਣ ਬਣਦਾ ਹੈ।

ਅਧਿਆਤਮਿਕ ਲੋਕਾਂ ਦਾ ਕਹਿਣਾ ਹੈ ਕਿ ਧੰਨਵਾਦ ਦੇਣਾ ਜਦੋਂ ਵੀ ਸਮਾਂ ਮਿਲੇ ਧਨਵਾਦ ਦਿਓ ਧੰਨਵਾਦ ਨਾਲ ਭਰ ਜਾਓ। ਬਹੁਤ ਕੁਝ ਹੈ ਧੰਨਵਾਦ ਦੇਣ ਲਈ। ਤੁਹਾਡੀਆਂ ਅੱਖਾਂ, ਤੁਹਾਡਾ ਦਿਲ ਦਿਮਾਗ ਫੇਫੜੇ ਸਾਰੇ ਠੀਕ ਕੰਮ ਕਰ ਰਹੇ ਹਨ ਤੁਹਾਨੂੰ ਕੋਈ ਤਕਲੀਫ ਨਹੀ। ਉਸ ਮਨੁੱਖ ਬਾਰੇ ਸੋਚੋ ਜਿਸ ਨੂੰ ਇਕ ਸਾਹ ਲੈਣਾ ਕਿਤਨਾ ਮੁਸ਼ਕਲ ਹੈ ਜੀ ਇਕ ਸਾਹ ਲਈ ਤਰਸ ਰਿਹਾ ਹੈ। ਉਸ ਮਨੁੱਖ ਨੂੰ ਸਾਹ ਦੀ ਕੀਮਤ ਪਤਾ ਹੈ। ਗੁਰੂ ਜੀ ਸਾਨੂੰ ਦੱਸਦੇ ਹਨ ਕਿ ਦੁਨੀਆਂ ਜੂਆਰੀ ਦੀ ਤਰ੍ਹਾਂ ਹੈ ਇਹ ਸਾਰੇ ਸੁੱਖ ਤਾਂ ਮੰਗਦੀ ਹੈ ਪਰ ਨਾਮ ਜਪਣਾ ਨਹੀਂ ਚਾਹੁੰਦੀ। ਪਰ ਹਰ ਚੀਜ ਲਈ ਮਨੁੱਖ ਨੂਮ ਮਿਹਨਤ ਕਰਨੀ ਹੀ ਪੈਂਦੀ ਹੈ। ਦੁਨੀਆ ਵਿਚ ਸਭ ਤੋਂ ਕੀਮਤੀ ਵਸਤੂਆਂ ਹਵਾ, ਪਾਣੀ ਅਤੇ ਅੰਨ ਕੁਦਰਤ ਵਲੋਂ ਮੁਫਤ ਮਿਲਦੇ ਹਨ ਪਰ ਮਨੁੱਖ ਨੇ ਇਨਾਂ ਚੀਜਾਂ ਤੇ ਕਬਜ਼ਾ ਕਰ ਕੇ ਇਨ੍ਹਾਂ ਦੀ ਕੀਮਤ ਵਧਾ ਦਿੱਤੀ ਹੈ। ਸ਼ੁਕਰ ਕਰੋ ਕਿ ਹਵਾ ਦਾ ਕੰਟਰੋਲ ਮਨੁੱਖ ਲਈ ਅਸੰਭਵ ਹੈ ਨਹੀਂ ਤਾਂ ਮਨੁੱਖ ਦਾ ਜੀਊਣਾਂ ਸੰਭਵ ਨਹੀਂ ਹੋਵੇਗਾ। ਜਿੰਦਗੀ ਨੂੰ ਬਿਨਾਂ ਕਿਸੇ ਅਸੂਲ ਦੇ ਜੀਉਣਾ ਸੰਭਵ ਨਹੀਂ। ਦੁਨੀਆ ਵਿਚ ਕੁਝ ਪ੍ਰਾਪਤ ਕਰਨ ਲਈ ਕੁਝ ਕਰਨਾ ਪੈਂਦਾ ਹੈ।

**ਐਸਾ ਜਗੁ ਦੇਖਿਆ ਜੂਆਰੀ।**
**ਸਭ ਸੁਖ ਮਾਗੈ ਨਾਮ ਬਿਸਾਰੀ। ਰਹਾਉ। ੨੨੨**

ਵਾਹਿਗੁਰੂ ਦੀ ਸਿਫਤ ਸਲਾਹ ਵਿਚੋਂ ਹੀ ਸਬਰ ਅਤੇ ਸੰਤੋਖ ਉਪਜਦਾ ਹੈ। ਮੰਗਾਂ ਮੰਗਣ ਨਾਲ ਨਾ ਤਾਂ ਸੁੱਖ ਮਿਲਦਾ ਹੈ ਅਤੇ ਨਾ ਹੀ ਆਤਮਿਕ ਸ਼ਾਤੀ ਪ੍ਰਾਪਤ ਹੁੰਦੀ ਹੈ। ਸ਼ੁਕਰਾਨਾ ਕਰਨ ਲਈ ਸਾਨੂੰ ਕਿਸੇ ਚੀਜ ਦੀ ਜ਼ਰੂਰਤ ਨਹੀਂ ਇਹ ਸਾਡੀ ਮਨੋਅਵਸਥਾ ਉਪਰ ਨਿਰਭਰ ਹੈ ਯਾਦ ਰੱਖਣਾ ਚਹੀਦਾ ਸੀ ਕਿ ਮਨੁੱਖ ਖਾਲੀ ਹੱਥੀਂ ਆਇਆ ਅਤੇ ਇਵੇਂ ਹੀ ਜਵੇਗਾ। ਪਰ ਸਾਡਾ ਸਾਰੀ ਜੀਵਨ ਬੇਅਰਥ ਹੀ ਇਨਾਂ ਝੰਝਟਾਂ ਵਿਚ ਬੀਤ ਜਾਂਦਾਹੈ। ਤੁਹਾਡੇ ਕੀਤੇ ਚੰਗੇ ਕੰਮ, ਨਾਮ ਜਪਿਆ, ਸੇਵਾ ਕੀਤੀ ਤੁਹਾਡੇ ਨਾਲ ਜਾਏ ਪਰ ਸਾਰੇ ਜੀਵਨ ਵਿਚ ਕਿੰਨਾਂ ਸਮਾਂ ਤੁਸੀਂ ਇਧਰ ਖਰਚ ਕੀਤਾ ਹੈ। ਤੁਸੀਂ ਰੱਬ ਦੀਆਂ ਰਹਿਮਤਾਂ ਬਾਰੇ ਸੋਚੋ। ਤੁਹਾਡਾ ਘਰ, ਪਰਿਵਾਰ ਅਤੇ ਤੁਹਾਡਾ ਕਾਰੋਬਾਰ ਸਭ ਕੁਝ ਜੋ ਅੱਜ ਤੁਹਾਡੇ ਕੋਲ ਹੈ ਪਰ ਬਹੁਤ ਲੋਕਾਂ ਕੋਲ ਨਹੀਂ ਹੈ ਇਹ ਸਭ ਤੁਹਾਡੇ ਉਪਰ ਅਕਾਲ ਪੁਰਖ ਦੀਆਂ ਰੱਬੀ ਬਖਸ਼ਿਸ਼ਾਂ ਕਾਰਨ ਹਨ। ਜੋ ਤੁਹਾਡੇ ਕੋਲ ਨਹੀਂ ਹੈ ਉਸ ਬਾਰੇ ਨਾ ਸੋਚੋ ਕਿਉਂਕਿ ਉਸ ਦੀ ਤੁਹਾਨੂੰ ਜੀਉਣ ਦੀ ਖਾਤਰ ਲੋੜ ਹੀ ਨਹੀਂ ਹੈ। ਇਹੋ ਸਾਡੀ ਵੱਡੀ ਭੁੱਲ ਹੈ ਅਤੇ ਸਾਡੇ ਦੁਖਾਂ ਦਾ ਕਾਰਨ ਜਿੰਨੇ ਪਦਾਰਥ ਜ਼ਿਆਦਾ ਇਕੱਠੇ ਕਰੋਗੇ ਉਹ ਦੁਖ ਦਾ ਹੀ ਕਾਰਨ ਹੈ। ਨਿਮਰਤਾ ਧਾਰਨ ਕਰਕੇ ਰੱਬ ਦਾ ਸ਼ੁਕਰ ਕਰਨ ਲਈ ਨਿਮਰਤਾ ਬਹੁਤ ਜ਼ਰੂਰੀ ਹੈ। ਸਾਡੀ ਮਨੋ ਦਿਸ਼ਾ ਵੀ ਅਜੇਹੀ ਹੋਣੀ ਚਾਹੀਦੀ ਕਿ ਅਸੀਂ ਨਿੱਕੀ ਨਿੱਕੀ ਚੀਜ਼ ਬਾਰੇ ਸੋਚ ਸੋਚ ਕੇ ਖਾਹ ਮਖਾਹ ਆਪਣਾ ਵੱਡਾ ਨੁਕਸਾਨ ਕਰ ਲੈਦੇ ਹਾਂ।

**ਮਾਨੁ ਨ ਕੀਜੈ ਸਰਣਿ ਪਰੀਜੈ ਕਰੈ ਸੁ ਭਲਾ ਮਨਾਈਐ।**
**ਸੁਣਿ ਮੀਤਾ ਜੀਉ ਪਿੰਡ ਸਭੁ ਤਨੁ ਅਰਪੀਜੈ ਇਉ ਦਰਸਨੁ ਹਰਿ ਜੀਉ ਪਾਈਐ। ੬੧੨**
**ਦੁਖੁ ਨਾਹੀ ਸਭੁ ਸੁਖੁ ਹੀ ਹੈ ਰੇ ਏਕੈ ਏਕੀ ਨੇਤੈ॥**
**ਬੁਰਾ ਨਹੀ ਸਭੁ ਭਲਾ ਹੀ ਹੈ ਰੇ ਹਾਰ ਨਹੀ ਸਭ ਜੇਤੈ ॥ ੧੩੦੨**

ਧਾਰਮਿਕ ਖੇਤਰ ਦੁਨੀਆਵੀ ਖੇਤਰ ਵਿਚ ਬੋਲਣ ਦੀ ਘੱਟ ਪਰ ਕਰਨ ਦੀ ਜ਼ਰੂਰਤ ਤੇ ਜ਼ਿਆਦਾ ਜ਼ੋਰ ਦਿੱਤਾ ਜਾਂਦਾ ਹੈ। ਬ੍ਰਾਹਮਣੀ ਕਰਮਕਾਂਡਾਂ ਨੂੰ ਇਸੇ ਕਾਰਨ ਰੱਦ ਕੀਤਾ ਗਿਆ ਹੈ ਕਿ ਕੇਵਲ ਪੜ੍ਹਨ ਜਾਂ ਕਹਿਣ ਨਾਲ ਕੁਝ ਨਹੀ ਹੁੰਦਾ। ਅਮਲੀ ਰੂਪ ਦਾ ਅਸਰ ਹੀ ਸਰੀਰ ਅਤੇ ਬੁੱਧੀ ਕਬੂਲਦੀ ਹੈ। ਇਸੇ ਲਈ ਧਾਰਮਿਕ ਕਰਮ ਸਾਨੂੰ ਹਰ ਰੋਜ ਕਰਨ ਲਈ ਕਿਹਾ ਗਿਆ ਹੈ। ਵਾਹਿਗੁਰੂ ਦੀ ਸਿਫ਼ਤਿ-ਸਾਲਾਹ ਨੂੰ ਵਿਸਾਰਿਆਂ ਜਿੰਦ ਮੁੜ ਮੁੜ ਦੁਖੀ ਹੁੰਦੀ ਹੈ। ਦੁਖੀ ਹੋ ਹੋ ਕੇ ਫਿਰ ਹੋਰ ਵਿਕਾਰਾਂ ਵਿਚ ਡੂੰਘੀ ਧਸਦੀ ਜਾਂਦੀ ਹੈ। ਜਿਸ ਮਨੁੱਖ ਨੂੰ ਪ੍ਰਭੂ ਦੀ ਸਿਫ਼ਤਿ-ਸਾਲਾਹ ਭੁੱਲ ਜਾਂਦੀ ਹੈ ਉਹ ਸਦਾ ਇਉਂ ਵਿਲਕਦਾ ਹੈ ਜਿਵੇਂ ਕੋਹੜ ਦੇ ਰੋਗ ਵਾਲਾ ਬੰਦਾ। ਸਿਮਰਨ ਤੋਂ ਖ਼ਾਲੀ ਰਹਿਣ ਕਰ ਕੇ ਸਹੇੜੇ ਹੋਏ ਦੁੱਖਾਂ ਬਾਰੇ ਹੀ ਬਹੁਤੇ ਗਿਲੇ ਕਰੀ ਜਾਣੇ ਵੀ ਵਿਅਰਥ ਹਨ ਕਿਉਂਕਿ ਉਹ ਪਰਮਾਤਮਾ ਸਾਡੇ ਗਿਲੇ ਕਰਨ ਤੋਂ ਬਿਨਾ ਹੀ ਸਾਡੇ ਰੋਗਾਂ ਦਾ ਕਾਰਣ ਜਾਣਦਾ ਹੈ। ਝੱਖਣ ਜਾਂ ਝੱਖ ਮਾਰਨ ਦਾ ਭਾਵ ਹੈ ਬੇਅਰਥ ਬੋਲਣਾ ਜਾਂ ਜਿਵੇਂ ਕਈ ਵਾਰੀ ਅਸੀਂ ਇਹ ਵੀ ਕਹਿ ਦਿੰਦੇ ਹਾਂ ਕਿ ਇਹ ਬਕਵਾਸ ਕਰਨਾ ਹੈ, ਬਿਨਾਂ ਕਿਸੇ ਕਾਰਨ ਤੋਂ ਗਿਲੇ ਸ਼ਿਕਵੇ ਕਰਨੇ। ਸੁਖ ਮੰਗਣੇ ਵੀ ਫਜ਼ੂਲ ਹੀ ਹਨ ਕਿਉਂਕਿ ਸੁੱਖ ਦੁੱਖ ਜਿੰਦਗੀ ਦਾ ਹਿੱਸਾ ਹਨ ਅਤੇ ਸਾਡੇ ਕਪੜੇ ਬਦਲਣ ਵਾਂਗ ਬਦਲਦੇ ਰਹਿੰਦੇ ਹਨ ਪ੍ਰਭੂ ਦੇ ਦਰ ਤੇ ਗਿਲਾ ਕਰਨਾ ਉਚਿਤ ਨਹੀਂ ਉਥੇ ਚੁੱਪ ਰਹਿਣਾ ਹੀ ਭਲਾ ਹੈ ਭਾਵ ਉਸ ਦੀ ਰਜਾ ਵਿਚ ਰਹਿਣਾ ਹੀ ਚੰਗਾ ਹੈ।

**ਬਹੁਤਾ ਬੋਲਣੁ ਝਖਣੁ ਹੋਇ।**
**ਵਿਣੁ ਬੋਲੇ ਜਾਣੈ ਸਭੁ ਸੋਇ ਰਹਾਉ। ੬੬੧**
**ਨਾਨਕ ਬੋਲਣੁ ਝਖਣਾ ਦੁਖਿ ਛਡਿ ਮੰਗੀਅਹਿ ਸੁਖ।**
**ਸੁਖ ਦੁਖ ਦੁਇ ਦਰਿ ਕਪੜੇ ਪਹਿਰਹਿ ਜਾਇ ਮਨੁਖ।**
**ਜਿਥੈ ਬੋਲਣਿ ਹਾਰੀਐ ਤਿਥੈ ਚੰਗੀ ਚੁਪ। ੧੪੯**


# CAPITAL ACCOUNTING & TAX SERVICES


Kuldeep Singh Kang


Sewa Singh Bhinder



HELPING PEOPLE FOR THEIR TRUCKING NEEDS
**(IRP) Plates-48 States-Same Day**
ਬਾਹਰ ਚੱਲਣ ਵਾਲੇ ਟਰੱਕਾਂ ਦੀਆਂ ਪਲੇਟਾਂ ਤੁਸੀਂ ਸਾਡੇ ਦਫ਼ਤਰ ਵਿਚੋਂ ਤੁਰੰਤ ਵੀ ਲੈ ਸਕਦੇ ਹੋ।
**ਟਰੱਕਿੰਗ ਦੀ ਦੁਨੀਆ ਵਿਚ ਨਵਾਂ ਕਦਮ**
- *ਟਰੱਕ ਲਾਇਸੈਂਸ ਪਲੇਟਾਂ ਵਾਸਤੇ ਹੁਣ ਹਫਤਿਆਂਬੱਧੀ ਉਡੀਕ ਕਰਨ ਦੀ ਲੋੜ ਨਹੀਂ।*
- *ਉਸੇ ਦਿਨ ਲਾਇਸੈਂਸ ਪਲੇਟਾਂ ਲੈਣ ਲਈ ਸਾਡੇ ਨਾਲ ਸੰਪਰਕ ਕਰੋ।*

**ਸਾਨੂੰ 12 ਸਾਲਾਂ ਦਾ ਤਜਰਬਾ ਹੈ**

**Same Day Plates Same Day Plates Same Day Plates**

**TRUCKING SERVICES AVAILABLE**
- IRP License Plates
- IFTA-Fuel Tax Returns
- MC (ICC) Authority, US DOT #
- UCR Permits, BOC-3 Filing
- CA#, MCP, EPN Enrollment
- BIT-Enrollment
- NM Permit, KYU#, NY HUT Permit
- Oregon Permit, Oregon Bonds
- Highway Use Tax (2290)
- Trailer Plates, Title Transfer
- Tax Exemption

**BUSINESS SERVICES AVAILABLE**
- Tax Services : Individual, Small Business
- Computerized Accounting
- Financial Statement
- Monthly Sales Tax Reports
- Payroll Services

**PH : 530-669-5780 Fax : 530-669-5775,**
**Cell : 530-908-9386 Cell : 530-405-6020**
ਇਹ ਦਫ਼ਤਰ ਡੀ.ਐਮ.ਵੀ. ਸ਼ਾਪਿੰਗ ਸੈਂਟਰ ਵਿਚ ਹੈ। 825 East Street, Suite 110 Woodland, CA 95776

**ਹੁਣ ਅਸੀਂ ਦੋ ਸ਼ਹਿਰਾਂ Yuba City ਤੇ Woodland ਤੋਂ ਤੁਹਾਡੀ ਸੇਵਾ ਵਿਚ ਹਾਜ਼ਰ ਹਾਂ**
440 N Palora Ave. Suite c Yuba City Ca. 95991
**530-923-2228, Fax 530-923-2251**

**CALIFORNIA DMV LIV. # 40524**



# ਭਾਰਤੀ ਦੂਤਾਵਾਸ ਵਾਸ਼ਿੰਗਟਨ 'ਚ 6ਵਾਂ ਕੌਮਾਂਤਰੀ ਯੋਗਾ ਦਿਵਸ ਧੂਮਧਾਮ ਨਾਮ ਮਨਾਇਆ ਗਿਆ

ਯੋਗਾ ਦਾ 6ਵਾਂ ਅੰਤਰਰਾਸ਼ਟਰੀ ਦਿਵਸ, ਸ਼ਨੀਵਾਰ, 20 ਜੂਨ, 2020 ਨੂੰ ਸਵੇਰੇ 8:30 ਵਜੇ ਵਾਸ਼ਿੰਗਟਨ, ਡੀ.ਸੀ. ਦੇ ਰਾਜਦੂਤ ਨਿਵਾਸ ਵਿਖੇ, "ਯੋਗਾ ਐਟ ਹੋਮ ਅਤੇ ਯੋਗਾ ਫੈਮਿਲੀ ਵਿਦ ਫੈਮਲੀ" ਵਿਸ਼ੇ ਨਾਲ ਮਨਾਇਆ ਗਿਆ। ਆਈਡੀਵਾਈ 2020 ਦਾ ਆਯੋਜਨ Friends of Yoga and several organizations ਅਤੇ ਸੰਯੁਕਤ ਰਾਜ ਵਿੱਚ ਯੋਗਾ ਨੂੰ ਸਮਰਥਨ ਕਰਨ ਵਾਲੀਆਂ ਕਈ ਸੰਸਥਾਵਾਂ ਦੀ ਭਾਈਵਾਲੀ ਵਿੱਚ ਕੀਤਾ ਗਿਆ ਸੀ।

ਪ੍ਰੋਗਰਾਮ ਦੀ ਸ਼ੁਰੂਆਤ ਭਾਰਤ ਦੇ ਮਾਨਯੋਗ ਪ੍ਰਧਾਨ ਮੰਤਰੀ ਸ੍ਰੀ ਨਰੇਂਦਰ ਮੋਦੀ ਵੱਲੋਂ 6ਵੇਂ ਕੌਮਾਂਤਰੀ ਯੋਗਾ ਦਿਵਸ ਦੇ ਮੌਕੇ 'ਤੇ ਵੀਡੀਓ ਸੰਦੇਸ਼ ਵਜਾਉਣ ਨਾਲ ਕੀਤੀ ਗਈ। ਆਪਣੇ ਸੰਦੇਸ਼ ਵਿੱਚ, ਪ੍ਰਧਾਨ ਮੰਤਰੀ ਸ੍ਰੀ ਨਰੇਂਦਰ ਮੋਦੀ ਨੇ ਕਿਹਾ, "ਵਿਸ਼ਵ ਇੱਕ ਵਿਸ਼ਾਲ ਮਹਾਂਮਾਰੀ ਦੀ ਲੜਾਈ ਲੜ ਰਿਹਾ ਹੈ, ਪਰ ਯੋਗਾ ਕੋਵਿਡ -19 ਲੈ ਕੇ ਆਈਆਂ ਕਈ ਚੁਣੌਤੀਆਂ ਦਾ ਬਹੁਪੱਖੀ ਹੱਲ ਮੁਹੱਈਆ ਕਰਵਾਉਂਦਾ ਹੈ"। ਉਸਨੇ ਕਿਹਾ, "ਯੋਗਾ ਹਰੇਕ ਲਈ ਕੁਝ ਪੇਸ਼ ਕਰਦਾ ਹੈ। ਇਹ ਮਜ਼ਬੂਤ ਮਨ ਅਤੇ ਸਿਹਤ ਸਰੀਰ ਨੂੰ ਸਮਰੱਥ ਬਣਾਉਂਦਾ ਹੈ"।

ਇਸ ਸਮਾਰੋਹ ਵਿੱਚ ਆਨਲਾਈਨ ਸ਼ਾਮਲ ਹੋਣ ਵਾਲੇ ਵਿਦਿਆਰਥੀਆਂ ਦਾ ਸਵਾਗਤ ਕਰਦਿਆਂ ਰਾਜਦੂਤ ਤਰਨਜੀਤ ਸਿੰਘ ਸੰਧੂ ਨੇ ਯੋਗ ਦੀ ਏਕਤਾ ਸ਼ਕਤੀ, ਇਸ ਦੇ ਬੇਮਿਸਾਲ ਫਾਇਦਿਆਂ ਅਤੇ ਕੌਮਾਂਤਰੀ ਯੋਗਾ ਦਿਵਸ ਗਲੋਬਲ ਕੈਲੰਡਰ ਦਾ ਹਿੱਸਾ ਬਣਨ ਬਾਰੇ ਚਾਨਣਾ ਪਾਇਆ। ਇਨ੍ਹਾਂ ਅਜ਼ਮਾਇਸ਼ ਸਮੇਂ, ਉਸਨੇ ਕਿਹਾ, "ਵਿਸ਼ਵ ਨੂੰ ਪਹਿਲਾਂ ਨਾਲੋਂ ਜ਼ਿਆਦਾ ਯੋਗ ਅਤੇ ਧਿਆਨ ਦੀ ਜ਼ਰੂਰਤ ਹੈ"। ਆਈ ਡੀ ਵਾਈ ਸਮਾਰੋਹ ਦੇ ਹਿੱਸੇ ਵਜੋਂ, ਇੱਕ ਸਾਂਝਾ ਯੋਗ ਪ੍ਰੋਟੋਕੋਲ ਸੈਸ਼ਨ ਕੀਤਾ ਗਿਆ ਸੀ। ਰਾਜਦੂਤ ਸੰਧੂ ਅਤੇ ਦੂਤਘਰ ਦੇ ਅਧਿਕਾਰੀਆਂ ਦੇ ਨਾਲ ਨਿੱਜੀ ਤੌਰ 'ਤੇ ਇਸ ਸੈਸ਼ਨ ਦੀ ਪਾਲਣਾ ਕੀਤੀ ਗਈ, ਜਦੋਂ ਕਿ ਯੂਐਸ ਭਰ ਵਿਚ ਵੱਡੀ ਗਿਣਤੀ ਵਿਚ ਹਿੱਸਾ ਲੈਣ ਵਾਲੇ ਇਸ ਨੂੰ ਫੇਸਬੁੱਕ ਅਤੇ ਯੂਟਿਊਬ 'ਤੇ ਦੂਤਾਵਾਸ ਦੇ ਸੋਸ਼ਲ ਮੀਡੀਆ ਚੈਨਲਾਂ ਰਾਹੀਂ ਸ਼ਾਮਲ ਹੋਏ।

ਆਈਡੀਵਾਈ 2020 ਦੀ ਦੌੜ ਵਿਚ, ਅੰਬੈਸੀ ਨੇ ਯੋਗਾ ਸੰਗਠਨਾਂ ਅਤੇ ਸਟੂਡੀਓਜ਼ ਦੇ ਸਹਿਯੋਗ ਨਾਲ ਅਤੇ ਯੂਐਸ ਭਰ ਵਿਚ ਯੋਗਾ ਦੇ ਉਤਸ਼ਾਹੀ ਲੋਕਾਂ ਦੇ ਸਹਿਯੋਗ ਨਾਲ ਕਈ ਚੁਰਟਆਨਲਾਈਨ ਪਰਦੇ ਰੇਜ਼ਰ ਪ੍ਰੋਗਰਾਮਾਂ ਦਾ ਆਯੋਜਨ ਕੀਤਾ ਸੀ।





# ਸੁਮੇਧ ਸੈਣੀ ਖ਼ਿਲਾਫ਼ ਸੁਣਵਾਈ 29 ਤੱਕ ਟਲੀ

ਚੰਡੀਗੜ੍ਹ :ਪੰਜਾਬ ਦੇ ਸਾਬਕਾ ਆਈਏਐੱਸ ਅਧਿਕਾਰੀ ਦੇ ਬੇਟੇ ਅਤੇ ਸਿਟਕੋ ਦੇ ਜੂਨੀਅਰ ਇੰਜਨੀਅਰ (ਜੇਈ) ਬਲਵੰਤ ਸਿੰਘ ਮੁਲਤਾਨੀ ਨੂੰ 29 ਸਾਲ ਪਹਿਲਾਂ ਅਗਵਾ ਕਰਨ ਮਗਰੋਂ ਭੇਤਭਰੀ ਹਾਲਤ ਵਿੱਚ ਲਾਪਤਾ ਕਰਨ ਦੇ ਗੰਭੀਰ ਦੋਸ਼ਾਂ ਦਾ ਸਾਹਮਣਾ ਕਰ ਰਹੇ ਪੰਜਾਬ ਦੇ ਚਰਚਿਤ ਸਾਬਕਾ ਡੀਜੀਪੀ ਸੁਮੇਧ ਸੈਣੀ ਖ਼ਿਲਾਫ਼ ਦਰਜ ਕੇਸ ਦੂਜੀ ਅਦਾਲਤ ਵਿੱਚ ਤਬਦੀਲ ਕਰਨ ਦੀ ਸੁਣਵਾਈ 29 ਜੂਨ ਤੱਕ ਅੱਗੇ ਟਲ ਗਈ ਹੈ। ਮੌਜੂਦਾ ਸਮੇਂ ਵਿੱਚ ਇਸ ਕੇਸ ਦੀ ਸੁਣਵਾਈ ਮੁਹਾਲੀ ਦੀ ਵਧੀਕ ਜ਼ਿਲ੍ਹਾ ਤੇ ਸੈਸ਼ਨ ਜੱਜ ਮੋਨਿਕਾ ਗੋਇਲ ਦੀ ਅਦਾਲਤ ਵਿੱਚ ਚੱਲ ਰਹੀ ਹੈ। ਇਸ ਅਦਾਲਤ ਵਿੱਚ ਸੈਣੀ ਨੂੰ ਪੱਕੀ ਜ਼ਮਾਨਤ ਦੇਣ ਬਾਰੇ ਸੁਣਵਾਈ 25 ਜੂਨ ਨੂੰ ਹੋਵੇਗੀ। ਸਰਕਾਰੀ ਵਕੀਲ ਸਰਤੇਜ ਸਿੰਘ ਨਰੂਲਾ ਅਤੇ ਸਰਕਾਰੀ ਵਕੀਲ ਸੰਜੀਵ ਬੱਤਰਾ ਅਤੇ ਬਚਾਅ ਪੱਖ ਦੇ ਵਕੀਲ ਐੱਚਐੱਸ ਧਨੋਆ ਜ਼ਿਲ੍ਹਾ ਅਦਾਲਤ ਵਿੱਚ ਪੇਸ਼ ਹੋਏ ਅਤੇ ਉਨ੍ਹਾਂ ਵਿੱਚ ਭਖਵੀਂ ਬਹਿਸ ਹੋਈ। ਪੀੜਤ ਪਰਿਵਾਰ ਦੇ ਵਕੀਲ ਪਰਦੀਪ ਸਿੰਘ ਵਿਰਕ ਵੀ ਅਦਾਲਤ ਵਿੱਚ ਹਾਜ਼ਰ ਸਨ।



ਬਚਾਅ ਪੱਖ ਦੇ ਵਕੀਲ ਐੱਚਐੱਸ ਧਨੋਆ ਨੇ ਸਾਬਕਾ ਡੀਜੀਪੀ ਸੈਣੀ ਦਾ ਲਿਖਤੀ ਪੱਖ ਰੱਖਦਿਆਂ ਜ਼ਿਲ੍ਹਾ ਤੇ ਸੈਸ਼ਨ ਜੱਜ ਨੂੰ ਅਪੀਲ ਕੀਤੀ ਕਿ ਕੇਸ ਦੀ ਸੁਣਵਾਈ ਕਿਸੇ ਦੂਜੀ ਅਦਾਲਤ ਵਿੱਚ ਤਬਦੀਲ ਨਾ ਕੀਤੀ ਜਾਵੇ। ਬਚਾਅ ਪੱਖ ਨੇ ਇਹ ਵੀ ਦਲੀਲ ਦਿੱਤੀ ਕਿ ਇਸ ਮਾਮਲੇ ਵਿੱਚ ਸਾਬਕਾ ਡੀਜੀਪੀ ਸਮੇਤ ਛੇ ਹੋਰ ਪੁਲੀਸ ਅਧਿਕਾਰੀਆਂ ਨੂੰ ਵੀ ਨਾਮਜ਼ਦ ਕੀਤਾ ਗਿਆ ਹੈ, ਜਿਨ੍ਹਾਂ 'ਚੋਂ ਦੋ ਪੁਲੀਸ ਵਾਲਿਆਂ ਦੀ ਮੌਤ ਹੋ ਚੁੱਕੀ ਹੈ। ਇਸ ਤਰ੍ਹਾਂ ਸਿਰਫ਼ ਸੈਣੀ ਦਾ ਕੇਸ ਦੂਜੀ ਅਦਾਲਤ ਵਿੱਚ ਤਬਦੀਲ ਕਰਨ ਨਾਲ ਇਕੋ ਕੇਸ ਦੀਆਂ ਦੋ ਵੱਖ ਵੱਖ ਅਦਾਲਤਾਂ ਵਿੱਚ ਸੁਣਵਾਈ ਹੋਣ ਕਾਰਨ ਕੇਸ ਉਲਝ ਸਕਦਾ ਹੈ। ਪੁਲੀਸ ਨੇ ਹਾਲੇ ਮੁਲਜ਼ਮਾਂ ਖ਼ਿਲਾਫ਼ ਚਲਾਨ ਪੇਸ਼ ਨਹੀਂ ਕੀਤਾ ਗਿਆ ਹੈ। ਲਿਹਾਜ਼ਾ ਸਾਬਕਾ ਡੀਜੀਪੀ ਸੈਣੀ ਨੂੰ ਪੱਕੀ ਜ਼ਮਾਨਤ ਦਿੱਤੀ ਜਾਵੇ। ਅਦਾਲਤ ਨੇ ਸਾਰੀਆਂ ਧਿਰਾਂ ਦੀਆਂ ਦਲੀਲਾਂ ਸੁਣਨ ਤੋਂ ਬਾਅਦ ਕੇਸ ਦੂਜੀ ਅਦਾਲਤ ਵਿੱਚ ਤਬਦੀਲ ਕਰਨ ਦੀ ਸੁਣਵਾਈ 29 ਜੂਨ ਤੱਕ ਅੱਗੇ ਟਾਲ ਦਿੱਤੀ ਹੈ।

# ਭਾਰਤ ਤੇ ਚੀਨ ਪਿੱਛੇ ਹਟਣ ਲਈ ਸਹਿਮਤ

ਨਵੀਂ ਦਿੱਲੀ : ਭਾਰਤ ਅਤੇ ਚੀਨ ਲੱਦਾਖ 'ਚ ਚੱਲ ਰਹੇ ਤਣਾਅ 'ਚ ਬੀਤੇ ਨੂੰ ਕੁਝ ਕਮੀ ਆਉਂਦੀ ਦਿੱਸੀ। ਦੋਹਾਂ ਦੇਸ਼ਾਂ ਦੇ ਜਨਰਲ ਪੱਧਰ 'ਤੇ ਗੱਲਬਾਤ ਦੌਰਾਨ ਡਰੈਗਨ ਪੂਰਬੀ ਲੱਦਾਖ ਦੇ ਤਣਾਅ ਵਾਲੇ ਇਲਾਕੇ ਤੋਂ ਆਪਣੇ ਫੌਜੀਆਂ ਨੂੰ ਹਟਾਉਣ 'ਤੇ ਸਹਿਮਤ ਹੋ ਗਿਆ ਹੈ। ਦੱਸਣਯੋਗ ਹੈ ਕਿ ਗਲਵਾਨ ਘਾਟੀ 'ਚ ਚੀਨੀ ਫੌਜ ਨਾਲ ਸੰਘਰਸ਼ 'ਚ ਭਾਰਤ ਦੇ 20 ਜਵਾਨ ਸ਼ਹੀਦ ਹੋ ਗਏ ਸਨ, ਜਦੋਂ ਕਿ ਚੀਨ ਦੇ 40 ਜਵਾਨ ਮਾਰੇ ਗਏ ਸਨ। ਇਸ ਘਟਨਾ ਤੋਂ ਬਾਅਦ ਦੋਹਾਂ ਦੇਸ਼ਾਂ 'ਚ ਤਣਾਅ ਸਿਖਰ 'ਤੇ ਪਹੁੰਚ ਚੁਕਿਆ ਹੈ। ਸੂਤਰਾਂ ਨੇ ਦੱਸਿਆ ਕਿ ਵਾਰਤਾ 'ਚ ਪੂਰਬੀ ਲੱਦਾਖ ਤੋਂ ਫੌਜੀਆਂ ਦੇ ਹਟਾਉਣ ਲਈ ਤੌਰ-ਤਰੀਕਿਆਂ ਨੂੰ ਅੰਤਿਮ ਰੂਪ ਦੇਣ 'ਤੇ ਧਿਆਨ ਕੇਂਦਰਿਤ ਕੀਤਾ ਗਿਆ। ਗੱਲਬਾਤ ਦੌਰਾਨ ਭਾਰਤ ਵਲੋਂ ਸਾਫ਼ ਕਹਿ ਦਿੱਤਾ ਗਿਆ ਹੈ ਕਿ ਐੱਲ.ਏ.ਸੀ. 'ਚ ਜਿਸ ਤਰ੍ਹਾਂ ਦੀ ਸਥਿਤੀ 5 ਮਈ ਤੋਂ ਪਹਿਲਾਂ ਸੀ, ਉਸੇ ਤਰ੍ਹਾਂ ਹੀ ਹੋਣੀ ਚਾਹੀਦੀ ਹੈ। ਯਾਨੀ ਕਿ ਭਾਰਤ ਵਲੋਂ ਸਾਫ਼-ਸਾਫ਼ ਸ਼ਬਦਾਂ 'ਚ ਕਹਿ ਦਿੱਤਾ ਗਿਆ ਹੈ ਕਿ ਚੀਨ ਆਪਣੀ ਸਰਹੱਦ 'ਤੇ ਵਾਪਸ ਜਾਵੇ। ਦੋਹਾਂ ਪੱਖਾਂ ਦਰਮਿਆਨ ਉਸੇ ਜਗ੍ਹਾ 'ਤੇ 6 ਜੂਨ ਨੂੰ ਲੈਫਟੀਨੈਂਟ ਜਨਰਲ ਪੱਧਰ ਦੀ ਪਹਿਲੇ ਦੌਰ ਦੀ ਗੱਲਬਾਤ ਹੋਈ ਸੀ, ਜਿਸ ਦੌਰਾਨ ਦੋਹਾਂ ਪੱਖਾਂ ਨੇ ਗਤੀਰੋਧ ਦੂਰ ਕਰਨ ਲਈ ਇਕ ਸਮਝੌਤੇ ਨੂੰ ਆਖਰੀ ਰੂਪ ਦਿੱਤਾ ਸੀ। ਹਾਲਾਂਕਿ 15 ਜੂਨ ਨੂੰ ਹੋਈ ਹਿੰਸਕ ਝੜਪਾਂ ਤੋਂ ਬਾਅਦ ਸਰਹੱਦ 'ਤੇ ਸਥਿਤੀ ਵਿਗੜ ਗਈ, ਕਿਉਂਕਿ ਦੋਹਾਂ ਪੱਖਾਂ ਨੇ 3500 ਕਿਲੋਮੀਟਰ ਦੀ ਅਸਲ ਸਰਹੱਦ ਕੋਲ ਜ਼ਿਆਦਾਤਰ ਖੇਤਰਾਂ 'ਚ ਆਪਣੀ ਫੌਜ ਤਾਇਨਾਤੀ ਕਾਫ਼ੀ ਤੇਜ਼ ਕਰ ਦਿੱਤੀ।

# ਕੌਮਾਂਤਰੀ ਗੱਤਕਾ ਦਿਵਸ ਮੌਕੇ ਜੰਗਜੂ ਕਲਾ ਗੱਤਕੇ ਦਾ ਪ੍ਰਦਰਸ਼ਨ







ਮੁਹਾਲੀ : ਨੈਸ਼ਨਲ ਗੱਤਕਾ ਐਸੋਸੀਏਸ਼ਨ ਆਫ਼ ਇੰਡੀਆ ਦੇ ਪ੍ਰਧਾਨ ਹਰਜੀਤ ਸਿੰਘ ਗਰੇਵਾਲ ਦੇ ਦਿਸ਼ਾ ਨਿਰਦੇਸ਼ਾਂ ਹੇਠ ਕੌਮਾਂਤਰੀ ਗੱਤਕਾ ਦਿਵਸ ਮੌਕੇ ਨੈਸ਼ਨਲ ਗੱਤਕਾ ਐਸੋਸੀਏਸ਼ਨ ਅਤੇ ਇੰਟਰਨੈਸ਼ਨਲ ਸਿੱਖ ਮਾਰਸ਼ਲ ਆਰਟ ਅਕੈਡਮੀ ਦੇ ਗੱਤਕੇਬਾਜ਼ਾਂ ਨੇ ਸਿੱਖ ਵਿਰਾਸਤ ਦੀ ਜੰਗਜੂ ਕਲਾ ਗੱਤਕੇ ਦਾ ਪ੍ਰਭਾਵਸ਼ਾਲੀ ਪ੍ਰਦਰਸ਼ਨ ਗੁਰਦਵਾਰਾ ਬਾਬੇ ਕੇ ਵਿਖੇ ਕੀਤਾ।

ਇਹ ਜਾਣਕਾਰੀ ਦਿੰਦਿਆਂ ਨੈਸ਼ਨਲ ਗੱਤਕਾ ਐਸੋਸੀਏਸ਼ਨ ਦੇ ਵਿੱਤ ਸਕੱਤਰ ਬਲਜੀਤ ਸਿੰਘ ਅਤੇ ਕੋਚ ਯੋਗਰਾਜ ਸਿੰਘ ਨੇ ਕਿਹਾ ਕਿ ਕੋਰੋਨਾ ਵਾਇਰਸ ਨੂੰ ਧਿਆਨ ਵਿੱਚ ਰੱਖਦਿਆਂ ਅਤੇ ਸਰਕਾਰ ਵੱਲੋਂ ਜਾਰੀ ਹਦਾਇਤਾਂ ਦੀ ਪਾਲਣਾ ਕਰਦਿਆਂ ਗੱਤਕੇਬਾਜ਼ਾਂ ਨੇ ਇਹ ਦਿਵਸ ਮਨਾਇਆ। ਉਨਾਂ ਦੱਸਿਆ ਕਿ ਇਸ ਤੋਂ ਇਲਾਵਾ ਪੰਜਾਬ ਅਤੇ ਹਰਿਆਣਾ ਵਿੱਚ ਵੀ ਨੈਸ਼ਨਲ ਗੱਤਕਾ ਐਸੋਸੀਏਸ਼ਨ ਦੀਆਂ ਵੱਖ ਵੱਖ ਇਕਾਈਆਂ ਵੱਲੋਂ ਇਸ ਗੱਤਕਾ ਦਿਵਸ ਮੌਕੇ ਵਿਰਾਸਤੀ ਗੱਤਕਾ ਖੇਡ ਕੇ ਸ਼ਾਨਦਾਰ ਪ੍ਰਦਰਸ਼ਨ ਕੀਤੇ ਗਏ।

ਇਸ ਮੌਕੇ ਮੁੱਖ ਮਹਿਮਾਨ ਵਜੋਂ ਸੰਤ ਬਾਬਾ ਕਪੂਰ ਸਿੰਘ ਸਨੇਰਾਂ ਵਾਲਿਆਂ ਨੇ ਗੱਤਕਾ ਖਿਡਾਰੀਆਂ ਨੂੰ ਅਸ਼ੀਰਵਾਦ ਦਿੱਤਾ। ਗੱਤਕੇ ਦੇ ਇਤਿਹਾਸ ਅਤੇ ਇਸ ਕਲਾ ਦੀ ਮਹੱਤਤਾ ਦਾ ਜ਼ਿਕਰ ਕਰਦਿਆਂ ਉਨਾਂ ਕਿਹਾ ਕਿ ਛੇਵੇਂ ਪਾਤਸ਼ਾਹ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਨੇ ਮੀਰੀ ਅਤੇ ਪੀਰੀ ਦੇ ਸਿਧਾਂਤ ਨੂੰ ਪ੍ਰਚੱਲਤ ਕੀਤਾ ਅਤੇ ਸਿੱਖਾਂ ਨੂੰ ਸੰਤ ਅਤੇ ਸਿਪਾਹੀ ਬਣਾਇਆ। ਗੁਰੂ ਸਾਹਿਬ ਨੇ ਸਰਵ ਉਚ ਅਸਥਾਨ ਸ੍ਰੀ ਅਕਾਲ ਤਖ਼ਤ ਸਾਹਿਬ 'ਤੇ ਮੀਰੀ ਅਤੇ ਪੀਰੀ ਦੀਆਂ ਦੋ ਤਲਵਾਰਾਂ ਪਹਿਨਣ ਮੌਕੇ ਸਮੂਹ ਸੰਗਤਾਂ ਨੂੰ ਸ਼ਸਤਰਧਾਰੀ ਹੋਣ ਅਤੇ ਸ਼ਸਤਰ ਵਿਦਿਆ ਦੇ ਧਾਰਨੀ ਹੁੰਦੇ ਹੋਏ ਵਧੀਆ ਘੋੜੇ ਰੱਖਣ ਦੇ ਆਦੇਸ਼ ਦਿੱਤੇ ਸਨ। ਉਨਾਂ ਖਿਡਾਰੀਆਂ ਨੂੰ ਬਾਣੀ ਅਤੇ ਬਾਣੇ ਦੇ ਧਾਰਨੀ ਹੋਣ ਲਈ ਪ੍ਰੇਰਿਤ ਵੀ ਕੀਤਾ। ਇਸ ਮੌਕੇ ਜਨਰਲ ਸਕੱਤਰ ਹਰਜਿੰਦਰ ਸਿੰਘ, ਗੱਤਕਾ ਕੋਚ ਹਰਵਿੰਦਰ ਸਿੰਘ, ਕੋਆਰਡੀਨੇਟਰ ਭੁਪਿੰਦਰ ਸਿੰਘ ਅਤੇ ਦਰਸ਼ਨ ਸਿੰਘ ਸਿੱਧੂ ਤੋਂ ਇਲਾਵਾ ਹੋਰ ਗੱਤਕਾ ਖਿਡਾਰੀ ਵੀ ਹਾਜ਼ਰ ਸਨ।

# ਨਿਊਯਾਰਕ ਸ਼ਹਿਰ 'ਚ 3000 ਕਾਮੇ ਟਰੇਸਿੰਗ ਰਾਹੀਂ ਕੋਰੋਨਾ ਪੀੜਤਾਂ ਦਾ ਲਗਾਉਣਗੇ ਪਤਾ

ਨਿਊਯਾਰਕ : ਅਮਰੀਕਾ ਦੇ ਸ਼ਹਿਰ ਨਿਊਯਾਰਕ ਵਿਚ ਕੋਰੋਨਾ ਵਾਇਰਸ ਨੂੰ ਰੋਕਣ ਲਈ ਨਵੀਂ ਪਹਿਲ ਕੀਤੀ ਗਈ ਹੈ। ਹੁਣ ਇੱਥੇ 3000 ਕਾਮਿਆਂ ਨੂੰ ਤਾਇਨਾਤ ਕੀਤਾ ਗਿਆ ਹੈ। ਇਹ ਕਰਮਚਾਰੀ ਕੋਰੋਨਾ ਵਾਇਰਸ ਵਾਲੇ ਮਰੀਜ਼ਾਂ ਦਾ ਪਤਾ ਲਗਾਉਣ ਲਈ ਕਾਨਟੈਕਟ ਟਰੇਸਿੰਗ ਪ੍ਰੋਗਰਾਮ ਤਹਿਤ ਕੰਮ ਕਰਨਗੇ।

ਦਰਅਸਲ ਸ਼ਹਿਰ ਵਿਚ ਤਾਲਾਬੰਦੀ ਨੂੰ ਪੂਰੀ ਤਰ੍ਹਾਂ ਖੋਲ੍ਹ ਦਿੱਤਾ ਗਿਆ ਹੈ, ਅਜਿਹੇ ਵਿਚ ਇਹ ਖਦਸ਼ਾ ਜਤਾਇਆ ਜਾ ਰਿਹਾ ਹੈ ਕਿ ਇਸ ਨਾਲ ਕੋਰੋਨਾ ਵਾਇਰਸ ਦਾ ਪ੍ਰਸਾਰ ਹੋਵੇਗਾ ਪਰ ਇਸ 'ਤੇ ਰੋਕ ਲਈ ਇੱਥੇ ਸੰਪਰਕ ਪ੍ਰੋਗਰਾਮ ਵੀ ਲਾਗੂ ਕੀਤਾ ਗਿਆ ਹੈ, ਜਿਸ ਨਾਲ ਜੇਕਰ ਕਿਸੇ ਮਰੀਜ਼ ਵਿਚ ਅਜਿਹੇ ਲੱਛਣ ਪਾਏ ਜਾਣ ਤਾਂ ਉਸ ਦੇ ਸੰਪਰਕ ਵਿਚ ਆਉਣ ਵਾਲਿਆਂ ਦਾ ਵੀ ਆਸਾਨੀ ਨਾਲ ਪਤਾ ਲਗਾਇਆ ਜਾ ਸਕੇ। ਸ਼ਹਿਰ ਵਿਚ ਹੁਣ ਰੈਸਟੋਰੈਂਟ, ਇਨ-ਸਟੋਰ ਖਰੀਦਦਾਰੀ ਅਤੇ ਦੁਕਾਨਾਂ ਨਾਲ ਪ੍ਰੋਗਰਾਮ ਫਿਰ ਤੋਂ ਖੋਲ੍ਹ ਦਿੱਤੇ ਗਏ ਹਨ। ਇਨ੍ਹਾਂ ਥਾਵਾਂ 'ਤੇ ਕਾਫੀ ਗਿਣਤੀ ਵਿਚ ਲੋਕ ਪਹੁੰਚ ਰਹੇ ਹਨ। ਇਕ ਜੂਨ ਤੋਂ ਸ਼ਹਿਰ ਵਿਚ ਕਈ ਅਜਿਹੀਆਂ ਚੀਜ਼ਾਂ ਖੋਲ੍ਹ ਦਿੱਤੀਆਂ ਗਈਆਂ ਹਨ। ਇਸ ਵਿਚਕਾਰ ਕਈ ਵਾਰ ਟਰੈਕਰਸ ਵਾਇਰਸ ਲੋਕਾਂ ਦਾ ਪਤਾ ਲਗਾਉਣ ਵਿਚ ਅਸਮਰੱਥ ਸਾਬਤ ਹੋ ਰਹੇ ਹਨ। ਪਹਿਲੇ ਦੋ ਹਫਤਿਆਂ ਵਿਚ ਸ਼ਹਿਰ ਦੀ ਆਬਾਦੀ 5,347 ਵਿਚ ਇਹ ਸਿਰਫ 35 ਫੀਸਦੀ ਹੀ ਕੋਰੋਨਾ ਵਾਇਰਸ ਨਾਲ ਪੀੜਤ ਸਨ।

# ਕੀ ਸਾਡੇ ਮਾਤਾ-ਪਿਤਾ ਦੋ ਹਨ ? ਮਦਰ-ਫਾਦਰ ਡੇ ਕਿਵੇਂ ਮਨਾਈਏ ?

*ਸਾਨੂੰ ਮਾਤਾ-ਪਿਤਾ ਦੇ ਹਰ ਵੇਲੇ ਆਗਿਆਕਾਰ ਰਹਿ ਕੇ, ਦੁਖ-ਸੁਖ ਅਤੇ ਬਢੇਪੇ ਵੇਲੇ ਉਨ੍ਹਾਂ ਦੀ ਵੱਧ ਤੋਂ ਵੱਧ ਸੇਵਾ ਕਰਨੀ ਚਾਹੀਦੀ ਹੈ । ਸਾਡੇ ਬਜ਼ੁਰਗ ਬਿਰਧ ਘਰਾਂ ਵਿੱਚ ਨਹੀਂ ਰੁਲਣੇ ਚਾਹੀਦੇ । ਚੇਤੇ ਰੱਖੋ ਇਹ ਦਿਨ ਸਾਡੇ ਤੇ ਵੀ ਆਉਣੇ ਹਨ ।*

ਹਾਂ ਸਾਡੇ ਮਾਤਾ-ਪਿਤਾ ਦੋ ਹਨ, ਇੱਕ ਨਿਰੰਕਾਰੀ ਅਤੇ ਦੂਜੇ ਸੰਸਾਰੀ। ਸਮੁੱਚੇ ਸੰਸਾਰ ਦੇ ਜੀਵਾਂ ਨੂੰ ਪੈਦਾ ਕਰਨ ਵਾਲਾ, ਸਾਡਾ ਸਭ ਦਾ ਮਾਈ-ਬਾਪ ਕਰਤਾਰ ਹੈ ਜਿਸ ਨੇ ਕੁਦਰਤ ਰਚ ਕੇ, ਸਭ ਜੀਵ ਜੰਤ ਪੈਦਾ ਕੀਤੇ ਹਨ। ਭਗਤਾਂ, ਸਿੱਖ ਗੁਰੂਆਂ, ਭੱਟਾਂ ਅਤੇ ਬਾਣੀਕਾਰ ਗੁਰਸਿੱਖਾਂ ਨੇ ਸ਼ਬਦ ਗੁਰੂ ਗ੍ਰੰਥ ਵਿਖੇ ਦਰਸਾਇਆ ਹੈ ਕਿ-ਏਕੁ ਪਿਤਾ ਏਕਸ ਕੇ ਹਮ ਬਾਰਿਕ....॥ (੬੧੧) ਤੁਮ ਮਾਤ ਪਿਤਾ ਹਮ ਬਾਰਿਕ ਤੇਰੇ॥ (੨੬੮) ਇਕੋ ਭਾਈ ਮਿਤੁ ਇਕੁ ਇਕੋ ਮਾਤ ਪਿਤਾ॥ (੪੫) ਤੂੰ ਮੇਰਾ ਪਿਤਾ ਤੂੰਹੈ ਮੇਰਾ ਮਾਤਾ (੧੦੩) ਗੁਰਦੇਵ ਮਾਤਾ ਗੁਰਦੇਵ ਪਿਤਾ ਗੁਰਦੇਵ ਸੁਆਮੀ ਪਰਮੇਸੁਰਾ॥ (੨੫੦) ਆਪੇ ਪਿਤਾ ਮਾਤਾ ਹੈ ਆਪੇ ਆਪੇ ਬਾਲਕ ਕਰੇ ਸਿਆਣੇ॥ (੫੫੨) ਪ੍ਰਭੁ ਆਪਿ ਸੁਆਮੀ ਆਪੇ ਰਖਾ ਆਪਿ ਪਿਤਾ ਆਪਿ ਮਾਇਆ॥ (੭੮੩) ਹਰਿ ਜੀ ਮਾਤਾ ਹਰਿ ਜੀ ਪਿਤਾ ਹਰਿ ਜੀਉ ਪ੍ਰਤਿਪਾਲਕ॥ ਮਤਿ ਮਾਤਾ ਸੰਤੋਖੁ ਪਿਤਾ ਸਰਿ ਸਹਜ ਸਮਾਯਉ॥ (੧੩੯੭) ਪਵਣੁ ਗੁਰੂ ਪਾਣੀ ਪਿਤਾ ਮਾਤਾ ਧਰਤਿ ਮਹਤੁ॥ (੮) ਮਾਤਾ ਮਤਿ ਪਿਤਾ ਸੰਤੋਖੁ॥ (੧੫੧) ਤੂੰ ਗੁਰੁ ਪਿਤਾ ਤੂੰਹੈ ਗੁਰੁ ਮਾਤਾ ਤੂੰ ਗੁਰੁ ਬੰਧਪੁ ਮੇਰਾ ਸਖਾ ਸਖਾਇ॥੩॥ (੧੬੭)

ਉਪ੍ਰੋਕਤ ਪ੍ਰਮਾਣਾਂ ਤੋਂ ਸਿੱਧ ਹੁੰਦਾ ਹੈ ਕਿ ਰੂਹਾਨੀ ਤੌਰ ਤੇ ਮਾਤਾ-ਪਿਤਾ ਪ੍ਰਮਾਤਮਾਂ ਤੇ ਗਿਆਨ ਦਾਤਾ ਗੁਰੂ ਪਿਤਾ ਹੈ। ਪਾਣੀ ਵੀ ਕੁਦਰਤੀ ਪਿਤਾ, ਮਤਿ ਮਾਤਾ ਅਤੇ ਸੰਤੋਖ ਪਿਤਾ ਹੈ। ਜਨਮ ਮਰਨ ਰਹਿਤ ਕਰਤਾਰ ਦਾ ਤਾਂ ਮਦਰ-ਫਾਦਰ ਡੇ ਦੱਸਿਆ ਹੀ ਨਹੀਂ ਜਾ ਸਕਦਾ-ਪਿਤਾ ਕਾ ਜਨਮੁ ਕਿ ਜਾਨੈ ਪੂਤੁ॥ (੨੮੪) ਉਸ ਦਾ ਮਦਰ-ਫਾਦਰ ਡੇ ਤਾਂ ਹਰ ਵੇਲੇ ਹੈ-ਸਾਹਿਬੁ ਮੇਰਾ ਨੀਤ ਨਵਾਂ ਸਦਾ ਸਦਾ ਦਾਤਾਰੁ॥ (੬੬੦) ਭਾਵ ਉਸ ਰੂਹਾਨੀ ਮਾਤਾ ਪਿਤਾ ਪ੍ਰਮੇਸ਼ਵਰ ਨੂੰ ਤਾਂ ਜੀਵ ਨੇ ਹਰ ਵੇਲੇ ਯਾਦ ਕਰਨਾ ਹੈ। ਦੂਜਾ ਮਾਤ-ਪਿਤ ਪਾਣੀ ਹੈ-ਪਹਿਲਾ ਪਾਣੀ ਜੀਉ ਹੈ ਜਿਤੁ ਹਰਿਆ ਸਭੁ ਕੋਇ॥ (੪੭੨) ਪਾਣੀ ਪਿਤਾ ਦਾ ਫਾਦਰ ਡੇ ਵੀ ਐਵਰੀ ਡੇ ਹੈ। ਤੀਜਾ ਮਾਤਾ ਪਿਤਾ ਗੁਰੂ ਹੈ ਜੋ ਗਿਆਨ ਦਾਤਾ ਹੋਣ ਕਰਕੇ ਸਾਨੂੰ ਹਰ ਵੇਲੇ ਗਿਆਨ ਦਿੰਦਾ ਹੈ। ਚੌਥਾ ਪਿਤਾ ਸੰਤੋਖ ਅਤੇ ਮਾਤਾ ਸ੍ਰੇਸ਼ਟ ਮਤਿ ਹੈ। ਸੰਤੋਖ ਅਤੇ ਚੰਗੀ ਮਤਿ ਵੀ ਸਾਨੂੰ ਹਰ ਰੋਜ ਚਾਹੀਦੀ ਹੈ। ਇਸ ਕਰਕੇ ਰੂਹਾਨੀ ਤੌਰ ਤੇ ਮਦਰ-ਫਾਦਰ ਡੇ ਤਾਂ ਰੋਜਾਨਾ ਹੀ ਹੈ। ਉਹ ਪ੍ਰਮਾਤਮਾਂ ਕਦੋਂ, ਕਿਹੜੀ ਤਰੀਕ ਅਤੇ ਕਿਹੜੇ ਦਿਨ ਜਨਮਿਆਂ ਸੀ ? ਕੋਈ ਨਹੀਂ ਦੱਸ ਸਕਦਾ-ਥਿਤਿ ਵਾਰੁ ਨਾ ਜੋਗੀ ਜਾਣੈ ਰੁਤਿ ਮਾਹੁ ਨ ਕੋਈ॥ (ਜਪੁਜੀ)

ਹੁਣ ਆਪਾਂ ਦੁਨਿਆਵੀ ਮਾਂ ਬਾਪ ਦੀ ਗੱਲ ਕਰਦੇ ਹਾਂ ਜਿਨ੍ਹਾਂ ਦਾ ਜਨਮ ਅਤੇ ਮਰਨ ਵੀ ਹੈ। ਦੇਖੋ ਮਦਰ ਅਤੇ ਫਾਦਰ ਡੇ ਜਿਆਦਾ ਤਰ ਅਮਰੀਕਾ ਕਨੇਡਾ ਆਦਿਕ ਬਾਹਰਲੇ ਮੁਲਕ ਮਨਾਉਂਦੇ ਹਨ। ਭਾਰਤ ਵਿੱਚ ਇਹ ਦਿਨ ਪਹਿਲਾਂ ਨਹੀਂ ਸੀ ਮਨਾਏ ਜਾਂਦੇ, ਅੱਜ ਪੱਛਮੀ ਲੋਕਾਂ ਦੀ ਰੀਸ ਕਰਕੇ ਓਥੇ ਵੀ ਮਨਾਏ ਜਾ ਰਹੇ ਹਨ। ਗੋਰੇ-ਗੋਰੀਆਂ ਮਦਰ-ਫਾਦਰ ਡੇ 'ਤੇ ਆਪਣੇ ਮਾਤਾ-ਪਿਤਾ ਜੀਆਂ ਨੂੰ ਗਿਫਟਾਂ ਦਿੰਦੇ, ਖੁਸ਼ੀ ਦੇ ਉਹਾਰ ਕਰਦੇ ਅਤੇ ਸਟੋਰਾਂ 'ਤੇ ਇਨ੍ਹੀਂ ਦਿਨੀਂ ਸੇਲਾਂ ਲੱਗਦੀਆਂ ਹਨ। ਪਛਮ ਵਿੱਚ ਜਦ ਬੱਚੇ ੧੮ ਸਾਲ ਦੇ ਹੋ ਜਾਂਣ ਤਾਂ ਕਰੀਬ ਮਾਂ ਬਾਪ ਨਾਲੋਂ ਜੁਦਾ ਹੋ, ਆਪਣੀ ਮਨ ਮਰਜੀ ਕਰਦੇ ਨੇ ਫਿਰ ਮਾਂ ਬਾਪ ਵੀ ਉਨ੍ਹਾਂ ਨੂੰ ਘਰੋਂ ਕੱਢ ਦਿੰਦੇ ਹਨ। ਬੁਢੇਪੇ ਵੇਲੇ ਮਾਂ ਬਾਪ ਦੀ ਸੰਭਾਲ ਵਿਦੇਸ਼ੀ ਬੱਚੇ ਨਹੀਂ ਕਰਦੇ, ਉਨ੍ਹਾਂ ਨੂੰ ਸਰਕਾਰਾਂ ਤੇ ਹੀ ਨਿਰਭਰ ਹੋਣਾਂ ਪੈਂਦਾ ਹੈ। ਜੇ ਬੱਚੇ ਨੂੰ ਗਲਤੀ ਕਰਦੇ ਦੇਖ, ਮਾਂ ਬਾਪ ਡਾਂਟਣ ਤਾਂ ਬੱਚੇ ਝੱਟ ੯੧੧ ਫੋਨ ਘੁੰਮਾ ਕੇ, ਪੁਲੀਸ ਨੂੰ ਫੜਾ ਦਿੰਦੇ ਹਨ।



ਭਾਈ ਅਵਤਾਰ ਸਿੰਘ
5104325827

ਬੱਚੀਆਂ ਅਤੇ ਬੱਚੇ ੧੦-੧੨ ਸਾਲ ਦੀ ਉਮਰ ਵਿੱਚ ਬੁਵਾਏ ਫਰੈਂਡ ਬਣਾ ਲੈਂਦੇ ਹਨ। ਸਕੂਲਾਂ ਵਿਖੇ ਅਧਿਆਪਕ ਖੁਦ ਬੱਚੇ ਬੱਚੀਆਂ ਨੂੰ ਨਿਰੋਧ ਦਿੰਦੇ ਹਨ। ਗੱਲ ਕੀ ਬੱਚੇ ਮਾਂ ਬਾਪ ਨੂੰ ਵਿਸਾਰ ਕੇ ਆਪ ਹੁਦਰੇ ਹੋ ਜਾਂਦੇ ਹਨ।

ਜਰਾ ਸੋਚੋ ! ਫਿਰ ਸਾਲ ਬਾਅਦ ਮਦਰ-ਫਾਦਰ ਡੇ ਮਨਾਇਆ ਕੀ ਅਰਥ ਰੱਖਦਾ ਹੈ ? ਸੋ ਸਾਡਾ ਦੁਨੀਆਵੀ ਮਾਂ ਬਾਪ ਦਾ, ਮਦਰ-ਫਾਦਰ ਡੇ ਮਨਾਇਆ ਤਾਂ ਹੀ ਸਫਲਾ ਹੈ ਜੇ ਅਸੀਂ ਜਿੰਦੇ ਮਾਂ ਬਾਪ ਦੇ ਆਗਿਆਕਾਰ ਰਹਿ ਕੇ, ਬੁਢੇਪੇ ਵੇਲੇ ਉਨ੍ਹਾਂ ਦੀ ਸੇਵਾ ਕਰੀਏ ਨਾਂ ਕਿ ਘਰੋਂ ਹੀ ਕੱਢ ਦੇਈਏ। ਸਾਨੂੰ ਮਾਤਾ-ਪਿਤਾ ਨਾਲ ਫਾਲਤੂ ਝਗੜਾ ਵੀ ਨਹੀਂ ਕਰਨਾਂ ਚਾਹੀਦਾ-ਜਿਨ ਕੇ ਜਨੇ ਬਡੀਰੇ ਤੁਮ ਹੋ ਤਿਨ ਸਿਉਂ ਝਗਰਤ ਪਾਪ॥(੧੨੦੦) ਮਾਂ ਬਾਪ ਨੂੰ ਛੱਡ ਕੇ ਤੀਰਥ ਇਸ਼ਨਾਨ ਕਰਨੇ, ਹੱਟੇ-ਕੱਟੇ ਸਾਧਾਂ-ਸੰਤਾਂ ਦੇ ਡੇਰਿਆਂ ਤੇ ਅੰਨ੍ਹੇਵਾਹ ਦਾਨ-ਪੁੰਨ ਅਤੇ ਇਕੋਤਰੀਆਂ ਦੇ ਪਾਠ ਕਰਾਈ ਜਾਣੇ, ਨਸ਼ਿਆਂ ਅਤੇ ਵਿਸ਼ੇ ਵਿਕਾਰਾਂ ਵਿੱਚ ਪੈਸਾ ਰੋੜੀ ਜਾਣਾ, ਆਪਣੀ ਚਾਦਰ ਦੇਖ ਕੇ ਪੈਰ ਨਾ ਪਸਾਰਨੇ, ਵੱਡਿਆਂ ਦੀ ਰੀਸ ਕਰਕੇ ਆਪਣਾ ਝੁੱਗਾ ਚੌੜ ਕਰੀ ਜਾਣਾ ਚੰਗੀ ਗੱਲ ਨਹੀਂ। ਜੇ ਅਸੀਂ ਬੁਰੇ ਕਰਮ ਕਰਦੇ ਹੋਏ ਦੇਖਾਂ-ਦੇਖੀ ਮਦਰ-ਫਾਦਰ ਡੇ ਵੀ ਮਨਾਈ ਜਾਂਦੇ ਹਾਂ ਤਾਂ ਇਹ ਇਵੇਂ ਹੈ ਕਿ-ਨਾਵਣ ਚਲੇ ਤੀਰਥੀ ਮਨਿ ਖੋਟੈ ਤਨਿ ਚੋਰ॥ ਇਕੁ ਭਾਉ ਲਥੀ ਨਾਤਿਆ ਦੁਇ ਭਾ ਚੜੀਅਸੁ ਹੋਰ॥ ਬਾਹਰਿ ਧੋਤੀ ਤੂਮੜੀ ਅੰਦਰਿ ਵਿਸੁ ਨਿਕੋਰ॥ ਸਾਧ ਭਲੇ ਅਣਨਾਤਿਆ ਚੋਰ ਸਿ ਚੋਰਾ ਚੋਰ॥੨॥(੭੮੯) ਸਾਡਾ ਰੂਹਾਨੀ ਮਾਤਾ-ਪਿਤਾ ਕਰਤਾਰ ਅਤੇ ਸਰੀਰਕ ਜਨਮ ਦੇਣ ਵਾਲੇ ਦੁਨੀਆਵੀ ਮਾਂ-ਬਾਪ ਹਨ। ਸਾਨੂੰ ਮਾਤਾ-ਪਿਤਾ ਦੇ ਹਰ ਵੇਲੇ ਆਗਿਆਕਾਰ ਰਹਿ ਕੇ, ਦੁਖ-ਸੁਖ ਅਤੇ ਬਢੇਪੇ ਵੇਲੇ ਉਨ੍ਹਾਂ ਦੀ ਵੱਧ ਤੋਂ ਵੱਧ ਸੇਵਾ ਕਰਨੀ ਚਾਹੀਦੀ ਹੈ। ਸਾਡੇ ਬਜੁਰਗ ਬਿਰਧ ਘਰਾਂ ਵਿੱਚ ਨਹੀਂ ਰੁਲਣੇ ਚਾਹੀਦੇ। ਚੇਤੇ ਰੱਖੋ ਇਹ ਦਿਨ ਸਾਡੇ ਤੇ ਵੀ ਆਉਣੇ ਹਨ। ਜਦੋਂ ਇਨਸਾਨ ਦੀ ਉਮਰ ਵਡੇਰੀ ਹੋ ਜਾਂਦੀ ਹੈ ਤਾਂ ਉਸ ਦਾ ਸਰੀਰਕ ਬਲ ਵੀ ਘਟ ਜਾਂਦੇ ਉਸ ਵੇਲੇ ਉਸਨੂੰ ਸਹਾਰੇ ਦੀ ਲੋੜ ਹੁੰਦੀ ਹੈ। ਧਿਆਨ ਦਿਓ ਜਿਨ੍ਹਾਂ ਬੱਚਿਆਂ ਦੀ ਖਾਤਰ ਮਾਂ-ਬਾਪ ਨੇ ਅਉਖੇ ਵੇਲੇ ਤੰਗੀਆਂ-ਤੁਰਸ਼ੀਆਂ ਕੱਟ ਕੇ, ਬੱਚਿਆਂ ਨੂੰ ਪਾਲਿਆਂ-ਪਲੋਸਿਆ ਅਤੇ ਪੜ੍ਹਾ-ਲਿਖਾ ਕੇ ਪੈਰਾਂ ਤੇ ਖੜੇ ਕੀਤਾ ਹੁੰਦੈ ਉਹ ਦਿਨ ਬੱਚਿਆਂ ਨੂੰ ਯਾਦ ਕਰਕੇ, ਮਾਂ-ਬਾਪ ਦੇ ਧੰਨਵਾਦੀ ਹੁੰਦੇ ਹੋਏ, ਉਨ੍ਹਾਂ ਨੂੰ ਬਣਦਾ ਪਿਆਰ ਸਤਿਕਾਰ ਦੇਣਾ ਚਾਹੀਦਾ ਹੈ। ਭਾਵੇਂ ਜਮਾਨਾ ਬਦਲਣ ਕਰਕੇ, ਸਾਡੇ ਵਿਚਾਰ ਮਾਂ-ਬਾਪ ਨਾਲ ਨਹੀਂ ਵੀ ਮਿਲਦੇ, ਫਿਰ ਵੀ ਸਿਆਣਪ ਤੋਂ ਕੰਮ ਲੈਂਦੇ ਮਾਂ-ਬਾਪ ਦਾ ਤ੍ਰਿਸਕਾਰ ਨਹੀਂ ਕਰਨਾ ਚਾਹੀਦਾ। ਬੁੱਢੇ ਮਾਂ ਬਾਪ ਤੋਂ ਨੌਕਰਾਂ ਵਾਲਾ ਕੰਮ ਨਹੀਂ ਲੈਣਾ ਚਾਹੀਦਾ ਅਤੇ ਨਾਂ ਹੀ ਉਨ੍ਹਾਂ ਨੂੰ ਹਰ ਵੇਲੇ ਬੱਚਿਆਂ ਦੇ ਖਿਡਾਵੇ ਬਣਾਈ ਰੱਖਣਾ ਚਾਹੀਦਾ ਹੈ। ਸਗੋਂ ਮਾਂ-ਬਾਪ ਦੀ ਸੇਵਾ ਹੀ ਰੱਬ ਦੀ ਸੇਵਾ ਹੈ। ਮਾਂ-ਬਾਪ ਵਿੱਚੋਂ ਸਾਨੂੰ ਰੱਬ ਦੇ ਦਰਸ਼ਨ ਕਰਨੇ ਅਤੇ ਉਨ੍ਹਾਂ ਦੀਆਂ ਅਸੀਸਾਂ ਲੈਣੀਆਂ ਚਾਹੀਦੀਆਂ ਹਨ-ਪੂਤਾ ਮਾਤਾ ਕੀ ਅਸੀਸ॥ (੪੯੬) ਇਸ ਦੇ ਉਲਟ ਅਸੀਂ ਭੇਖੀ ਡੇਰੇਦਾਰ ਸਾਧਾਂ ਨੂੰ ਤਾਂ ਮਹਿੰਗੇ ਤੋਂ ਮਹਿਗੇ ਕਪੜੇ, ਕਾਰਾਂ ਅਤੇ ਕੋਠੀਆਂ ਦਾਨ ਕਰਦੇ, ਗੌਣ ਵਾਲਿਆਂ ਅਤੇ ਫਿਲਮਾਂ ਦੇਖਣ ਉੱਤੇ ਬਿਨਾਂ ਸੋਚੇ ਖਰਚ ਕਰੀ ਜਾਂਦੇ ਹਾਂ ਪਰ ਮਾਂ-ਬਾਪ ਨੂੰ ਪਿਆਰ ਨਾਲ ਰੋਟੀ-ਕਪੜਾ ਵੀ ਨਹੀਂ ਦਿੰਦੇ, ਫਿਰ ਸਾਡੇ ਮਦਰ-ਫਾਦਰ ਡੇ ਮਨਾਏ ਕੀ ਅਰਥ ਰੱਖਦੇ ਹਨ ? ਜਿਵੇਂ ਸਾਡੇ ਸਰੀਰ ਨੂੰ ਹਰਰੋਜ ਅੰਨ, ਪਾਣੀ, ਕਪੜੇ ਅਤੇ ਸਿਰ ਲੁਕਾਵੇ ਦੀ ਲੋੜ ਹੈ ਇਵੇਂ ਹੀ ਮਾਂ-ਬਾਪ ਨੂੰ ਬੁਢੇਪੇ ਵੇਲੇ ਹਰ ਰੋਜ ਦੇਖ-ਭਾਲ ਦੀ ਜਰੂਰਤ ਹੈ। ਸੋ ਆਓ ਆਦਰ ਮਾਨ ਨਾਲ ਮਾਂ-ਬਾਪ ਦੀ ਸੇਵਾ ਕਰਕੇ, ਹਰ ਰੋਜ ਮਦਰ-ਫਾਦਰ ਡੇ ਮਨਾਈਏ ਨਾਂ ਕਿ ਜਗਤ ਕੀ ਭੇਡਾ ਚਾਲ ਮਗਰ ਲੱਗ ਕੇ, ਹਰ ਸਾਲ ਬਾਅਦ ਲੋਕ ਦਿਖਾਵੇ ਹੀ ਕਰੀ ਜਾਈਏ।

ਖੁਸ਼ਖਬਰੀ ਖੁਸ਼ਖਬਰੀ ਖੁਸ਼ਖਬਰੀ ਖੁਸ਼ਖਬਰੀ ਖੁਸ਼ਖਬਰੀ

ਅਮਰ ਇੰਡੀਅਨ ਕੁਜ਼ੀਨ ਅਤੇ ਬੈਂਕੁਇਟ ਵੱਲੋਂ ਹਾਲ ਖੋਲ ਦਿੱਤਾ ਗਿਆ ਹੈ, ਜਿੱਥੇ ਤੁਸੀਂ ਹਰ ਮੌਕੇ ਲਈ ਵਿਆਹ ਸ਼ਾਦੀ, ਜਨਮ ਦਿਨ ਜਾਂ ਪਾਰਟੀ ਕਰ ਸਕਦੇ ਹੋ ।

AMAR
INDIAN CUISINE
& BANQUET



ਸੁਆਦਿਸ਼ਟ ਖਾਣੇ ਦੇ Buffet ਹਰ ਰੋਜ਼ ਮਿਲਦੇ ਹਨ

ਅਸੀਂ ਛੋਟੀ ਤੋਂ ਛੋਟੀ ਅਤੇ ਵੱਡੀ ਤੋਂ ਵੱਡੀ ਕੈਟਰਿੰਗ ਕਰਦੇ ਹਾਂ





ਰੀਨੋ ਤੋਂ Lake Tahoe ਜਾਂਦੇ ਹੋਏ ਜਾਂ ਆਉਂਦੇ ਹੋਏ ਤੁਸੀਂ ਸਾਡੇ ਸੁਆਦਿਸ਼ਟ ਖਾਣਿਆਂ ਦਾ ਸੁਆਦ ਜ਼ਰੂਰ ਚੱਖ ਕੇ ਜਾਓ

ਸਾਊਥ, ਨੌਰਥ, ਇੰਡੀਅਨ ਅਤੇ ਚਾਈਨੀਜ਼ ਫੂਡ ਵੀ ਮਿਲਦਾ ਹੈ

ਧਾਰਮਿਕ, ਵਿਆਹ-ਸ਼ਾਦੀ, ਜਨਮ ਦਿਨ ਅਤੇ ਹੋਰ ਪਾਰਟੀਆਂ ਲਈ ਤੁਹਾਡੀ ਇਕ ਕਾਲ ਤੁਹਾਡੀ ਵੱਡੀ ਬਚਤ ਕਰ ਸਕਦੀ ਹੈ।

ਜ਼ਿਆਦਾਤਰ ਖਾਣਾ ਤੇ ਮਠਿਆਈਆਂ ਦੇਸੀ ਘਿਓ ਤੋਂ ਤਿਆਰ ਕੀਤੀਆਂ ਜਾਂਦੀਆਂ ਹਨ।

1121-1123 Texas ST Fairfield CA 94533

ਦਲਜੀਤ ਸਿੰਘ ਜੌਹਲ (ਮੰਡਿਆਣੀ)

707-389-4745 (Business)
707-689-7623 (Mobile)




# ਮੁਹੱਬਤਾਂ ਵੰਡਦੀਆਂ ਕਲਮਾਂ 'ਚੋਂ ਲਹਿੰਦੇ ਪੰਜਾਬ ਦਾ ਸਿਰਮੌਰ ਪੱਤਰਕਾਰ, ਅਦੀਬ ਤੇ ਐਂਕਰ : ਜ਼ਫ਼ਰ ਇਕਬਾਲ ਜ਼ਫ਼ਰ

*ਅੱਜ ਇਸ ਕਾਲਮ ਦੁਆਰਾ ਪਾਠਕਾਂ ਨਾਲ਼ ਸਾਂਝੀ ਕਰਨ ਦੀ ਖੁਸ਼ੀ ਲੈ ਰਿਹਾ ਹਾਂ, ਪਿਆਰ-ਮੁਹੱਬਤਾਂ ਵੰਡਦੀਆਂ ਕਲਮਾਂ 'ਚੋਂ ਲਹਿੰਦੇ ਪੰਜਾਬ ਦੇ ਸਿਰਮੌਰ ਹਸਤਾਖ਼ਰ ਜ਼ਫ਼ਰ ਇਕਬਾਲ ਜ਼ਫ਼ਰ ਜੀ ਨਾਲ਼ ਹੋਈ ਮੁਲਾਕਾਤ ਦੀ ਪੰਛੀ-ਝਾਤ :*

**"ਜ਼ਫ਼ਰ ਇਕਬਾਲ ਜੀ, ਕੀ ਤੁਸੀਂ ਸਾਡੇ ਪਾਠਕਾਂ ਨੂੰ ਆਪਣੇ ਅਤੇ ਆਪਣੇ ਪਰਿਵਾਰ ਦੀ ਪਿਛੋਕੜ ਬਾਰੇ ਜਾਣੂ ਕਰਵਾਓਗੇ ?"**

- "ਲੁਧਿਆਣਵੀ ਜੀ, ਸਭ ਤੋਂ ਪਹਿਲਾਂ ਤਾਂ ਮੈ ਆਪ ਜੀ ਦਾ ਸ਼ੁਕਰੀਆ ਅਦਾ ਕਰਦਾ ਵਾਂ ਕਿ ਤੁਸੀਂ ਮੈਨੂੰ ਆਪਣੇ ਪਲੇਟਫਾਰਮ ਉਤੇ ਗੱਲਬਾਤ ਕਰਨ ਦਾ ਮੌਕਾ ਦਿੱਤਾ। ਮੈਂ 23 ਮਾਰਚ, 1980 ਨੂੰ ਪਾਕਿਸਤਾਨ ਦੇ ਲਹਿੰਦੇ ਪੰਜਾਬ ਦੇ ਜ਼ਿਲ੍ਹਾ ਲਾਹੌਰ ਦੇ ਸ਼ਹਿਰ ਰਾਏਵਿੰਡ ਵਿਚ ਜੰਮਿਆ ਵਾਂ। ਮੇਰੇ ਪਿਉ ਦਾ ਨਾਮ ਮੁਹੰਮਦ ਇਕਬਾਲ ਅਤੇ ਦਾਦੇ ਦਾ ਨਾਮ ਸ਼ਰੀਫ ਲੋਹਾਰ ਏ। ਸਾਡੇ ਵੱਡ-ਵਡੇਰੇ ਪਹਿਲਾਂ ਤੋਂ ਹੀ ਲਹਿੰਦੇ ਪੰਜਾਬ ਦੇ ਜ਼ਿਲ੍ਹਾ ਕਸੂਰ ਦੇ ਪਿੰਡ ਕੋਟ ਅਨੂਪ ਸਿੰਘ (ਅੱਜ-ਕਲ ਮਾਨਾਂ ਵਾਲਾ ਰਾਓ ਖਾਨ ਵਾਲਾ) ਰਹਿੰਦੇ ਸਨ। ਮੇਰੇ ਨਾਨਾ ਨਾਨੀ ਦਾ ਤਾਲੁਕ ਭਾਰਤ ਦਾ, ਫਿਰੋਜ਼ਪੁਰ ਰੋਡ ਸੰਤੂਵਾਲ ਦਾ ਸੀ। ਜਦੋਂ 1947 ਈ. ਦੀ ਵੰਡ ਹੋਈ ਤਾਂ ਉਹ ਆਪਣੇ ਕੁਝ ਪਰਿਵਾਰ ਦੇ ਨਾਲ ਪਾਕਿਸਤਾਨ ਦੇ ਲਹਿੰਦੇ ਪੰਜਾਬ ਦੇ ਜ਼ਿਲ੍ਹਾ ਕਸੂਰ ਦੇ ਪੁਰਾਣੇ ਪਿੰਡ ਰਾਜਾ ਜੰਗ ਵਿਚ ਆ ਕੇ ਅਬਾਦ ਹੋ ਗਏ। ਇਹ ਇਕ ਸਿੱਖਾਂ ਦਾ ਤ੍ਰਿਖੀ ਪਿੰਡ ਸੀ।"

**"ਤੁਸੀਂ ਤਾਲੀਮ ਕਿੰਨੀ ਤੇ ਕਿੱਥੋਂ ਹਾਸਲ ਕੀਤੀ ?"**

- "ਮੇਰੀ ਤਾਲੀਮ ਰਾਇਵਿੰਡ ਦੇ ਸਰਕਾਰੀ ਪ੍ਰਾਇਮਰੀ ਸਕੂਲ ਤੋਂ ਸ਼ੁਰੂ ਹੋਈ, ਜਿਹੜੀ ਮੈਟ੍ਰਿਕ ਤੱਕ ਪਹੁੰਚਣ ਤੋਂ ਬਾਅਦ ਹਾਇਰ ਤਾਲੀਮ ਵੱਲ ਨੂੰ ਤੁਰ ਪਈ। ਫਿਰ ਪੰਜਾਬ ਕਾਲਜ ਲਾਹੌਰ ਓਪਨ ਯੂਨੀਵਰਸਿਟੀ ਤੋਂ ਮੈਂ ਬੀ. ਏ. ਕੀਤੀ।"

**"ਤੁਸੀਂ ਆਪਣੇ ਲਿਖਣ ਦੇ ਸਫਰ ਬਾਰੇ ਦੱਸੋਂਗੇ ?"**

- "ਮੈਨੂੰ ਅਦਬ ਦੀਆਂ ਕਿਤਾਬਾਂ ਪੜ੍ਹਨ ਦਾ ਸ਼ੌਕ ਮਿਡਲ ਵਿਚ ਹੀ ਹੋ ਗਿਆ ਸੀ। ਅਦਬ ਪੜ੍ਹਕੇ ਜਿਹੜਾ ਸਵਾਦ ਮੇਰੀ ਰੂਹ ਨੂੰ ਅਦਬ 'ਚੋਂ ਆਇਆ ਉਹ ਮੈਨੂੰ ਕਿਸੇ ਹੋਰ ਦੁਨਿਆਵੀ ਤਾਲੀਮ ਵਿਚੋਂ ਨਹੀਂ ਆਇਆ। ਮੈਂ ਫਿਰ ਫ਼ੈਸਲਾ ਕਰ ਲਿਆ ਕਿ ਮੈਂ ਸਾਰੀ ਜ਼ਿੰਦਗੀ ਅਦਬ ਨਾਲ ਜੁੜ ਕੇ ਆਪਣੀ ਤੇ ਦੂਸਰਿਆਂ ਦੀ ਜ਼ਿੰਦਗੀ ਦੇ ਨਿਖ਼ਾਰ ਵਾਸਤੇ ਕੰਮ ਕਰਨਾ ਹੈ ਤਾਂ ਕਿ ਅਸੀਂ ਆਪਣੀਆਂ ਮੌਜੂਦਾ ਅਤੇ ਆਉਣ ਵਾਲੀਆਂ ਨਸਲਾਂ ਨੂੰ ਸੁਥਰੀਆਂ ਸੋਚਾਂ ਦੇ ਸਕੀਏ। ਫਿਰ, ਮੈਂ ਪੱਤਰਕਾਰੀ ਵੱਲ ਟੁਰ ਪਿਆ। ਇਸ ਵੇਲੇ ਮੈਂ ਪਾਕਿਸਤਾਨ ਦੇ ਵੱਡੇ ਤੇ ਛੋਟੇ ਅਖ਼ਬਾਰਾਂ ਵਿਚ ਜ਼ਫ਼ਰਨਾਮੇ ਦੇ ਨਾਮ ਤੇ ਅਰਟੀਕਲ ਲਿਖਣ ਅਤੇ ਛੋਟੇ-ਵੱਡੇ ਚੈਨਲਾਂ ਉਤੇ ਬਤੌਰ ਐਂਕਰ-ਪਰਸਨ ਅਤੇ ਅਹਿਮ ਮੁੱਦਿਆਂ 'ਤੇ ਰੋਸ਼ਨੀ ਪਾਉਣ ਦੇ ਹਵਾਲੇ ਨਾਲ ਸ਼ਿਰਕਤ ਕਰਦਾ ਰਹਿੰਨਾਂ ਵਾਂ। ਨਾਲ-ਨਾਲ "ਇਨਸਾਨੀਅਨ ਦੇ ਹੁਸਨ ਦੇ ਨਿਖ਼ਾਰ ਉਤੇ" ਕਿਤਾਬੀ ਕੰਮ ਵੀ ਕਰ ਰਿਹਾ ਹਾਂ, ਜਿਹੜੀ ਕਿ ਹਾਲ ਵਿਚ ਹੀ ਮਾਰਕੀਟ ਵਿਚ ਆ ਜਾਏਗੀ। ਇਸ ਤੋਂ ਇਲਾਵਾ "ਕਾਲਮ ਪੁਆਇੰਟ" ਨਾਂ ਦੀ ਚੋਟੀ ਦੇ ਲਿਖਾਰੀਆਂ ਦੀ ਕਿਤਾਬ ਦੀਆਂ ਤਹਿਰੀਰਾਂ ਵਿਚ ਮੇਰੀ ਤਹਿਰੀਰ ਵੀ ਸ਼ਾਮਲ ਏ।"

**"ਵੀਰ ਜ਼ਫ਼ਰ ਜੀ, ਕੋਈ ਮਿਲੇ ਮਾਨ-ਸਨਮਾਨ ਸਾਂਝੇ ਕਰੋਂਗੇ ?"**

- "ਪਾਕਿਸਤਾਨ ਦੀਆਂ ਮਸ਼ਹੂਰ ਲਿਖਾਰੀ ਸੰਸਥਾਵਾਂ ਪਾਸੋਂ ਹੁਸਨੇ ਕਾਰ-ਕਰਦਗੀ ਦੇ ਕਈ ਐਵਾਰਡ ਹਾਸਲ ਕਰ ਚੁੱਕਿਆ ਵਾਂ। ਹਾਲ ਵਿਚ ਹੀ ਹਿੰਦ-ਪਾਕਿ ਦੇ ਮਸ਼ਹੂਰ ਲਿਖਾਰੀ ਡਾ. ਇਲਾਮਾ ਇਕਬਾਲ ਦੇ ਪੋਤੇ ਦੇ ਹੱਥੋਂ ਅਦਬੀ ਖ਼ਿਦਮਾਤ ਦੇ ਅਵਾਰਡ ਲੈ ਚੁੱਕਿਆ ਵਾਂ।"

**"ਜ਼ਫ਼ਰ ਸਾਹਿਬ ਜੀ, ਜੇਕਰ ਪਾਕਿ-ਹਿੰਦ ਦੇ ਸਾਂਝੇ ਮੁਸ਼ਾਇਰੇ ਲਈ ਤੁਹਾਨੂੰ ਸੱਦਾ-ਪੱਤਰ ਮਿਲੇ ਤਾਂ ਤੁਹਾਨੂੰ ਕਿਹੋ ਜਿਹਾ ਮਹਿਸੂਸ ਹੋਵੇਗਾ ?"**

- "ਲੁਧਿਆਣਵੀ ਜੀ, ਮੈਂ ਭਾਰਤ ਦੇ ਅਦਬੀ ਲੋਕਾਂ ਨੂੰ ਬੜਾ ਪਸੰਦ ਕਰਨਾ ਵਾਂ। ਮੈਂ ਉਨ੍ਹਾਂ ਦੀ ਇਸ ਅਦਬੀ ਦਾਅਵਤ ਦੇ ਲਈ ਸ਼ਰੀਕ ਹੋਣਾ ਤੇ ਆਪਣੀਆਂ ਸੋਚਾਂ ਦੇ ਖ਼ੂਬਸੂਰਤ ਲਫ਼ਜ਼ ਉਨਾਂ ਦੀ ਅਦਾਲਤ ਦੇ ਵਿਚ ਰੱਖਣਾ, ਸੀਨੀਅਰ ਲੋਕਾਂ ਤੋਂ ਕੁਝ ਸਿੱਖਣਾ ਅਤੇ ਆਪਣਾ ਸਬਕ ਉਨ੍ਹਾਂ ਨੂੰ ਸੁਣਾਉਣਾ ਖ਼ੁਸ਼ਕਿਸਮਤੀ ਸਮਝਾਂਗਾ। ਭਾਰਤ ਦੀ ਅਦਬੀ ਜ਼ਮੀਨ 'ਤੇ ਆਣ ਦਾ ਮੈਂ ਸੁਪਨਾ ਵੀ ਦਿਲ 'ਚ ਰੱਖਦਾ ਵਾਂ।"

**"ਜ਼ਫ਼ਰ ਇਕਬਾਲ ਜੀ, ਤੁਸੀਂ ਆਪਣੀ ਰੋਜ਼ੀ-ਰੋਟੀ ਲਈ ਕਿਹੜਾ ਕੰਮ ਕਰ ਰਹੇ ਹੋ ?"**

- "ਮੈਂ ਆਪਣੇ ਅਦਬੀ ਕਲਮੀ ਕੰਮ ਦਾ ਕਿਸੇ ਕੋਲੋਂ ਜਾਂ ਕਿਸੇ ਅਖ਼ਬਾਰ ਮੀਡੀਆ-ਚੈਨਲਾਂ ਤੋਂ ਮੁਆਵਜ਼ਾ ਕਦੀ ਨਹੀ ਲੈਂਦਾ। ਇਹ ਕੰਮ ਮੈਂ ਰੱਬ ਅਤੇ ਰੱਬ ਦੇ ਬੰਦਿਆਂ ਦੀ ਖ਼ੁਸ਼ੀ ਲਈ ਬੇ-ਲੌਸ (ਬੇ-ਲਾਗ) ਕਰਨਾ ਵਾਂ। ਜਿਹੜੀ ਰੋਜ਼ੀ-ਰੋਟੀ ਸਾਡੀ ਅਤੇ ਸਾਡੇ ਪਰਿਵਾਰ ਦੀ ਜ਼ਰੂਰਤ ਏ, ਉਸਨੂੰ ਹੱਕ-ਹਲਾਲ ਦੇ ਤਰੀਕੇ ਨਾਲ ਹਾਸਲ ਕਰਨ ਵਾਸਤੇ ਕੱਪੜੇ ਦਾ ਅਤੇ ਸਿਲਾਈ ਦਾ ਕਾਰੋਬਾਰ ਕਰ ਰਿਹਾ ਵਾਂ।"

**"ਜ਼ਿੰਦਗੀ ਦੇ ਖ਼ਾਬਾਂ 'ਚੋਂ ਕੋਈ ਐਸਾ ਖ਼ਾਬ, ਜੋ ਤੁਹਾਡੇ ਪੁੱਤਰ ਪੂਰਾ ਕਰ ਸਕਣਗੇ, ਸਾਂਝਾ ਕਰੋਗੇ ?"**

"ਮੈਂ ਅਦਬ ਦੇ ਰਾਹੀਂ ਆਪਣੀ ਅਤੇ ਲੋਕਾਂ ਦੀਆਂ ਸੋਚਾਂ ਨੂੰ ਇਕ ਦੂਸਰੇ ਦੇ ਦੁੱਖ-ਸੁੱਖ ਵੰਡਣ ਵਾਲੀਆਂ ਅਤੇ ਕੰਮ ਆਉਣ ਵਾਲੀਆਂ ਬਣਾਉਣ ਉਤੇ ਕਲਮੀ-ਮਿਹਨਤ ਕਰ ਰਿਹਾ ਹਾਂ। ਮੈਂ ਚਾਹਵਾਂਗਾਂ ਕਿ ਮੇਰਾ ਪੁੱਤਰ ਅਲੀ ਜ਼ਫ਼ਰ ਮੇਰੇ ਅਧੂਰੇ ਰਹਿ ਗਏ ਸੁਪਨਿਆਂ ਨੂੰ ਸਾਕਾਰ ਕਰੇ। ਕਿਉਂਕਿ ਮੇਰਾ ਮਕਸਦ ਇਕ ਇਹ ਆ ਕਿ ਬੰਦਾ ਬੰਦੇ ਦਾ ਦਾਰੂ ਬਣ ਕੇ ਰਵੇ।"

**"ਜ਼ਫ਼ਰ ਸਾਹਿਬ ਜੀ, ਹਿੰਦ ਤੇ ਪਾਕਿ ਦੇ ਲੋਕਾਂ ਨੂੰ ਕੋਈ ਸੁਨੇਹਾ ?"**

- "ਤੁਸੀਂ ਸਾਰੀ ਗੱਲਬਾਤ ਵਿਚੋਂ ਸਭ ਤੋਂ ਸੁਹਣਾ ਤੇ ਕੀਮਤੀ ਸਵਾਲ ਕੀਤਾ ਏ। ਦੋਵਾਂ ਮੁਲਕਾਂ ਦੀ ਅਵਾਮ ਦੇ ਦਿਲਾਂ ਵਿਚ ਮੁਹੱਬਤ ਦੀ ਮਹਿਕ ਨੂੰ ਮਹਿਸੂਸ ਕਰਨਾ ਵਾਂ ਤੇ ਅਸੀਂ ਇਕ ਦੂਜੇ ਨੂੰ ਸੁਹਣੀ ਜ਼ਿੰਦਗੀ ਵਾਸਤੇ ਮਿਲਣਾ-ਗਿਲਣਾ ਵੀ ਚਾਹੁੰਨੇ ਵਾਂ। ਮੈਂ ਇਹ ਜਾਣਨਾ ਵਾਂ ਕਿ ਸਾਡੀ ਅਵਾਮ ਦੇ ਦਿਲਾਂ ਵਿਚ ਅਜੇ ਤੱਕ ਕੋਈ ਸਰਹੱਦ ਨਹੀਂ ਬਣ ਸਕੀ ਤੇ ਸਾਡੀਆਂ ਜ਼ਮੀਨੀ ਸਰਹੱਦਾਂ ਐਨੀਆਂ ਕੁ ਸੌਖੀਆਂ ਹੋਣੀਆਂ ਚਾਹੀਦੀਆਂ ਨੇ ਕਿ ਅਸੀਂ ਇਕ ਦੂਸਰੇ ਦੇ ਦੁੱਖ-ਦਰਦ ਤੇ ਖ਼ੁਸ਼ੀ-ਗ਼ਮੀ ਵਿਚ ਸ਼ਰੀਕ ਹੋ ਸਕੀਏ। ਲਿਖਾਰੀ, ਅਦਬੀ-ਸੇਵਕ ਹਿੰਦ-ਪਾਕਿ ਲਈ ਹਰ ਕਿਸਮ ਦੀ ਨਫ਼ਰਤ ਨੂੰ ਮੁਹੱਬਤ ਵਿਚ ਬਦਲਣ ਦਾ ਜਾਦੂ ਰੱਖਦੇ ਨੇ। ਲੋਕਾਂ ਨੂੰ ਇਕ ਸੋਹਣੀਆਂ-ਸੁਥਰੀਆਂ ਸੋਚਾਂ ਦੇ ਕੇ ਜਨਤ ਵਰਗੀ ਜ਼ਿੰਦਗੀ ਗੁਜ਼ਾਰਨ ਵੱਲ ਲਿਜਾ ਸਕਦੇ ਨੇ।"

ਮੇਰੇ ਸੀਨੇ ਨੂੰ ਠੰਡਾ ਠਾਰ ਕਰ ਦਿੱਤਾ ਤੁਹਾਡੇ ਨਾਲ ਹੋਈ ਗੱਲਬਾਤ ਨੇ, ਭਾਈ-ਜਾਨ ਜ਼ਫ਼ਰ ਇਕਬਾਲ ਸਾਹਿਬ ਜੀ। ਅੱਲਾ ਕਰੇ! ਸਾਡੀਆਂ ਪਾਕਿ-ਮੁਹੱਬਤਾਂ ਅਮਨ-ਸ਼ਾਂਤੀ ਦੇ ਸੁਨੇਹੇ ਘੱਲਦੀਆਂ, ਘਿਉ-ਖਿਚੜੀ ਬਣੀਆਂ, ਸਰਬੱਤ ਦਾ ਭਲਾ ਲੋਚਦੀਆਂ, ਇਕ ਦੂਜੇ ਲਈ ਕੁਰਬਾਨ ਹੋ ਜਾਣ ਲਈ ਹਮੇਸ਼ਾਂ ਤਤਪਰ ਰਹਿਣ! ਆਮੀਨ!

-ਪ੍ਰੀਤਮ ਲੁਧਿਆਣਵੀ, ਚੰਡੀਗੜ੍ਹ,
9876428641
ਸੰਪਰਕ : ਜ਼ਫ਼ਰ ਇਕਬਾਲ ਜ਼ਫਰ, ਰਾਏਵਿੰਡ, ਪਾਕਿਸਤਾਨ, +923004837173

# ਨਸ਼ਾਖੋਰੀ ਖਿਲਾਫ ਲੜਾਈ ਜਾਰੀ ਹੈ...

*ਹਰ ਮਾਂ-ਬਾਪ ਦਾ ਫਰਜ਼ ਹੈ ਕਿ ਪਰਿਵਾਰ ਵਿਚ ਬੱਚਿਆਂ ਨੂੰ ਸ਼ੁਰੂ ਤੋਂ ਹੀ ਨਸ਼ਿਆਂ ਦੇ ਮਾੜੇ ਅਸਰ ਬਾਰੇ ਗਾਈਡ ਕੀਤਾ ਜਾਵੇ।*




26 ਜੂਨ, 2020 ਨੂੰ ਨਸ਼ਾਖੋਰੀ ਅਤੇ ਨਜਾਇਜ਼ ਤਸਕਰੀ ਵਿਰੁੱਧ ਅੰਤਰਰਾਸ਼ਟਰੀ ਦਿਵਸ ਦੇ ਤੌਰ 'ਤੇ ਮਨਾਇਆ ਜਾ ਰਿਹਾ ਹੈ। ਨਜਾਇਜ਼ ਨਸ਼ਿਆਂ ਦੇ ਵਪਾਰ ਵਿਰੁੱਧ ਸੰਯੁਕਤ ਰਾਸ਼ਟਰ ਦਾ ਅੰਤਰਰਾਸ਼ਟਰੀ ਦਿਵਸ 26 ਜੂਨ, 1989 ਤੋਂ ਮਨਾਉਣਾ ਸ਼ੁਰੂ ਕੀਤਾ ਗਿਆ। 26 ਜੂਨ ਦੀ ਤਾਰੀਕ ਚੀਨ ਦੇ ਪਹਿਲੇ ਅਫੀਮ ਯੁੱਧ ਤੋਂ ਠੀਕ 25 ਜੂਨ, 1839 ਨੂੰ ਖਤਮ ਹੋਣ ਵਾਲੀ ਹੁਮੇਨ, ਗੁਆਂਗਡੋਂਗ ਵਿੱਚ ਲਿਨ ਜ਼ੈਕਸਨ ਦੇ ਅਫੀਮ ਦੇ ਵਪਾਰ ਨੂੰ ਖਤਮ ਕਰਨ ਦੀ ਯਾਦ ਦਿਵਾਉਂਦੀ ਹੈ।

ਅਪ੍ਰੈਲ 2016 ਵਿਚ ਰਣਨੀਤੀ ਦੀ ਮਹੱਤਤਾ ਨੂੰ ਹੋਰ ਮਜ਼ਬੂਤ ਕੀਤਾ ਗਿਆ ਸੀ ਜਦੋਂ ਸੰਯੁਕਤ ਰਾਸ਼ਟਰ ਨੇ ਨਸ਼ਿਆਂ 'ਤੇ ਇਕ ਜਨਰਲ ਅਸੈਂਬਲੀ ਦਾ ਆਯੋਜਨ ਕਰਨ ਦਾ ਫੈਸਲਾ ਕੀਤਾ ਸੀ ਤਾਂ ਕਿ ਪਹਿਲਾਂ ਦੀ ਨੀਤੀ ਦੇ ਦਸਤਾਵੇਜ਼ ਦੀ ਤਰੱਕੀ ਵਿਚ ਇਕ ਮੀਲ ਪੱਥਰ ਦੀ ਨਿਸ਼ਾਨਦੇਹੀ ਕੀਤੀ ਜਾ ਸਕੇ ਜਿਸ ਵਿਚ ਮੈਂਬਰ ਰਾਜਾਂ ਨੂੰ ਨਸ਼ਿਆਂ ਦੀ ਮੰਗ ਅਤੇ ਸਪਲਾਈ ਦੋਵਾਂ ਦਾ ਮੁਕਾਬਲਾ ਕਰਨ ਲਈ ਕਿਹਾ ਗਿਆ ਸੀ। ਜਦਕਿ ਪਹੁੰਚ ਵਿਚ ਸੁਧਾਰ ਹੋਇਆ ਸੀ। ਯੂ ਐਨ ਓ ਡੀ ਸੀ ਦੇ ਮੁਤਾਬਿਕ ਲਗਭਗ 200 ਮਿਲੀਅਨ ਲੋਕ ਦੁਨੀਆ ਭਰ ਵਿਚ ਨਜਾਇਜ਼ ਦਵਾਈਆਂ-ਕੋਕੀਨ, ਕੈਨਾਬਿਸ, ਹੈਲਸਿਨੋਜੇਨਜ਼, ਓਪੀਐਟਸ ਅਤੇ ਸੈਡੇਟਿਵ ਹਾਈਪਨੋਟਿਕਸ ਦੀ ਵਰਤੋਂ ਕਰ ਰਹੇ ਹਨ। ਦਸੰਬਰ 1987 ਵਿਚ ਸੰਯੁਕਤ ਰਾਸ਼ਟਰ ਮਹਾਂਸਭਾ ਨੇ 26 ਜੂਨ ਨੂੰ ਨਸ਼ਾਖੋਰੀ ਅਤੇ ਨਜਾਇਜ਼ ਤਸਕਰੀ ਵਿਰੁੱਧ ਅੰਤਰਰਾਸ਼ਟਰੀ ਦਿਵਸ ਮਨਾਉਣ ਦਾ ਫੈਸਲਾ ਕੀਤਾ ਗਿਆ। ਸੰਯੁਕਤ ਰਾਸ਼ਟਰ ਨਸ਼ਾਖੋਰੀ ਤੋਂ ਮੁਕਤ ਇਕ ਅੰਤਰਰਾਸ਼ਟਰੀ ਸਮਾਜ ਬਣਾਉਣ ਵਿਚ ਮਦਦ ਲਈ ਵਚਨਵਧ ਸੀ। 1998 ਵਿਚ ਸੰਯੁਕਤ ਰਾਸ਼ਟਰ ਮਹਾਸਭਾ ਨੇ ਵਿਸ਼ਵਵਿਆਪੀ ਨਸ਼ਿਆਂ ਦੀ ਸਮੱਸਿਆ ਦੇ ਹੱਲ ਲਈ ਇਕ ਰਾਜਨੀਤਿਕ ਘੋਸ਼ਣਾ ਕਰਨ ਦੇ ਨਾਲ ਵਚਨਬੱਧਤਾ ਜ਼ਾਹਰ ਕੀਤੀ ਗਈ। ਅੰਕੜਿਆਂ ਦੇ ਮੁਤਾਬਕ ਲਗਭਗ 21,000 ਤੋਂ ਵੱਧ 12 ਤੋਂ 15 ਸਾਲ ਦੀ ਉਮਰ ਵਿਚ ਪਹਿਲੀ ਬਾਰ ਖਤਰਨਾਕ ਨਸ਼ੇ ਲੈਣੇ ਸ਼ੁਰੂ ਕੀਤੇ। ਰੋਜ਼ਾਨਾ ਹਜ਼ਾਰਾਂ ਨਸ਼ੇ ਦੀ ਓਵਰਡੋਜ਼ ਕਾਰਣ ਮੌਤ ਦਾ ਸ਼ਿਕਾਰ ਹੋ ਰਹੇ ਹਨ।

**ਨਸ਼ਿਆਂ ਦਾ ਸਰੀਰ 'ਤੇ ਮਾੜਾ ਅਸਰ :**

ਬੇਸ਼ੁਮਾਰ ਕਿਸਮ ਦੇ ਨਸ਼ੀਲੇ ਪਦਾਰਥ ਨਿਕੋਟਿਨ, ਕੋਕੀਨ, ਭੰਗ ਵਗੈਰਾ ਅਜਿਹੇ ਰਸਾਇਣ ਹਨ ਜੋ ਮਨੁੱਖੀ ਸਰੀਰ ਅਤੇ ਦਿਮਾਗ 'ਤੇ ਲੰਬੇ ਸਮੇ ਤੱਕ ਮਾੜਾ ਅਸਰ ਪਾਉਂਦੇ ਹਨ। ਨੌਜਵਾਨ ਪੀੜ੍ਹੀ ਨਸ਼ੇ ਮੂੰਹ ਰਾਹੀਂ, ਇੰਜੈਕਸ਼ਨ 'ਤੇ ਸੁੰਘਣ ਨਾਲ ਡਬਲ ਡੋਜ਼ ਕਰਕੇ ਮੌਤ ਦਾ ਸ਼ਿਕਾਰ ਹੋ ਰਹੀ ਹੈ। ਦਿਮਾਗੀ ਰਸਾਇਣ ਡੋਪਾਮਾਈਨ ਆਪਣੇ ਕਬਜ਼ੇ ਵਿਚ ਲੈ ਕੇ ਨਸ਼ੇੜੀ ਨੂੰ ਬਾਰ-ਬਾਰ ਨਸ਼ਾ ਲੈਣ ਲਈ ਮਜਬੂਰ ਕਰਦਾ ਹੈ। ਹਾਲਾਂਕਿ ਸ਼ੁਰੂਆਤ



ਅਨਿਲ ਧੀਰ
ਕਾਲਮਨਿਸਟ

ਆਪਣੀ ਇੱਛਾ ਨਾਲ ਕਰਦੇ ਹਨ। ਨਸ਼ਿਆਂ ਦੀ ਲੱਤ ਰਿਸ਼ਤੇ ਅਤੇ ਖਾਨਦਾਨ ਤਬਾਹ ਕਰ ਰਹੀ ਹੈ। ਵੱਧ ਰਹੀ ਤਲਬ ਸੋਚਣ-ਸਮਝਣ, ਕੁੱਝ ਵੀ ਕਰਨ ਦੀ ਤਾਕਤ ਜੜੋਂ ਖਤਮ ਕਰ ਰਹੀ ਹੈ।

ਇਮਿਊਨ ਸਿਸਟਮ ਕਮਜ਼ੋਰ ਹੋ ਜਾਣ ਨਾਲ ਕੋਈ ਵੀ ਇੰਫੈਕਸ਼ਨ ਦੀ ਸੰਭਾਵਨਾ ਹਮੇਸ਼ਾ ਬਣੀ ਰਹਿੰਦੀ ਹੈ। ਹਮੇਸ਼ਾ ਸਟ੍ਰੈਸ ਰਹਿਣ ਕਰਕੇ ਹਾਈ-ਬਲੱਡ ਪ੍ਰੈਸ਼ਰ ਵੱਧਣ ਨਾਲ ਹਾਰਟ ਅਟੈਕ, ਗੁਰਦੇ ਫੇਲ ਦੇ ਅੰਕੜੇ ਤੇਜ਼ੀ ਨਾਲ ਵੱਧ ਰਹੇ ਹਨ। ਘੱਟ ਉਮਰ ਵਿਚ ਹੀ ਫੇਫੜੇ ਕਮਜ਼ੋਰ ਦੀ ਹਾਲਤ ਦਮਾ 'ਤੇ ਲਗ-ਕੈਂਸਰ ਵੀ ਹੋ ਸਕਦਾ ਹੈ। ਜ਼ਿਆਦਾਤਰ ਔਰਤਾਂ ਨਸ਼ੇ ਦੀ ਸ਼ੁਰੂਆਤ ਮੂਡ ਸੈਟ ਕਰਨ ਲਈ ਅਲਕੋਹਲ ਤੋਂ ਕਰਕੇ ਛੇਤੀ ਹੀ ਦੂਜੇ ਖਤਰਨਾਕ ਨਸ਼ੇ ਲੈਣੇ ਸ਼ੁਰੂ ਕਰ ਦਿੰਦੀਆਂ ਹਨ। ਹੋਰਨਾਂ ਖਤਰਨਾਕ ਰੋਗਾਂ ਦੇ ਨਾਲ ਬੱਚਾ ਪੈਦਾ ਕਰਨ ਵਾਲੇ ਅੰਗ ਕਮਜ਼ੋਰ ਹੋ ਜਾਣ ਨਾਲ ਨਵਜ਼ਾਤ ਬੱਚਾ ਅੰਗਹੀਣ 'ਤੇ ਖਤਰਨਾਕ ਬੀਮਾਰੀ ਨਾਲ ਲੈ ਕੇ ਆਉਂਦਾ ਹੈ। ਨਾਜਾਇਜ਼ ਨਸ਼ੇ ਦੀ ਵਰਤੋਂ ਗਰਭਵਤੀ ਔਰਤਾਂ ਖੁਦ ਨੂੰ ਅਤੇ ਆਉਣ ਵਾਲੇ ਬੱਚੇ ਲਈ ਖਤਰਾ ਪੈਦਾ ਕਰਦੀਆਂ ਹਨ। ਨਸ਼ੇੜੀ ਮਰਦ ਮਰਦਾਨਗੀ ਤੋਂ ਹਮੇਸ਼ਾ ਲਈ ਹੱਥ ਧੋ ਬੈਠਦੇ ਹਨ। ਬੱਚਾ ਪੈਦਾ ਕਰਨ ਦੀ ਤਾਕਤ ਖਤਮ ਹੋ ਜਾਣ ਦੀ ਸੰਭਾਵਨਾ ਬਰਾਬਰ ਬਣੀ ਰਹਿੰਦੀ ਹੈ।

**ਸਮਾਜ ਵਿਚ ਬਦਲਾਅ ਜਰੂਰੀ ਹੈ :**

ਦੁਨੀਆ ਭਰ ਵਿਚ ਤੇਜ਼ੀ ਨਾਲ ਵੱਧ ਰਹੀ ਨਸ਼ਿਆਂ ਦੀ ਲੱਤ ਸਮਾਜ ਨੂੰ ਮੌਤ ਦੇ ਰਸਤੇ 'ਤੇ ਲੈ ਕੇ ਜਾ ਰਹੀ ਹੈ। ਹਰ ਮਾਂ-ਬਾਪ ਦਾ ਫਰਜ਼ ਹੈ ਕਿ ਪਰਿਵਾਰ ਵਿਚ ਬੱਚਿਆਂ ਨੂੰ ਸ਼ੁਰੂ ਤੋਂ ਹੀ ਨਸ਼ਿਆਂ ਦੇ ਮਾੜੇ ਅਸਰ ਬਾਰੇ ਗਾਈਡ ਕੀਤਾ ਜਾਵੇ। ਨਜ਼ਰ ਵੀ ਰੱਖੋ। ਅਗਰ ਬੱਚਾ ਨਸ਼ਿਆਂ ਦੇ ਮਾੜੇ ਅਸਰ ਨੂੰ ਜਾਣਦਾ ਹੈ ਤਾਂ ਹਰ ਕਦਮ ਸੋਚ ਸਮਝ ਕੇ ਲਵੇਗਾ। ਸੈਲਫ ਕਾਨਫੀਡੈਂਸ, ਸਹੀ ਗਾਈਡਲਾਈਨ, ਸਮਾਜ ਨੂੰ ਮੌਤ ਦੇ ਰਸਤੇ 'ਤੇ ਜਾਣ ਤੋਂ ਰੋਕ ਸਕਦੀ ਹੈ। ਨਸ਼ਿਆਂ ਦੀ ਦੁਰਵਰਤੋਂ ਕਾਰਨ ਰਿਸ਼ਤਿਆਂ ਦਾ ਟੁੱਟਣਾ, ਘਰੋਂ ਬੇ-ਘਰ ਹੋਣਾ, ਨੌਕਰੀ ਚਲੀ ਜਾਣਾ, ਕਾਨੂੰਨੀ ਚੱਕਰ ਅਤੇ ਸਰੀਰ 'ਤੇ ਮਨ ਦੀਆਂ ਖਤਰਨਾਕ ਬਿਮਾਰੀਆਂ ਜਨਮ ਲੈਣਗੀਆਂ। ਜ਼ਿੰਦਗੀ ਅਨਮੋਲ ਹੈ। ਪਹਿਲਾਂ ਆਪਣੇ-ਆਪ ਨੂੰ ਬਦਲ ਕੇ ਪੂਰੇ ਸਮਾਜ ਨੂੰ ਬਦਲਣ ਦਾ ਯਤਨ ਕਰੋ।

Alternative Therapist
anil.dheer@yahoo.com

*24 ਜੂਨ ਜਨਮ ਦਿਨ 'ਤੇ*

# ਪੰਥ ਦਾ ਕੀਮਤੀ ਰਤਨ-ਮਾ. ਤਾਰਾ ਸਿੰਘ ਜੀ



**ਰਮੇਸ਼ ਬੱਗਾ ਚੋਹਲਾ**

ਦੁਨੀਆਂ ਵਿਚ ਬਹੁਤ ਸਾਰੇ ਅਜਿਹੇ ਲੋਕ ਜਨਮ ਲੈਂਦੇ ਰਹਿੰਦੇ ਹਨ ਜਿਨ੍ਹਾਂ ਦਾ ਜੀਵਨ ਉਨ੍ਹਾਂ ਦੇ ਆਪਣੇ ਆਪ ਤੱਕ ਜਾਂ ਉਨ੍ਹਾਂ ਦੇ ਪਰਿਵਾਰ ਤੱਕ ਹੀ ਸੀਮਤ ਹੋ ਕੇ ਰਹਿ ਜਾਂਦਾ ਹੈ ਭਾਵ ਉਹ ਜੋ ਕੁੱਝ ਵੀ ਕਰਦੇ ਹਨ ਉਸ ਦਾ ਸੁਖਦਾਈ ਜਾਂ ਦੁੱਖਦਾਈ ਪ੍ਰਭਾਵ ਉਨ੍ਹਾਂ ਦੇ ਅਤਿ ਨੇੜਲੇ ਘੇਰੇ ਵਿਚ ਹੀ ਸਿਮਟ ਕੇ ਰਹਿ ਜਾਂਦਾ ਹੈ। ਦੂਸਰੇ ਪਾਸੇ ਸੰਸਾਰ ਵਿਚ ਕੁੱਝ ਅਜਿਹੇ ਲੋਕਾਂ ਦੀ ਆਮਦ ਵੀ ਸਮੇਂ-ਸਮੇਂ ਹੁੰਦੀ ਰਹਿੰਦੀ ਹੈ ਜੋ ਨਾ ਸਿਰਫ ਆਪਣੇ ਆਪ ਲਈ ਹੀ ਜਿਉਂਦੇ ਹਨ ਸਗੋਂ ਆਪਣੇ ਦੇਸ਼ ਅਤੇ ਸਮਾਜ ਦੇ ਪ੍ਰਤੀ ਵੀ ਕੁਰਬਾਨੀ ਦਾ ਜਜ਼ਬਾ ਰੱਖਦੇ ਹਨ। ਇਸ ਜਜ਼ਬੇ ਕਾਰਨ ਉਹ ਲੋਕਾਈ ਦੇ ਸਦੀਵੀ ਸਤਿਕਾਰ ਦੇ ਪਾਤਰ ਬਣ ਜਾਂਦੇ ਹਨ ਜੋ ਯੁੱਗਾਂ-ਯੁਗਾਂਤਰਾਂ ਤੱਕ ਜਿਉਂ ਦਾ ਤਿਉਂ ਹੀ ਬਣਿਆ ਰਹਿੰਦਾ ਹੈ। ਇਹ ਸਤਿਕਾਰ ਉਨ੍ਹਾਂ ਮਹਾਂਪੁਰਖਾਂ ਦੇ ਇਥੋਂ ਸਰੀਰਕ ਰੂਪ ਵਿਚ ਚਲੇ ਜਾਣ ਤੋਂ ਬਾਅਦ ਵੀ ਉਨ੍ਹਾਂ (ਕੀਤੇ ਕਾਰਜਾਂ ਕਰਕੇ) ਨੂੰ ਲੋਕ ਚੇਤਿਆਂ ਵਿਚ ਵਸਾਈ ਰੱਖਦਾ ਹੈ। ਇਸ ਵਸੇਬੇ ਕਰਕੇ ਹੀ ਉਨ੍ਹਾਂ ਦੀ ਵਿਚਾਰਧਾਰਾ 'ਤੇ ਪਹਿਰਾ ਦੇਣ ਵਾਲੇ ਲੋਕ ਉਨ੍ਹਾਂ ਪ੍ਰਤੀ ਹਰ ਸਾਲ (ਜਨਮ ਦਿਨ/ਬਰਸੀ ਮਨਾ ਕੇ) ਆਪਣਾ ਸਤਿਕਾਰ ਪ੍ਰਗਟ ਕਰਦੇ ਰਹਿੰਦੇ ਹਨ। ਇਹ ਸ਼ਰਧਾਮਈ ਭਾਵਨਾ ਪੰਥ ਰਤਨ ਮਾਸਟਰ ਤਾਰਾ ਸਿੰਘ ਦੇ ਪ੍ਰਤੀ ਵੀ ਹਰ ਸਾਲ ਹੀ ਪ੍ਰਗਟਾਈ ਜਾਂਦੀ ਹੈ।

ਸਰਬਾਂਗੀ ਵਿਅਕਤੀਤਵ ਦੇ ਮਾਲਕ ਮਾਸਟਰ ਤਾਰਾ ਸਿੰਘ ਦਾ ਜਨਮ 24 ਜੂਨ 1885 ਈਸਵੀ ਨੂੰ ਅਣਵੰਡੇ ਪੰਜਾਬ ਦੇ ਜ਼ਿਲ੍ਹਾ ਰਾਵਲਪਿੰਡੀ ਵਿਚ ਸਥਿਤ ਪਿੰਡ ਹਰਿਆਲ ਦੇ ਇਕ ਵਸਨੀਕ ਸ੍ਰੀ ਗੋਪੀ ਚੰਦ ਮਲਹੋਤਰਾ ਦੇ ਗ੍ਰਹਿ ਵਿਖੇ ਹੋਇਆ। ਉਨ੍ਹਾਂ ਦਾ ਮੁੱਢਲਾ ਨਾਮ ਨਾਨਕ ਚੰਦ ਸੀ ਪਰ ਸਿੱਖ ਧਰਮ ਵਿਚ ਅਥਾਹ ਸ਼ਰਧਾ ਅਤੇ ਵਿਸ਼ਵਾਸ ਹੋਣ ਕਾਰਨ ਉਨ੍ਹਾਂ ਨੇ ਸੰਤ ਅਤਰ ਸਿੰਘ ਜੀ ਕੋਲੋਂ ਖੰਡੇ-ਬਾਟੇ ਦਾ ਅੰਮ੍ਰਿਤਪਾਨ ਕਰ ਲਿਆ ਜਿਸ ਕਰਕੇ ਉਨ੍ਹਾਂ ਦਾ ਨਾਮਕਰਣ ਤਾਰਾ ਸਿੰਘ ਹੋ ਗਿਆ।

ਮਾਸਟਰ ਤਾਰਾ ਸਿੰਘ ਨੇ 1907 ਈ. ਵਿਚ ਬੀ.ਏ. ਪਾਸ ਕਰ ਲਈ ਅਤੇ ਉਚੇਰੀ ਪੜ੍ਹਾਈ (ਐਮ. ਏ) ਕਰਨ ਲਈ ਸੈਂਟਰਲ ਟਰੇਨਿੰਗ ਕਾਲਜ ਲਾਹੌਰ ਵਿਚ ਦਾਖਲ ਹੋ ਗਏ। ਪੜ੍ਹਾਈ ਪੂਰੀ ਕਰਨ ਤੋਂ ਬਾਅਦ ਉਹ ਲਾਇਲਪੁਰ ਜ਼ਿਲ੍ਹੇ ਦੇ ਇੱਕ ਖਾਲਸਾ ਹਾਈ ਸਕੂਲ ਵਿਖੇ ਮੁੱਖ ਅਧਿਆਪਕ ਨਿਯੁਕਤ ਹੋ ਗਏ। ਸੇਵਾ ਅਤੇ ਪਰਉਪਕਾਰ ਦੀ ਭਾਵਨਾ ਹੋਣ ਕਰਕੇ ਉਹ ਕੇਵਲ ਪੰਦਰਾਂ ਰੁਪਏ ਮਹੀਨਾ ਵੇਤਨ 'ਤੇ ਹੀ ਕੰਮ ਕਰਦੇ ਰਹੇ। ਘੱਟ ਵੇਤਨ ਲੈਣ ਬਾਵਜੂਦ ਵੀ ਉਹ ਪੂਰੀ ਲਗਨ ਅਤੇ ਮਿਹਨਤ ਨਾਲ ਕੰਮ ਕਰਦੇ ਸਨ। ਉਨ੍ਹਾਂ ਦੀ ਇਸ ਵਿਸ਼ੇਸ਼ ਲਗਨ ਅਤੇ ਮਿਹਨਤ ਸਦਕਾ ਖਾਲਸਾ ਹਾਈ ਸਕੂਲ ਬੇਹਤਰੀਨ ਸਕੂਲਾਂ ਦੀ ਕਤਾਰ ਵਿਚ ਸ਼ਾਮਲ ਹੋ ਗਿਆ। ਸਕੂਲ ਦੀ ਪ੍ਰਸਿੱਧੀ ਦੇ ਨਾਲ-ਨਾਲ ਮਾਸਟਰ ਤਾਰਾ ਸਿੰਘ ਜੀ ਵੀ ਹਰਮਨ ਪਿਆਰੇ (ਵਿਸ਼ੇਸ ਕਰਕੇ ਲਾਇਲਪੁਰ ਦੇ ਇਲਾਕੇ ਵਿਚ) ਹੋਣ ਲੱਗ ਪਏ। ਕੁਝ ਕਾਰਨਾਂ ਕਰਕੇ ਮਾਸਟਰ ਜੀ ਨੂੰ ਇਸ ਸਕੂਲ ਦੀ ਮੁੱਖ-ਅਧਿਆਪਕੀ ਤੋਂ ਤਿਆਗ-ਪੱਤਰ ਦੇਣਾ ਪੈ ਗਿਆ। ਇਸ ਤੋਂ ਬਾਅਦ ਉਹ ਆਪਣੇ ਘਰੇਲੂ ਜ਼ਿਲ੍ਹੇ ਰਾਵਲਪਿੰਡੀ ਦੇ ਕੱਲਰ ਖਾਲਸਾ ਹਾਈ ਸਕੂਲ ਦੇ ਮੁੱਖ ਅਧਿਆਪਕ ਬਣ ਗਏ। ਮਾਸਟਰ ਤਾਰਾ ਸਿੰਘ ਜੀ ਦੀ ਯੋਗ ਅਗਵਾਈ ਹੇਠ ਕੱਲਰ ਸਕੂਲ ਨੇ ਪੰਥ ਨੂੰ ਅਜਿਹੇ ਹੀਰੇ (ਨੇਤਾ) ਦਿੱਤੇ ਜਿਨ੍ਹਾਂ ਨੇ ਦੇਸ਼/ਪੰਥ ਦੀ ਖਾਤਿਰ ਸੇਵਾ ਦੇ ਨਾਲ-ਨਾਲ ਜੀਵਨ ਵੀ ਲੇਖੇ ਲਾ ਦਿੱਤਾ। ਉਸ ਵਕਤ ਮਾਸਟਰ ਜੀ ਦੇ ਨਾਲ ਲਾਲ ਸਿੰਘ ਕਮਲਾ ਅਕਾਲੀ, ਗਿਆਨੀ ਗੁਰਮੁੱਖ ਸਿੰਘ ਮੁਸਾਫ਼ਿਰ, ਗਿਆਨੀ ਹੀਰਾ ਸਿੰਘ ਦਰਦ ਅਤੇ ਮਾਸਟਰ ਸੁਜਾਨ ਸਿੰਘ ਜੀ ਸਰਹਾਲੀ ਵੀ ਕੰਮ ਕਰਦੇ ਸਨ। ਕੁੱਝ ਸਮੇਂ ਬਾਅਦ ਉਨ੍ਹਾਂ ਨੇ ਇਹ ਸਕੂਲ ਵੀ ਛੱਡ ਦਿੱਤਾ ਅਤੇ ਮੁੜ ਲਾਇਲਪੁਰ ਚਲੇ ਗਏ। ਇਥੇ ਉਨ੍ਹਾਂ ਨੇ ਆੜ੍ਹਤ ਦੀ ਦੁਕਾਨ ਖੋਲ੍ਹ ਲਈ ਜੋ ਉਨ੍ਹਾਂ ਦੇ ਸੁਭਾਅ ਨਾਲ ਮੇਲ ਨਾ ਖਾਂਦੀ ਕਰਕੇ ਛੱਡਣੀ ਪੈ ਗਈ।

ਨਨਕਾਣਾ ਸਾਹਿਬ ਦਾ ਸ਼ਹੀਦੀ ਸਾਕਾ ਹੋ ਜਾਣ ਕਰਕੇ ਮਾਸਟਰ ਤਾਰਾ ਸਿੰਘ ਜੀ ਅੰਮ੍ਰਿਤਸਰ ਆ ਗਏ ਅਤੇ ਉਸ ਵਕਤ ਦੀ ਚਰਚਿਤ ਅਫ਼ਬਾਰ 'ਅਕਾਲੀ' ਦੇ ਸੰਪਾਦਕ ਬਣ ਗਏ। ਇਸ ਖ਼ੂਨੀ ਸਾਕੇ ਕਾਰਨ ਸਿੱਖ ਭਾਈਚਾਰੇ ਵਿਚ ਗੁੱਸੇ ਦੀ ਅੱਗ ਭੜਕ ਪਈ ਅਤੇ ਸਿੱਖ ਆਗੂਆਂ ਨੇ ਨਿਰਣਾ ਲਿਆ ਕਿ ਗੁਰਦੁਆਰਿਆਂ ਨੂੰ ਮਹੰਤਾਂ ਦੇ ਕਬਜ਼ੇ ਤੋਂ ਆਜ਼ਾਦ ਕਰਵਾਉਣਾ ਚਾਹੀਦਾ ਹੈ।

ਜਦੋਂ ਬਾਬਾ ਖੜਕ ਸਿੰਘ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਬਣੇ ਤਾਂ ਮਾਸਟਰ ਤਾਰਾ ਸਿੰਘ ਜੀ ਨੂੰ ਇਸ ਕਮੇਟੀ ਦਾ ਸਕੱਤਰ ਬਣਾਇਆ ਗਿਆ। ਇਸ ਕਮੇਟੀ ਵਿਚ ਅੰਗਰੇਜ਼ ਸਰਕਾਰ ਦੇ ਨਾਲ ਨਾ ਮਿਲਵਰਤਣ ਦਾ ਮਤਾ ਪਾਸ ਕੀਤਾ ਗਿਆ ਜਿਸ ਦੇ ਪਾਸ ਹੋਣ ਨਾਲ ਅਕਾਲੀਆਂ ਅਤੇ ਅੰਗਰੇਜ਼ਾਂ ਦਾ ਸਿੱਧਾ ਮੁਕਾਬਲਾ ਹੋ ਗਿਆ। ਮਾਸਟਰ ਜੀ ਨੇ ਅੰਮ੍ਰਿਤਸਰ ਦਫ਼ਤਰ ਵਿਚ ਰਹਿ ਕੇ ਪੰਥ ਦੀ ਚੜ੍ਹਦੀਕਲਾ ਲਈ ਦਿਨ-ਰਾਤ ਇਕ ਕਰਕੇ ਕੰਮ ਕਰਨਾ ਆਰੰਭ ਕਰ ਦਿੱਤਾ। ਪ੍ਰੋ: ਨਿਰੰਜਨ ਸਿੰਘ ਦੇ ਸਹਿਯੋਗ ਸਦਕਾ ਉਨ੍ਹਾਂ ਨੇ ਬਹੁਤ ਸਾਰੇ ਇਸ਼ਤਿਹਾਰ, ਪੈਂਫਲਟ ਤੇ ਟਰੈਕਟ ਲਿਖ ਕੇ ਦੂਰ-ਦੁਰਾਡੇ ਤੱਕ ਭੇਜੇ ਜਿਸ ਨਾਲ ਕੌਮ ਵਿਚ ਇੱਕ ਜਾਗ੍ਰਤੀ ਪੈਦਾ ਹੋ ਗਈ।

ਪੰਥ ਵਿਚ ਆਈ ਜਾਗ੍ਰਤੀ ਕਾਰਨ ਸਭ ਤੋਂ ਪਹਿਲਾਂ ਚਾਬੀਆਂ ਦਾ ਮੋਰਚਾ ਲਗਾਇਆ ਗਿਆ। ਇਸ ਮੋਰਚੇ ਵਿਚ ਬਾਬਾ ਖੜਕ ਸਿੰਘ ਅਤੇ ਮਾਸਟਰ ਤਾਰਾ ਸਿੰਘ ਜੀ ਨੇ ਅੱਗੇ ਵੱਧ ਕੇ ਗ੍ਰਿਫ਼ਤਾਰੀ ਦਿੱਤੀ। ਇਸ ਮੋਰਚੇ ਦੀ ਜਿੱਤ ਤੋਂ ਬਾਅਦ 'ਗੁਰੂ ਕੇ ਬਾਗ' ਅਤੇ 'ਜੈਤੋਂ' ਦਾ ਮੋਰਚਾ ਲੱਗ ਗਿਆ। ਇਨ੍ਹਾਂ ਮੋਰਚਿਆਂ ਵਿਚ ਸ਼ਾਮਿਲ ਜਥਿਆਂ 'ਤੇ ਬੇਰਹਿਮੀ ਨਾਲ ਲਾਠੀਚਾਰਜ ਕੀਤਾ ਗਿਆ ਅਤੇ ਸ਼੍ਰੋਮਣੀ ਕਮੇਟੀ ਨੂੰ ਕਾਨੂੰਨ ਵਿਰੋਧੀ ਕਰਾਰ ਦਿੱਤਾ ਗਿਆ। ਕਮੇਟੀ ਦੇ ਅੰਤ੍ਰਿਗ ਮੈਂਬਰਾਂ ਨੂੰ ਗ੍ਰਿਫ਼ਤਾਰ ਕਰਕੇ ਉਨ੍ਹਾਂ ਉਪਰ ਮੁਕੱਦਮਾਂ ਚਲਾਇਆ ਗਿਆ। ਇਨ੍ਹਾਂ ਗ੍ਰਿਫ਼ਤਾਰ ਮੈਂਬਰਾਂ ਵਿਚ ਮਾਸਟਰ ਤਾਰਾ ਸਿੰਘ ਵੀ ਸ਼ਾਮਿਲ ਸਨ। ਦੇਸ਼ ਭਗਤੀ ਦੀ ਭਾਵਨਾ ਪ੍ਰਬਲ ਹੋਣ ਕਰਕੇ ਮਾਸਟਰ ਤਾਰਾ ਸਿੰਘ ਵਿਦੇਸ਼ੀ ਰਾਜ ਤੋਂ ਮੁਕਤੀ ਤਾਂ ਚਾਹੁੰਦੇ ਸਨ ਪਰ ਉਹ ਸਿੱਖ ਹਿੱਤਾਂ ਨੂੰ ਕੁਰਬਾਨ ਨਹੀਂ ਸੀ ਹੋਣ ਦੇਣਾ ਚਾਹੁੰਦੇ। ਉਹ ਅਕਸਰ ਕਿਹਾ ਕਰਦੇ ਸਨ ਕਿ 'ਮੈਂ ਮਰਾਂ, ਪੰਥ ਜੀਵੇ' ਅਤੇ 'ਸਿੱਖ ਜੇ ਮੈਂ ਮਾੜਾ ਹਾਂ ਤਾਂ ਮੈਨੂੰ ਮਾਰ ਦਿਉ, ਪੰਥ ਨੂੰ ਨਾ ਮਾਰੋ'। ਆਪਣੇ ਇਨ੍ਹਾਂ ਬੋਲਾਂ ਨੂੰ ਜੀਵਤ ਰੱਖਣ ਲਈ ਉਹ ਹਮੇਸ਼ਾਂ ਹੀ ਸਿੱਖ ਹਿੱਤਾਂ ਲਈ ਲੜਦੇ ਰਹੇ। ਸਿੱਖੀ ਸਿਧਾਤਾਂ (ਵਿਸ਼ੇਸ਼ ਕਰਕੇ ਸਰਬਤ ਦਾ ਭਲਾ ਮੰਗਣ ਵਾਲੇ) ਦੀ ਪਹਿਰੇਦਾਰੀ ਕਰਦਿਆਂ ਮਾਸਟਰ ਤਾਰਾ ਸਿੰਘ ਨੇ ਬਹੁਤ ਸਾਰੀਆਂ ਕੈਦਾਂ ਕੱਟੀਆਂ। ਜਦੋਂ ਵੀ ਦੇਸ਼ ਵਿਚ ਕੋਈ ਲੋਕ ਭਲਾਈ ਦੀ ਲਹਿਰ ਆਰੰਭ ਹੁੰਦੀ ਤਾਂ ਮਾਸਟਰ ਜੀ ਹਮੇਸ਼ਾਂ ਹੀ ਮੂਹਰਲੀਆਂ ਸਫ਼ਾਂ ਵਿਚ ਹੁੰਦੇ। ਇਥੋਂ ਤੱਕ ਕਿ ਮਹਾਤਮਾਂ ਗਾਂਧੀ ਵੱਲੋਂ ਸਮੇਂ-ਸਮੇਂ ਸ਼ੁਰੂ ਕੀਤੀਆਂ ਕਈ ਲਹਿਰਾਂ ਨੂੰ ਵੀ ਉਨ੍ਹਾਂ ਵੱਲੋਂ ਭਰਪੂਰ ਹੁੰਗਾਰਾ ਦਿੱਤਾ ਜਾਂਦਾ ਰਿਹਾ ਹੈ।

ਮਾਸਟਰ ਤਾਰਾ ਸਿੰਘ ਦਾ ਜੀਵਨ ਇੱਕ ਧਰੂ ਤਾਰੇ ਵਰਗਾ ਰਿਹਾ ਹੈ। ਉਨ੍ਹਾਂ ਦਾ ਸ਼ੁਮਾਰ ਕੌਮ ਦੇ ਚੋਣਵੇਂ ਰਾਹ ਦਸੇਰਿਆਂ ਵਿਚ ਕੀਤਾ ਜਾਂਦਾ ਹੈ। ਨਿਧੜਕ ਹੋਣ ਦੇ ਨਾਲ-ਨਾਲ ਉਹ ਨਿਡਰ ਵੀ ਸਨ। ਔਖਿਆਲਿਆਂ ਵਕਤਾਂ ਵਿਚ ਉਹ ਕਦੇ ਡੋਲਦੇ ਨਹੀਂ ਸਨ ਅਤੇ ਤਤਕਾਲ ਨਿਰਣਾ ਲੈ ਲਿਆ ਕਰਦੇ ਸਨ ਕੋਈ ਵੀ ਪੰਥਕ ਪ੍ਰੋਗਰਾਮ ਅਜਿਹਾ ਨਹੀਂ ਕਿਹਾ ਜਾ ਸਕਦਾ ਜਿਸ ਵਿਚ ਮਾਸਟਰ ਤਾਰਾ ਸਿੰਘ ਦੀ ਅਹਿਮ ਭੂਮਿਕਾ ਨਾ ਰਹੀ ਹੋਵੇ। ਪੰਥ ਲਈ ਮਰ-ਮਿਟਣ ਦੀ ਭਾਵਨਾ ਰੱਖਣ ਵਾਲਾ ਇਹ ਅਨਮੋਲ ਰਤਨ ਆਪਣਾ ਜੀਵਨ ਸਫ਼ਰ ਸਮਾਪਤ ਕਰਕੇ 22 ਨਵੰਬਰ 1967 ਨੂੰ ਕੌਮ ਨੂੰ ਆਪਣੀ ਆਖਰੀ ਫ਼ਤਿਹ ਬੁਲਾ ਗਿਆ।

# ਤਾਲਾਬੰਦੀ ਅਤੇ ਨਸ਼ਿਆਂ ਦੀ ਸਪਲਾਈ

**ਮੋਹਨ ਸ਼ਰਮਾ**

ਕਰੋਨਾਵਾਇਰਸ ਮਹਾਮਾਰੀ ਕਾਰਨ ਪੰਜਾਬ 23 ਮਾਰਚ ਤੋਂ 17 ਮਈ 2020 ਤੱਕ ਤਾਲਾਬੰਦੀ ਅਤੇ ਕਰਫ਼ਿਊ ਦੀ ਲਪੇਟ ਵਿਚ ਰਿਹਾ। ਕਰੋਨਾਵਾਇਰਸ ਦੇ ਖ਼ੌਫ ਕਾਰਨ ਲੋਕ ਘਰਾਂ ਤੋਂ ਬਾਹਰ ਨਹੀਂ ਨਿਕਲੇ। ਸਿਹਤ ਕਰਮਚਾਰੀ, ਪੁਲੀਸ ਵਿਭਾਗ, ਪ੍ਰਸ਼ਾਸਨ ਨਾਲ ਜੁੜੇ ਅਧਿਕਾਰੀ ਅਤੇ ਮੀਡੀਆ ਕਰਮਚਾਰੀਆਂ ਤੋਂ ਬਿਨਾ ਹੋਰ ਕਿਸੇ ਨੂੰ ਘਰ ਤੋਂ ਬਾਹਰ ਜਾਣ ਦੀ ਮਨਾਹੀ ਰਹੀ। ਘਰਾਂ ਵਿਚ ਬੈਠੇ ਲੋਕਾਂ ਦੀ ਮਾਨਸਿਕ ਹਾਲਤ ਦਬਾਅ ਅਧੀਨ ਰਹੀ। ਲੋਕਾਂ ਦੇ ਘਰਾਂ ਅੰਦਰ ਰਹਿਣ ਨਾਲ ਜਿੱਥੇ ਸਮਾਜਿਕ ਤੌਰ ਤੇ ਫਾਸਲਾ ਰੱਖਣ ਕਾਰਨ ਕੋਰੋਨਾਵਾਇਰਸ ਦੇ ਫੈਲਾਉ ਨੂੰ ਕਾਫੀ ਹੱਦ ਤੱਕ ਠੱਲ੍ਹ ਪਈ, ਉਥੇ ਵਾਤਾਵਰਨ ਦੀ ਸ਼ੁਧਤਾ, ਰੋਗਾਂ ਤੋਂ ਅਸਥਾਈ ਤੌਰ ਤੇ ਛੁਟਕਾਰਾ, ਸਾਦਾ ਤੇ ਥੋੜ੍ਹਾ ਭੋਜਨ ਖਾਣ ਦੀ ਆਦਤ, ਰਾਜਨੀਤਕ ਲੋਕਾਂ ਦੇ ਰੌਲੇ ਰੱਪੇ ਅਤੇ ਰੈਲੀਆਂ ਵਿਚ ਸਿਆਸੀ ਆਗੂਆਂ ਦਾ ਇੱਕ ਦੂਜੇ ਨੂੰ ਠਿੱਬੀਆਂ ਲਾਉਣ ਦੇ ਨਾਲ ਨਾਲ ਉਨ੍ਹਾਂ ਦੇ ਦਿਲ-ਲੁਭਾਊ ਨਾਅਰੇ ਸੁਣਨ ਤੋਂ ਨਿਜਾਤ ਵੀ ਮਿਲੀ ਹੈ। ਨਾਲ ਹੀ ਮਨੁੱਖ ਨੂੰ ਸ਼ਿੱਦਤ ਨਾਲ ਇਹ ਵੀ ਅਹਿਸਾਸ ਹੋਇਆ ਹੈ ਕਿ ਪਸ਼ੂ ਤੇ ਪੰਛੀ ਪਿੰਜਰੇ ਵਿਚ ਕੈਦ ਕਿੰਜ ਰਹਿੰਦੇ ਹਨ! ਕਿਸੇ ਹੱਦ ਤੱਕ ਮਨੁੱਖ ਨੂੰ ਇਹ ਸੋਝੀ ਵੀ ਆਈ ਹੈ ਕਿ ਕੁਦਰਤ ਨਾਲ ਖਿਲਵਾੜ ਮਹਿੰਗਾ ਅਤੇ ਜਾਨ ਲੇਵਾ ਹੋ ਸਕਦਾ ਹੈ।

ਤਾਲਾਬੰਦੀ ਦਰਮਿਆਨ ਨਸ਼ਿਆਂ ਦੀ ਸਪਲਾਈ ਲਾਈਨ ਬਹੁਤ ਹੱਦ ਤੱਕ ਟੁੱਟੀ ਹੈ। ਪੰਚਾਇਤਾਂ ਅਤੇ ਨੌਜਵਾਨਾਂ ਨੇ ਆਪੋ-ਆਪਣੇ ਪਿੰਡਾਂ ਵਿਚ ਠੀਕਰੀ ਪਹਿਰੇ ਭਾਵੇਂ ਇਸ ਕਰ ਕੇ ਦਿੱਤੇ ਕਿ ਕਿਸੇ ਬਾਹਰਲੇ ਸ਼ਖ਼ਸ ਰਾਹੀਂ ਇਸ ਬਿਮਾਰੀ ਦੇ ਕਿਟਾਣੂਆਂ ਦਾ ਸ਼ਿਕਾਰ ਕੋਈ ਪਿੰਡ ਵਾਸੀ ਨਾ ਬਣ ਜਾਵੇ, ਤੇ ਫਿਰ ਇਸ ਘਾਤਕ ਬਿਮਾਰੀ ਦਾ ਹੋਰ ਪਿੰਡ ਵਾਸੀ ਵੀ ਸ਼ਿਕਾਰ ਨਾ ਬਣ ਜਾਣ ਪਰ ਸਮਾਜਿਕ ਦਬਾਅ ਤੇ ਠੀਕਰੀ ਪਹਿਰਿਆਂ ਦੀ ਚੌਕਸੀ ਨੇ ਨਾ ਤਾਂ ਪਿੰਡ ਵਿਚ ਪੰਜ-ਸੱਤ ਨਸ਼ਾ ਵੇਚਣ ਵਾਲਿਆਂ ਨੂੰ ਬਾਹਰ ਜਾਣ ਦਿੱਤਾ ਅਤੇ ਨਾ ਹੀ ਨਸ਼ੇ ਦੀ ਪੂਰਤੀ ਲਈ ਤਸਕਰਾਂ ਦੇ ਕਦਮ ਪਿੰਡ ਦੀ ਫਿਰਨੀ ਟੱਪ ਸਕੇ। ਇੰਜ ਇਨ੍ਹਾਂ ਠੀਕਰੀ ਪਹਿਰਿਆਂ ਰਾਹੀਂ ਇੱਕ ਪੰਥ ਦੋ ਕਾਜ ਦੇ ਸਾਰਥਕ ਨਤੀਜੇ ਸਾਹਮਣੇ ਵੀ ਆਏ। ਇਸ ਤੋਂ ਬਿਨਾਂ ਸ਼ਹਿਰਾਂ, ਜ਼ਿਲ੍ਹਿਆਂ ਦੀਆਂ ਹੱਦਾਂ ਅਤੇ ਪ੍ਰਾਂਤਕ ਹੱਦਾਂ ਸੀਲ ਕਰਨ ਦੇ ਨਾਲ ਨਾਲ ਸਰਹੱਦਾਂ ਤੇ ਵੀ ਚੌਕਸੀ ਵਧਾਈ ਗਈ। ਇਹ ਸਭ ਕੁਝ ਦੇ ਪ੍ਰਤੀਕਰਮ ਵਜੋਂ ਨਸ਼ਿਆਂ ਦੀ ਰੋਕਥਾਮ ਅਤੇ ਅਪਰਾਧ ਗਰਾਫ਼ ਨੂੰ ਬਹੁਤ ਹੱਦ ਤੱਕ ਠੱਲ੍ਹ ਪਈ। ਸਪਲਾਈ ਲਾਈਨ ਤੇ ਸੱਟ ਵੱਜਣ ਕਾਰਨ ਤਸਕਰਾਂ ਦਾ ਪੁਰਾਣਾ ਸਟਾਕ ਖਤਮ ਹੋ ਗਿਆ ਅਤੇ ਹੋਰ ਮਿਲਿਆ ਨਹੀਂ। ਨਸ਼ਿਆਂ ਤੇ ਜੁਰਮ ਦਾ ਆਪਸ ਵਿਚ ਡੂੰਘਾ ਰਿਸ਼ਤਾ ਹੈ। ਨਸ਼ੇ ਦੀ ਪ੍ਰਾਪਤੀ ਲਈ ਉਹ ਝਪਟਮਾਰੀ, ਲੁੱਟਾਂ-ਖੋਹਾਂ, ਠੱਗੀਆਂ, ਪਰਚੂਨ ਵਿਚ ਨਸ਼ੇ ਦੀ ਤਸਕਰੀ, ਚੋਰੀਆਂ ਅਤੇ ਲੜਾਈ-ਝਗੜੇ ਕਰਦਾ ਹੈ। ਪ੍ਰਤੀ ਸਾਲ ਆਬਾਦੀ ਵਿਚ ਜਿੱਥੇ ਅੰਦਾਜ਼ਨ 1.3 ਫੀਸਦੀ ਦਾ ਵਾਧਾ ਹੁੰਦਾ ਹੈ, ਉੱਥੇ ਨਸ਼ਾਖ਼ੋਰੀ ਵਿਚ 18-20 ਫੀਸਦੀ ਦਾ ਵਾਧਾ ਹੋਣਾ ਪੰਜਾਬ ਲਈ ਚਿੰਤਾ ਦਾ ਵਿਸ਼ਾ ਹੈ। ਤਾਲਾਬੰਦੀ ਤੋਂ ਪਹਿਲਾਂ ਜਨਵਰੀ-ਫਰਵਰੀ ਅਤੇ ਤਾਲਾਬੰਦੀ ਵਾਲੇ ਮਹੀਨਿਆਂ, ਮਾਰਚ-ਅਪਰੈਲ, ਦੇ ਅੰਕੜੇ ਦੱਸਦੇ ਹਨ ਕਿ ਇਸ ਮਸਲੇ ਨਾਲ ਜੁੜੇ ਮਾਮਲੇ ਅੰਦਾਜ਼ਨ 40 ਫੀਸਦੀ ਘੱਟ ਦਰਜ ਹੋਏ ਹਨ। ਭਾਰਤ ਵਿਚ 2008 ਤੋਂ 2018 ਤੱਕ, 10 ਸਾਲਾਂ ਵਿਚ ਡਰੱਗਜ਼ ਨਾਲ ਸਬੰਧਤ 25000 ਤੋਂ ਜ਼ਿਆਦਾ ਆਤਮ-ਹੱਤਿਆਵਾਂ ਹੋਈਆਂ ਜਿਨ੍ਹਾਂ ਵਿਚੋਂ 74 ਫੀਸਦੀ ਇਕੱਲੇ ਪੰਜਾਬ ਨਾਲ ਸਬੰਧਤ ਹਨ।

ਹੁਣ ਸਾਡੇ ਅੱਗੇ ਗੰਭੀਰ ਪ੍ਰਸ਼ਨ ਹੈ ਕਿ ਤਾਲਾਬੰਦੀ ਖੁੱਲ੍ਹਣ ਉਪਰੰਤ ਕੀ ਨਸ਼ਿਆਂ ਦੀ ਰੋਕਥਾਮ ਇੰਜ ਹੀ ਘੱਟ ਹੋ ਸਕੇਗੀ? ਨੈਪੋਲੀਅਨ ਬੋਨਾਪਾਰਟ ਨੇ ਲਿਖਿਆ ਹੈ, ਸਾਰੀਆਂ ਪ੍ਰਾਪਤੀਆਂ ਅਤੇ ਧਰਤੀ ਦੀਆਂ ਸਾਰੀਆਂ ਅਮੀਰੀਆਂ ਦੀ ਸ਼ੁਰੂਆਤ ਵਿਚਾਰ ਕਰਨ ਅਤੇ ਸੋਚਣ ਨਾਲ ਹੀ ਸ਼ੁਰੂ ਹੁੰਦੀ ਹੈ। ਨਸ਼ਿਆਂ ਦੇ ਭਵਿੱਖ ਵਿਚ ਰੋਕਥਾਮ ਤੇ ਚਰਚਾ ਕਰਨ ਤੋਂ ਪਹਿਲਾਂ ਤਾਲਾਬੰਦੀ ਦੇ ਦਰਮਿਆਨ ਨਸ਼ਿਆਂ ਨਾਲ ਸਬੰਧਤ ਜੋ ਮਾਰੂ ਅਤੇ ਦਿਲ ਕੰਬਾਊ ਘਟਨਾਵਾਂ ਸਾਡੇ ਸਾਹਮਣੇ ਆਈਆਂ ਹਨ ਉਨ੍ਹਾਂ ਵਿਚੋਂ ਕੁਝ ਬਾਰੇ ਚਰਚਾ ਜ਼ਰੂਰੀ ਹੈ। 20 ਅਪਰੈਲ ਨੂੰ ਮਾਨਸਾ ਦੇ ਪੁਲੀਸ ਮੁਲਾਜ਼ਮ ਦਾ ਪੁੱਤਰ ਪਹਿਲਾਂ ਸਰਦੂਲਗੜ੍ਹ ਲਾਗੇ ਪਿੰਡ ਕੋਟੜਾ ਪੁੱਜਿਆ, ਉਥੋਂ ਆਪਣੇ ਦੋਸਤ ਨੂੰ ਨਾਲ ਲੈ ਕੇ ਹਰਿਆਣਾ ਦੇ ਪਿੰਡ ਰੋੜੀ ਵਿਚ ਨਸ਼ਾ ਤਸ਼ਕਰ ਦੇ ਘਰ ਗਿਆ। ਉਥੇ ਹੀ ਨਸ਼ਾ ਕੀਤਾ ਅਤੇ ਓਵਰਡੋਜ਼ ਨਾਲ ਦੋਹਾਂ ਦੀ ਮੌਤ ਹੋ ਗਈ। ਹੈਰਾਨੀ ਇਸ ਗੱਲ ਦੀ ਹੈ ਕਿ ਬਿਨਾਂ ਕਰਫਿਊ ਪਾਸ ਦੋਹਾਂ ਦਾ ਪੰਜਾਬ ਦੀ ਸਰਹੱਦ ਪਾਰ ਕਰ ਕੇ ਹਰਿਆਣੇ ਪ੍ਰਾਂਤ ਦੇ ਪਿੰਡ ਵਿਚ ਜਾਣਾ ਅਮਨ ਕਾਨੂੰਨ ਵਿਵਸਥਾ ਤੇ ਪ੍ਰਸ਼ਨ ਚਿੰਨ੍ਹ ਲਾਉਂਦਾ ਹੈ। ਇਹ ਤਾਂ ਉਨ੍ਹਾਂ ਦੀ ਬਦਕਿਸਮਤੀ ਹੈ ਕਿ ਨਸ਼ੇ ਦੀ ਓਵਰਡੋਜ਼ ਨਾਲ ਮੌਤ ਹੋ ਗਈ, ਨਹੀਂ ਤਾਂ ਹੋ ਸਕਦਾ ਸੀ ਕਿ ਉਨ੍ਹਾਂ ਨੇ ਤਸ਼ਕਰ ਕੋਲੋਂ ਹੋਰ ਨਸ਼ਾ ਵੀ ਲੈ ਕੇ ਆਉਣਾ ਸੀ। ਇਉਂ ਹੀ ਤਾਲਾਬੰਦੀ ਦਰਮਿਆਨ ਮੱਖੂ ਲਾਗੇ ਇੱਕ ਪਿੰਡ ਵਿਚ ਨੌਜਵਾਨਾਂ ਨੇ ਗੈਰ ਵਿਅਕਤੀਆਂ ਦੇ ਪਿੰਡ ਵਿਚ ਦਾਖ਼ਲਾ ਰੋਕਣ ਲਈ ਪਹਿਰਾ ਲਾਇਆ ਹੋਇਆ ਸੀ। ਬਾਹਰਲੇ ਦੋ ਵਿਅਕਤੀ ਜਦੋਂ ਨਸ਼ੇ ਦੀ ਸਪਲਾਈ ਲਈ ਪਿੰਡ ਵਿਚ ਜਾਣ ਲੱਗੇ ਤਾਂ ਉਨ੍ਹਾਂ ਨੂੰ ਰੋਕਿਆ ਗਿਆ। ਨਸ਼ੇ ਦੇ ਤਸਕਰਾਂ ਨੇ ਬਿਨਾਂ ਕਿਸੇ ਡਰ-ਭੈਅ ਤੋਂ ਉਨ੍ਹਾਂ ਤੇ ਗੋਲੀ ਚਲਾ ਦਿੱਤੀ। ਪਹਿਰਾ ਦੇਣ ਵਾਲਿਆਂ ਵਿਚੋਂ ਇੱਕ ਦੀ ਮੌਤ ਹੋ ਗਈ ਅਤੇ ਦੂਜਾ ਜ਼ਖ਼ਮੀ ਹੋ ਗਿਆ। ਪਿੰਡ ਵਾਸੀਆਂ ਦਾ ਕਹਿਣਾ ਹੈ ਕਿ ਅਜਿਹੇ ਅਣਮਨੁੱਖੀ ਵਰਤਾਰੇ ਨੂੰ ਰੋਕਣ ਲਈ ਚਾਰ ਦਿਨ ਪਹਿਲਾਂ ਮਖੂ ਥਾਣੇ ਵਿਚ ਦਰਖਾਸਤ ਦਿੱਤੀ ਗਈ ਸੀ।

ਇਸ ਤਰੀਕੇ ਨਾਲ ਹੀ ਬਠਿੰਡਾ ਦੇ ਚਾਰ ਤਸ਼ਕਰ ਕਾਰ ਰਾਹੀਂ ਦਿੱਲੀ ਤੋਂ ਬਠਿੰਡਾ ਹੈਰੋਇਨ ਲਿਆਉਣ ਵਿਚ ਕਾਮਯਾਬ ਹੋ ਗਏ। ਉਨ੍ਹਾਂ ਵਿਚੋਂ ਇੱਕ ਦੀ ਲੱਤ ਤੇ ਪਲੱਸਤਰ ਲਾ ਕੇ ਉਸ ਨੂੰ ਮਰੀਜ਼ ਬਣਾਇਆ ਗਿਆ ਅਤੇ ਦੂਜੇ ਤਿੰਨ ਉਸ ਦੀ ਦੇਖ ਭਾਲ ਦੀ ਆੜ ਲੈ ਕੇ ਬਠਿੰਡੇ ਤੋਂ ਦਿੱਲੀ ਜਾ ਕੇ ਹੈਰੋਇਨ ਖਰੀਦ ਲਿਆਏ। ਦਿੱਲੀ, ਹਰਿਆਣਾ ਅਤੇ ਪੰਜਾਬ ਦੀ ਪੁਲੀਸ ਨੂੰ ਉਹ ਧੋਖਾ ਦੇਣ ਵਿਚ ਕਾਮਯਾਬ ਹੋ ਗਏ ਪਰ ਆਖ਼ਰ ਬਠਿੰਡਾ ਲਾਗੇ ਪਿੰਡ ਨੰਦਗੜ੍ਹ ਕੋਲ ਉਹ ਪੁਲੀਸ ਦੇ ਕਾਬੂ ਆ ਗਏ। ਇੱਦਾਂ ਹੀ ਦੋ ਹੋਰ ਤਸਕਰ ਜਾਅਲੀ ਕਰਫਿਊ ਪਾਸ ਬਣਾ ਕੇ ਦਿੱਲੀ ਤੋਂ ਹੈਰੋਇਨ ਲੈ ਆਏ ਅਤੇ ਬਠਿੰਡਾ ਪਹੁੰਚਣ ਤੇ ਉਨ੍ਹਾਂ ਨੂੰ ਹੈਰੋਇਨ ਸਮੇਤ ਦਬੋਚ ਲਿਆ ਗਿਆ। ਅਜਿਹੇ ਕਈ ਕੇਸ ਸੰਗਰੂਰ, ਲੁਧਿਆਣਾ, ਜਗਰਾਉਂ, ਮੋਗਾ ਆਦਿ ਸ਼ਹਿਰਾਂ ਵਿਚ ਵੀ ਸਾਹਮਣੇ ਆਏ ਹਨ। ਖੰਨਾ ਅਤੇ ਰਾਜਪੁਰੇ ਲਾਗੇ ਤਾਲਾਬੰਦੀ ਦਰਮਿਆਨ ਜਾਅਲੀ ਸ਼ਰਾਬ ਦੀਆਂ ਫੈਕਟਰੀਆਂ ਫੜਨਾ ਜਿਸ ਵਿਚ ਬੋਟਲਿੰਗ ਪਲਾਂਟ ਵੀ ਲੱਗੇ ਹੋਏ ਸਨ, ਚਿੰਤਾ ਵਾਲੀ ਗੱਲ ਹੈ। ਚਰਚਾ ਇਸ ਗੱਲ ਦੀ ਹੈ ਕਿ ਸਿਆਸੀ ਸਰਪ੍ਰਸਤੀ ਨੇ ਕਾਨੂੰਨ ਦਾ ਕੱਦ ਬੌਣਾ ਕਰ ਦਿੱਤਾ ਹੈ ਅਤੇ ਫੈਕਟਰੀ ਦੇ ਮਾਲਕਾਂ ਦੀ ਗ੍ਰਿਫ਼ਤਾਰੀ ਵੀ ਨਹੀਂ ਹੋਈ। ਸਬੰਧਤ ਫਾਈਲਾਂ ਆਬਕਾਰੀ ਵਿਭਾਗ ਅਤੇ ਪੁਲੀਸ ਵਿਭਾਗ ਕੋਲ ਪਈਆਂ ਧੂੜ ਫੱਕ ਰਹੀਆਂ ਹਨ। ਦੁਖਾਂਤ ਇਸ ਗੱਲ ਦਾ ਵੀ ਹੈ ਕਿ ਪੰਜਾਬ ਦੀਆਂ ਪੰਚਾਇਤਾਂ ਆਪੋ-ਆਪਣੇ ਪਿੰਡਾਂ ਵਿਚ ਸ਼ਰਾਬ ਦੇ ਠੇਕੇ ਨਾ ਖੋਲ੍ਹਣ ਲਈ ਸਾਲ 2009 ਤੋਂ ਲਗਾਤਾਰ ਮਤੇ ਪਾ ਰਹੀਆਂ ਹਨ ਪਰ ਉਨ੍ਹਾਂ ਵਿਚੋਂ ਬਹੁਤ ਸਾਰੀਆਂ ਪੰਚਾਇਤਾਂ ਦੇ ਮਤਿਆਂ ਨੂੰ ਇਸ ਕਰ ਕੇ ਅਪ੍ਰਵਾਨ ਕੀਤਾ ਗਿਆ ਕਿਉਂਕਿ ਉਸ ਪਿੰਡ ਵਿਚ ਕਿਸੇ ਨਾ ਕਿਸੇ ਤੇ 8-9 ਸ਼ਰਾਬ ਦੇ ਠੇਕੇ ਦੀਆਂ ਬੋਤਲਾਂ ਮਿਲਣ ਕਾਰਨ ਮੁਕੱਦਮਾ ਦਰਜ ਹੋ ਗਿਆ ਸੀ। ਇੱਕ ਪਾਸੇ 8-9 ਬੋਤਲਾਂ ਪ੍ਰਾਪਤ ਹੋਣ ਤੇ ਪੰਚਾਇਤੀ ਮਤਿਆਂ ਨੂੰ ਦਰਕਿਨਾਰ ਕੀਤਾ ਗਿਆ, ਦੂਜੇ ਪਾਸੇ ਸ਼ਰਾਬ ਦੀਆਂ ਹਜ਼ਾਰਾਂ ਪੇਟੀਆਂ ਬਰਾਮਦ ਹੋਣ ਤੇ ਆਬਕਾਰੀ ਅਤੇ ਪੁਲੀਸ ਵਿਭਾਗ ਦੀ ਖਾਮੋਸ਼ੀ ਸ਼ੰਕੇ ਪੈਦਾ ਕਰਦੀ ਹੈ।

ਤਾਲਾਬੰਦੀ ਦਰਮਿਆਨ ਜਦੋਂ ਚੱਪੇ ਚੱਪੇ ਤੇ ਪੁਲੀਸ ਖੜ੍ਹੀ ਹੈ, ਪਿੰਡਾਂ ਵਿਚ ਵੀ ਲੋਕ ਪਹਿਰੇਦਾਰੀ ਕਰਦੇ ਰਹੇ, ਇਸ ਦੇ ਬਾਵਜੂਦ ਜੇ ਸਮਾਜ ਦੋਖ਼ੀ ਅਜਿਹੀਆਂ ਹਰਕਤਾਂ ਤੋਂ ਬਾਜ਼ ਨਹੀਂ ਆ ਰਹੇ, ਫਿਰ ਭਲਾ ਤਾਲਾਬੰਦੀ ਉਪਰੰਤ ਜੋ ਹਾਲਤ ਹੋਵੇਗੀ, ਉਸ ਦਾ ਅੰਦਾਜ਼ਾ ਸਹਿਜੇ ਹੀ ਲੱਗ ਸਕਦਾ ਹੈ। ਕਈ ਥਾਈਂ ਪਿੰਡ ਦੀ ਪਹਿਰੇਦਾਰੀ ਕਰਦਿਆਂ ਕਈ ਅਜਿਹੇ ਪੁਲੀਸ ਕਰਮਚਾਰੀ ਵੀ ਪਿੰਡ ਵਾਸੀਆਂ ਨੇ ਫੜੇ ਜਿਹੜੇ ਵਰਦੀ ਦੀ ਆੜ ਵਿਚ ਤਸਕਰਾਂ ਤੋਂ ਨਸ਼ਾ ਲੈਣ ਲਈ ਪਿੰਡ ਵਿਚ ਦਾਖਲ ਹੋ ਰਹੇ ਸਨ ਪਰ ਲੋਕਾਂ ਦੇ ਏਕੇ ਅੱਗੇ ਅਜਿਹਾ ਸੰਭਵ ਨਹੀਂ ਹੋ ਸਕਿਆ। ਉਂਜ ਸਮਾਜ ਚਿੰਤਕ ਚਿੰਤਾ ਵਿਚ ਇਹ ਜ਼ਰੂਰ ਸੋਚਦੇ ਹਨ, ਜਦੋਂ ਮਾਲੀਆਂ ਦੀ ਅੱਖ ਦਗ਼ਾਬਾਜ਼ਾਂ ਨਾਲ ਰਲ ਜਾਵੇ ਤਾਂ ਮਹਿਕਾਂ ਦੀ ਪੱਤ ਰੁਲ ਜਾਂਦੀ ਹੈ। ਖਾਕੀ ਵਰਦੀ ਤੇ ਪਏ ਨਸ਼ਿਆਂ ਦੇ ਧੱਬਿਆਂ ਕਾਰਨ ਪੁਲੀਸ ਵਿਭਾਗ ਨੂੰ ਨਾਮੋਸ਼ੀ ਵੀ ਝੱਲਣੀ ਪਈ ਹੈ।

ਮਨੋਵਿਗਿਆਨੀਆਂ ਅਤੇ ਸਮਾਜ ਚਿੰਤਕਾਂ ਨੇ ਸਮਾਜ ਨੂੰ ਨਸ਼ਾ ਮੁਕਤ ਕਰਨ ਲਈ ਦੋ ਤਰ੍ਹਾਂ ਦੇ ਸੁਝਾਅ ਦਿੱਤੇ ਹਨ:

ੳ) ਪੂਰਨ ਤੌਰ ਤੇ ਸਖ਼ਤੀ ਅਤੇ ਸਪਲਾਈ ਲਾਈਨ ਕੱਟੀ ਜਾਵੇ ਪਰ ਇਹ ਹੱਲ ਸਥਾਈ ਨਹੀਂ ਹੈ। ਸਖ਼ਤੀ ਵਿਚ ਥੋੜ੍ਹੀ ਜਿਹੀ ਢਿੱਲ ਨਾਲ ਹੀ ਮੰਗ ਅਤੇ ਸਪਲਾਈ ਲਾਈਨ ਵਿਚ ਵਾਧਾ ਹੋ ਜਾਵੇਗਾ।

ਅ) ਨਸ਼ੱਈਆਂ ਨੂੰ ਜ਼ਿੰਦਗੀ ਦਾ ਖਲਨਾਇਕ ਨਹੀਂ, ਪੀੜਤ ਸਮਝ ਕੇ ਉਨ੍ਹਾਂ ਦਾ ਇਲਾਜ ਕੀਤਾ ਜਾਵੇ।

ਨਸ਼ੇ ਦੇ ਤਸਕਰਾਂ ਨੂੰ ਮੁੱਖ ਧਾਰਾ ਵਿਚ ਲਿਆਉਣ ਲਈ ਹਰ ਸੰਭਵ ਯਤਨ ਕੀਤਾ ਜਾਵੇ। ਜਿਹੜੇ ਫਿਰ ਵੀ ਬਾਜ਼ ਨਹੀਂ ਆਉਂਦੇ, ਉਨ੍ਹਾਂ ਦੀਆਂ ਜਾਇਦਾਦਾਂ ਜ਼ਬਤ ਕੀਤੀਆਂ ਜਾਣ ਅਤੇ ਕਾਨੂੰਨ ਅਨੁਸਾਰ ਕਰੜੀ ਤੋਂ ਕਰੜੀ ਸਜ਼ਾ ਦਿੱਤੀ ਜਾਵੇ। ਦਰਅਸਲ ਸਮਾਜ ਉਨ੍ਹਾਂ ਦੀ ਚਿੰਤਾ ਨਹੀਂ ਕਰਦਾ ਜਿਹੜੇ ਜੇਲ੍ਹਾਂ ਵਿਚ ਹਨ ਸਗੋਂ ਉਨ੍ਹਾਂ ਦੀ ਚਿੰਤਾ ਕਰਦਾ ਹੈ ਜਿਹੜੇ ਹੋਣੇ ਜੇਲ੍ਹਾਂ ਵਿਚ ਚਾਹੀਦੇ ਹਨ ਪਰ 'ਸਮਾਜ ਸੇਵਕ' ਜਾਂ ਫਿਰ 'ਸਿਆਸੀ ਆਗੂ' ਦਾ ਮਖੌਟਾ ਲਾ ਕੇ ਦਨਦਨਾਉਂਦੇ ਫਿਰਦੇ ਹਨ। ਅਸਲ ਵਿਚ ਨਸ਼ਿਆਂ ਤੋਂ ਆਜ਼ਾਦੀ ਪ੍ਰਾਪਤ ਕਰਨ ਨਾਲ ਹੀ ਭੁੱਖਮਰੀ, ਤਸਕਰੀ, ਪਰਿਵਾਰ ਦੀ ਤਬਾਹੀ, ਬਿਮਾਰੀਆਂ ਤੋਂ ਆਜ਼ਾਦੀ ਪ੍ਰਾਪਤ ਹੋਵੇਗੀ।

ਜੇਕਰ ਅਜਿਹਾ ਸੰਭਵ ਨਾ ਹੋਇਆ ਅਤੇ ਚਿਹਰੇ ਤੇ ਪਈ ਧੂੜ ਨੂੰ ਸਾਫ ਕਰਨ ਦੀ ਥਾਂ ਸੀਸ਼ਾ ਸਾਫ ਕਰਦੇ ਰਹੇ, ਸਿਰ ਤੇ ਲੱਗੀ ਸੱਟ ਦੇ ਇਲਾਜ ਦੀ ਥਾਂ ਪੈਰ ਤੇ ਮਰ੍ਹਮ ਪੱਟੀ ਕਰਦੇ ਰਹੇ ਤਾਂ ਪੰਜਾਬ ਦਾ ਭਵਿੱਖ ਸਾਡੀ ਹੋਣੀ ਤੇ ਕੀਰਨੇ ਪਾਉਂਦਾ ਰਹੇਗਾ ਅਤੇ ਅਸੀਂ ਬੁਜ਼ਦਿਲਾਂ ਦੀ ਕਤਾਰ ਵਿਚ ਸ਼ਾਮਲ ਹੋਵਾਂਗੇ। ਸਿਆਸੀ ਆਗੂ, ਸਮਾਜ ਸੇਵੀ, ਧਾਰਮਿਕ ਆਗੂ, ਅਧਿਆਪਕ, ਬੁਧੀਜੀਵੀ ਵਰਗ, ਪੱਤਰਕਾਰ ਭਾਈਚਾਰਾ, ਵੱਖ ਵੱਖ ਜਥੇਬੰਦੀਆਂ ਇਸ ਗੱਲ ਬਾਰੇ ਚਿੰਤਨ ਕਰਨ ਕਿ ਹੋਰ ਮਸਲਿਆਂ ਨੂੰ ਲੈ ਕੇ ਧਰਨੇ ਮੁਜ਼ਾਹਰੇ ਹੁੰਦੇ ਰਹਿੰਦੇ ਹਨ, ਕ੍ਰਿਕਟ ਦਾ ਮੈਚ ਜਿਤਾਉਣ ਲਈ ਅਰਦਾਸਾਂ, ਪਾਠ, ਹਵਨ ਆਦਿ ਕਰਵਾਉਣ ਦੀ ਚਰਚਾ ਵੀ ਸੁਣੀ ਜਾਂਦੀ ਹੈ ਪਰ ਕੀ ਕਦੇ ਨਸ਼ਿਆਂ ਦੇ ਹੜ੍ਹ ਵਿਚ ਰੁੜ੍ਹਦੀ ਜਵਾਨੀ ਨੂੰ ਬਚਾਉਣ ਲਈ ਹਾਅ ਦਾ ਨਾਅਰਾ ਮਾਰਿਆ ਹੈ? ਜੇਕਰ ਅਜਿਹਾ ਸੰਭਵ ਹੋਇਆ, ਫਿਰ ਹੀ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਇਹ ਸ਼ਬਦ ਵਖਤੁ ਵੀਚਾਰੇ ਸੁ ਬੰਦਾ ਹੋਇ॥ ਨੂੰ ਅਮਲੀ ਜਾਮਾ ਪਹਿਨਾਇਆ ਜਾ ਸਕੇਗਾ।

# Gandhi Has Got To Go

## Speech at Davis, CA, USA Gandhi Statue



Yesterday [19 June 2020] marked the 155th anniversary of Juneteenth, the day celebrating the final liberation of African-Americans from slavery. The struggle did not end there. It continued for decades as African-Americans faced segregation, discrimination, systemic racism. It continues even today as our country is still dotted by statues of Confederates — statues of people who fought a war to preserve slavery.

Today, these statues are being torn down — sometimes through legal processes and sometimes by understandably infuriated crowds angry over the ongoing glorification of slave-holders.

These statues should be taken down. But there's at least one useful thing about these statues. At least they stand for what we expect. They symbolize what they are intended to symbolize. They represent exactly what we think they represent. There is no confusion. What you see is what you get: a statue of a racist.

In our complex world, however, what you see is not always what you get. The path we must take in the struggle to free our society from racism is more clearly marked if and when the history we are taught truthfully reveals that yes, this person who is elevated on a pedestal and glorified through a statue was, actually, a racist.

We face a more complicated journey when confronted by statues of people who, we are told, represented justice, equality, and peace and yet, actually and in fact, represented the exact opposite.

As in the case of Mohandas Gandhi.

"Whether it was Martin Luther King Jr. or Nelson Mandela, the basis of their ideas was Mahatma Gandhi — it was Gandhi's vision." That's what Indian Prime Minister Narendra Modi said last year to commemorate the 150th birthday of the so-called "Mahatma" or "Great Soul."

Thus, we are told, the struggle for black liberation — from the United States of America to South Africa — owes its very existence to Gandhi.

The "Gandhi" movie was released in 1982. This Hollywood depiction of the Indian icon is the narrative about Gandhi with which most people in the West are familiar. What was not advertised, however, is that the Indian government funded the film.

Nor did anyone want to advertise what the Indian government, while paying to promote Gandhi as a cult figure, was actually doing to people in India.

Five years before the "Gandhi" movie was released, the Indian government was still imposing an "Emergency" on the country. They suspended elections, imprisoned and tortured journalists and political opponents across the country, and forcibly sterilized millions upon millions of Muslims, Dalits (those formerly known as "Untouchables"), and others.

In 1984, two years after the "Gandhi" movie was released, the Indian government led a genocide against Sikhs in New Delhi — the capital of the country — and other areas, killing thousands upon thousands. Butchering them in the streets.

In the 1990s, the Indian police and army disappeared tens of thousands of Kashmiris and Punjabis, creating widows and orphans en masse — at the same time, the Indian government was paying to install hundreds of statues and busts of Gandhi all around the world.

They were still going at it hard in the early 2000s when violence erupted in Gujarat — Gandhi's birthplace.

"Erupted" is not exactly the correct term for the organized slaughter. It was a pogrom. For three days, Modi — who is now prime minister of India — oversaw the systematic extermination of thousands of Muslims by mobs affiliated with his political party and supported by the police.

A few years later, in another state, Modi's political party — the BJP — massacred Christians.

But what do we hear today?

"The world bows to you, beloved Bapu," said Modi on Gandhi's last birthday. Modi called Gandhi "the best teacher to guide us," said he "epitomized trust among all sections of society," and insisted that he "envisioned a world where every citizen has dignity and prosperity."

Two months after Modi bowed to Gandhi as his guide, the BJP passed a new citizenship law that made religion the basis for becoming an Indian citizen. The law is intended to be combined with a proposed National Register of Citizens. Coupled together, these laws provide a legal route for the BJP to begin cleansing the land of Muslims — and, ultimately, of all non-Hindus. Two months after that, the BJP — with collaboration from the police — staged an anti-Muslim pogrom in New Delhi.

And yet, the BJP's Modi tells us: "As long as Gandhiji's philosophy remains embedded in humanity, he will remain relevant and continue to inspire us."

Hiding behind the mask of Gandhi as the so-called "Father of India," the violent and supremacist rulers of that country today use "Gandhiplomacy" or "propaGandhi" as a foreign policy weapon to conceal their atrocities and divert attention from their constant and most egregious violations of human rights.

Yet what if Gandhi is only able to be used to whitewash the BJP's atrocities because Gandhi himself has been whitewashed?

What will we find if we strip away *Gandhi's* mask?

What if Gandhi did not represent what we are told he represented? What if the story we think is really true is actually propaganda? What if the statues of Gandhi do not symbolize what they are intended to symbolize? What if we've been fed poison passed off as sugar? What if Gandhi was actually a champion of racial *in*equality?

The hard fact of the matter is that Gandhi was, actually, a champion of racial inequality.

Gandhi's anti-black racism is widely acknowledged today, although rarely closely examined and often quickly excused. According to his grandson, Gandhi was "at times ignorant and prejudiced about South Africa's blacks." That's an understatement.

Gandhi lived in South Africa for 21 years. He spent a huge portion of his professional life there. He didn't leave until he was 45 years old. And while he was there, yes, he said a lot of racist things. A lot of *very* racist things.

He called black Africans "savages" and said that they "are very lazy," "are of no use," and are "as a rule uncivilized." He called Africans "the children of black heathendom and outer darkness" and claimed that an African's "sole ambition is to collect a certain number of cattle to buy a wife with and, then, pass his life in indolence and nakedness."

Time and time again, Gandhi argued that special taxes, passes, and registrations were necessary for Africans but wrong for Indians because — he said — Indians were hard workers but Africans did not work at all.

Over and over again, Gandhi told the white colonizers it was an "insult" and a "gross injustice" for Indians to be classed with Africans. Gandhi told the colonizers: "Indians... are undoubtedly infinitely superior to the Africans." Gandhi even told the colonizers that Indians and Europeans belong to the same "stock" — "the Aryan stock."

While the Africans sweated and bled under the oppression of colonialism, Gandhi was hobnobbing with the colonizers, telling them that he believed in "the purity of race," that he wanted "the purity of *all* the races and not one alone," and that he thought that "the white race in South Africa should be the predominating race."

And — here's the important part — Gandhi didn't just *say* racist things. He *demanded* racial segregation. And he joined the white colonizers in a war to exterminate African freedom fighters.

For fifteen years, from 1895 to 1910, Gandhi campaigned — sometimes successfully — for segregating Africans from Indians in neighborhoods, schools, post offices, trains, prisons, and even on footpaths.

Gandhi was 36 years old when he begged the colonizers to allow Indians to play their part in a war against Zulu rebels, when he raised a special fund and sent care packages to the colonial British soldiers fighting those Zulus, and when he ordered Indians to volunteer for military service to fight Africans because "now is the time when the leading whites want us to take this step."

Then Gandhi *partnered* with the colonizers in their war against the Zulus — and afterwards insisted that there was no reason for outrage over the "great atrocities" perpetrated "by the whites" on the Africans.

For a man who is championed as a "Great Soul" and pushed as a saint for the African-American civil rights struggle, Gandhi sure is a strange choice.

Gandhi never changed.

Was it just the "young" and "immature" Gandhi before he evolved? That's what some suggest to whitewash the racism and demands for segregation that were repeatedly raised by an exceptionally well-educated man in his 30s and 40s. Gandhi never changed. He never acknowledged his words or his actions. He never apologized for them. And he definitely never took responsibility for them.

Instead, Gandhi moved back to India and switched from promoting racism to promoting casteism — and then he threw being a sexual predator into the mix. Ranging from "hateful soul" in South Africa to "great asshole" in India, Gandhi was certainly a mixed bag. But he was not a Mahatma.

"Great soul," after all, is not usually a term that we reserve for men in their 70s who force their teenage relatives to sleep naked with them. "Convict," maybe. But not Mahatma.

"Gandhi was never tempted by power," Prime Minister Modi tells us. But Indian feminist Rita Banerji tells a different story. She says: "I saw Gandhi as a classic example of a sexual predator — a man who uses his position of power to manipulate and sexually exploit the people he directly controls."

The statue behind me was paid for by the Indian government. It was first installed in 2016. Indian-Americans who protested the installation warned the city government who they were honoring. "Gandhi was a child molester," said former Yuba City councillor Tej Maan. "He was a predator on members of his own family — young women," said Sacramento attorney Amar Singh Shergill.

The City of Davis ignored the truth.

Amar Singh Shergill also said, "If the statue can go up, it can come down." That's what happened to a statue of Gandhi in Ghana that was installed at the same time as the one here in Davis. Two years after it was installed, it was torn down. Around the world, Gandhi's statues are being blocked, protested, and even vandalized because of his racist legacy.

Here in America, we are pulling down Confederate statues because they symbolize exactly what they're intended to symbolize. Racism.

Gandhi, a man whose real legacy is racism, casteism, and sexual abuse, has been falsely projected as a civil rights hero. He has robbed our true civil rights heroes of their rightful place. The Gandhi statues around the world do *not* symbolize what we are told they are intended to symbolize.

It's time to start being honest about history and truthful about what symbols actually symbolize. History grounded in reality reveals that statues of Gandhi are actually symbols of *racism*.

Whether it's for the Africans whose rights he trampled on, or for the Dalits who suffer from his support for the caste system, or for the women he preyed upon, or for the minorities in modern India whose oppression is whitewashed by propaGandhi, one thing is clear: Gandhi has got to go.

# ਸਾਜਿਸ਼ ਨਾਲ ਬਰਬਾਦ ਕੀਤੇ ਜਾ ਰਹੇ 'ਪੰਜਾਬ' ਨੂੰ ਬਚਾਉਣ ਲਈ ਸੁਹਿਰਦ ਆਗੂ ਇਕੱਠੇ ਹੋਣ !




*ਦੇਸ਼ ਅਜ਼ਾਦ ਹੋਣ ਤੋਂ ਤੁਰੰਤ ਬਾਅਦ ਸਿੱਖਾਂ ਨੂੰ ਉਦੋਂ ਪਤਾ ਲਗ ਗਿਆ ਜਦੋਂ ਸਿੱਖਾਂ ਦੇ ਸਰਬ ਪ੍ਰਵਾਨਿਤ ਲੀਡਰ ਜੋ ਆਪਣੀ ਈਮਾਨਦਾਰੀ ਤੇ ਸਮਰਪਿਤ ਭਾਵਨਾ ਕਾਰਨ 1930 ਤੋਂ 1961 ਤੱਕ ਛੇ ਵਾਰ ਅਕਾਲੀ ਦਲ ਦੇ ਸਭ ਤੋਂ ਵੱਧ ਵਾਰ ਪ੍ਰਧਾਨ ਬਣਨ ਵਾਲੇ ਮਾ. ਤਾਰਾ ਸਿੰਘ ਤੇ ਕਈ ਹੋਰ ਆਗੂਆਂ ਨੇ ਜਦੋਂ ਪ੍ਰਧਾਨ ਮੰਤਰੀ ਪੰਡਤ ਜਵਾਹਰ ਲਾਲ ਨਹਿਰੂ ਨੂੰ ਜੋ ਉਨ੍ਹਾਂ ਨੇ ਅਜ਼ਾਦੀ ਤੋਂ ਪਹਿਲਾਂ ਸਿੱਖਾਂ ਨਾਲ ਕੀਤੇ ਵਾਅਦਿਆਂ ਨੂੰ ਪੂਰਾ ਕਰਨ ਲਈ ਯਾਦ ਕਰਾਇਆ ਤਾਂ ਸਿੱਖ ਆਗੂ ਇਹ ਸੁਣ ਕੇ ਸੁੰਨ ਤੇ ਦੰਗ ਹੋ ਗਏ*

ਖਿਆਲ ਕੀਤਾ ਜਾਂਦਾ ਹੈ ਕਿ ਕੁਝ ਸਮੇਂ ਬਾਅਦ ਇਤਿਹਾਸ ਆਪਣੇ ਆਪ ਨੂੰ ਦੁਹਰਾਉਂਦਾ। ਜਦੋਂ ਮਹਾਰਾਜਾ ਰਣਜੀਤ ਸਿੰਘ ਦੀ ਮੌਤ ਤੋਂ ਬਾਅਦ ਡੋਗਰੇ ਗਦਾਰੀ ਕਰਕੇ ਤੇ ਅੰਗਰੇਜ਼ਾਂ ਨਾਲ ਰੱਲ ਕੇ ਸਿੱਖ ਰਾਜ ਨੂੰ ਖਤਮ ਕਰਨ ਵੱਲ ਲੱਗੇ ਹੋਏ ਸਨ ਤਾਂ ਇਸ ਤੇ ਦੁੱਖ ਦਾ ਇਜ਼ਹਾਰ ਕਰਦਿਆਂ ਪੰਜਾਬੀ ਦੇ ਮਸ਼ਹੂਰ ਕਵੀ ਸ਼ਾਹ ਮੁਹੰਮਦ ਨੂੰ ਆਪਣੀ ਵਾਰ 'ਜੰਗ ਸਿੰਘਾਂ ਤੇ ਫਿਰੰਗੀਆਂ' ਵਿੱਚ ਸਭਰਾਵਾਂ ਦੀ ਲੜਾਈ ਵਿਚ ਜਦੋਂ ਸਿੱਖਾਂ ਤੇ ਪੰਜਾਬੀਆਂ ਵਲੋਂ ਦਿਖਾਏ ਜੌਹਰ ਤੇ ਬਹਾਦਰੀ ਦੇ ਬਾਵਜੂਦ ਹਾਰ ਦਾ ਮੂੰਹ ਵੇਖਣਾ ਪਿਆ, ਨੂੰ ਇਸ ਤਰ੍ਹਾਂ ਬਿਆਨ ਕਰਨਾ ਪਿਆ ਕਿ "ਸ਼ਾਹ ਮੁਹੰਮਦਾ ਇਕ ਸਰਕਾਰ ਬਾਝੋਂ ਫੌਜਾਂ ਜਿੱਤ ਕੇ ਅੰਤ ਨੂੰ ਹਾਰੀਆਂ ਨੀ" ਭਾਵ ਕਿ ਸੁਯੋਗ ਲੀਡਰ ਦੀ ਅਣਹੋਂਦ ਕਾਰਨ ਸਿੰਘਾਂ ਨੂੰ ਹਾਰ ਦਾ ਮੂੰਹ ਵੇਖਣਾ ਪਿਆ। ਅੱਜ ਵੀ ਪੰਜਾਬ ਤੇ ਇਹ ਗੱਲ ਇੰਨ ਬਿੰਨ ਢੁੱਕ ਰਹੀ ਹੈ ਕਿ ਉ ਬਿਨ ਸੁਹਿਰਦ ਲੀਡਰਾਂ ਦੇ, ਬਰਬਾਦ ਕੀਤਾ ਤੇ ਉਜਾੜਿਆ ਜਾ ਰਿਹਾ ਹੈ ਪੰਜਾਬ।

ਪੰਜਾਬ ਦੇ ਇਹ ਉਹੋ ਹੀ ਲੋਕ ਹਨ ਜਿਨ੍ਹਾਂ ਨੇ ਹੋਈਆਂ ਸੰਸਾਰ ਜੰਗਾਂ ਵਿੱਚ ਦਿਖਾਈ ਬਹਾਦਰੀ ਕਾਰਨ ਧਾਂਕ ਜਮਾਈ ਸੀ ਭਾਵੇਂ ਇਹ ਗੱਲ ਪਹਿਲੀ ਸੰਸਾਰ ਜੰਗ ਦੀ ਹੋਵੇ ਜਾਂ ਫਿਰ ਦੂਜੀ ਸੰਸਾਰ ਦੀ ਜੰਗ ਦੀ ਕਿਉਂ ਨਾ ਹੋਵੇ। ਅੰਗਰੇਜ਼ਾਂ ਦੀ ਗੁਲਾਮੀ ਤੋਂ ਦੇਸ਼ ਨੂੰ ਅਜ਼ਾਦ ਕਰਾਉਣ ਲਈ ਵੀ ਪੰਜਾਬੀਆਂ ਵਿਸ਼ੇਸ਼ ਕਰਕੇ ਸਿੱਖਾਂ ਨੂੰ 90% ਤੋਂ ਵਧੇਰੇ ਕੁਰਬਾਨੀਆਂ ਦੇਣੀਆਂ ਪਈਆਂ। 1947 ਦੀ ਵੰਡ ਤੋਂ ਪਹਿਲਾਂ ਮੁਸਲਮਾਨਾਂ ਦੇ ਪਹਿਲੀ ਕਤਾਰ ਦੇ ਜਿਨਾਹ ਵਰਗੇ ਲੀਡਰ ਜਿਹੜੇ ਵੱਖਰਾ ਪਾਕਿਸਤਾਨ ਬਣਾਏ ਜਾਣ ਦੇ ਪਹਿਲਾਂ ਤਾਂ ਸਖਤ ਵਿਰੋਧੀ ਸਨ ਪਰ ਦੇਸ਼ ਦੇ ਹੋਰ ਆਗੂਆਂ ਪੰਡਤ ਜਵਾਹਰ ਲਾਲ ਨਹਿਰੂ, ਮਹਾਤਮਾ ਗਾਂਧੀ, ਸ੍ਰੀ ਵੱਲਭ ਭਾਈ ਪਟੇਲ ਆਦਿ ਹਿੰਦੂ ਲੀਡਰਾਂ ਦੀ ਕੱਟੜ ਹਿੰਦੂ ਫਿਰਕਾਪ੍ਰਸਤੀ ਸੋਚ ਨੂੰ ਭਾਂਪਦੇ ਹੋਏ ਬਾਅਦ ਵਿੱਚ ਉਨ੍ਹਾਂ ਨੂੰ ਹੀ ਵੱਖਰਾ ਪਾਕਿਸਤਾਨ ਲੈਣ ਲਈ ਬਜਿੱਦ ਹੋਣਾ ਪਿਆ। ਉਸ ਸਮੇਂ ਸਿੱਖਾਂ ਨੂੰ ਵੀ ਅੰਗਰੇਜ਼ਾਂ ਨੇ ਵੱਖਰਾ ਖਿੱਤਾ ਦੇਣ ਦੀ ਪੇਸ਼ਕਸ਼ ਵੀ ਕੀਤੀ ਸੀ ਪਰ ਸਿੱਖ ਲੀਡਰਾਂ ਨੂੰ ਇਨਾਂ ਕੱਟੜ ਫਿਰਕਾਪ੍ਰਸਤ ਆਗੂਆਂ ਨੇ ਇਤਨਾ ਭਰਮਾ ਲਿਆ ਤੇ ਵਾਅਦੇ ਕੀਤੇ ਗਏ ਕਿ 'ਅਜ਼ਾਦ ਭਾਰਤ ਵਿੱਚ ਉਨ੍ਹਾਂ ਦਾ ਆਪਣਾ ਅਜ਼ਾਦ ਖਿੱਤਾ ਹੋਵੇਗਾ', 'ਉਨ੍ਹਾਂ ਨੂੰ ਪੂਰਨ ਸਨਮਾਨ' ਦਿੱਤਾ ਜਾਵੇਗਾ ਵਗੈਰਾ ਵਗੈਰਾ। ਉਹ ਭੋਲੀ ਭਾਲੀ ਨਿਰਛੱਲ ਲੀਡਰਸ਼ਿਪ ਆਖਰ ਇਨ੍ਹਾਂ ਫਿਰਕਾਪ੍ਰਸਤਾਂ ਦੀਆਂ ਗੱਲਾਂ ਵਿਚ ਆ ਗਈ ਤੇ ਸਿੱਖਾਂ ਨੇ ਅੰਗਰੇਜ਼ਾਂ ਵਲੋਂ ਦਿੱਤੀ ਪੇਸ਼ਕਸ਼ ਨੂੰ ਠੁਕਰਾ ਦਿੱਤਾ ਤੇ ਇਨ੍ਹਾਂ ਆਗੂਆਂ ਦੀ ਗੱਲ 'ਤੇ ਇਤਬਾਰ ਕਰਦਿਆਂ ਅਜ਼ਾਦ ਭਾਰਤ ਵਿਚ ਆਪਸ ਵਿੱਚ ਰਲਮਿਲ ਕੇ ਨਾਲ ਰਹਿਣ ਦਾ ਮਨ ਬਣਾ ਲਿਆ।

ਉਸ ਸਮੇਂ ਸਿੱਖ ਲੀਡਰਾਂ ਨੂੰ ਇਸ ਗੱਲ ਦਾ ਉੱਕਾ ਹੀ ਕਿਆਸ ਨਹੀਂ ਸੀ ਕਿ ਇਹੀ ਆਗੂ ਇੰਨਾ ਧੱਕਾ ਤੇ ਬੇਇਨਸਾਫੀ ਪੰਜਾਬ, ਪੰਜਾਬੀਆਂ ਤੇ ਸਿੱਖਾਂ ਨਾਲ ਕਰਨਗੇ। ਇਹ ਵੀ ਦੱਸਿਆ ਜਾਂਦਾ ਹੈ ਕਿ ਉਸ ਸਮੇਂ ਕਿਸੇ ਹੋਰ ਗੈਰ ਸਿੱਖ ਆਗੂ ਨੇ ਇਹ ਵੀ ਯਾਦ ਕਰਾਇਆ ਸੀ ਕਿ ਤੁਸੀ ਇਨਾਂ ਫਿਰਕਾਪ੍ਰਸਤ ਹਿੰਦੂਆਂ ਦੀ 'ਗੁਲਾਮੀ' ਹੀ ਵੇਖੀ ਹੈ 'ਅਜਾਦੀ' ਨਹੀਂ। ਇਹ ਗੱਲ ਹੁਣ ਇੰਨ ਬਿੰਨ ਸੱਚ ਸਾਬਤ ਹੁੰਦੀ ਦਿਸ ਰਹੀ ਹੈ। ਦੇਸ਼ ਅਜ਼ਾਦ ਹੋਣ ਤੋਂ ਤੁਰੰਤ ਬਾਅਦ ਸਿੱਖਾਂ ਨੂੰ ਉਦੋਂ ਪਤਾ ਲਗ ਗਿਆ ਜਦੋਂ ਸਿੱਖਾਂ ਦੇ ਸਰਬ ਪ੍ਰਵਾਨਿਤ ਲੀਡਰ ਜੋ ਆਪਣੀ ਈਮਾਨਦਾਰੀ ਤੇ ਸਮਰਪਿਤ ਭਾਵਨਾ ਕਾਰਨ 1930 ਤੋਂ 1961 ਤੱਕ ਛੇ ਵਾਰ ਅਕਾਲੀ ਦਲ ਦੇ ਸਭ ਤੋਂ ਵੱਧ ਵਾਰ ਪ੍ਰਧਾਨ ਬਣਨ ਵਾਲੇ ਮਾ. ਤਾਰਾ ਸਿੰਘ ਤੇ ਕਈ ਹੋਰ ਆਗੂਆਂ ਨੇ ਜਦੋਂ ਪ੍ਰਧਾਨ ਮੰਤਰੀ ਪੰਡਤ ਜਵਾਹਰ ਲਾਲ ਨਹਿਰੂ ਨੂੰ ਜੋ ਉਨ੍ਹਾਂ ਨੇ ਅਜ਼ਾਦੀ ਤੋਂ ਪਹਿਲਾਂ ਸਿੱਖਾਂ ਨਾਲ ਕੀਤੇ ਵਾਅਦਿਆਂ ਨੂੰ ਪੂਰਾ ਕਰਨ ਲਈ ਯਾਦ ਕਰਾਇਆ ਤਾਂ ਸਿੱਖ ਆਗੂ ਇਹ ਸੁਣ ਕੇ ਸੁੰਨ ਤੇ ਦੰਗ ਹੋ ਗਏ ਜਦੋਂ ਸ੍ਰੀ ਨਹਿਰੂ ਨੇ ਇਕੋ ਟੁੱਕ ਨਾਂਹ ਪੱਖੀ ਉਨ੍ਹਾਂ ਨੂੰ ਜੁਆਬ ਦੇਂਦਿਆ ਕਿਹਾ ਸੀ ਕਿ 'ਹੁਣ ਸਮਾਂ' ਬੱਦਲ ਚੁੱਕਾ ਹੈ। ਇਸ ਤੋਂ ਭਾਰਤ ਦੇ ਆਗੂਆਂ ਦੀ ਨੀਅਤ ਜੱਗ ਜਾਹਰ ਹੋ ਗਈ ਸੀ।

ਸਾਰੇ ਸਿੱਖ ਇਹ ਵੀ ਜਾਣਦੇ ਹਨ ਕਿ ਇਸ ਅਜ਼ਾਦ ਭਾਰਤ ਦੇ ਪਹਿਲੇ ਬਣੇ ਗ੍ਰਹਿ ਮੰਤਰੀ ਸ੍ਰੀ ਵਲੱਭ ਭਾਈ ਪਟੇਲ ਨੇ ਇਕ ਪੱਤਰ ਜਾਰੀ ਕੀਤਾ। ਜਿਸ ਵਿੱਚ ਜ਼ਿਕਰ ਕੀਤਾ ਗਿਆ ਸੀ ਕਿ "ਸਿੱਖ ਇਕ ਜਰਾਇਮਪੇਸ਼ਾ ਕੌਮ ਹੈ, ਇਸ ਤੇ ਕਰੜੀ ਨਜ਼ਰ ਰੱਖੀ ਜਾਵੇ"। ਇਹ ਪਹਿਲਾ ਇਨਾਮ ਭਾਰਤ ਦੀ ਸਰਕਾਰ ਵਲੋਂ ਸਿੱਖਾਂ ਨੂੰ ਦਿੱਤਾ ਗਿਆ ਸੀ, ਜਿਸ ਕੌਮ ਨੇ ਦੇਸ਼ ਦੀ ਅਜ਼ਾਦੀ ਵਿਚ ਇੰਨੀਆਂ ਕੁਰਬਾਨੀਆਂ ਦਿੱਤੀਆਂ ਹੋਣ। ਭਾਰਤ ਦੇ ਸਾਰੇ ਸੂਬੇ ਬੋਲੀਆਂ ਦੇ ਅਧਾਰ ਤੇ ਤਾਂ ਬਣਾ ਦਿੱਤੇ ਗਏ ਪਰ "ਪੰਜਾਬੀ ਬੋਲੀ" ਦੇ ਅਧਾਰ 'ਤੇ ਸੂਬਾ ਬਣਾਉਣ ਲਈ ਪੰਜਾਬੀਆਂ ਵਿਸ਼ੇਸ਼ ਕਰਕੇ ਸਿੱਖਾਂ ਨੂੰ ਦੋ ਦਹਾਕੇ ਤੱਕ ਕਿੰਨੀ ਜਦੋਜਹਿਦ ਕਰਨੀ ਪਈ ਤੇ ਕਿੰਨੀਆਂ ਕੁਰਬਾਨੀਆਂ ਦੇਣੀਆਂ ਪਈਆਂ। ਪੰਜਾਬ ਦੇ ਹਿੰਦੂਆਂ ਨੇ ਆਪਣੀ ਮਾਂ ਬੋਲੀ ਪੰਜਾਬੀ ਹੋਣ ਦੇ ਬਾਵਜੂਦ ਉਸ ਨੂੰ ਵਿਸਾਰ ਦਿੱਤਾ ਤੇ ਲਾਲਾ ਜਗਤ ਨਰਾਇਣ ਵਰਗੇ ਆਰੀਆ ਸਮਾਜੀ ਆਗੂਆਂ ਦੇ ਕਹਿਣ ਤੇ ਭਾਰਤ ਸਰਕਾਰ ਵਲੋਂ ਕਰਾਈ ਮਰਦਮ ਸ਼ੁਮਾਰੀ ਵਿੱਚ ਉਨ੍ਹਾਂ ਨੇ ਆਪਣੀ ਮਾਂ ਬੋਲੀ ਪੰਜਾਬੀ ਦੀ ਥਾਂ ਤੇ "ਹਿੰਦੀ" ਲਿਖਵਾਈ। ਜਿਸ ਕਾਰਨ "ਪੰਜਾਬੀ ਸੂਬੇ ਦੀ ਇਹ ਲੜਾਈ ਸਿਰਫ ਤੇ ਸਿਰਫ ਸਿੱਖਾਂ ਨੂੰ ਲੜਣੀ ਪਈ। ਜੇ ਇੰਨੇ ਸੰਘਰਸ਼ ਬਾਅਦ ਭਾਰਤ ਦੀ ਸਰਕਾਰ ਨੇ 1966 ਵਿੱਚ 'ਪੰਜਾਬੀ ਸੂਬਾ' ਬਣਾਇਆ ਤਾਂ ਉਸ ਦੇ ਪੰਜਾਬੀ ਇਲਾਕੇ, ਰਾਜਧਾਨੀ ਚੰਡੀਗੜ੍ਹ ਖੋਹ ਲਈ, ਡੈਮ ਤੇ ਪਾਣੀ ਖੋਹ ਲਏ।

ਪੰਜਾਬ ਨੂੰ ਇੰਨਾ ਛੋਟਾ ਕਰ ਦਿੱਤਾ ਕਿ ਕਿਸੇ ਵਲੋਂ ਮੰਗੇ ਨਾ ਹੋਣ ਦੇ ਬਾਵਜੂਦ 'ਹਰਿਆਣਾ' ਬਣਾ ਦਿੱਤਾ। ਬਹੁਤ ਸਾਰੇ ਪੰਜਾਬੀ ਬੋਲਦੇ ਇਲਾਕੇ 'ਹਿਮਾਚਲ' ਵਿੱਚ ਵੀ ਸ਼ਾਮਲ ਕਰਕੇ ਪੰਜਾਬੀ ਸੂਬੇ ਦੀ ਥਾਂ ਤੇ 'ਸੂਬੜੀ' ਬਣਾ ਦਿੱਤੀ। ਪੰਜਾਬ ਦੇ ਆਗੂਆਂ ਨੇ ਫਿਰ ਵੀ ਕੋਈ ਸਬਕ ਨਾ ਸਿਖਿਆ। ਜਦੋਂ ਦੀ ਪੰਜਾਬ ਵਿਚ ਸ੍ਰ. ਪ੍ਰਕਾਸ਼ ਸਿੰਘ ਬਾਦਲ ਨੇ ਗੱਦੀ ਸੰਭਾਲੀ ਇਸ ਨੇ ਆਪਣੀ ਭਿਆਲੀ ਪੰਜਾਬ ਤੇ ਪੰਜਾਬੀ ਵਿਰੋਧੀ ਪਾਰਟੀ ਭਾਰਤੀ ਜੰਨ ਸੰਘ ਜੋ ਬਾਅਦ ਵਿਚ ਭਾਰਤੀ ਜਨਤਾ ਪਾਰਟੀ ਬਣ ਗਈ ਨਾਲ ਪਾਈ ਰੱਖੀ। ਸਾਡੇ ਇਹ ਸਿੱਖ ਲੀਡਰ ਗੱਦੀਆਂ ਨਾਲ ਚਿਬੜ ਕੇ ਧੰਨ ਨਾਲ ਕੋਠੀਆਂ ਭਰਨ ਵੱਲ ਲੱਗੇ ਰਹੇ ਤੇ ਕੱਟੜ ਹਿੰਦੂਵਾਦੀਏ ਪੰਜਾਬ ਤੇ ਪੰਜਾਬੀ ਬੋਲੀ ਦਾ ਘਾਣ ਕਰਨ ਵੱਲ ਲਗੇ ਰਹੇ। ਅੱਜ ਉਸੇ ਹੀ ਪੰਜਾਬੀ ਸੂਬੇ ਜਿਹੜਾ ਪੰਜਾਬੀ ਬੋਲੀ ਦੇ ਅਧਾਰ 'ਤੇ ਬਣਾਇਆ ਗਿਆ ਸੀ ਇਸੇ ਪੰਜਾਬ ਵਿੱਚ ਲਗਭਗ 90% ਵਿਦਿਆਰਥੀ ਪੰਜਾਬੀ ਭਾਸ਼ਾ ਤੋਂ ਵਾਂਝੇ ਹੋ ਚੁੱਕੇ ਹਨ। ਉਨ੍ਹਾਂ ਨੂੰ ਭਾਸ਼ਾ ਐਕਟ ਦੇ ਵਿਰੁੱਧ ਜਬਰੀ ਹਿੰਦੀ ਪੜ੍ਹਾਈ ਜਾ ਰਹੀ ਹੈ। ਬਾਦਲਾਂ ਬਾਰੇ ਤਾਂ ਇਹ ਗੱਲ ਆਮ ਕਹੀ ਜਾਂਦੀ ਹੈ ਕਿ ਇਹ ਰ ਸ ਸ ਦੇ ਸਿੱਖਾਂ ਦੇ ਭੇਸ ਵਿੱਚ ਬੰਦੇ ਹਨ ਜੋ ਪਿਛਲੇ ਸਮੇਂ ਵਿਚ ਰ ਸ ਸ ਦੀਆਂ ਸ਼ਾਖਾਵਾਂ ਵਿੱਚ ਜਾਂਦੇ ਰਹੇ ਹਨ। ਇਨ੍ਹਾਂ ਦੀਆਂ ਤਸਵੀਰਾਂ ਵੀ ਰ ਸ ਸ ਦੀਆਂ ਸ਼ਾਖਾਵਾਂ ਵਿੱਚ ਜਾਂਦਿਆਂ ਹੋਇਆਂ ਦੀਆਂ ਵੀਡੀਓ ਰਾਹੀਂ ਵੀ ਜਨਤਕ ਹੋ ਚੁੱਕੀਆਂ ਦੱਸੀਆਂ ਜਾਂਦੀਆਂ ਹਨ। ਸਾਡੇ ਹੋਰ ਸਿੱਖ ਆਗੂ ਜਨ ਸੰਘੀਆਂ ਦੀ ਇਸ ਡੂੰਘੀ ਚਾਲ ਨੂੰ ਸਮਝ ਨਹੀਂ ਸਕੇ ਕਿ ਉਨ੍ਹਾਂ ਨੇ ਬਾਦਲਾਂ ਨੂੰ ਸਿੱਖ ਚਿਹਰੇ ਵਜੋਂ ਪੇਸ਼ ਕੀਤਾ ਹੋਇਆ ਹੈ ਤੇ ਸਾਰੇ ਹੀ ਪੰਜਾਬ ਵਿਰੋਧੀ ਕੰਮ ਵੀ ਇਨ੍ਹਾਂ ਕੋਲੋਂ ਕਰਾਏ ਜਾ ਰਹੇ ਹਨ।

ਦੇਸ਼ ਵਿਚ ਇਸ ਸਮੇਂ ਜਿਹੜੀ ਭਾਰਤੀ ਜਨਤਾ ਪਾਰਟੀ ਦੀ ਸਰਕਾਰ ਹੋਂਦ ਵਿੱਚ ਆਈ ਹੈ। ਇਸ ਪਾਰਟੀ ਦਾ ਦੇਸ਼ ਨੂੰ ਅਜ਼ਾਦ ਕਰਾਉਣ ਵਿਚ ਰੋਲ ਸਿਫਰ ਰਿਹਾ ਹੈ। ਇਸ ਪਾਰਟੀ ਦੇ ਕਿਸੇ ਇਕ ਵੀ ਆਗੂ ਨੇ ਅਜ਼ਾਦੀ ਲਹਿਰ ਵਿੱਚ ਯੋਗਦਾਨ ਤਾਂ ਕੀ ਪਾਉਣਾ ਸੀ। ਇਸ ਪਾਰਟੀ ਦੇ ਆਗੂ ਤਾਂ ਦੇਸ਼ ਨੂੰ ਅਜ਼ਾਦ ਕਰਾਉਣ ਲਈ ਜਾਨਾਂ ਤੱਲੀ 'ਤੇ ਰੱਖ ਕੇ ਲੜ੍ਹਣ ਵਾਲੇ ਦੇਸ਼ ਭਗਤਾਂ ਨੂੰ ਸਰਕਾਰ ਕੋਲ ਫੜਾ ਕੇ ਅੰਗਰੇਜ਼ਾਂ ਦੀ ਭਗਤੀ ਕਰਦੇ ਰਹੇ ਸਨ। ਇਸ ਪਾਰਟੀ ਦਾ ਇਕ ਆਗੂ ਤਾਂ ਦੇਸ਼ ਦੇ ਪ੍ਰਧਾਨ ਮੰਤਰੀ ਦੀ ਗੱਦੀ ਤੱਕ ਜਾ ਬਿਰਾਜਿਆ ਸੀ। ਦੇਸ਼ ਵਿਚ ਰਾਜ ਕਰ ਰਹੀ ਪਾਰਟੀ ਨੂੰ "ਵਪਾਰੀਆਂ ਦੀ ਪਾਰਟੀ ਕਿਹਾ



ਸ:ਜੰਗ ਸਿੰਘ
ਵਟੱਸ ਐਪ ਨੰ
+91 94644- 48297

ਜਾਂਦਾ ਹੈ ਜੋ ਵਿਉਪਾਰੀਆਂ ਦੇ ਹਿੱਤਾਂ ਨੂੰ ਲਗਾਤਾਰ ਪਾਲਦੀ ਆ ਰਹੀ ਹੈ। ਇਸ ਨੇ ਤਾਂ ਘੱਟ ਗਿੱਣਤੀਆਂ, ਮੁਸਲਮਾਨਾਂ, ਸਿੱਖਾਂ, ਦਲਿਤਾਂ ਤੇ ਪੰਜਾਬ ਵਿਰੋਧੀ ਕਾਰਵਾਈਆਂ ਕਰਨ ਦੇ ਸਾਰੇ ਹੱਦ ਬੰਨ੍ਹੇ ਤੋੜ ਦਿੱਤੇ ਹਨ।

ਇਸ ਨੇ ਦੂਸਰੀ ਵਾਰ ਰਾਜ ਗੱਦੀ ਸੰਭਾਲਣ ਉਪਰੰਤ ਭਾਰਤ ਦੇਸ਼ ਜਿਹੜਾ ਕਈ ਧਰਮਾਂ, ਬੋਲੀਆਂ, ਪਹਿਰਾਵਿਆਂ ਦੀ ਵੰਨ ਸਵੰਨਤਾ ਰੱਖਣ ਵਾਲਾ, ਰਲਮਿਲ ਕੇ ਚਲਣ ਵਾਲਾ ਦੇਸ਼ ਹੈ, ਨੂੰ ਦੇਸ਼ ਦੇ ਸੰਵਿਧਾਨ ਵਿਰੁੱਧ ਹਿੰਦੂ ਰਾਜ ਬਣਾਉਣ ਲਈ ਇਕ ਰਾਸ਼ਟਰ, ਇਕ ਸੰਵਿਧਾਨ, ਇਕ ਬੋਲੀ, ਇਕ ਧਰਮ ਦਾ ਨਾਹਰਾ ਦੇ ਕੇ ਦੇਸ਼ ਨੂੰ ਮੰਨੂਵਾਦੀ ਢੰਗ ਨਾਲ ਉਸਾਰਿਆ ਜਾ ਰਿਹਾ ਹੈ। ਰਾਜਾਂ ਨੂੰ ਵੱਧ ਅਧਿਕਾਰ ਦੇਣ ਦੀ ਥਾਂ ਤੇ ਉਨ੍ਹਾਂ ਦੇ ਅਧਿਕਾਰ ਲਗਾਤਾਰ ਖੋਹੇ ਜਾ ਰਹੇ ਹਨ ਤਾਂ ਕਿ ਦੇਸ਼ ਵਿਚ ਤਾਨਾਸ਼ਾਹੀ ਰਾਜ ਦੀ ਸਥਾਪਨਾ ਕੀਤੀ ਜਾ ਸਕੇ। ਇਸ ਨੇ ਰਾਜਾਂ ਕੋਲੋਂ ਵਿਦਿਆ ਤੇ ਸਿਹਤ ਸਹੂਲਤਾਂ ਖੋਹ ਕੇ ਆਪਣੇ ਅਧੀਨ ਕਰ ਲਈਆਂ ਹਨ। ਸਾਰੇ ਦੇਸ਼ ਵਿਚ ਹਿੰਦੂ ਸੰਸਕ੍ਰਿਤਾਈ ਪੜ੍ਹਾਈ ਕਰਾਈ ਜਾਣੀ ਸ਼ੁਰੂ ਕਰ ਦਿੱਤੀ ਹੈ। ਘੱਟ ਗਿਣਤੀਆਂ ਵਿਸ਼ੇਸ਼ ਕਰਕੇ ਸਿੱਖਾਂ ਦੇ ਇਤਿਹਾਸ ਨੂੰ ਤੋੜ ਮਰੋੜ ਕੇ ਗੁਰੂ ਸਾਹਿਬਾਨਾਂ ਬਾਰੇ ਮੰਦ ਸ਼ਬਦਾਵਲੀ ਕਿਤਾਬੀ ਪੜ੍ਹਾਈ ਵਿੱਚ ਸ਼ਾਮਲ ਕਰਕੇ ਅੰਧ ਵਿਸ਼ਵਾਸ਼ ਪੈਦਾ ਕਰਕੇ ਗਲਤ ਮਲਤ ਇਤਿਹਾਸ ਦੇਸ਼ ਦੇ ਵਿਦਿਆਰਥੀਆਂ ਨੂੰ ਪੜ੍ਹਾਇਆ ਜਾ ਰਿਹਾ ਹੈ। ਛੋਟੇ ਛੋਟੇ ਬੱਚਿਆਂ ਨੂੰ ਟੀ ਵੀ ਸੀਰੀਅਲਾਂ 'ਤੇ ਕਾਰਟੂਨਾਂ ਰਾਹੀਂ ਕੱਟੜ ਹਿੰਦੂ ਫਿਲਾਸਫੀ ਦੀ ਗੁੱੜ੍ਹਤੀ ਦਿੱਤੀ ਜਾ ਰਹੀ ਹੈ। ਇੰਝ ਲੱਗ ਰਿਹਾ ਹੈ ਕਿ ਫਿਲਮਾਂ ਦੇ ਕਈ ਨਿਰਦੇਸਕਾਂ ਨੂੰ ਧੰਨ ਦੇ ਗੱਫੇ ਦਿੱਤੇ ਗਏ ਹਨ ਕਿ ਉਹ ਆਪਣੀਆਂ ਫਿਲਮਾਂ ਵਿੱਚ ਇਕੋ ਹਿੰਦੂ ਧਰਮ ਫਿਲਾਸਫੀ ਨੂੰ ਹੀ ਪ੍ਰਚਾਰਨ ਜੋ ਦੇਸ਼ ਦੇ ਲੋਕਾਂ ਅੱਗੇ ਜਬਰੀ ਪਰੋਸੀ ਜਾਂਦੀ ਨਜ਼ਰ ਵੀ ਆ ਰਹੀ ਹੈ। ਛੋਟੇ ਵਿਉਪਾਰੀਆਂ, ਦੁਕਾਨਦਾਰਾਂ, ਮਜਦੂਰਾਂ, ਮੁਲਾਜ਼ਮਾਂ ਦੀ ਹਾਲਤ ਅਤਿ ਦੀ ਆਰਥਕ ਪਖੋਂ ਮੰਦੀ ਬਣਾਏ ਜਾਣ ਦੇ ਨਾਲ ਨੌਜੁਆਨਾਂ ਦੇ ਰੁਜ਼ਗਾਰ ਦੇ ਮੌਕੇ ਖਤਮ ਕਰਕੇ ਦਿਨ-ਬ-ਦਿਨ ਉਨ੍ਹਾਂ ਨੂੰ ਬੇਰੁਜ਼ਗਾਰੀ ਦੀ ਭੱਠੀ ਵਿਚ ਝੋਕਿਆ ਜਾ ਰਿਹਾ ਹੈ।

ਅੰਬਾਨੀਆ, ਅਡਾਨੀਆਂ, ਮੇਹੁਲਾਂ, ਚੋਕਸੀਆਂ, ਨੀਰਵ ਮੋਦੀਆਂ ਆਦਿ ਵੱਡੇ ਵੱਡੇ ਅਜਾਰੇਦਾਰਾਂ ਜਿਨ੍ਹਾਂ ਨੇ ਬੈਂਕਾਂ ਦਾ ਹਜ਼ਾਰਾਂ ਕਰੋੜ ਰੁਪਇਆ ਮਾਰ ਲਿਆ ਸੀ ਉਨ੍ਹਾਂ ਨੂੰ ਵਿਦੇਸ਼ਾਂ ਵਿਚ ਆਪਣੀ ਛੱਤਰਛਾਇਆ ਹੇਠ ਭੇਜਵਾ ਕੇ ਉਨ੍ਹਾਂ ਦੇ ਕਰਜ਼ਿਆਂ 'ਤੇ ਹਜ਼ਾਰਾਂ ਕਰੋੜ ਰੁਪਏ ਦੀ ਲੀਕ ਮਾਰ ਦਿੱਤੀ ਹੈ। ਜਿਸ ਨਾਲ ਦੇਸ਼ ਦੇ ਅਰਥ ਵਿਵਸਥਾ ਨੂੰ ਬੁਰੀ ਤਰ੍ਹਾਂ ਢਾਹ ਲਗਾਈ ਜਾ ਰਹੀ ਹੈ। ਦੇਸ਼ ਦੇ ਲੋਕਾਂ ਦਾ ਅਨਾਜ ਨਾਲ ਢਿੱਡ ਭਰਨ ਵਾਲੇ ਕਿਸਾਨਾਂ ਜਿਨ੍ਹਾਂ ਨੇ ਦੇਸ਼ ਨੂੰ ਅੰਨ ਪੱਖੋਂ ਆਤਮ ਨਿਰਭਰ ਕੀਤਾ ਸੀ ਕਿ ਦੇਸ਼ ਨੂੰ ਕਿਸੇ ਅੱਗੇ ਅਨਾਜ ਪੱਖੋਂ ਹੱਥ ਨਾ ਅੱਡਣਾ ਪਵੇ ਅੱਜ ਉਸੇ ਕਿਸਾਨ ਨੂੰ ਜਿਨਸਾਂ ਦੇ ਵਾਜਬ ਭਾਅ ਨਾ ਦੇ ਕੇ ਕਰਜ਼ਿਆਂ ਦੀ ਮਾਰ ਵਿੱਚ ਲਿਆ ਖੜ੍ਹਾ ਕਰ ਦਿੱਤਾ ਹੈ। ਉਹ ਕਰਜ਼ਿਆਂ ਦੀ ਮਾਰ ਨੂੰ ਨਾ ਝੱਲਦੇ ਹੋਏ ਰੋਜ਼ਾਨਾ ਖੁਦਕਸ਼ੀਆਂ ਕਰਦੇ ਆ ਰਹੇ ਹਨ ਉਨ੍ਹਾਂ ਦੇ ਕਰਜ਼ੇ ਮੁਆਫ ਨਹੀਂ ਕੀਤੇ ਗਏ, ਫੋਕੀ ਦੁੱਣੀ ਆਮਦਨ ਕਰਨ ਦੇ ਝੂਠੇ ਦਿਲਾਸੇ ਦਿੱਤੇ ਜਾ ਰਹੇ ਹਨ।

ਪੰਜਾਬ ਦੇ ਹੱਕਾਂ ਤੇ ਸਰਕਾਰ ਵਲੋਂ ਇਕ ਹੋਰ ਤਾਜ਼ਾ ਢਾਕਾ ਮਾਰਿਆ ਜਾ ਰਿਹਾ ਹੈ। ਕਿਸਾਨਾਂ ਨੂੰ ਫੱਸਲਾਂ ਦੇ ਘੱਟੋ-ਘਟ ਭਾਅ ਦਿੱਤੇ ਜਾਣ ਵਾਲੇ ਕਾਨੂੰਨ ਨੂੰ ਖਤਮ ਕਰ ਕੇ ਮੰਡੀਕਰਨ ਬੋਰਡ ਪੰਜਾਬ ਨੂੰ 4500 ਕਰੋੜ ਰੁਪਏ ਦਾ ਪੈਸਾ ਜਿਹੜਾ ਟੈਕਸ ਵਜੋਂ ਹਰ ਸਾਲ ਆਉਂਦਾ ਸੀ ਉਸ ਨੂੰ ਖਤਮ ਕਰ ਕੇ ਪੰਜਾਬ ਨੂੰ ਹੋਰ ਕੰਗਾਲ ਕੀਤਾ ਜਾ ਰਿਹਾ ਹੈ। ਦੱਸਿਆ ਜਾ ਰਿਹਾ ਹੈ ਕਿ ਕਿਸਾਨ ਭਾਰਤ ਵਿੱਚ ਕਿਸੇ ਵੀ ਪ੍ਰਾਂਤ ਜਾਂ ਸਹਿਰ ਦੀ 'ਖੁੱਲੀ ਮੰਡੀ' ਜਿਥੇ ਅਨਾਜ ਦਾ ਵੱਧ ਮੁੱਲ ਮਿਲਦਾ ਹੈ ਉਥੇ ਆਪਣੇ ਅਨਾਜ ਨੂੰ ਵੇਚ ਸਕਦਾ ਹੈ ਜੋ ਕਿ ਆਮ ਕਿਸਾਨਾਂ ਲਈ ਜੋਖਮ ਭਰਿਆ ਹੈ ਉਸ ਕੋਲ ਤਾਂ ਫਸਲ ਹੀ ਪੂਰੀ ਸੂਰੀ ਹੁੰਦੀ ਹੈ ਕਿ ਉਹ ਦੂਰ ਦੁਰਾਡੇ ਆਪਣਾ ਕੋਈ ਸਾਧਨ ਨਾ ਹੋਣ ਕਰਕੇ ਲਿਜਾ ਹੀ ਨਹੀਂ ਸਕਦਾ ਉਹ ਤਾਂ ਸਰਕਾਰ ਵਲੋਂ ਨਿਸਚਿਤ ਕੀਤੇ ਭਾਅ ਤੇ ਨਜਦੀਕ ਦੀ ਮੰਡੀ ਵਿਚ ਫਸਲ ਵੇਚਣ ਦੇ ਹੀ ਬੜੀ ਮੁਸ਼ਕਲ ਨਾਲ ਸਮਰੱਥ ਹੁੰਦਾ। ਅਸਲ ਵਿਚ ਵੱਡੇ ਵੱਡੇ ਧਨਾਢ ਕਿਸਾਨਾਂ 'ਤੇ ਵੱਡੇ ਵਿਉਪਾਰੀਆਂ ਨੂੰ ਲਾਭ ਦੇਣ ਲਈ ਇਹ ਕਾਨੂੰਨ ਬਣਾਇਆ ਜਾ ਰਿਹਾ ਹੈ ਤਾਂ ਕਿ ਉਹ ਕਿਸਾਨਾਂ ਦੀ ਹੋਰ ਲੁੱਟ ਕਰ ਸਕਣ। ਦੇਸ਼ ਦੀ ਸਰਕਾਰ ਵਲੋਂ ਪੰਜਾਬ ਵਿਰੋਧੀ, ਕਿਸਾਨ ਵਿਰੋਧੀ ਕਾਨੂੰਨ ਬਣਾਏ ਜਾ ਰਹੇ ਹਨ। ਪੰਜਾਬ ਨੂੰ ਘਸਿਆਰਾ ਬਣਾਉਣ ਲਈ ਸਭ ਕੁਝ ਕੀਤਾ ਜਾ ਰਿਹਾ ਤਾਂ ਕਿ ਪੰਜਾਬੀਆਂ ਨੂੰ ਆਰਥਕ ਪਖੋਂ ਵੱਧ ਤੋਂ ਵੱਧ ਕਮਜ਼ੋਰ ਕੀਤਾ ਜਾ ਸਕੇ। ਦੇਸ਼ ਅਜ਼ਾਦ ਹੋਣ ਉਪਰੰਤ ਕਿ ਸਿੱਖ ਇਕ ਥਾਂ ਤੇ ਇੱਕਠੇ ਨਾ ਰਹਿਣ ਇਸ ਗੰਦੀ ਸੋਚ ਤੇ ਨੀਅਤ ਨਾਲ ਪੰਜਾਬ ਦੇ ਸਿੱਖ ਕਿਸਾਨ ਜਿਹੜੇ ਮਿਹਨਤੀ ਦੇ ਨਾਲ ਬਹਾਦਰ ਵੀ ਹਨ, ਨੂੰ ਉੱਤਰ ਪ੍ਰਦੇਸ, ਮਹਾਂਰਾਸ਼ਟਰ, ਗੁਜਰਾਤ, ਰਾਜਸਥਾਨ, ਉਤਰਾ ਖੰਡ ਆਦਿ ਪ੍ਰਾਤਾਂ ਵਿਚ ਤਤਕਾਲੀਨ ਪ੍ਰਧਾਨ ਮੰਤਰੀਆਂ ਨੇ ਕਈ ਉਨ੍ਹਾਂ ਪ੍ਰਾਂਤਾਂ ਜਿਥੇ ਦੇਸ਼ ਦੀਆਂ ਸਰਹੱਦਾਂ ਲਗਦੀਆਂ ਹਨ। ਦੇਸ਼ ਦੀ ਰਖਵਾਲੀ ਕਰਨ ਦੇ ਨਾਲ ਉਥੋਂ ਦੀਆਂ ਉਜਾੜ ਜ਼ਮੀਨਾਂ ਨੂੰ ਅਬਾਦ ਕਰਨ ਲਈ ਵਸਾਇਆ ਤਾਂ ਕਿ ਅਨਾਜ ਪੈਦਾ ਕਰਨ ਦੇ ਨਾਲ ਸਰਹੱਦ ਦੀ ਰਖਵਾਲੀ ਵੀ ਕਰ ਸਕਣ। ਜਦੋਂ ਉਨ੍ਹਾ ਨੇ ਸਖਤ ਮਿਹਨਤਾਂ ਕਰਕੇ ਉਨ੍ਹਾਂ ਜ਼ਮੀਨਾਂ ਨੂੰ ਅਬਾਦ ਕਰ ਲਿਆ ਤਾਂ ਭਾਰਤੀ ਜਨਤਾ ਪਾਰਟੀ ਦੀਆਂ ਸਰਕਾਰਾਂ ਵਲੋਂ ਸਾਜਿਸ਼ ਨਾਲ ਹੁਣ ਉਨ੍ਹਾਂ ਦੀਆਂ ਜ਼ਮੀਨਾਂ ਤੋਂ ਇਨ੍ਹਾਂ ਸਿੱਖ ਕਿਸਾਨਾਂ ਨੂੰ ਉਜਾੜਿਆ ਜਾ ਰਿਹਾ ਹੈ। ਇਹ ਹੀ ਨਹੀਂ ਸਿੱਖਾਂ ਦੇ ਧਾਰਮਿਕ ਅਸਥਾਨਾਂ ਗੁ; ਮੰਗੂ ਮੱਠ, ਗੁ; ਡਾਂਗਮਾਰ, ਗੁ; ਗਿਆਨ ਗੋਦੜੀ ਹਰਿਦੁਆਰ, ਆਦਿ ਕਈ ਹੋਰ ਹਿੰਦੂਆਂ ਦੇ ਧਾਰਮਿਕ ਅਸਥਾਨਾਂ ਤੇ ਜਿਥੇ ਜਿਥੇ ਗੁਰੂ ਨਾਨਕ ਸਾਹਿਬ ਗਏ ਸਨ ਤੇ ਉਥੇ ਪੁਰਾਤਨ ਸਮੇਂ ਤੋਂ ਗੁਰਦੁਆਰੇ ਸਥਾਪਤ ਹਨ ਉਨ੍ਹਾਂ ਨੂੰ ਢਾਹ ਕੇ ਮੰਦਰ ਬਣਾਏ ਜਾ ਰਹੇ ਹਨ, ਕਹਿਣ ਦਾ ਭਾਵ ਹੈ ਕਿ ਜਿਵੇਂ ਬਾਬਰੀ ਮਸਜਿਦ ਢਾਹ ਕੇ ਉਥੇ ਮੰਦਰ ਬਣਾਇਆ ਗਿਆ ਇਸੇ ਪੱਧਰ ਤੇ ਘੱਟ ਗਿਣਤੀ ਮੁਸਲਮਾਨਾਂ ਵਾਗ ਸਿੱਖਾਂ ਦੇ ਧਾਰਮਿਕ ਅਸਥਾਨਾਂ ਤੇ ਜਬਰੀ ਕਬਜ਼ੇ ਕੀਤੇ ਜਾ ਰਹੇ ਹਨ ਜਿਸ ਤੋਂ ਸਪਸ਼ਟ ਹੋ ਰਿਹਾ ਇਹ ਕੱਟੜ ਹਿੰਦੂਵਾਦੀਆਂ ਦੀ ਭਾਰਤੀ ਜਨਤਾ ਪਾਰਟੀ ਦੀ ਸਰਕਾਰ ਘੱਟ ਗਿਣਤੀਆਂ ਨੂੰ ਖਤਮ ਕਰਕੇ ਸਭ ਦਾ ਹਿੰਦੂਕਰਨ ਕਰਨਾ ਚਾਹੁੰਦੀ ਹੈ ਪਰ ਪੰਜਾਬ ਵਿੱਚ ਸਿੱਖਾਂ ਦੀ ਪ੍ਰਤੀਨਿਧਤਾ ਕਰਦੀ ਸ਼੍ਰੋਮਣੀ ਅਕਾਲੀ ਦਲ ਬਾਦਲ ਭਾਰਤੀ ਜਨਤਾ ਪਾਰਟੀ ਨਾਲ ਘਿਉ ਖਿੱਚੜੀ ਹੋ ਕੇ ਪੰਜਾਬ ਨੂੰ ਬਰਬਾਦੀ ਦੇ ਰਾਹ ਤੇ ਲਿਜਾ ਰਿਹਾ ਹੈ। ਇਸ ਨੇ ਕਿਸੇ ਵੀ ਮਸਲੇ ਨੂੰ ਹੱਲ ਕਰਾਉਣ ਦੀ ਬਜਾਏ ਸਿਵਾਏ ਅਖਬਾਰੀ ਬਿਆਨਾਂ ਤੋਂ ਅੱਗੇ ਕੁਝ ਨਹੀਂ ਕੀਤਾ, ਸਰਕਾਰ ਵਿੱਚ ਭਾਈਵਾਲੀ ਹੋਣ ਦੇ ਬਾਵਜੂਦ ਨਾ ਹੀ ਉਨ੍ਹਾਂ ਮਸਲਿਆਂ ਦਾ ਕੋਈ ਹੱਲ ਕਰਾਇਆ।

ਭਾਵੇਂ ਪੰਜਾਬ ਦੇ ਲੋਕਾਂ ਨੇ ਪਿਛਲੀਆਂ ਵਿਧਾਨ ਸਭਾ ਚੋਣਾਂ ਵਿਚ ਇਨ੍ਹਾਂ ਬਾਦਲਾਂ ਨੂੰ ਨਮੋਸ਼ੀਜਨਕ ਹਾਰ ਦਿੱਤੀ ਹੈ ਕਿਉਂਕਿ ਪੰਜਾਬ ਦੇ ਵਾਸੀ ਭਾਂਪ ਗਏ ਹਨ ਕਿ ਇਹ ਪੰਥਕ ਬੁਰਕਾ ਪਹਿਨ ਕੇ ਬਣਿਆ ਅਕਾਲੀ ਦਲ ਸਿੱਖਾਂ ਜਾਂ ਪੰਜਾਬ ਦੇ ਮਸਲਿਆਂ ਦੀ ਤਰਜਮਾਨੀ ਨਹੀਂ ਕਰਦਾ ਅਸਲ ਵਿਚ ਭਾਜਪਾ ਦਾ ਜਰਖਰੀਦ ਸਥਾਪਤ ਕੀਤਾ ਹੋਇਆ ਅਕਾਲੀ ਦਲ ਬਣ ਗਿਆ ਹੈ। ਇਸ ਅਤਿ ਨਾਜ਼ੁਕ ਬਣੀ ਜਾ ਰਹੀ ਸਥਿਤੀ ਵਿੱਚੋਂ ਜੇਕਰ ਅਸੀ ਪੰਜਾਬ ਨੂੰ ਬਚਾਉਣਾ ਚਾਹੁੰਦੇ ਹਾਂ ਤਾਂ ਫਿਰ ਪੰਜਾਬ ਨਾਲ ਦਿਲੋਂ ਪਿਆਰ ਕਰਨ ਤੇ ਉਸ ਨਾਲ ਹਮਦਰਦੀ ਰੱਖਣ ਵਾਲੇ ਸਾਰੀਆਂ ਪੰਜਾਬ ਹਿਤੈਸ਼ੀ ਪਾਰਟੀਆਂ ਸਮੇਤ ਗੈਰ ਫਿਰਕਾਪ੍ਰਸਤ ਹਿੰਦੂ ਆਗੂਆਂ ਨੂੰ ਆਪਸੀ ਮਤਭੇਦ ਭੁਲਾ ਕੇ ਇਸ ਬਰਬਾਦ ਕੀਤੇ ਜਾ ਰਹੇ ਪੰਜਾਬ ਨੂੰ ਬਚਾਉਣ ਲਈ ਕੋਈ ਸਾਂਝੀ ਰਣਨੀਤੀ ਬਣਾ ਕੇ ਸਾਰੇ ਪੰਜਾਬ ਦੇ ਲੋਕਾਂ ਨੂੰ ਇਕੱਠਿਆਂ ਕਰਨ ਦੀ ਵੱਡੀ ਲੋੜ ਹੈ ਤਾਂ ਕਿ ਪੰਜਾਬ, ਪੰਜਾਬੀ ਬੋਲੀ, ਪੰਜਾਬੀ ਸਭਿਆਚਾਰ ਨੂੰ ਬਚਾਉਣ ਦੇ ਨਾਲ ਨਾਲ ਪੰਜਾਬ ਦੇ ਹੋਰ ਸਾਰੇ ਮਸਲੇ ਹੱਲ ਕੀਤੇ ਜਾ ਸਕਣ ਤਾਂ ਹੀ ਗੁਰੂਆਂ ਦੇ ਨਾਂ ਤੇ ਹੱਸਦਾ, ਵੱਸਦਾ ਤੇ ਗਾਉਂਦਾ ਪੰਜਾਬ ਮੁੜ ਕੇ ਸਿਰਜਿਆ ਜਾ ਸਕਦਾ ਹੈ।

ਸਾਨਫਰਾਂਸਿਸਕੋ (ਕੈਲੀਫੋਰਨੀਆ)

# ਕੀ 'ਬਹੁਮੁਲੇ ਖਜ਼ਾਨੇ' ਦੇ ਨਾਂ 'ਤੇ ਕੌਮ ਨੂੰ ਗੁਮਰਾਹ ਕੀਤਾ ਜਾ ਰਿਹਾ ਹੈ?

ਜਦੋਂ ਵੀ ਸ੍ਰੀ ਦਰਬਾਰ ਸਾਹਿਬ ਪੁਰ ਹੋਏ ਫੌਜੀ ਹਮਲੇ [ਨੀਲਾਤਾਰਾ ਸਾਕੇ] ਦੀ ਵਰ੍ਹੇਗੰਢ ਆਉਂਦੀ ਹੈ, ਉਦੋਂ ਹੀ ਇੱਕ ਪਾਸੇ ਨੀਲਾਤਾਰਾ ਸਾਕੇ ਦੀ ਯਾਦ ਮਨਾਉਂਦਿਆਂ, ਇਸਦੇ ਲਈ ਦੋਸ਼ੀਆਂ ਨੂੰ ਕੋਸਿਆ ਜਾਂਦਾ ਹੈ ਅਤੇ ਦੂਜੇ ਪਾਸੇ ਸ਼੍ਰੋਮਣੀ ਅਕਾਲੀ ਦਲ ਬਾਦਲ ਦੇ ਮੁਖੀਆਂ, ਪ੍ਰਕਾਸ਼ ਸਿੰਘ ਬਾਦਲ ਜਾਂ ਸੁਖਬੀਰ ਸਿੰਘ ਬਾਦਲ ਵਲੋਂ ਸਿੱਖ ਰੈਫਰੇਂਸ ਲਾਇਬ੍ਰੇਰੀ ਦੇ ਬਹੁਮੁਲੇ ਖਜ਼ਾਨੇ ਦੀ 'ਵਾਪਸੀ' ਦੀ ਮੰਗ ਕਰਨ ਲਈ ਕਦੀ ਪ੍ਰਧਾਨ ਮੰਤਰੀ, ਕਦੀ ਰਖਿਆ ਮੰਤਰੀ ਅਤੇ ਕਦੀ ਕੇਂਦਰੀ ਗ੍ਰਹਿ ਮੰਤਰੀ ਨਾਲ ਮੁਲਾਕਾਤਾਂ ਕੀਤੇ ਜਾਣ ਦੀਆਂ ਖਬਰਾਂ ਆਉਣੀਆਂ ਸ਼ੁਰੂ ਹੋ ਜਾਂਦੀਆਂ ਹਨ। ਅਕਾਲੀ ਰਾਜਨੀਤੀ ਨਾਲ ਜੁੜੇ ਚਲੇ ਆ ਰਹੇ ਰਾਜਸੀ ਮਾਹਿਰਾਂ ਦਾ ਕਹਿਣਾ ਹੈ ਕਿ ਸ਼ਾਇਦ ਇਨ੍ਹਾਂ ਮੁਲਾਕਾਤਾਂ ਦੀਆਂ ਖਬਰਾਂ ਸ੍ਰੀ ਦਰਬਾਰ ਸਾਹਿਬ ਪੁਰ ਹੋਏ ਫੌਜੀ ਹਮਲੇ ਦੇ ਲਈ ਜ਼ਿਮੇਂਦਾਰਾਂ ਵਿੱਚ, ਸ. ਪ੍ਰਕਾਸ਼ ਸਿੰਘ ਬਾਦਲ ਦਾ ਜੋ ਨਾਂ ਗੂੰਜਦਾ ਹੈ, ਉਸ ਵਲੋਂ ਲੋਕਾਂ ਦਾ ਧਿਆਨ ਹਟਾਣ ਦੀ ਕੋਸ਼ਿਸ਼ ਹੁੰਦੀ ਹੈ।


ਫਾਈਲ ਫੋਟੋ

ਇਹ ਰਾਜਸੀ ਮਾਹਿਰ ਦਸਦੇ ਹਨ ਕਿ ਬੀਤੇ ਵਰ੍ਹੇ ਵੀ ਇਨ੍ਹਾਂ ਹੀ ਦਿਨਾਂ ਵਿੱਚ ਖਬਰ ਆਈ ਸੀ, ਜਿਸ ਵਿੱਚ ਦੱਸਿਆ ਗਿਆ ਸੀ ਕਿ ਸ਼੍ਰੋਮਣੀ ਅਕਾਲੀ ਦਲ [ਬਾਦਲ] ਦੇ ਕੌਮੀ ਪ੍ਰਧਾਨ ਸ. ਸੁਖਬੀਰ ਸਿੰਘ ਬਾਦਲ ਨੇ ਕੇਂਦਰੀ ਗ੍ਰਹਿ ਮੰਤਰੀ ਸ਼੍ਰੀ ਅਮਿਤ ਸ਼ਾਹ ਦੇ ਨਾਲ ਮੁਲਾਕਾਤ ਕਰ, ਉਨ੍ਹਾਂ ਪਾਸੋਂ ਮੰਗ ਕੀਤੀ ਹੈ ਕਿ ਜੂਨ-1984 ਦੇ ਅਰੰਭ ਵਿੱਚ ਜਦੋਂ ਭਾਰਤੀ ਸੈਨਾ ਨੇ ਸ੍ਰੀ ਦਰਬਾਰ ਸਾਹਿਬ ਕੰਪਲੈਕਸ ਪੁਰ ਹਮਲਾ ਕੀਤਾ ਸੀ, ਉਸ ਦੌਰਾਨ ਉਹ [ਭਾਰਤੀ ਸੈਨਾ] ਸ੍ਰੀ ਦਰਬਾਰ ਸਾਹਿਬ ਦੀ ਪਰਿਕਰਮਾ ਵਿੱਚ ਸਥਿਤ ਸਿੱਖ ਰੈਫਰੈਂਸ ਲਾਇਬ੍ਰੇਰੀ ਵਿੱਚ ਸੁਰੱਖਿਅਤ ਸਿੱਖ ਧਰਮ, ਇਤਿਹਾਸ ਅਤੇ ਸਭਿਆਚਾਰ ਆਦਿ ਨਾਲ ਸੰਬੰਧਤ ਬਹੁਮੁਲਾ ਦਸਤਾਵੇਜ਼ੀ ਖਜ਼ਾਨਾ ਟਰੱਕਾਂ ਵਿੱਚ ਭਰ ਕੇ ਲੈ ਗਈ ਸੀ। ਉਹ ਬਹੁਮੁਲਾ ਖਜ਼ਾਨਾ ਹੁਣ ਤੱਕ ਸਿੱਖ ਜਗਤ ਨੂੰ ਵਾਪਸ ਨਹੀਂ ਕੀਤਾ ਗਿਆ, ਜੋ ਜਲਦੀ ਤੋਂ ਜਲਦੀ ਵਾਪਸ ਕੀਤਾ ਜਾਣਾ ਚਾਹੀਦਾ ਹੈ। ਇਸਦੇ ਨਾਲ ਹੀ ਇਹ ਖਬਰ ਵੀ ਆ ਗਈ ਕਿ ਸ਼੍ਰੋਮਣੀ ਅਕਾਲੀ ਦਲ [ਬਾਦਲ] ਦੀ ਸੱਤਾ-ਅਧੀਨ ਦਿੱਲੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਵੀ ਇਸੇ ਦਿਨ ਪ੍ਰਦਰਸ਼ਨ ਕਰ, ਕੇਂਦਰੀ ਗ੍ਰਹਿ ਮੰਤਰੀ ਸ੍ਰੀ ਅਮਿਤ ਸ਼ਾਹ ਪਾਸੋਂ ਸਿੱਖ ਰੈਫਰੈਂਸ ਲਾਇਬ੍ਰੇਰੀ ਦੇ ਬਹੁਮੁਲੇ ਖਜ਼ਾਨੇ ਦੀ ਵਾਪਸੀ ਦੀ, ਮੰਗ ਕੀਤੀ ਹੈ ਅਤੇ ਸ਼੍ਰੋਮਣੀ ਗਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਨੇ ਇਸੇ ਉਦੇਸ਼ ਨੂੰ ਲੈ ਕੇ ਸ੍ਰੀ ਅਮਿਤ ਸ਼ਾਹ ਨੂੰ ਚਿੱਠੀ ਲਿਖੀ ਹੈ।

ਅਜੇ ਇਨ੍ਹਾਂ ਖਬਰਾਂ ਦੀ ਸਿਆਹੀ ਸੁੱਕੀ ਵੀ ਨਹੀਂ ਸੀ ਕਿ ਇਹ ਖਬਰ ਆ ਗਈ ਕਿ ਭਾਰਤੀ ਸੈਨਾ ਨੇ ਸਿੱਖ ਰੈਫਰੇਂਸ ਲਾਇਬ੍ਰੇਰੀ ਦਾ ਸਮੁੱਚਾ ਦਸਤਾਵੇਜ਼ੀ ਖਜ਼ਾਨਾ, ਜੋ ਨੀਲਾਤਾਰਾ ਸਾਕੇ ਦੌਰਾਨ ਉਹ ਲੈ ਗਈ ਸੀ, ਉਹ ਉਸਨੇ 29 ਸਤੰਬਰ 1984 ਤੋਂ ਲੈ ਕੇ 28 ਦਸੰਬਰ 1990, ਦੇ ਸਮੇਂ ਦੌਰਾਨ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੂੰ ਸੱਤ ਕਿਸ਼ਤਾਂ ਵਿੱਚ ਵਾਪਸ ਕਰ ਦਿੱਤਾ ਹੈ, ਜਿਸਦੀਆਂ ਰਸੀਦਾਂ ਉਸ ਪਾਸ ਮੌਜੂਦ ਹਨ। ਇਤਨਾ ਹੀ ਨਹੀਂ, ਇਸਦੇ ਨਾਲ ਹੀ ਇਹ ਖਬਰ ਵੀ ਆ ਗਈ ਕਿ ਸਿੱਖ ਰੈਫਰੈਂਸ ਲਾਇਬ੍ਰੇਰੀ ਵਿੱਚ ਸੁਰੱਖਿਅਤ ਰਹੀ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਹੱਥ-ਲਿਖਤ ਬੀੜ, ਜਿਸ ਪੁਰ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਦਸਤਖਤ ਹਨ, ਵਿਦੇਸ਼ ਵਿੱਚ ਕਿਸੇ ਦੇ ਹੱਥ 12 ਕਰੋੜ ਰੁਪਿਆਂ ਵਿੱਚ ਵੇਚ ਦਿੱਤੀ ਗਈ ਹੈ।

ਹੈਰਾਨੀ ਤਾਂ ਇਸ ਗਲ ਦੀ ਹੈ ਕਿ ਸਿੱਖ ਰੈਫਰੈਂਸ ਲਾਇਬ੍ਰੇਰੀ ਵਿੱਚ ਸੁਰੱਖਿਅਤ ਰਹੇ, ਸਿੱਖ ਧਰਮ, ਇਤਿਹਾਸ ਅਤੇ ਸਭਿਆਚਾਰ ਆਦਿ ਨਾਲ ਸੰਬੰਧਤ ਖਜ਼ਾਨੇ, ਜੋ ਨੀਲਾਤਾਰਾ ਸਾਕੇ ਦੌਰਾਨ ਸੈਨਾ ਲੈ ਗਈ ਸੀ, ਦੀ ਵਾਪਸੀ ਸ਼ੁਰੂ ਹੋ ਜਾਣ ਅਤੇ ਉਸਦੇ ਸਮੁੱਚੇ ਰੂਪ ਵਿੱਚ ਵਾਪਸ ਮਿਲ ਜਾਣ ਦੇ ਬਾਅਦ ਵੀ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅਤੇ ਉਸਦੇ ਸੱਤਾਧਾਰੀ ਸ਼੍ਰੋਮਣੀ ਅਕਾਲੀ ਦਲ ਦੇ ਮੁੱਖੀਆਂ ਵਲੋਂ ਲਗਾਤਾਰ ਇਹ ਪ੍ਰਚਾਰ ਕੀਤਾ ਜਾਂਦਾ ਚਲਿਆ ਆ ਰਿਹਾ ਹੈ ਕਿ ਉਹ ਇਸ ਖਜ਼ਾਨੇ ਦੀ ਵਾਪਸੀ ਲਈ ਸਰਕਾਰ ਪੁਰ ਦਬਾਉ ਬਣਾਂਦੇ ਚਲੇ ਆ ਰਹੇ ਹਨ। ਸ਼ਾਇਦ ਅਜਿਹਾ ਪ੍ਰਚਾਰ ਕਰਦਿਆਂ ਰਹਿਣ ਪਿਛੇ ਉਨ੍ਹਾਂ ਦਾ ਉਦੇਸ਼ ਲੋਕਾਂ ਵਿੱਚ ਇਹ ਪ੍ਰਭਾਵ ਬਣਾਈ ਰੱਖਣਾ ਸੀ ਕਿ ਵਾਪਸ ਆ ਗਏ ਖਜ਼ਾਨੇ ਨੂੰ ਖੁਰਦ-ਬੁਰਦ ਕੀਤੇ ਜਾਣ ਦੀਆਂ ਜੋ ਕੋਸ਼ਿਸ਼ਾਂ ਉਨ੍ਹਾਂ ਵਲੋਂ ਕੀਤੀਆਂ ਗਈਆਂ ਹਨ, ਉਨ੍ਹਾਂ ਵਲ ਲੋਕਾਂ ਦਾ ਧਿਆਨ ਨਾ ਜਾ ਸਕੇ ਅਤੇ ਉਹ ਇਹੀ ਸਮਝਦੇ ਰਹਿਣ ਕਿ ਅਜੇ ਤਕ ਸੰਬੰਧਤ ਖਜ਼ਾਨਾ ਸਰਕਾਰ ਪਾਸ ਹੀ ਹੈ ਤੇ ਉਹ ਵਾਪਸ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੂੰ ਨਹੀਂ ਮਿਲਿਆ। ਉਹ ਉਸਦੀ ਵਾਪਸੀ ਲਈ ਬਹੁਤ ਹੀ ਗੰਭੀਰ ਅਤੇ ਇਮਾਨਦਾਰ ਹਨ। ਇਸੇ ਸਮੇਂ ਦੇ ਦੌਰਾਨ ਇਹ ਸਮਾਚਾਰ ਵੀ ਪ੍ਰਸਾਰਤ ਕੀਤਾ ਜਾਂਦਾ ਰਿਹਾ ਕਿ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵਲੋਂ ਜ. ਗੁਰਚਰਨ ਸਿੰਘ ਟੌਹੜਾ ਅਤੇ ਸ. ਅਵਤਾਰ ਸਿੰਘ ਮਕੱੜ ਦੇ ਪ੍ਰਧਾਨਗੀ-ਕਾਲ ਦੌਰਾਨ ਸੁਪਰੀਮ ਕੋਰਟ ਵਿੱਚ ਇੱਕ ਮੁਕੱਦਮਾ ਦਾਇਰ ਕਰ ਸਰਕਾਰ ਪਾਸੋਂ ਮੰਗ ਕੀਤੀ ਗਈ ਹੈ ਕਿ ਨੀਲਾਤਾਰਾ ਸਾਕੇ ਦੌਰਾਨ ਸਿੱਖ ਰੈਫਰੇਂਸ ਲਾਇਬ੍ਰੇਰੀ ਵਿਚਲਾ ਸੁਰੱਖਿਅਤ, ਜੋ ਦਸਤਾਵੇਜ਼ੀ ਖਜ਼ਾਨਾ ਭਾਰਤੀ ਸੈਨਾ ਟਰੱਕਾਂ ਵਿੱਚ ਭਰ ਕੇ ਲੈ ਗਈ ਸੀ, ਉਸਨੂੰ ਸ਼੍ਰੋਮਣੀ ਕਮੇਟੀ ਨੂੰ ਵਾਪਸ ਨਾ ਕਰ, ਖੁਰਦ-ਬੁਰਦ ਕਰ ਦਿੱਤੇ ਜਾਣ ਕਾਰਣ, ਸਰਕਾਰ ਉਸਦੀ ਭਰਪਾਈ ਕਰਨ ਦੇ ਲਈ ਇੱਕ ਹਜ਼ਾਰ ਕਰੋੜ ਰੁਪਿਆ ਮੁਆਵਜ਼ੇ ਵਜੋਂ ਅਦਾ ਕਰੇ। ਇਸਦੇ ਨਾਲ ਹੀ ਇਹ ਵੀ ਦੱਸਿਆ ਜਾਂਦਾ ਰਿਹਾ ਕਿ ਅਦਾਲਤ ਨੇ ਕਿਹਾ ਹੈ ਕਿ ਉਹ ਇਸ ਮਾਮਲੇ ਪੁਰ ਸੁਣਵਾਈ ਤਾਂ ਹੀ ਕਰ ਸਕਦੀ ਹੈ, ਜੇ ਅਦਾਲਤੀ ਨਿਯਮਾਂ ਦੇ ਅਨੁਸਾਰ ਇਸਦੀ ਸੁਣਵਾਈ ਦੇ ਲਈ ਅਦਾਲਤੀ ਫੀਸ ਵਜੋਂ ਦਸ ਕਰੋੜ ਰੁਪਏ ਜਮਾ ਕਰਵਾਏ ਜਾਣ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਮੁਖੀਆਂ ਅਨੁਸਾਰ ਉਹ ਇਹ ਰਕਮ ਜਮ੍ਹਾਂ ਨਹੀਂ ਕਰਵਾ ਸਕੇ। ਇਸਦਾ ਕਾਰਣ ਉਨ੍ਹਾਂ ਇਹ ਦੱਸਿਆ ਕਿ ਸ਼੍ਰੋਮਣੀ ਕਮੇਟੀ ਇਤਨੀ ਵੱਡੀ ਰਕਮ ਜਮ੍ਹਾ ਕਰਵਾਏ ਜਾਣ ਦੇ ਸਮਰਥ ਨਹੀਂ। ਇਸ ਲਈ ਉਹ ਇਸ ਮਾਮਲੇ ਦੀ ਪੈਰਵੀ ਨਹੀਂ ਕਰ ਸਕਦੀ। ਦੱਸਿਆ ਗਿਆ ਹੈ ਕਿ ਜਦੋਂ ਸ਼੍ਰੋਮਣੀ ਕਮੇਟੀ ਦੇ ਮੁਖੀਆਂ ਨੇ ਇਤਨੀ ਵੱਡੀ ਰਕਮ ਜਮ੍ਹਾ ਕਰਵਾਏ ਜਾਣ ਦੇ ਮਾਮਲੇ ਵਿੱਚ ਆਪਣੇ ਹੱਥ ਖੜ੍ਹੇ ਕਰ ਦਿੱਤੇ ਸਨ, ਤਾਂ ਉਸ ਸਮੇਂ ਦਿੱਲੀ ਅਤੇ ਵਿਦੇਸ਼ਾਂ ਵਿਚਲੇ ਕਈ ਪਤਵੰਤੇ ਸਿੱਖਾਂ ਨੇ ਪੇਸ਼ਕਸ਼ ਕਰ ਦਿੱਤੀ ਕਿ ਜੇ ਅਕਾਲ ਤਖਤ ਤੋਂ ਆਦੇਸ਼ ਮਿਲੇ ਤਾਂ ਉਹ ਇਹ ਰਕਮ ਜਮ੍ਹਾ ਕਰਵਾ ਮਾਮਲੇ ਦੀ ਪੈਰਵੀ ਕਰਨ ਦੀ ਜ਼ਿਮੇਦਾਰੀ ਸੰਭਾਲਣ ਲਈ ਤਿਆਰ ਹਨ। ਪ੍ਰੰਤੂ ਨਾ ਤਾਂ ਅਕਾਲ ਤਖਤ ਦੇ ਜੱਥੇਦਾਰ ਨੇ ਅਤੇ ਨਾ ਹੀ ਸ਼੍ਰੋਮਣੀ ਕਮੇਟੀ ਦੇ ਕਿਸੇ ਮੁਖੀ ਨੇ ਉਨ੍ਹਾਂ ਸਿੱਖਾਂ ਵਲੋਂ ਕੀਤੀ ਗਈ ਪੇਸ਼ਕਸ਼ ਦਾ ਕੋਈ ਜਵਾਬ ਦਿੱਤਾ। ਸ਼ਾਇਦ ਇਸਦਾ ਕਾਰਣ ਇਹ ਹੀ ਸੀ ਕਿ ਜੇ ਪਤਵੰਤੇ ਸਿੱਖਾਂ ਨੇ ਇਸ ਮਾਮਲੇ ਦੀ ਪੈਰਵੀ ਕਰਨ ਦੀ ਜ਼ਿਮੇਦਾਰੀ ਸੰਭਾਲ ਲਈ ਤਾਂ ਸਾਰਾ ਭੇਦ ਖੁਲ੍ਹ ਜਾਏਗਾ ਤੇ ਉਹ ਕਿਸੇ ਨੂੰ ਮੂੰਹ ਵਿਖਾਉਣ ਜੋਗੇ ਵੀ ਨਹੀਂ ਰਹਿਣਗੇ। ਹੁਣ ਜਦਕਿ ਇਹ ਖੁਲਾਸਾ ਹੋ ਗਿਆ ਹੈ ਕਿ ਭਾਰਤੀ ਸੈਨਾ ਨੇ ਤਾਂ ਸਿੱਖ ਰੈਫਰੈਂਸ ਲਾਇਬ੍ਰੇਰੀ ਦਾ ਸਾਰਾ ਹੀ ਬਹੁਮੁਲਾ ਖਜ਼ਾਨਾ ਸ਼੍ਰੋਮਣੀ ਕਮੇਟੀ ਨੂੰ ਵਾਪਸ ਕਰ ਦਿੱਤਾ ਸੀ, ਜਿਸਦੀਆਂ ਰਸੀਦਾਂ ਉਸ ਪਾਸ ਹਨ, ਤਾਂ ਇਹ ਸਵਾਲ ਉਠਣਾ ਸੁਭਾਵਕ ਹੈ ਕਿ ਆਖਿਰ ਉਹ ਖਜ਼ਾਨਾ ਗਿਆ ਕਿਥੇ?


ਜਸਵੰਤ ਸਿੰਘ 'ਅਜੀਤ'

ਕਿਧਰੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਦਸਤਖਤਾਂ ਵਾਲੀ ਹੱਥ-ਲਿਖਤ ਬੀੜ ਵਾਂਗ ਬਾਕੀ ਦਾ ਖਜ਼ਾਨਾ ਵੀ ਤਾਂ ਵੇਚ ਨਹੀਂ ਦਿੱਤਾ ਗਿਆ? ਜੇ ਨਹੀਂ ਵੇਚਿਆ ਗਿਆ ਤਾਂ ਕਿਥੇ ਹੈ ਉਹ ਖਜ਼ਾਨਾ? ਇਸ ਸਵਾਲ ਦਾ ਜਵਾਬ ਸ਼੍ਰੋਮਣੀ ਕਮੇਟੀ ਤੇ ਬਾਦਲ ਅਕਾਲੀ ਦਲ ਦੇ ਮੁੱਖੀਆਂ ਨੂੰ ਜਨਤਾ ਦੀ ਅਦਾਲਤ ਵਿੱਚ ਦੇਣਾ ਹੀ ਹੋਵੇਗਾ! ਅੱਜ ਦੇਣ ਜਾਂ ਕਲ੍ਹ? ਇਧਰ ਜਦੋਂ ਤੋਂ ਬਹੁਮੁਲੇ ਦਸਤਾਵੇਜ਼ੀ ਖਜ਼ਾਨਾ ਵਾਪਸ ਕਰ ਦਿੱਤੇ ਜਾਣ ਦਾ ਖੁਲਾਸਾ ਹੋਇਆ ਹੈ, ਸਿੱਖ ਜਗਤ ਵਿੱਚ ਇਹ ਚਰਚਾ ਜ਼ੋਰ ਪਕੜਦੀ ਚਲੀ ਜਾ ਰਹੀ ਹੈ ਕਿ ਆਖਰ ਉਹ ਕੌਣ ਲੋਕ ਹਨ, ਜਿਨ੍ਹਾਂ ਨੇ ਸਿੱਖ ਪੰਥ ਦੇ ਨਾਲ ਇਤਨਾ ਵੱਡਾ ਵਿਸ਼ਵਾਸਘਾਤ ਕਰਨ ਦੀ ਦਲੇਰੀ ਕੀਤੀ ਹੈ?

...ਅਤੇ ਅੰਤ ਵਿੱਚ : ਬੀਤੇ ਦਿਨੀਂ ਇੱਕ ਪੁਰਾਣੇ ਪੱਤਰਕਾਰ ਮਿੱਤਰ ਨਾਲ ਅਚਾਨਕ ਮੁਲਾਕਾਤ ਹੋ ਗਈ ਤਾਂ ਉਸਨੇ ਅੱਗੇ-ਪਿੱਛੇ ਦੀਆਂ ਗੱਲਾਂ ਕਰਦਿਆਂ ਦੱਸਿਆ ਕਿ ਕਾਫੀ ਸਮਾਂ ਹੋਇਆ ਹੈ ਕਿ ਉਸਦੀ ਮੁਲਾਕਾਤ ਨਵੇਂ-ਨਵੇਂ ਬਣੇ ਇੱਕ ਅਕਾਲੀ ਮੁਖੀ ਨਾਲ ਪੰਜ-ਤਾਰਾ ਹੋਟਲ ਵਿੱਚ ਹੋ ਗਈ ਸੀ। ਇਧਰ-ਉਧਰ ਦੀਆਂ ਗੱਲਾਂ ਕਰਦਿਆਂ ਅਚਾਨਕ ਹੀ ਉਸਨੇ ਪੁੱਛ ਲਿਆ ਕਿ ਅਕਾਲੀ ਦਲ ਵਿੱਚ ਆਪਣੇ ਪੈਰ ਮਜ਼ਬੂਤੀ ਨਾਲ ਕਿਵੇਂ ਟਿਕਾਈ ਰਖੇ ਜਾ ਸਕਦੇ ਹਨ? ਇਹ ਪੁੱਛੇ ਜਾਣ 'ਤੇ ਉਹ ਉਸਨੂੰ ਇਹ ਕਹੇ ਬਿਨਾ ਨਾ ਰਹਿ ਸਕਿਆ ਕਿ ਜਦੋਂ ਤਕ 'ਉਪਰ' ਲਿਫਾਫਾ ਪਹੁੰਚਾਂਦੇ ਰਹੋਗੇ, 'ਉਪਰ' ਵਾਲਿਆਂ ਦੀਆਂ ਨਜ਼ਰਾਂ ਦਾ ਤਾਰਾ ਬਣੇ ਰਹੋਗੇ, ਜਦੋਂ ਲਿਫਾਫਾ ਪਹੁੰਚਾਣਾ ਬੰਦ ਕੀਤਾ, ਉਸੇ ਦਿਨ ਨਜ਼ਰਾਂ ਵਿਚੋਂ ਪੈਰਾਂ ਵਿੱਚ ਆ ਜਾਉਗੇ। ਇਹ ਗਲ ਉਸ ਪਲੇ ਬੰਨ੍ਹ ਲਈ; ਸ਼ਾਇਦ ਇਸੇ ਲਿਫਾਫੇ ਦੇ ਸਹਾਰੇ ਹੀ ਉਹ 'ਉਪਰਲਿਆਂ' ਦੀ ਨਜ਼ਰ ਵਿੱਚ ਟਿਕਿਆ ਚਲਿਆ ਆ ਰਿਹਾ ਹੈ ਅਤੇ 'ਉਪਰਲੇ' ਉਸਦੀਆਂ ਆਪਹੁਦਰੀਆਂ, ਜੋ ਪਾਰਟੀ ਲਈ ਘਾਤਕ ਸਾਬਤ ਹੋ ਰਹੀਆਂ ਹਨ, ਨੂੰ 'ਮਾਤਾ ਦੇ ਦੁਧ' ਵਾਂਗ ਪੀ ਰਹੇ ਹਨ।

# ਪਤੰਜਲੀ ਦੀ ਕੋਰੋਨਾ ਟੇਬਲੇਟ ਕੋਰੋਨਿਲ 'ਤੇ ਉਤਰਾਖੰਡ ਸਰਕਾਰ ਨੇ ਵੀ ਚੁੱਕੇ ਸਵਾਲ

*ਆਯੂਸ਼ ਮੰਤਰਾਲੇ ਵੀ ਕਹਿ ਚੁੱਕਿਆ ਹੈ ਕਿ ਦਵਾਈ ਬਾਰੇ ਕੋਈ ਜਾਣਕਾਰੀ ਨਹੀਂ ਹੈ*

ਦਿੱਲੀ : ਯੋਗ ਗੁਰੂ ਬਾਬਾ ਰਾਮਦੇਵ ਦੀ ਕੋਰੋਨਾ ਵਾਇਰਸ ਦੇ ਇਲਾਜ ਲਈ ਬਣਾਈ ਗਈ ਦਵਾਈ ਕੋਰੋਨਿਲ ਨਾਲ ਹੜਕੰਪ ਮੱਚ ਗਿਆ ਹੈ, ਆਯੂਸ਼ ਮੰਤਰਾਲੇ ਨੇ ਬਾਬਾ ਰਾਮਦੇਵ ਤੋਂ ਇਸ ਗਲ ਦੇ ਸਬੂਤ ਮੰਗੇ ਨੇ, ਕਿ ਕਿਸ ਆਧਾਰ 'ਤੇ ਇਸ ਦਵਾਈ ਨੂੰ ਕੋਰੋਨਾ ਵਾਇਰਸ ਦਾ ਇਲਾਜ ਦੱਸਿਆ ਜਾ ਰਿਹਾ ਹੈ, ਹੁਣ ਉੱਤਰਾਖੰਡ ਦੀ ਆਯੁਰਵੇਦ ਲਾਇਸੈਂਸ ਅਥਾਰਿਟੀ ਦਾ ਡਰੱਗ ਵਿਭਾਗ ਵੀ ਅਲਰਟ ਹੋ ਗਿਆ ਹੈ, ਇਸੀ ਵਿਭਾਗ ਨੇ ਬਾਬਾ ਰਾਮਦੇਵ ਦੀ ਦੀਵਿਆਂ ਫਾਰਮੇਸੀ ਨੂੰ ਦਵਾਈ ਦੀ ਮਨਜ਼ੂਰੀ ਦਿੱਤੀ ਸੀ, ਅਥਾਰਿਟੀ ਦੇ ਸਹਾਇਕ ਨਿਰਦੇਸ਼ਕ ਵਾਈ.ਐਸ. ਰਾਵਤ ਮੁਤਾਬਿਕ ਜੋ ਮਨਜ਼ੂਰੀ ਦਿੱਤੀ ਗਈ ਸੀ ਉਹ ਇਮਯੂਨਿਟੀ ਬੂਸਟ ਦਵਾਈ ਦੇ ਨਾਂ 'ਤੇ ਦਿੱਤੀ ਗਈ ਸੀ, ਨਾਲ ਹੀ ਬੁਖ਼ਾਰ ਅਤੇ ਖਾਂਸੀ ਵਿੱਚ ਕੰਮ ਕਰਨ ਵਾਲੀ ਦਵਾਈ 'ਤੇ ਦਿੱਤੀ ਗਈ ਸੀ




ਮੀਡੀਆ ਦੇ ਕੋਲ ਉਹ ਦਸਤਾਵੇਜ਼ ਨੇ ਜਿਸ ਵਿੱਚ ਮਨਜ਼ੂਰੀ ਦਿੰਦੇ ਹੋਏ ਕੋਰੋਨਾ ਵਾਇਰਸ ਦਾ ਜ਼ਿਕਰ ਨਹੀਂ ਹੈ, ਉਨ੍ਹਾਂ ਨੇ ਇਹ ਵੀ ਕਿਹਾ ਸੀ ਕਿ ਡਰੱਗ ਐਂਡ ਰੈਮੇਡੀਜ਼ ਐਕਟ ਦੇ ਤਹਿਤ ਇਸ ਨੂੰ ਗ਼ਲਤ ਪ੍ਰਚਾਰ ਮੰਨਿਆ ਜਾਵੇਗਾ,ਕੰਪਨੀ ਨੂੰ ਨੋਟਿਸ ਭੇਜ ਕੇ ਇਹ ਪੁੱਛਿਆ ਗਿਆ ਹੈ ਕਿ ਕਿਸ ਆਧਾਰ 'ਤੇ ਇਸ ਦਵਾਈ ਨੂੰ ਕੋਰੋਨਾ ਦਾ ਇਲਾਜ ਦੱਸ ਕੇ ਵੇਚਿਆ ਜਾ ਰਿਹਾ ਹੈ, ਜਵਾਬ ਤੋਂ ਸੰਤੁਸ਼ਟ ਨਹੀਂ ਹੋਏ ਤਾਂ ਦਵਾਈ ਦੀ ਮਨਜ਼ੂਰੀ ਨੂੰ ਕੈਂਸਲ ਕਰ ਦਿੱਤਾ ਜਾਵੇਗਾ।

ਆਯੂਸ਼ ਮੰਤਰਾਲੇ ਨੇ ਵੀ ਕਿਹਾ ਸੀ ਕਿ ਇਸ ਦਵਾਈ ਦੇ ਬਾਰੇ ਉਨ੍ਹਾਂ ਕੋਲ ਕੋਈ ਜਾਣਕਾਰੀ ਨਹੀਂ ਹੈ ਕਿ ਬਾਬਾ ਰਾਮਦੇਵ ਤੋਂ ਕਾਗ਼ਜ਼ ਮੰਗੇ ਗਏ ਨੇ, ਕਿ ਕਿਸ ਸਟੱਡੀ ਦੇ ਆਧਾਰ 'ਤੇ ਉਨ੍ਹਾਂ ਨੇ ਆਯੁਰਵੈਦਿਕ ਜੜੀ ਬੂਟੀਆਂ ਨੂੰ ਕੋਰੋਨਾ ਵਾਇਰਸ ਦਾ ਇਲਾਜ ਦੱਸ ਰਹੇ ਨੇ ਆਚਾਰੇ ਬਾਲ ਕ੍ਰਿਸ਼ਨ ਨੇ ਇੱਕ ਟਵੀਟ ਕਰ ਕੇ ਕਿਹਾ ਹੈ ਕਿ ਵਿਵਾਦ ਖ਼ਤਮ ਹੋ ਜਾਵੇਗਾ, ਆਯੂਸ਼ ਮੰਤਰਾਲੇ ਨੂੰ ਸਫ਼ਾਈ ਦਿੱਤੀ ਜਾ ਚੁੱਕੀ ਹੈ, ਅਤੇ ਸਾਰੇ ਕਾਗਜ਼ ਭੇਜ ਦਿੱਤੇ ਗਏ ਨੇ,ਪਰ ਇਸ ਟਵੀਟ ਨਾਲ ਪਰੇਸ਼ਾਨੀ ਖ਼ਤਮ ਹੁੰਦੀ ਨਜ਼ਰ ਨਹੀਂ ਆ ਰਹੀ ਹੈ

# ਓਬਾਮਾ ਨੇ ਡੈਮੋਕਰੈਟਸ ਨੂੰ ਸੁਚੇਤ ਰਹਿਣ ਲਈ ਕਿਹਾ, ਜੋਅ ਬਿਡੇਨ ਲਈ 76 ਲੱਖ ਡਾਲਰ ਇਕੱਠੇ ਕੀਤੇ

ਵਾਸ਼ਿੰਗਟਨ (ਹੁਸਨ ਲੜੋਆ ਬੰਗਾ) : ਸਾਬਕਾ ਰਾਸ਼ਟਰਪਤੀ ਬਰਾਕ ਓਬਾਮਾ ਨੇ ਰਾਸ਼ਟਰਪਤੀ ਚੋਣ ਸਬੰਧੀ ਡੈਮੋਕਰੇਟਸ ਨੂੰ ਲਾਪ੍ਰਵਾਹੀ ਨਾ ਵਰਤਣ ਲਈ ਕਿਹਾ ਹੈ ਤੇ ਚਿਤਾਵਨੀ ਦਿੱਤੀ ਹੈ ਕਿ ਉਹ ਜਿੱਤ ਨੂੰ ਪੱਕਾ ਨਾ ਸਮਝਣ। ਸਾਬਕਾ ਰਾਸ਼ਟਰਪਤੀ ਨੇ ਪਾਰਟੀ ਦੇ ਰਾਸ਼ਟਰਪਤੀ ਅਹੁਦੇ ਲਈ ਉਮੀਦਵਾਰ ਜੋਅ ਬਿਡੇਨ ਲਈ ਫੰਡ ਇਕੱਠਾ ਕਰਨ ਵਾਸਤੇ ਆਯੋਜਿਤ ਇਕ ਸਮਾਗਮ ਵਿਚ ਬੋਲਦਿਆਂ ਕਿਹਾ ਕਿ ਪਾਰਟੀ ਸਮਰਥਕ 2016 ਦੀਆਂ ਚੋਣਾਂ ਤੋਂ ਸਬਕ ਸਿੱਖਣ 'ਤੇ ਅਵੇਸਲੇ ਨਾ ਹੋਣ। ਉਨ੍ਹਾਂ ਨੇ ਸੁਧਾਰਾਂ ਪ੍ਰਤੀ ਨੌਜਵਾਨਾਂ ਵਿਚ ਪਾਈ ਜਾ ਰਹੀ ਵੱਡੇ ਵੱਧਰ ਉਪਰ ਜਾਗਰੂਕਤਾ ਦਾ ਹਵਾਲਾ ਦਿੰਦਿਆਂ ਕਿਹਾ ਕਿ ਇਸ ਦਾ ਮਤਲਬ ਇਹ ਨਹੀਂ ਹੈ ਕਿ ਸਾਡੀ ਜਿੱਤ ਯਕੀਨੀ ਹੈ। ਉਨ੍ਹਾਂ ਕਿਹਾ ਕਿ ਤਬਦੀਲੀ ਵਿਰੁੱਧ ਵੀ ਬਹੁਤ ਸਾਰੇ ਲੋਕ ਹਨ। ਸਾਬਕਾ ਰਾਸ਼ਟਰਪਤੀ ਨੇ ਅਮਰੀਕਨ ਦੇ ਵੰਡੇ ਹੋਣ ਦੀ ਗੱਲ ਕਰਦਿਆਂ ਕਿਹਾ ਕਿ ਰਾਸ਼ਟਰਪਤੀ ਡੋਨਾਲਡ ਟਰੰਪ ਇਸ ਵੰਡ ਨੂੰ ਆਪਣੇ ਸੌੜੇ



ਹਿੱਤਾਂ ਲਈ ਵਰਤਦੇ ਹਨ। ਉਹ ਅਮਰੀਕੀਆਂ ਦਾ ਸ਼ੋਸ਼ਣ ਕਰਦੇ ਹਨ। ਓਬਾਮਾ ਨੇ ਹੁਣ ਤੱਕ 1,75,000 ਨਿੱਜੀ ਦਾਨੀਆਂ ਤੋਂ 76 ਲੱਖ ਡਾਲਰ ਜੋਅ ਬਿਡੇਨ ਦੀ ਚੋਣ ਮੁਹਿੰਮ ਲਈ ਇਕੱਤਰ ਕੀਤੇ ਹਨ ਜਿਸ ਤੋਂ ਉਨ੍ਹਾਂ ਦੀ ਅਮਰੀਕੀ ਸਮਾਜ ਵਿਚ ਮਕਬੂਲੀਅਤ ਦਾ ਵੀ ਪਤਾ ਲੱਗਦਾ ਹੈ।

# ਕੇਂਦਰ ਸਰਕਾਰ ਵੱਲੋਂ ਕਿਸਾਨਾਂ ਦੇ ਹੱਥ ਠੂਠਾ ਫੜਾਉਣ ਦੀ ਤਿਆਰੀ



ਭਾਰਤੀ ਜਨਤਾ ਪਾਰਟੀ ਦੀ ਕੇਂਦਰ ਸਰਕਾਰ ਦਾ ਦਸ ਸਾਲਾਂ ਵਿਚ ਕਿਸਾਨਾਂ ਦੀ ਆਮਦਨ ਦੁਗਣੀ ਕਰਨ ਦੇ ਲਾਰਿਆਂ ਦਾ ਉਨ੍ਹਾਂ ਦੇ ਰਾਜ ਦੇ ਛੇਵੇਂ ਸਾਲ ਵਿਚ ਹੀ ਪਰਦਾਫਾਸ਼ ਹੋ ਗਿਆ ਹੈ। ਕਿਸਾਨਾ ਨੂੰ ਲਾਰੇ ਲਾ ਕੇ ਦੋ ਵਾਰ ਭਾਰਤੀ ਜਨਤਾ ਪਾਰਟੀ ਨੇ ਵੋਟਾਂ ਵਟੋਰ ਲਈਆਂ ਅਤੇ ਦੂਜੀ ਵਾਰ ਸਰਕਾਰ ਬਣਾਕੇ ਤਿੰਨ ਖੇਤੀਬਾੜੀ ਨਾਲ ਸੰਬੰਧਤ ਆਰਡੀਨੈਂਸ ਜਾਰੀ ਕਰਕੇ ਕਿਸਾਨਾ ਦੇ ਹੱਥ ਲਾਲੀ ਪਾਪ ਫੜਾ ਦਿੱਤਾ ਹੈ। ਇਹ ਆਰਡੀਨੈਂਸ ਜ਼ਾਰੀ ਕਰਕੇ ਕੇਂਦਰ ਸਰਕਾਰ ਨੇ ਸਟੇਟਾਂ ਦੇ ਅਧਿਕਾਰਾਂ ਵਿਚ ਦਖ਼ਲਅੰਦਾਜ਼ੀ ਕੀਤੀ ਹੈ। ਅਸਲ ਵਿਚ ਭਾਰਤੀ ਜਨਤਾ ਪਾਰਟੀ ਵਿਓਪਾਰੀਆਂ ਦੀ ਪਾਰਟੀ ਹੈ। ਉਨ੍ਹਾਂ ਦੀ ਕੇਂਦਰ ਸਰਕਾਰ ਹਰ ਫੈਸਲਾ ਵਿਓਪਾਰੀਆਂ ਦੇ ਹੱਕ ਵਿਚ ਕਰਦੀ ਹੈ, ਭਾਵੇਂ ਕੁਝ ਭਾਈਵਾਲ ਪਾਰਟੀਆਂ ਵੀ ਸਰਕਾਰ ਵਿਚ ਸ਼ਾਮਲ ਹਨ। ਖੇਤੀਬਾੜੀ ਨਾਲ ਸੰਬੰਧਤ ਆਰਡੀਨੈਂਸ ਜਾਰੀ ਕਰਕੇ ਭਾਰਤੀ ਜਨਤਾ ਪਾਰਟੀ ਦੀ ਸਰਕਾਰ ਨੇ ਵਿਓਪਾਰੀਆਂ ਦੀ ਸਰਕਾਰ ਹੋਣ ਦਾ ਸਬੂਤ ਦੇ ਦਿੱਤਾ ਹੈ ਕਿਉਂਕਿ ਇਹ ਆਰਡੀਨੈਂਸ ਕਿਸਾਨਾਂ ਦੇ ਹੱਕਾਂ ਤੇ ਡਾਕਾ ਅਤੇ ਵਿਓਪਾਰੀਆਂ ਦੇ ਹਿਤਾਂ ਵਿਚ ਹਨ। ਕਿਹਾ ਤਾਂ ਇਹ ਜਾ ਰਿਹਾ ਹੈ ਕਿ ਇਹ ਆਰਡੀਨੈਂਸ ਕਿਸਾਨਾ ਦੀ ਬਿਹਤਰੀ ਲਈ ਜਾਰੀ ਕੀਤੇ ਗਏ ਹਨ ਪ੍ਰੰਤੂ ਅਸਲੀਅਤ ਵਿਚ ਇਹ ਕਿਸਾਨੀ ਵਿਰੋਧੀ ਹਨ। ਕਿਸਾਨਾਂ ਦੀ ਆਮਦਨ ਦੁਗਣੀ ਕਰਨ ਦਾ ਲਾਰਾ ਮੰਗੇਰੀ ਲਾਲ ਦੇ ਸਪਨੇ ਦੇ ਬਰਾਬਰ ਹੋ ਨਿਬੜਿਆ ਹੈ। ਪਹਿਲਾ ਆਰਡੀਨੈਂਸ "ਜ਼ਰੂਰੀ ਵਸਤਾਂ ਸੋਧ ਆਰਡੀਨੈਂਸ 2020" ਜਿਸ ਵਿਚ ਕਿਹਾ ਗਿਆ ਹੈ ਕਿ ਮੁਕਾਬਲੇਬਾਜ਼ੀ ਪੈਦਾ ਕਰਕੇ ਕਿਸਾਨਾਂ ਦੀ ਆਮਦਨ ਵਿਚ ਵਾਧਾ ਕਰਨਾ ਅਤੇ ਖ਼ਪਤਕਾਰਾਂ ਦੇ ਹਿੱਤਾਂ ਨਾਲ ਰੈਗੂਲੇਟਰੀ ਪ੍ਰਣਾਲੀ ਦਾ ਉਦਾਰੀਕਰਨ ਕਰਨਾ ਹੈ। ਅਮਲੀ ਤੌਰ ਤੇ ਇਸ ਆਰਡੀਨੈਂਸ ਦੇ ਲਾਗੂ ਹੋਣ ਤੇ ਜ਼ਖੀਰੇਬਾਜ਼ੀ ਵਧੇਗੀ ਅਤੇ ਖ਼ਪਤਕਾਰਾਂ ਨੂੰ ਵਸਤਾਂ ਮਹਿੰਗੀਆਂ ਮਿਲਣਗੀਆਂ ਪ੍ਰੰਤੂ ਵਿਓਪਾਰੀਆਂ ਨੂੰ ਲਾਭ ਹੋਵੇਗਾ। ਵਿਓਪਾਰੀ ਜਿਹੜਾ ਵੀ ਕੰਮ ਕਰਦਾ ਹੈ, ਉਹ ਹਮੇਸ਼ਾ ਮੁਨਾਫੇ ਦੇ ਇਰਾਦੇ ਨਾਲ ਕਰਦਾ ਹੈ ਜਦੋਂ ਉਨ੍ਹਾਂ ਨੂੰ ਆਪਣੀਆਂ ਪ੍ਰਾਈਵੇਟ ਮੰਡੀਆਂ ਬਣਾਉਣ ਦੀ ਪ੍ਰਵਾਨਗੀ ਮਿਲ ਗਈ ਤਾਂ ਉਨ੍ਹਾਂ ਦੇ ਵਾਰੇ ਨਿਆਰੇ ਹਨ। ਦੂਜਾ ਆਰਡੀਨੈਂਸ "ਕਿਸਾਨੀ ਉਪਜ ਵਿਓਪਾਰ ਅਤੇ ਵਣਜ (ਪ੍ਰਤੋਸਾਹਨ ਅਤੇ ਸਹਾਇਕ) ਆਰਡੀਨੈਂਸ 2020" ਜਿਸ ਅਨੁਸਾਰ ਕਿਸਾਨ ਆਪਣੀ ਫਸਲ ਦੇਸ ਵਿਚ ਕਿਸੇ ਵੀ ਥਾਂ ਤੇ ਵੇਚਣ ਲਈ ਸੁਤੰਤਰ ਹੋਵੇਗਾ, ਭਾਵ ਖੁੱਲ੍ਹੀ ਮੰਡੀ ਦੀ ਪ੍ਰਣਾਲੀ ਲਾਗੂ ਹੋਵੇਗੀ, ਜਿਸ ਕਰਕੇ ਉਸਨੂੰ ਭਾਅ ਜ਼ਿਆਦਾ ਮਿਲੇਗਾ ਪ੍ਰੰਤੂ ਅਸਲੀਅਤ ਇਹ ਹੈ ਕਿ ਯੋਜਨਾਬੱਧ ਮੰਡੀਆਂ ਖ਼ਤਮ ਹੋ ਜਾਣਗੀਆਂ ਅਤੇ ਵਿਓਪਾਰੀ ਆਪਣੇ ਹਿਸਾਬ ਨਾਲ ਖ੍ਰੀਦ ਕਰਨਗੇ, ਕਿਸਾਨ ਫਸਲ ਵੇਚਣ ਲਈ ਵਿਓਪਾਰੀਆਂ ਦੇ ਰਹਿਮੋਕਰਮ ਤੇ ਨਿਰਭਰ ਹੋ ਜਾਵੇਗਾ। ਆਰਡੀਨੈਂਸ ਵਿਚ ਕਿਹਾ ਤਾਂ ਇਹ ਗਿਆ ਹੈ ਕਿ ਵਿਓਪਾਰੀ ਨਿਸਚਤ ਸਰਕਾਰੀ ਕੀਮਤ ਤੋਂ ਵੱਧ ਕੀਮਤ ਦੇਣਗੇ ਪ੍ਰੰਤੂ ਸੋਚਣ ਵਾਲੀ ਗੱਲ ਹੈ ਕਿ ਵਿਓਪਾਰੀ ਵੱਧ ਕੀਮਤ ਕਿਉਂ ਦੇਣਗੇ? ਉਹ ਤਾਂ ਵਿਓਪਾਰ ਕਰ ਰਹੇ ਹਨ, ਉਨ੍ਹਾਂ ਨੇ ਘਾਟੇ ਦਾ ਸੌਦਾ ਥੋੜ੍ਹਾ ਕਰਨਾ, ਉਨ੍ਹਾਂ ਨੇ ਤਾਂ ਮੁਨਾਫਾ ਕਮਾਉਣਾ ਹੈ। ਪੰਜਾਬ ਮੰਡੀ ਬੋਰਡ, ਭਾਰਤੀ ਖ਼ੁਰਾਕ ਨਿਗਮ ਅਤੇ ਖੇਤੀਬਾੜੀ ਦੀਆਂ ਕੀਮਤਾਂ ਨਿਸਚਿਤ ਕਰਨ ਵਾਲਾ ਕਮਿਸ਼ਨ ਖ਼ਤਮ ਹੋ ਜਾਣਗੇ, ਜਿਸ ਨਾਲ ਬੇਰੋਜ਼ਗਾਰੀ ਵਧੇਗੀ। ਜ਼ਰੂਰੀ ਵਸਤਾਂ ਦਾ ਐਕਟ ਹੁਣ ਲਾਗੂ ਨਹੀਂ ਹੋਵੇਗਾ। ਭਾਵ ਵਿਓਪਾਰੀ ਜ਼ਖ਼ੀਰੇਬਾਜ਼ੀ ਕਰਨਗੇ ਅਤੇ ਮਹਿੰਗੇ ਭਾਅ ਤੇ ਵੇਚਣਗੇ। ਵਿਓਪਾਰੀਆਂ ਦੀਆਂ ਪੰਜੇ ਉਂਗਲਾਂ ਘਿਓ ਵਿਚ ਹਨ। ਬਿਹਾਰ ਸਰਕਾਰ ਨੇ ਮੰਡੀਆਂ ਖ਼ਤਮ ਕੀਤੀਆਂ ਸਨ, ਉਥੇ ਬਦਲਵੀ ਪ੍ਰਣਾਲੀ ਫੇਲ੍ਹ ਹੋ ਗਈ।

ਸਵਾਮੀਨਾਥਨ ਕਮਿਸ਼ਨ ਦੀ ਤਜਵੀਜ਼ ਅਨੁਸਾਰ ਦੇਸ ਵਿਚ 80 ਵਰਗ ਕਿਲੋਮੀਟਰ ਦੇ ਘੇਰੇ ਵਿਚ ਇੱਕ ਮੰਡੀ ਹੋਣੀ ਜ਼ਰੂਰੀ ਹੈ, ਜਿਸ ਦਾ ਅਰਥ ਹੈ ਕਿ ਦੇਸ ਵਿਚ 41000 ਮੰਡੀਆਂ ਹੋਣੀਆਂ ਚਾਹੀਦੀਆਂ ਹਨ। ਜਦੋਂ ਕਿ ਦੇਸ ਵਿਚ ਲਗਪਗ 7500 ਮੰਡੀਆਂ ਹੀ ਹਨ। ਵਿਓਪਾਰੀ ਕਿਸਾਨਾ ਦਾ ਸ਼ੋਸ਼ਣ ਕਰਨਗੇ। ਮੰਡੀਆਂ ਦੇ ਕੰਮ ਘਟਣ ਨਾਲ ਬਹੁਤ ਸਾਰੀ ਲੇਬਰ ਬੇਰੋਜ਼ਗਾਰ ਹੋ ਜਾਵੇਗੀ। ਫਸਲਾਂ ਦੀ ਢੋਅ ਢੁਆਈ ਕਰਨ ਵਾਲੇ ਵੀ ਵਿਹਲੇ ਹੋ ਜਾਣਗੇ। ਤੀਜਾ ਆਰਡੀਨੈਂਸ "ਕੀਮਤ ਗਰੰਟੀ ਅਤੇ ਖੇਤੀ ਸੇਵਾਵਾਂ ਸੰਬੰਧੀ ਕਿਸਾਨ (ਸ਼ਕਤੀਕਰਨ ਅਤੇ ਸੁਰੱਖਿਆ) ਆਰਡੀਨੈਂਸ 2020" ਬਾਰੇ ਕਿਹਾ ਗਿਆ ਹੈ ਕਿ ਖੇਤੀ ਪ੍ਰਣਾਲੀ ਵਿਚ ਰਾਸ਼ਟਰੀ ਪੱਧਰ ਦੀ ਪ੍ਰਣਾਲੀ ਪ੍ਰਦਾਨ ਕਰਵਾਉਣੀ ਅਤੇ ਕਿਸਾਨਾ ਨੂੰ ਤਾਕਤਵਰ ਬਣਾਉਣਾ ਹੈ ਤਾਂ ਜੋ ਉਹ ਕਾਰੋਬਾਰੀ ਫਰਮਾ, ਪ੍ਰੋਸੈਸਰਾਂ, ਥੋਕ ਵਿਓਪਾਰੀਆਂ, ਬਰਾਮਦਕਾਰਾਂ ਅਤੇ ਖੇਤੀ ਸੇਵਾਵਾਂ ਨਾਲ ਮੁਕਾਬਲਾ ਕਰ ਸਕਣ। ਭਾਰਤੀ ਜਨਤਾ ਪਾਰਟੀ ਦੀ ਸਰਕਾਰ ਹਵਾ ਵਿਚ ਤੀਰ ਮਾਰ ਰਹੀ ਹੈ। ਭਾਰਤ ਦਾ ਕਿਸਾਨ ਕਰਜ਼ਈ ਹੈ, ਖੁਦਕੁਸ਼ੀਆਂ ਕਰ ਰਿਹਾ ਹੈ। ਖਾਦਾਂ, ਕੀਟਨਾਸ਼ਕ ਦਵਾਈਆਂ, ਡੀਜ਼ਲ, ਲੇਬਰ ਅਤੇ ਖੇਤੀਬਾੜੀ ਦੇ ਸੰਦ ਮਹਿੰਗੇ ਹੋ ਗਏ ਹਨ, ਭਾਵ ਖੇਤੀ ਤੇ ਲਾਗਤ ਵੱਧ ਗਈ ਹੈ। ਉਹ ਵਿਓਪਾਰੀਆਂ ਦਾ ਮੁਕਾਬਲਾ ਨਹੀਂ ਕਰ ਸਕਣਗੇ ਸਗੋਂ ਇਹ ਤੀਜਾ ਆਰਡੀਨੈਂਸ ਉਨ੍ਹਾਂ ਨੂੰ ਵਿਓਪਾਰੀਆਂ ਦਾ ਗੁਲਾਮ ਬਣਾ ਦੇਵੇਗਾ। 1992 ਵਿਚ ਵੀ ਵਿਸ਼ਵ ਵਪਾਰ ਸੰਸਥਾ ਵੱਲੋਂ ਵਿਸ਼ਵੀਕਰਨ ਅਤੇ ਨਿੱਜੀਕਰਨ ਦੀਆਂ ਨੀਤੀਆਂ ਰਾਹੀਂ ਸੁਤੰਤਰ ਵਿਓਪਾਰ ਤੇ ਜ਼ੋਰ ਦਿੱਤਾ ਗਿਆ ਸੀ। ਉਹ ਵੀ ਕਿਸਾਨਾ ਲਈ ਲਾਹੇਬੰਦ ਨਹੀਂ ਸੀ। ਅਸਲ ਵਿਚ ਅਮਰੀਕਾ ਦੀ ਤਰ੍ਹਾਂ ਬਹੁਕੌਮੀ ਕੰਪਨੀਆਂ ਦੇ ਹੱਥ ਕਿਸਾਨਾ ਨੂੰ ਦਿੱਤਾ ਜਾ ਰਿਹਾ ਹੈ ਤਾਂ ਜੋ ਕਿਸਾਨਾ ਤੋਂ ਜ਼ਮੀਨ ਠੇਕੇ ਤੇ ਲੈ ਕੇ ਇਹ ਕੰਪਨੀਆਂ ਫਸਲਾਂ ਬੀਜਿਆ ਕਰਨਗੀਆਂ। ਆਰਡੀਨੈਂਸ ਵਿਚ ਇਹ ਤਾਂ ਲਿਖਿਆ ਗਿਆ ਹੈ ਕਿ ਕਿਰਾਏ ਤੇ ਜ਼ਮੀਨ ਲੈਣ ਵਾਲਾ ਮਾਲਕ ਨਹੀਂ ਬਣ ਸਕਦਾ। ਯਾਨੀਕਿ ਜ਼ਮੀਨ ਦੱਬ ਨਹੀਂ ਸਕਦਾ। ਕੇਂਦਰੀ ਮੰਤਰੀ ਨਿਤਿਨ ਗਡਕਰੀ ਦਾ ਇਹ ਬਿਆਨ ਕਿ ਫਸਲਾਂ ਦੇ ਸਮਰਥਨ ਮੁਲ


ਉਜਾਗਰ ਸਿੰਘ
ਸਾਬਕਾ ਜਿਲ੍ਹਾ ਲੋਕ ਸੰਪਰਕ ਅਧਿਕਾਰੀ
ujagarsingh48@yahoo.com

ਦੇਣ ਨਾਲ ਦੇਸ ਦੀ ਆਰਥਿਕਤਾ ਨੂੰ ਧੱਕਾ ਲੱਗ ਰਿਹਾ ਹੈ। ਉਨ੍ਹਾਂ ਇਹ ਵੀ ਕਿਹਾ ਕਿ ਭਾਰਤ ਕੋਲ ਤਿੰਨ ਸਾਲਾਂ ਲਈ ਵਾਧੂ ਅਨਾਜ ਪਿਆ ਹੈ ਪ੍ਰੰਤੂ ਸਟੋਰੇਜ ਦੀ ਸਮੱਸਿਆ ਹੈ। ਸਵਾਲ ਤਾਂ ਇਹ ਪੈਦਾ ਹੁੰਦਾ ਹੈ ਕਿ ਜੇਕਰ ਕਿਸਾਨ ਕਣਕ ਤੇ ਜੀਰੀ ਬੀਜਣੀ ਬੰਦ ਕਰ ਦੇਣ ਤਾਂ ਤਿੰਨ ਸਾਲ ਬਾਅਦ ਭਾਰਤ ਫਿਰ ਮੰਗਤਾ ਬਣਕੇ ਵਿਦੇਸ਼ਾਂ ਵਿਚੋਂ ਮਹਿੰਗੇ ਭਾਅ ਤੇ ਅਨਾਜ ਖ੍ਰੀਦੇਗਾ। ਪੀ ਐਲ 480 ਅਧੀਨ ਅਮਰੀਕਾ ਤੋਂ ਕਣਕ ਮੰਗਵਾਉਂਦਾ ਰਿਹਾ ਹੈ। ਜਦੋਂ ਪੰਜਾਬ ਦੇ ਕਿਸਾਨਾਂ ਨੇ ਦੇਸ ਨੂੰ ਆਤਮ ਨਿਰਭਰ ਕੀਤਾ ਸੀ, ਉਦੋਂ ਤਾਂ ਕਿਸਾਨਾ ਦੇ ਸੋਹਲੇ ਗਾਏ ਜਾਂਦੇ ਸਨ। ਅੱਜ ਕਰਜ਼ਈ ਕਿਸਾਨ ਦਾ ਕਰਜ਼ਾ ਮੁਆਫ ਨਹੀਂ ਕੀਤਾ ਜਾਂਦਾ ਜਦੋਂ ਕਿ ਸਨਅਤਕਾਰਾਂ ਦੇ ਹਜ਼ਾਰਾਂ ਕਰੋੜਾਂ ਰੁਪਏ ਦੇ ਕਰਜ਼ੇ ਮੁਆਫ ਕਰ ਦਿੱਤੇ ਜਾਂਦੇ ਹਨ। ਨਿਤਿਨ ਗਡਕਰੀ ਦੇ ਬਿਆਨ ਦਾ ਅਰਥ ਇਹ ਹੈ ਕਿ ਸਮਰਥਨ ਮੁੱਲ ਬੰਦ ਕਰ ਦਿੱਤਾ ਜਾਵੇਗਾ ਜਦੋਂ ਕਿ ਦੇਸ ਦੇ ਕਿਸਾਨ ਕਰਜ਼ੇ ਦੇ ਭਾਰ ਹੇਠ ਪਹਿਲਾਂ ਹੀ ਦੱਬੇ ਪਏ ਹਨ। ਸਮਰਥਨ ਮੁੱਲ ਬੰਦ ਹੋਣ ਨਾਲ ਕਿਸਾਨੀ ਦਾ ਬੇੜਾ ਗਰਕ ਹੋ ਜਾਵੇਗਾ। ਪੰਜਾਬ ਬਰਬਾਦ ਹੋ ਜਾਵੇਗਾ। ਸਵਾਮੀਨਾਥਨ ਰਿਪੋਰਟ ਲਾਗੂ ਕਰਨ ਦਾ ਵਾਅਦਾ ਕਰਨ ਵਾਲੀ ਭਾਰਤੀ ਜਨਤਾ ਪਾਰਟੀ ਉਸ ਰਿਪੋਰਟ ਦੇ ਵਿਰੁੱਧ ਫੈਸਲੇ ਕਰਨ ਤੇ ਤੁਲੀ ਹੋਈ ਹੈ। ਕਿਸਾਨ ਬਦਲਵੀਆਂ ਫਸਲਾਂ ਬੀਜਣ ਲਈ ਤਿਆਰ ਹਨ, ਬਸ਼ਰਤੇ ਕਿ ਉਨ੍ਹਾਂ ਦਾ ਵੀ ਸਮਰਥਨ ਮੁੱਲ ਦਿੱਤਾ ਜਾਵੇ। ਖੇਤੀਬਾੜੀ ਨਾਲ ਤਿੰਨ ਆਰਡੀਨੈਂਸਾਂ ਦੇ ਝਟਕੇ ਦੇ ਸਦਮੇ ਵਿਚੋਂ ਕਿਸਾਨ ਅਜੇ ਨਿਕਲੇ ਨਹੀਂ ਸਨ ਨਿਤਿਨ ਗਡਕਰੀ ਦਾ ਬਿਆਨ ਬਲਦੀ ਤੇ ਤੇਲ ਪਾਉਣ ਦਾ ਕੰਮ ਕਰ ਗਿਆ। ਭਾਰਤੀ ਜਨਤਾ ਪਾਰਟੀ ਨੂੰ ਯਾਦ ਰੱਖਣਾ ਚਾਹੀਦਾ ਹੈ ਕਿ ਕਿਸੇ ਸਮੇਂ ਭਾਰਤ ਵਿਚ ਅਨਾਜ ਦੀ ਕਮੀ ਪੂਰੀ ਕਰਨ ਲਈ ਬਾਹਰਲੇ ਦੇਸਾਂ ਤੋਂ ਮਿੰਨਤਾਂ ਕਰਕੇ ਅਨਾਜ ਖ੍ਰੀਦਿਆ ਜਾਂਦਾ ਸੀ। ਭਾਰਤ ਦੀ ਕਰੰਸੀ ਬਾਹਰ ਜਾਂਦੀ ਸੀ ਜਿਸ ਨਾਲ ਰੁਪਏ ਦੀ ਕੀਮਤ ਘਟਦੀ ਸੀ। ਦੇਸ ਦੀ ਆਰਥਿਕਤਾ ਨੂੰ ਮਜ਼ਬੂਤ ਕਰਨ ਵਾਲੇ ਕਿਸਾਨ ਨੂੰ ਕਮਜ਼ੋਰ ਕੀਤਾ ਜਾ ਰਿਹਾ ਹੈ। ਔਖੇ ਮੌਕੇ ਦੇਸ ਨੂੰ ਅਨਾਜ ਦੇ ਖੇਤਰ ਵਿਚ ਆਤਮ ਨਿਰਭਰ ਕਰਨ ਲਈ ਪੰਜਾਬ ਤੇ ਹਰਿਆਣਾ ਦੇ ਕਿਸਾਨ ਹੀ ਅੱਗੇ ਆਏ ਸਨ। ਇਕੱਲਾ ਪੰਜਾਬ ਦੇਸ ਦੇ ਅਨਾਜ ਭੰਡਾਰ ਵਿਚ ਅੱਸੀ ਫੀ ਸਦੀ ਹਿੱਸਾ ਪਾਉਂਦਾ ਹੈ। ਉਦੋਂ ਪੰਜਾਬ ਦੇ ਕਿਸਾਨਾਂ ਦੀ ਤਾਰੀਫ ਦੇ ਪੁਲ ਬੰਨ੍ਹੇ ਜਾਂਦੇ ਸਨ। ਅੱਜ ਦਿਨ ਉਨ੍ਹਾਂ ਦੀ ਕਮਰ ਤੋ ਤੋੜੀ ਜਾ ਰਹੀ ਹੈ। ਆਰਡੀਨੈਂਸ ਅਨੁਸਾਰ ਕਿਸਾਨ ਕਣਕ ਕਿਸੇ ਵੀ ਥਾਂ ਤੇ ਵੇਚ ਸਕਦੇ ਹਨ। ਇਸ ਤੋਂ ਪਹਿਲਾਂ ਉਹ ਆਪਣੇ ਘਰਾਂ ਦੇ ਨੇੜੇ ਮੰਡੀਆਂ ਵਿਚ ਵੇਚ ਸਕਦੇ ਸਨ। ਉਨ੍ਹਾਂ ਨੂੰ ਸਮਰਥਨ ਮੁੱਲ ਮਿਲ ਜਾਂਦਾ ਸੀ। ਭਾਵ ਉਹ ਆਪਣੀ ਕਣਕ ਲੈ ਕੇ ਵਿਓਪਾਰੀਆਂ ਦੇ ਮਗਰ ਭੱਜੇ ਫਿਰਨਗੇ। ਵਿਓਪਾਰੀ ਕਿਸਾਨ ਕੋਲੋਂ ਆਪ ਆ ਕੇ ਜੇਕਰ ਕਣਕ ਖ੍ਰੀਦੇਗਾ ਤਾਂ ਸਮਰਥਨ ਮੁੱਲ ਨਾ ਹੋਣ ਕਰਕੇ ਆਪਣੀ ਮਰਜ਼ੀ ਦਾ ਮੁੱਲ ਦੇਣਗੇ ਕਿਉਂਕਿ ਕਿਸਾਨ ਫਸਲ ਨੂੰ ਆਪਣੇ ਕੋਲ ਰੱਖ ਨਹੀਂ ਸਕਦਾ। ਉਸਨੇ ਤਾਂ ਆਪਣਾ ਕਰਜ਼ਾ ਲਾਹੁਣਾ ਹੁੰਦਾ ਹੈ ਅਤੇ ਪਰਿਵਾਰ ਦਾ ਗੁਜ਼ਾਰਾ ਵੀ ਤੋਰਨਾ ਹੁੰਦਾ। ਇਸ ਲਈ ਵਿਓਪਾਰੀ ਮਨਮਾਨੀਆਂ ਕਰਨਗੇ। ਵਿਓਪਾਰੀ ਅਨਾਜ ਦੇ ਜਖੀਰੇ ਕਰਨਗੇ ਤੇ ਫੇਰ ਲੋਕਾਂ ਨੂੰ ਮਹਿੰਗੇ ਭਾਅ ਤੇ ਵੇਚਣਗੇ। ਇਕੱਲਾ ਕਿਸਾਨ ਹੀ ਬਰਬਾਦ ਨਹੀਂ ਹੋਵੇਗਾ ਸਗੋਂ ਖਪਤਕਾਰ ਦਾ ਦੀਵਾਲਾ ਨਿਕਲ ਜਾਵੇਗਾ। ਇਸ ਨਾਲ ਪੰਜਾਬ ਦੀ ਆਰਥਿਕਤਾ ਨੂੰ ਧੱਕਾ ਲਗੇਗਾ। ਆੜ੍ਹਤੀਆਂ ਦਾ ਕੰਮ ਖ਼ਤਮ ਹੋ ਜਾਵੇਗਾ। ਆੜ੍ਹਤੀ ਅਤੇ ਕਿਸਾਨ ਦਾ ਸਦੀਆਂ ਪੁਰਾਣਾ ਰਿਸ਼ਤਾ ਤਾਰ ਤਾਰ ਹੋ ਜਾਵੇਗਾ। ਕਿਸਾਨ ਫਸਲ ਬੀਜਣ ਤੋਂ ਲੈ ਕੇ ਵੱਢਣ ਤੱਕ ਛੇ ਮਹੀਨੇ ਆੜ੍ਹਤੀਆਂ ਤੇ ਨਿਰਭਰ ਰਹਿੰਦਾ ਹੈ, ਦੁੱਖ ਸੁੱਖ ਵਿਚ ਆੜ੍ਹਤੀ ਹੀ ਕਿਸਾਨ ਦਾ ਸਹਾਈ ਹੁੰਦਾ ਹੈ। ਪੰਜਾਬ ਸਰਕਾਰ ਨੂੰ ਆਰਥਿਕ ਤੌਰ ਤੇ ਨੁਕਸਾਨ ਹੋਵੇਗਾ ਕਿਉਂਕਿ ਮਾਰਕੀਟ ਕਮੇਟੀਆਂ ਨੂੰ ਆਮਦਨ ਨਹੀਂ ਹੋਵੇਗੀ। ਮਾਰਕੀਟ ਕਮੇਟੀਆਂ ਦੀ ਆਮਦਨ ਨਾਲ ਹੀ ਪਿੰਡਾਂ ਨੂੰ ਜੋੜਨ ਵਾਲੀਆਂ ਲਿੰਕ ਸੜਕਾਂ ਬਣਦੀਆਂ ਅਤੇ ਮੁਰੰਮਤ ਹੁੰਦੀਆਂ ਹਨ। ਇਹ ਨੁਕਸਾਨ ਵੀ ਕਿਸਾਨਾ ਨੂੰ ਹੀ ਹੋਵੇਗਾ ਕਿਉਂਕਿ ਕਿਸਾਨ ਹੀ ਪਿੰਡਾਂ ਵਿਚ ਰਹਿੰਦੇ ਹਨ। ਕੇਂਦਰ ਸਰਕਾਰ ਦਾ ਆਰਡੀਨੈਂਸ ਕਹਿ ਰਿਹਾ ਹੈ ਕਿ ਮੰਡੀਕਰਨ ਅਤੇ ਕੰਟੈਕਟ ਫਾਰਮਿੰਗ ਅਧੀਨ ਕਰਜ਼ੇ ਦਿੱਤੇ ਜਾਣਗੇ। ਇਹ ਕਰਜ਼ੇ ਕਿਸਾਨਾਂ ਨੂੰ ਨਹੀਂ ਸਗੋਂ ਹੁਣ ਤੱਕ ਇਹ ਕਰਜ਼ੇ ਖੇਤੀ ਨਾਲ ਸੰਬੰਧਤ ਵਿਓਪਾਰਕ ਕੰਪਨੀਆਂ ਨੂੰ ਦਿੱਤੇ ਜਾਂਦੇ ਹਨ। ਕਿਸਾਨ ਭੋਲੇ ਉਨ੍ਹਾਂ ਦੇ ਲਾਰਿਆਂ ਵਿਚ ਆ ਕੇ ਨੁਕਸਾਨ ਉਠਾ ਲੈਂਦੇ ਹਨ।

ਹੈਰਾਨੀ ਤਾਂ ਇਸ ਗੱਲ ਦੀ ਹੈ ਕਿ ਸ਼੍ਰੋਮਣੀ ਅਕਾਲੀ ਦਲ ਬਾਦਲ ਜਿਹੜਾ ਆਪਣੇ ਆਪਨੂੰ ਕਿਸਾਨਾ ਦੀ ਪਾਰਟੀ ਕਹਾਉਂਦਾ ਹੈ ਉਹ ਕੇਂਦਰ ਸਰਕਾਰ ਵਿਚ ਭਾਈਵਾਲ ਹੈ। ਅਕਾਲੀ ਦਲ ਬਾਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਦੀ ਪਤਨੀ ਹਰਸਿਮਰਤ ਕੌਰ ਬਾਦਲ ਕੇਂਦਰ ਵਿਚ ਮੰਤਰੀ ਹੈ। ਇਸ ਲਈ ਅਕਾਲੀ ਦਲ ਨੂੰ ਕੇਂਦਰ ਸਰਕਾਰ ਵਿਚੋਂ ਅਸਤੀਫਾ ਦੇ ਦੇਣਾ ਚਾਹੀਦਾ ਹੈ ਕਿਉਂਕਿ ਪੰਜਾਬ ਦੀ ਆਰਥਿਕਤਾ ਖੇਤੀਬਾੜੀ ਉਪਰ ਨਿਰਭਰ ਕਰਦੀ ਹੈ। ਹੁਣ ਅਕਾਲੀ ਦਲ ਕਹਿ ਰਿਹਾ ਹੈ ਕਿ ਉਹ ਆਰਡੀਨੈਂਸਾਂ ਵਿਰੁਧ ਮੋਰਚਾ ਲਗਾਏਗਾ। ਇਹ ਮਗਰਮੱਛ ਦੇ ਹੰਝੂ ਹਨ, ਜਦੋਂ ਮੰਤਰੀ ਮੰਡਲ ਦੀ ਮੀਟਿੰਗ ਵਿਚ ਬੀਬਾ ਹਰਸਿਮਰਤ ਕੌਰ ਬਾਦਲ ਨੇ ਕੁਰਸੀ ਖੁਸਣ ਦੇ ਡਰ ਕਰਕੇ ਵਿਰੋਧ ਨਹੀਂ ਕੀਤਾ, ਹੁਣ ਅਜਿਹੀਆਂ ਬੇਤੁਕੀਆਂ ਗਿਦੜ ਧਮਕੀਆਂ ਨਾਲ ਕੁਝ ਨਹੀਂ ਹੋਣ ਵਾਲਾ। ਪੰਜਾਬ ਦੇ ਮੁੱਖ ਮੰਤਰੀ ਨੇ ਸਰਬ ਪਾਰਟੀ ਮੀਟਿੰਗ ਬੁਲਾਈ ਹੈ, ਉਸ ਵਿਚ ਸਾਂਝੇ ਤੌਰ ਕੇਂਦਰ ਨਾਲ ਲੋਹਾ ਲੈਣ ਦਾ ਫੈਸਲਾ ਕਰਨਾ ਚਾਹੀਦਾ ਹੈ। ਜੇਕਰ ਹੁਣ ਵੀ ਸਿਆਸੀ ਪਾਰਟੀਆਂ ਇਕਮਤ ਨਾ ਹੋਈਆਂ ਤਾਂ ਸਾਬਤ ਹੋ ਜਾਵੇਗਾ ਕਿ ਉਹ ਸਿਰਫ ਕੁਰਸੀ ਪਿਛੇ ਸਿਆਸਤ ਕਰਦੀਆਂ ਹਨ ਅਤੇ ਪੰਜਾਬ ਦੇ ਲੋਕਾਂ ਦਾ ਭਲਾ ਨਹੀਂ ਚਾਹੁੰਦੀਆਂ।

# ਈਕੋ ਸਿੱਖ ਟੀਮ ਵੱਲੋਂ 50 ਨੌਜਵਾਨਾਂ ਨੂੰ ਜੰਗਲ ਲਗਾਉਣ ਦੀ ਗਈ ਦਿੱਤੀ ਟਰੇਨਿੰਗ

## ਮਾਰੂਥਲ ਅਤੇ ਸੋਕਾ ਰੋਕਣ ਲਈ ਵਿਸ਼ਵ ਦਿਵਸ ਮਨਾਇਆ

ਈਕੋਸਿੱਖ ਟੀਮ ਵੱਲੋਂ 50 ਨੌਜਵਾਨਾਂ ਨੂੰ ਜੰਗਲ ਲਗਾਉਣ ਦੀ ਟਰੇਨਿੰਗ ਫ਼ਰਵਰੀ 'ਚ ਦਿੱਤੀ ਗਈ। ਬਾਬਾ ਬੰਦਾ ਸਿੰਘ ਬਹਾਦਰ ਕਾਲਜ, ਫਤਹਿਗੜ੍ਹ ਸਾਹਿਬ ਪੰਜਾਬ ਅਤੇ ਭਾਰਤ ਦੇ ਹੋਰ ਰਾਜਾਂ ਵਿਚ 145 ਗੁਰੂ ਨਾਨਕ ਪਵਿੱਤਰ ਜੰਗਲ ਲਗਾਏ ਜਾ ਚੁੱਕੇ ਹਨ। ਪੰਜਾਬ ਵਿੱਚ ਜੰਗਲ ਲਗਾਉਣਾ ਖੇਤਰ ਦੀ ਜੈਵ ਵਿਭਿੰਨਤਾ ਨੂੰ ਬਚਾਉਂਦਾ ਹੈ, ਪ੍ਰਦੂਸ਼ਣ ਨੂੰ ਸਾਫ ਕਰਨ ਵਿੱਚ ਮਦਦ ਕਰਦਾ ਹੈ, ਮਿੱਟੀ ਨੂੰ ਨਵਿਆਉਂਦਾ ਹੈ ਅਤੇ ਮਾਰੂਥਲ ਬਣਨ ਤੋਂ ਬਚਾਉਂਦਾ ਹੈ। ਵਾਤਾਵਰਣ ਦੇ ਸੰਤੁਲਨ ਨੂੰ ਬਹਾਲ ਕਰਦਾ ਹੈ। ਇਹ ਮੌਜੂਦਾ ਅਤੇ ਆਉਣ ਵਾਲੀਆਂ ਪੀੜ੍ਹੀਆਂ ਲਈ ਸਭ ਤੋਂ ਮਹੱਤਵਪੂਰਣ ਕੰਮ ਹੈ। ਸਾਡੇ ਈਕੋ ਯੋਧਿਆਂ ਨੂੰ ਸਲਾਮ! ਈਕੋਸਿੱਖ www.ecosikh.org ਦਾ ਸਮਰਥਨ ਕਰੋ!






# ਬਾਬਾ ਬੰਦਾ ਬਹਾਦਰ ਜੀ ਦੀ ਸ਼ਹੀਦੀ ਤਾਰੀਖ ?



ਇੰਡੀਆ ਵਿੱਚ ਗਰੈਗੋਰੀਅਨ ਕੈਲੰਡਰ ਗੋਰਿਆਂ ਦੇ ਨਾਲ ਹੀ ਆਇਆ ਸੀ। ਇਸ ਤੋਂ ਪਹਿਲਾਂ ਤਾਂ ਉਥੇ ਆਮ ਤੌਰ 'ਤੇ ਬਿਕ੍ਰਮੀ ਕੈਲੰਡਰ ਹੀ ਪ੍ਰਚਲਤ ਸੀ। ਸਰਕਾਰੀ ਕਾਰ-ਵਿਹਾਰ ਵਿੱਚ ਹਿਜਰੀ ਕੈਲੰਡਰ ਲਾਗੂ ਸੀ। ਗੋਰਿਆਂ ਨੇ ਆਪਣੀ ਸਹੂਲਤ ਲਈ ਸਤੰਬਰ 1752 ਈ. ਤੋਂ ਪਹਿਲੀਆਂ ਬਿਕ੍ਰਮੀ ਜਾਂ ਹਿਜਰੀ ਤਾਰੀਖਾਂ ਨੂੰ ਜੂਲੀਅਨ ਵਿੱਚ ਅਤੇ ਉਸ ਤੋਂ ਪਿਛੋਂ ਦੀਆਂ ਤਾਰੀਖਾਂ ਨੂੰ ਗਰੈਗੋਰੀਅਨ ਵਿੱਚ ਬਦਲੀ ਕਰ/ਕਰਵਾ ਲਿਆ। ਮਿਸਾਲ ਦੇ ਤੌਰ 'ਤੇ ਜਦੋਂ ਗੁਰੂ ਗੋਬਿੰਦ ਸਿੰਘ ਜੀ ਦਾ ਜਨਮ ਹੋਇਆ ਸੀ ਤਾਂ ਉਸ ਵੇਲੇ ਦੇ ਪ੍ਰਚੱਲਤ ਕੈਲੰਡਰਾਂ ਮੁਤਾਬਕ ਇਹ ਤਾਰੀਖ 23 ਪੋਹ ਜਾਂ ਪੋਹ ਸੁਦੀ 7 ਸੰਮਤ 1723 ਬਿਕ੍ਰਮੀ ਸੀ। ਜਦੋਂ ਇਸ ਤਾਰੀਖ ਨੂੰ ਜੂਲੀਅਨ ਕੈਲੰਡਰ ਵਿਚ ਬਦਲੀ ਕੀਤਾ ਗਿਆ ਤਾਂ ਇਹ 22 ਦਸੰਬਰ ਲਿਖੀ ਗਈ। ਫਰਜ਼ ਕਰੋ ਕਿ ਇੰਗਲੈਂਡ ਵਾਲੇ ਵੀ ਜੂਲੀਅਨ ਕੈਲੰਡਰ ਵਿੱਚ ਕੀਤੀ ਗਈ ਸੋਧ ਨੂੰ 1582 ਈ. ਵਿੱਚ ਹੀ ਪ੍ਰਵਾਨ ਕਰ ਲੈਂਦੇ ਤਾਂ ਇਹ ਤਾਰੀਖ ਗਰੈਗੋਰੀਅਨ ਕੈਲੰਡਰ ਵਿੱਚ ਲਿਖੀ ਜਾਣੀ ਸੀ ਜੋ 1 ਜਨਵਰੀ 1667 ਈ. ਹੋਣੀ ਸੀ। ਇਹ ਹੀ ਕਾਰਨ ਹੈ ਕਿ ਨਾਨਕਸ਼ਾਹੀ ਕੈਲੰਡਰ ਦੇ ਵਿਰੋਧੀ ਸੱਜਣ ਵਾਰ-ਵਾਰ ਇਹ ਕਹਿੰਦੇ ਹੈ ਕਿ ਗੁਰੂ ਜੀ ਦਾ ਜਨਮ 5 ਜਨਵਰੀ ਨੂੰ ਨਹੀਂ ਸਗੋਂ 1 ਜਨਵਰੀ ਦਾ ਬਣਦੀ ਹੈ। ਗੋਰਿਆਂ ਦੇ ਆਉਣ ਤੋਂ ਪਿਛੋਂ ਸਾਡੇ ਵਿਦਵਾਨਾਂ ਵੱਲੋਂ ਵੀ, ਆਪਣੀਆਂ ਲਿਖਤਾਂ ਵਿੱਚ ਬਿਕ੍ਰਮੀ ਕੈਲੰਡਰ ਦੀਆਂ ਅਸਲ ਤਾਰੀਖਾਂ ਲਿਖਣ ਦੀ ਬਿਜਾਏ, 1752 ਈ. ਤੋਂ ਪਹਿਲੀਆਂ ਬਿਕ੍ਰਮੀ ਤਾਰੀਖਾਂ ਨੂੰ ਜੂਲੀਅਨ ਕੈਲੰਡਰ ਦੀਆਂ ਤਾਰੀਖਾਂ ਵਿੱਚ ਹੀ ਲਿਖਿਆ ਜਾਣ ਲੱਗ ਪਿਆ। ਉਹ ਇਹ ਭੁੱਲ ਹੀ ਗਏ ਹਨ ਕਿ ਜੂਲੀਅਨ ਕੈਲੰਡਰ ਤਾਂ ਕਦੇ ਇੰਡੀਆ ਵਿਚ ਲਾਗੂ ਹੀ ਨਹੀਂ ਹੋਇਆ।

ਪਿਛਲੇ ਦਿਨੀਂ ਇਕ ਸੱਜਣ ਨੇ ਡਾ. ਸੁਖਦਿਆਲ ਸਿੰਘ ਦੀ ਇਕ ਪੋਸਟ ਭੇਜ ਕਿ ਸਵਾਲ ਕੀਤਾ ਕਿ ਬਾਬਾ ਬੰਦਾ ਬਹਾਦਰ ਜੀ ਦੀ ਸ਼ਹੀਦੀ ਦੀ ਤਾਰੀਖ ਕਿੰਨੀ ਹੈ? ਅਸਲ ਵਿੱਚ ਉਹ ਪੋਸਟ ਡਾ. ਪਰਮਵੀਰ ਸਿੰਘ (ਸਿੱਖ ਵਿਸ਼ਵਕੋਸ਼ ਵਿਭਾਗ) ਦੀ ਲਿਖੀ ਹੋਈ ਸੀ। ਡਾ. ਸੁਖਦਿਆਲ ਸਿੰਘ ਨੇ ਤਾਂ ਅੱਗੋਂ ਸਾਂਝੀ ਹੀ ਕੀਤੀ ਸੀ। ਉਸ ਲਿਖਤ ਮੁਤਾਬਕ ਬਾਬਾ ਬੰਦਾ ਸਿੰਘ ਬਹਾਦਰ ਜੀ ਦੀ ਸ਼ਹੀਦੀ 9 ਜੂਨ ਨੂੰ ਹੋਈ ਸੀ। ਜਦੋਂ ਕਿ ਸ਼੍ਰੋਮਣੀ ਗੁਰਦਵਾਰਾ ਪ੍ਰਬੰਧਕ ਕਮੇਟੀ ਵੱਲੋਂ ਛਾਪੇ ਗਏ ਕੈਲੰਡਰ ਵਿੱਚ ਇਹ ਸ਼ਹੀਦੀ ਦਿਹਾੜਾ 11 ਹਾੜ (24 ਜੂਨ) ਦਾ ਦਰਜ ਹੈ। ਜਦੋਂ ਇਸ ਤਾਰੀਖ ਦੀ ਪੜਤਾਲ ਕਰੀਏ ਤਾਂ ਜਾਣਕਾਰੀ ਮਿਲਦੀ ਹੈ ਕਿ ਬਾਬਾ ਬੰਦਾ ਬਹਾਦਰ ਜੀ ਦੀ ਸ਼ਹੀਦੀ, ਉਸ ਵੇਲੇ ਦੇ ਸਰਕਾਰੀ ਕੈਲੰਡਰ ਵਿੱਚ 29 ਜਮਾਦੀ-ਉਲ ਸਾਨੀ 1128 ਹਿਜਰੀ ਦਰਜ ਹੈ। ਹੈਰਾਨੀ ਅਤੇ ਪ੍ਰੇਸ਼ਾਨੀ ਉਸ ਸਮੇਂ ਆਉਂਦੀ ਹੈ ਜਦੋਂ ਵਿਲੀਅਮ ਇਰਵਿਨ ਅਤੇ ਡਾ. ਗੰਡਾ ਸਿੰਘ ਹਿਜਰੀ ਦੀ ਇਕੋ ਜਿਹੀ ਮਿਤੀ ਦੇ ਕੇ ਫਿਰ ਸੰਨ ਈਸਵੀ ਦੀ ਅਲੱਗ-ਅਲੱਗ ਮਿਤੀ ਦੇ ਦਿੰਦੇ ਹਨ।...ਇਸੇ ਤਰ੍ਹਾਂ ਬੰਦਾ ਸਿੰਘ ਬਹਾਦਰ ਦੀ ਸ਼ਹਾਦਤ ਹਿਜਰੀ ਸੰਮਤ 29 ਜਮਾਦੀ-ਉ-ਸਾਨੀ, 1128 ਨੂੰ ਵਿਲੀਅਮ ਇਰਵਿਨ ਨੇ 19 ਜੂਨ, 1716 ਲਿਖਿਆ ਹੈ ਅਤੇ ਗੰਡਾ ਸਿੰਘ ਨੇ 9 ਜੂਨ 1716 ਲਿਖਿਆ ਹੈ। ਹੁਣ ਦੋਹਾਂ ਵਿੱਚੋਂ ਅਪਣਾਇਆ ਕਿਸ ਨੂੰ ਜਾਵੇ। ਦੋਵੇਂ ਹੀ ਇਤਿਹਾਸਕਾਰ ਆਪਣੇ ਆਪ ਵਿੱਚ ਬੰਦਾ ਸਿੰਘ ਬਹਾਦਰ ਦੇ ਇਤਿਹਾਸ ਲਿਖਣ ਵਿਚ ਪੂਰੀ ਅਥਾਰਟੀ ਹਨ। ਜੇਕਰ ਵਿਲੀਅਮ ਇਰਵਿਨ ਦੀਆਂ ਮਿਤੀਆਂ ਮੰਨ ਕੇ ਚਲਦੇ ਹਾਂ ਤਾਂ ਗੰਡਾ ਸਿੰਘ ਦਾ ਲੱਭਿਆ ਅਖ਼ਬਾਰ-ਏ-ਦਰਬਾਰ-ਏ-ਮੁਅੱਲਾ ਦਾ ਮਹਾਨ ਫਾਰਸੀ ਸਰੋਤ ਗਲਤ ਹੋ ਜਾਂਦਾ ਹੈ। ਕਿਉਂਕਿ ਇਸ ਨੂੰ ਗੰਡਾ ਸਿੰਘ ਆਪਣੀਆਂ ਮਿਤੀਆਂ ਮੁਤਾਬਕ ਉਲਥਾਇਆ ਹੈ। ਸਹੀ ਮਿਤੀ ਤਾਂ ਹਿਜਰੀ ਸੰਮਤ ਵਾਲੀ ਹੀ ਹੈ। ਪਰ ਇਸ ਨੂੰ ਪੰਜਾਬ ਅਤੇ ਭਾਰਤੀ ਇਤਿਹਾਸ ਵਿੱਚ ਇਸ ਸਮੇਂ ਅਪਣਾਇਆ ਨਹੀਂ ਜਾ ਰਿਹਾ। ਇਸ ਦੋਚਿੱਤੀ ਵਾਲੇ ਮਾਹੌਲ ਵਿੱਚ ਆਖਰਕਾਰ ਬਿਨਾ ਕੋਈ ਠੋਸ ਕਾਰਨ ਦੱਸੇ ਦੇ ਗੰਡਾ ਸਿੰਘ ਵਾਲਿਆਂ ਮਿਤੀਆਂ ਨੂੰ ਹੀ ਅਪਣਾ ਕੇ ਚੱਲਿਆ ਜਾ ਰਿਹਾ ਹੈ। (ਬੰਦਾ ਸਿੰਘ ਬਹਾਦਰ: ਇਤਿਹਾਸਕ ਅਧਿਐਨ, 2010 ਈ:, ਪੰਨਾ 216)

THE LATER MUGHALS

CHAPTER I

BAHADUR SHAH

SEC. 1.—DEATH OF ALAMGIR: HIS CHILDREN.

After an illness of a few days Alamgir died in his camp at Ahmadnagar on the 28th Zul Qada 1118 A.H., corresponding to the 3rd March, 1707 (New Style), in the 91st (lunar) year of his age and the 51st of his reign. The actual place of his death is probably denoted by the "Barahdari Aurangzeb's tomb," marked on the map between pp. 688 and 689 in *Bombay Gazetteer*, Vol. xvii. The place lies 2 miles n. e. of Ahmadnagar town.

ਹਿਜਰੀ ਕੈਲੰਡਰ ਦੀ ਤਾਰੀਖ, 29 ਜਮਾਦੀ-ਉਲ ਸਾਨੀ 1128 ਹਿਜਰੀ ਨਾਲ ਤਾਂ ਡਾ. ਸੁਖਦਿਆਲ ਸਿੰਘ ਸਹਿਮਤ ਹੈ ਪਰ ਡਾ. ਗੰਡਾ ਸਿੰਘ ਅਤੇ ਵਿਲੀਅਮ ਇਰਵਿਨ ਵੱਲੋਂ ਲਿਖੀਆਂ ਵੱਖ-ਵੱਖ ਅੰਗਰੇਜ਼ੀ ਤਾਰੀਖਾਂ ਉਸ ਲਈ ਹੈਰਾਨੀ-ਪ੍ਰੇਸ਼ਾਨੀ ਦਾ ਸਬੱਬ ਬਣਦੀਆਂ ਹਨ। ਉਹ ਬਿਨਾ ਕਿਸੇ ਠੋਸ ਕਾਰਨ ਦੇ ਜਾਂ ਪੜਤਾਲ ਕੀਤਿਆਂ ਵਿਲੀਅਮ ਇਰਵਿਨ ਦੀ ਤਾਰੀਖ (19 ਜੂਨ) ਨੂੰ ਗਲਤ ਮੰਨ ਕੇ ਡਾ. ਗੰਡਾ ਸਿੰਘ ਦੀ ਤਾਰੀਖ (9 ਜੂਨ) ਨੂੰ ਸਹੀ ਮੰਨ ਲੈਂਦਾ ਹੈ। ਇਸ ਦੋਚਿੱਤੀ ਵਾਲੇ ਮਾਹੌਲ ਵਿੱਚ ਆਖਰਕਾਰ ਬਿਨਾ ਕੋਈ ਠੋਸ ਕਾਰਨ ਦੱਸੇ ਦੇ ਗੰਡਾ ਸਿੰਘ ਵਾਲਿਆਂ ਮਿਤੀਆਂ ਨੂੰ ਹੀ ਅਪਣਾ ਕੇ ਚੱਲਿਆ ਜਾ ਰਿਹਾ ਹੈ। ਇਹ ਹੈ ਪੰਜਾਬੀ ਯੂਨੀਵਰਸਿਟੀ ਦੇ ਇਤਿਹਾਸ ਵਿਭਾਗ ਦੇ ਮੁਖੀ ਦਾ, ਆਪਣੀ ਕਲਮ ਨਾਲ ਲਿਖਿਆ ਆਪਣੀ ਅਗਿਆਨਤਾ ਦਾ ਸਬੂਤ। ਡਾ. ਸੁਖਦਿਆਲ ਸਿੰਘ ਨੇ ਆਪਣੀ ਕਿਤਾਬ ਦੇ



ਸਰਵਜੀਤ ਸਿੰਘ
ਸੈਕਰਾਮੈਂਟੋ
Isarbjits@gmail.com


ਅਖੀਰ ਵਿੱਚ, ਪਾਠਕਾਂ ਤੇ ਪ੍ਰਭਾਵ ਪਾਉਣ ਲਈ 134 ਕਿਤਾਬਾਂ (ਅੰਗਰੇਜ਼ੀ ਅਤੇ ਪੰਜਾਬੀ) ਦੀ ਸੂਚੀ ਦਿੱਤੀ ਹੈ। ਕਾਸ਼! ਡਾ. ਸੁਖਦਿਆਲ ਸਿੰਘ ਨੇ ਵਿਲੀਅਮ ਇਰਵਿਨ ਦੀ ਕਿਤਾਬ ਦੇ ਪਹਿਲੇ ਅਧਿਆਇ ਦੇ ਪਹਿਲੇ ਪਹਿਰੇ ਨੂੰ ਹੀ ਪੜ੍ਹਿਆ ਵੀ ਹੁੰਦਾ ਤਾਂ ਇਸ ਨਮੋਸ਼ੀ ਦਾ ਸਾਹਮਣਾ ਨਾ ਕਰਨ ਪੈਂਦਾ।

ਪੜ੍ਹੋ, "The Later Mughals" ਦੇ ਪਹਿਲੇ ਅਧਿਆਇ ਦੀ ਪਹਿਲੀ ਪੰਗਤੀ After an illness of a few days Alamgir died in his camp at Ahmednagar on the 28th Zul Qada 1118 A.H., corresponding to the 3rd march, 1707, New Style" ਇਥੋ New Style ਤੋਂ ਸਪੱਸ਼ਟ ਹੋ ਜਾਂਦਾ ਹੈ ਕਿ William Irvine ਦੀਆਂ ਸਾਰੀਆਂ ਤਾਰੀਖ਼ਾਂ ਗਰੈਗੋਰੀਅਨ ਕੈਲੰਡਰ ਮੁਤਾਬਕ ਹਨ। ਜੇ ਇਸ ਨੂੰ ਜੂਲੀਅਨ ਕੈਲੰਡਰ ਵਿਚ ਲਿਖਣਾ ਹੋਵੇ ਤਾਂ ਇਹ 20 February 1707, Old Style ਲਿਖੀ ਜਾਣੀ ਸੀ। ਕਾਸ਼! ਡਾ. ਸੁਖਦਿਆਲ ਸਿੰਘ ਨੇ ਇਸ ਕਿਤਾਬ ਦਾ ਹਵਾਲਾ ਦੇਣ ਤੋਂ ਪਹਿਲਾ ਇਸ ਦੇ ਦਰਸ਼ਨ ਕੀਤੇ ਹੁੰਦੇ। ਪਹਿਲੇ ਅਧਿਆਇ ਦੀ ਪਹਿਲੀ ਪੰਗਤੀ ਨੂੰ ਹੀ ਪੜ੍ਹ ਕੇ ਸਮਝਿਆ ਹੁੰਦਾ ਤਾਂ ਜਿਹੜਾ ਨੁਕਤਾ ਉਸ ਨੂੰ ਕਈ ਦਹਾਕਿਆਂ (ਪੜ੍ਹਨ ਅਤੇ ਪੜ੍ਹਾਉਣ ਦਾ ਸਮਾਂ) ਵਿੱਚ ਸਮਝ ਨਹੀਂ ਆਇਆ, ਕੁਝ ਸੈਕਿੰਡ ਵਿਚ ਸਮਝ ਆ ਜਾਣਾ ਸੀ। ਡਾ. ਸੁਖਦਿਆਲ ਸਿੰਘ ਜੀ, ਜਿਥੇ ਦੋ ਲਿਖਾਰੀਆਂ ਵੱਲੋਂ ਲਿਖੀ ਅੰਗਰੇਜ਼ੀ ਤਾਰੀਖ ਵਿਚ 10-11 ਦਿਨਾਂ ਦਾ ਫ਼ਰਕ ਹੋਵੇ, ਉਥੇ ਜੂਲੀਅਨ ਅਤੇ ਗਰੈਗੋਰੀਅਨ ਕੈਲੰਡਰ ਦਾ ਝਮੇਲਾ ਹੁੰਦਾ ਹੈ।

ਸਰਕਾਰੀ ਸੋਮਿਆਂ ਮੁਤਾਬਕ 29 ਜਮਾਦੀ-ਉਲ ਸਾਨੀ 1128 ਹਿਜਰੀ ਹੈ। ਜਿਵੇਂਕਿ ਪਾਠਕ ਉਪਰ ਪੜ੍ਹ ਆਏ ਹਨ ਕਿ ਅੰਗਰੇਜ਼ਾਂ ਨੇ ਆਪਣੀ ਸਹੂਲਤ ਲਈ ਭਾਰਤੀ ਇਤਿਹਾਸ ਦੀਆਂ ਤਾਰੀਖਾਂ (ਬਿਕ੍ਰਮੀ ਅਤੇ ਹਿਜਰੀ) ਨੂੰ, 2 ਸਤੰਬਰ 1752 ਈ: ਤੋਂ ਪਹਿਲੀਆਂ ਨੂੰ ਜੂਲੀਅਨ ਅਤੇ 14 ਸਤੰਬਰ ਪਿਛੋਂ ਦੀਆਂ ਤਾਰੀਖਾਂ ਨੂੰ ਗਰੈਗੋਰੀਅਨ ਕੈਲੰਡਰ ਵਿਚ ਬਦਲੀ ਕਰਨ ਦਾ ਪ੍ਰਬੰਧ ਕਰ ਲਿਆ। ਇਸ ਮੁਤਾਬਕ ਡਾ. ਗੰਡਾ ਸਿੰਘ ਵਾਲੀ ਤਾਰੀਖ ਭਾਵ 9 ਜੂਨ ਜੂਲੀਅਨ ਕੈਲੰਡਰ ਦੀ ਤਾਰੀਖ ਬਣਦੀ ਹੈ। ਵਿਲੀਅਮ ਇਰਵਿਨ ਨੇ ਇਸ ਤਾਰੀਖ ਨੂੰ ਜੂਲੀਅਨ ਵਿੱਚ ਨਹੀ, ਸਿਧਾ ਗਰੈਗੋਰੀਅਨ ਵਿੱਚ ਬਦਲੀ ਕਰ ਲਿਆ ਉਸ ਮੁਤਾਬਕ ਇਹ 19 ਜੂਨ ਬਣਦੀ ਹੈ। ਪਰ ਕੀ ਉਸ ਸਮੇਂ ਇਹ ਕੈਲੰਡਰ ਸਾਡੇ ਦੇਸ਼ ਵਿਚ ਲਾਗੂ ਸਨ? ਜਵਾਬ ਹੈ ਨਹੀਂ। ਤਾਂ ਸਵਾਲ ਪੈਦਾ ਹੁੰਦਾ ਹੈ ਕਿ ਇਨ੍ਹਾਂ ਕੈਲੰਡਰਾਂ ਵਿੱਚ ਇਤਿਹਾਸ ਕਿਵੇਂ ਲਿਖਿਆ ਜਾ ਸਕਦਾ ਸੀ।

ਆਓ ਵੇਖੀਏ ਕਿ ਆਪਣੇ ਦੇਸ਼ ਵਿੱਚ ਪ੍ਰਚੱਲਤ ਬਿਕ੍ਰਮੀ ਕੈਲੰਡਰ ਮੁਤਾਬਕ ਇਹ ਤਾਰੀਕ ਕਿੰਨੀ ਸੀ? 29 ਜਮਾਦੀ-ਉਲ ਸਾਨੀ 1128 ਹਿਜਰੀ ਮੁਤਾਬਕ ਇਹ 11 ਹਾੜ ਸੰਮਤ 1773 ਬਿਕ੍ਰਮੀ ਸੀ। 11 ਹਾੜ, ਸੁਦੀ ਏਕਮ (29 ਜਮਾਦੀ-ਉਲ ਆਖਿਰ 1128 ਹਿ:-9 ਜੂਨ 1716) ਛਨਿਛਰਵਾਰਿ, ਜਦੋਂ ਤਿੰਨ ਕੁ ਨੇਜਿਆਂ ਸਾਨ ਸੂਰਜ ਉੱਭਰਿਆ; ਤਦ ਬਾਬਾ ਬੰਦਾ ਸਿੰਘ ਬਹਾਦਰ, ਉਨ੍ਹਾਂ ਦੇ ਮਾਸੂਮ ਪੁੱਤਰ ਅਜੈ ਸਿੰਘ ਅਤੇ ਭਾਈ ਬਾਜ ਸਿੰਘ, ਰਾਮ ਸਿੰਘ, ਭਾਈ ਫਤਹਿ ਸਿੰਘ, ਆਲੀ ਸਿੰਘ ਤੇ ਗੁਲਾਬ ਸਿੰਘ ਬਖਸ਼ੀ ਆਦਿ ਛੱਬੀਹ ਹੋਰ ਸਿੰਘਾਂ ਨੂੰ, ਲਾਲ ਕਿਲੇ ਦੇ ਬੰਦੀਖ਼ਾਨੇ 'ਚੋਂ ਕੱਢ ਕੇ ਸਰਬਰਾਹ ਖਾਨ ਕੋਤਵਾਲ ਤੇ ਇਬਰਾਹੀਮ ਮੁੱਦੀਨ ਖਾਨ ਮੀਰ ਆਤਿਸ਼ ਹੋਰਾਂ ਜਲੂਸ ਦੇ ਰੂਪ ਵਿੱਚ, ਹਜ਼ਰਤ ਖ਼ਵਾਜਾ ਕੁਤਬ ਦੀਨ ਬਖਤਯਾਰ ਕਾਕੀ ਦੇ ਮਿਜਾਰ ਲਾਗੇ ਆਂਦਾ। (ਸਿੱਖ ਇਤਿਹਾਸ ਦੇ ਪ੍ਰਤੱਖ ਦਰਸ਼ਨ, ਸੰਪਾਦਕ ਰਣਧੀਰ ਸਿੰਘ ਭਾਗ ਪਹਿਲਾ, ਪੰਨਾ 243) ਇਹ ਤਾਰੀਖ ਭਾਵ 11 ਹਾੜ ਹੀ ਸ਼੍ਰੋਮਣੀ ਗੁਰਦਵਾਰਾ ਪ੍ਰਬੰਧਕ ਕਮੇਟੀ ਵੱਲੋਂ ਛਾਪੇ ਜਾਂਦੇ ਕੈਲੰਡਰ ਵਿੱਚ ਦਰਜ ਹੈ। ਇਹ ਗੱਲ ਵੱਖਰੀ ਹੈ ਕਿ ਹਾੜ ਮਹੀਨੇ ਦੀ ਸੰਗਰਾਂਦ ਇਕ ਦਿਨ ਅੱਗੇ ਪਿਛੇ ਹੋ ਜਾਂਦੀ ਹੈ ਇਸ ਲਈ, ਇਸ ਸਾਲ 11 ਹਾੜ 24 ਜੂਨ ਨੂੰ ਹੈ ਪਰ ਪਿਛਲੇ ਸਾਲ 25 ਜੂਨ ਸੀ ਅਤੇ ਆਉਣ ਵਾਲੇ ਸਾਲ 11 ਹਾੜ 25 ਜੂਨ ਨੂੰ ਹੋਵੇਗੀ। ਦੂਜੇ ਪਾਸੇ ਨਾਨਕਸ਼ਾਹੀ ਕੈਲੰਡਰ ਵਿੱਚ ਦਰਜ, ਬਾਬਾ ਬੰਦਾ ਬਹਾਦਰ ਜੀ ਦੀ ਸ਼ਹੀਦੀ ਦੀ ਤਾਰੀਖ 11 ਹਾੜ ਨੂੰ, ਸਦਾ ਵਾਸਤੇ 25 ਜੂਨ ਹੀ ਹੋਵੇਗੀ।

# ਇਕਾਂਤਵਾਸ ਕੇਂਦਰ 'ਚ ਪ੍ਰਵਾਸੀਆਂ ਦੀ ਆਮਦ ਜਾਰੀ



ਖਡੂਰ ਸਾਹਿਬ: ਸ੍ਰੀ ਗੁਰੂ ਅੰਗਦ ਦੇਵ ਕਾਲਜ ਨਾਲ ਸੰਬੰਧਤ ਹੋਸਟਲ ਵਿਚ ਕਾਇਮ ਕੀਤੇ ਗਏ ਇਕਾਂਤਵਾਸ ਕੇਂਦਰ ਵਿਚ ਪ੍ਰਵਾਸੀ ਪੰਜਾਬੀਆਂ ਦੀ ਆਮਦ ਜਾਰੀ ਹੈ। ਪਿਛਲੇ ਇਕ ਦੋ ਦਿਨਾਂ ਵਿਚ ਕੈਨੇਡਾ, ਆਸਟਰੇਲੀਆ, ਮਲੇਸ਼ੀਆ ਅਤੇ ਸਿੰਗਾਪੁਰ ਜਿਹੇ ਮੁਲਕਾਂ ਤੋਂ 14 ਪ੍ਰਵਾਸੀ ਪੰਜਾਬੀ ਖਡੂਰ ਸਾਹਿਬ ਪਹੁੰਚੇ ਹਨ। ਇਨ੍ਹਾਂ ਪ੍ਰਵਾਸੀ ਭਰਾਵਾਂ ਦੀ ਸਾਂਭ ਸੰਭਾਲ ਵਾਲੀ ਕਾਰਸੇਵਾ ਖਡੂਰ ਸਾਹਿਬ ਦੀ ਟੀਮ ਦੇ ਆਗੂ ਭਾਈ ਨਿਰਮਲ ਸਿੰਘ ਨੇ ਦੱਸਿਆ ਕਿ ਇਨ੍ਹਾਂ ਵਿਚੋਂ ਚਾਰ ਅਸਟਰੇਲੀਆ, 5 ਕੈਨੇਡਾ, 5ਸਿੰਗਾਪੁਰ ਅਤੇ ਇਕ ਮਲੇਸ਼ੀਆ ਤੋਂ ਪਰਤਿਆ ਹੈ। ਇਨ੍ਹਾਂ ਵਿਚ ਚਾਰ ਬੀਬੀਆਂ ਵੀ ਸ਼ਾਮਲ ਹਨ। ਕੈਨੇਡਾ ਤੋਂ ਪਰਤੇ ਬੀਬੀ ਰਾਜਵਿੰਦਰ ਕੌਰ ਨੇ ਪਿਛਲੇ ਹਫਤੇ ਸ੍ਰੀ ਗੁਰੂ ਗਰੰਥ ਸਾਹਿਬ ਜੀ ਦੇ ਸਹਿਜ ਪਾਠ ਸ਼ੁਰੂ ਕੀਤੇ ਸਨ ਅਤੇ ਬੀਤੇ ਦਿਨ ਇਸ ਦੇ ਸੰਪੂਰਨ ਭੋਗ ਪਾਏ ਗਏ। ਇਨ੍ਹਾਂ ਸਾਰੇ ਪ੍ਰਵਾਸੀ ਵੀਰਾਂ ਨੇ ਕਾਰਸੇਵਾ ਖਡੂਰ ਸਾਹਿਬ ਵਲੋਂ ਇਕਾਂਤਵਾਸ ਕੇਂਦਰ ਲਈ ਨਿਭਾਈਆਂ ਜਾ ਰਹੀਆਂ ਸੇਵਾਵਾਂ ਦੀ ਭਰਵੀਂ ਸ਼ਲਾਘਾ ਕੀਤੀ। ਕੈਨਡਾ ਤੋਂ ਪਰਤੇ ਪਿੰਡ ਮੁਗਲਾਣੀ ਦੇ ਬਲਦੇਵ ਸਿੰਘ ਅਤੇ ਪਿੰਡ ਚੀਮਾ ਦੇ ਜਗਜੀਤ ਸਿੰਘ ਨੇ ਕਿਹਾ ਕਿ ਕਾਰਸੇਵਾ ਖਡੂਰ ਸਾਹਿਬ ਵਲੋਂ ਨਿਭਾਈਆਂ ਜਾ ਰਹੀਆਂ ਸੇਵਾਵਾਂ ਬੇਹੱਦ ਸ਼ਲਾਘਾਯੋਗ ਹਨ।

# ਭ੍ਰਿਸ਼ਟਾਚਾਰ ਦਾ ਵਾਇਰਸ



ਅੰਮ੍ਰਿਤ ਲਾਲ

ਅੱਜ ਕੋਰੋਨਾ ਵਾਇਰਸ ਪੂਰੀ ਦੁਨੀਆ ਨੂੰ ਆਪਣੀ ਗ੍ਰਿਫ਼ਤ 'ਚ ਲੈ ਚੁੱਕਾ ਹੈ। ਇਸ ਦੀ ਮਾਰ ਹੇਠ 8595736 ਲੋਕ ਆ ਚੁੱਕੇ ਹਨ ਅਤੇ 213 ਦੇਸ਼ਾਂ 'ਚ 3 ਲੱਖ ਦੀ ਮੌਤ ਹੋ ਚੁੱਕੀ ਹੈ। ਭਾਰਤ 'ਚ ਵੀ ਇਸ ਦੀ ਮਾਰ ਹੇਠ 382281 ਲੋਕ ਆ ਚੁੱਕੇ ਹਨ ਅਤੇ 12573 ਦੀ ਮੌਤ ਹੋ ਗਈ ਹੈ। ਕਈ ਦਿਨਾਂ ਦੇ ਲਾਕਡਾਊਨ ਨੇ ਜਿੱਥੇ ਕਰੋੜਾਂ ਪ੍ਰਵਾਸੀ ਮਜ਼ਦੂਰਾਂ ਦੀ ਜ਼ਿੰਦਗੀ ਦੁੱਭਰ ਕਰ ਦਿੱਤੀ ਹੈ, ਉਥੇ ਹੋਰ ਕਰੋੜਾਂ ਕਿਰਤੀਆਂ ਨੂੰ ਕੰਮ ਤੋਂ ਬਾਹਰ ਦਾ ਰਸਤਾ ਦਿਖਾ ਦਿੱਤਾ ਗਿਆ। ਮਸ਼ੀਨਾਂ ਦਾ ਚੱਕਾ ਜਾਮ ਹੋ ਗਿਆ ਹੈ ਅਤੇ ਅਰਥ-ਵਿਵਸਥਾ ਡਿੱਕੇ-ਡੋਲੇ ਖਾ ਰਹੀ ਹੈ। ਇਸ ਵਾਇਰਸ ਨੇ ਥੋੜ੍ਹੇ ਸਮੇਂ 'ਚ ਹੀ ਦੁਨੀਆ ਦੀ ਆਰਥਿਕਤਾ ਨੂੰ ਅੰਤਾਂ ਵੀ ਢਾਹ ਲਾ ਦਿੱਤੀ ਹੈ।

ਹੁਣ ਅਸੀਂ ਭ੍ਰਿਸ਼ਟਾਚਾਰ ਨੇ ਵਾਇਰਸ ਦੀ ਗੱਲ ਕਰਾਂਗੇ। ਇਹ ਵਾਇਰਸ ਬਹੁਤ ਪੁਰਾਣਾ ਵਾਇਰਸ ਹੈ। ਇਹ ਰਜਵਾੜਾਸ਼ਾਹੀ ਨਿਜ਼ਾਮ ਵੇਲੇ ਵੀ ਹਰਕਤ ਵਿੱਚ ਸੀ ਅਤੇ ਹੁਣ ਸਰਮਾਏਦਾਰੀ ਵਿਵਸਥਾ 'ਚ ਵੀ ਇਸ ਦਾ ਪੂਰਾ ਪ੍ਰਭਾਵ ਹੈ।

**ਸਾਡੀ ਧਰਤੀ ਸਾਡੇ ਲੋਕ**



ਅੰਮ੍ਰਿਤ ਲਾਲ

ਏਨਾ ਹੀ ਨਹੀਂ, ਇਸ ਵਾਇਰਸ ਨੇ ਕਮਿਊਨਿਸਟ ਮੁਲਕਾਂ 'ਚ ਵੀ ਘੁਸਪੈਠ ਕੀਤੀ ਹੈ ਅਤੇ ਕਈ ਸਰਕਾਰਾਂ ਦਾ ਤਖ਼ਤਾ ਪਲਟ ਦਾ ਵੀ ਮੁੱਖ ਕਾਰਨ ਬਣਿਆ। ਇਹ ਸਮਾਜ ਅਤੇ ਇਸ ਦੀ ਆਰਥਿਕਤਾ ਨੂੰ ਘੁਣ ਵਾਂਗ ਲਗਦਾ ਹੈ ਅਤੇ ਅੰਦਰ ਹੀ ਅੰਦਰ ਉਸ ਨੂੰ ਖੋਖਲਾ ਕਰ ਦਿੰਦਾ ਹੈ। ਇਹ ਵਾਇਰਸ ਵੀ ਚੁੱਪਚਾਪ ਕੰਮ ਕਰਦਾ ਹੈ ਅਤੇ ਇਸ ਦੇ ਖਤਰਨਾਕ ਨਤੀਜੇ ਦੇਰ ਬਾਅਦ ਹੀ ਨਜ਼ਰ ਆਉਂਦੇ ਹਨ।

ਇਸ ਦੀ ਸਭ ਤੋਂ ਮਹੱਤਵਪੂਰਨ ਕਿਸਮ ਸਿਆਸੀ ਭ੍ਰਿਸ਼ਟਾਚਾਰ ਹੈ। ਇਸ ਸ਼੍ਰੇਣੀ 'ਚ ਕਰੋੜਾਂ ਜਾਂ ਕਈ ਵਾਰ ਅਰਬਾਂ ਰੁਪਏ ਦੇ ਘੁਟਾਲੇ ਸ਼ਾਮਲ ਹਨ। ਇਸ ਵਿੱਚ 2010 ਤੋਂ ਬਾਅਦ ਹੋਏ 1.86 ਲੱਖ ਕਰੋੜ ਦਾ ਕੋਲਾ ਆਬੰਟਨ ਘੋਟਾਲਾ, 1.76 ਲੱਖ ਕਰੋੜ ਦਾ ਟੂ ਜੀ ਸਪੈਕਟਰਮ ਘੋਟਾਲਾ, 14000 ਕਰੋੜ ਦਾ ਸਤਿਅਮ ਸਕੈਮ ਅਤੇ 9000 ਕਰੋੜ ਦਾ ਮਾਲੀਆ ਦਾ ਕਿੰਗਫਿਸ਼ਰ ਸਕੈਮ ਸ਼ਾਮਲ ਹਨ। ਇਸ ਤੋਂ ਇਲਾਵਾ ਆਦਰਸ਼ ਹਾਊਸਿੰਗ ਸਕੈਮ, ਕਰਨਾਟਕਾ ਦੇ ਕੋਲ ਮਾਈਨ ਸਕੈਮ ਅਤੇ ਹੋਰ ਛੋਟੇ-ਵੱਡੇ ਕਈ ਸਕੈਮ ਸ਼ਾਮਲ ਹਨ। ਇਨ੍ਹਾਂ ਸਾਰੇ ਘੋਟਾਲਿਆਂ 'ਚ ਸਰਕਾਰ ਦੇ ਕੇਂਦਰੀ ਮੰਤਰੀ, ਸੂਬੇ ਦੇ ਮੁੱਖ ਮੰਤਰੀ ਅਤੇ ਹੋਰ ਕਈ ਚੰਗੇ ਅਹੁਦਿਆਂ 'ਤੇ ਬਿਰਾਜਮਾਨ ਸਿਆਸੀ ਸ਼ਖਸ਼ ਨਾਮਜ਼ਦ ਕੀਤੇ ਗਏ। ਯਾਦ ਰਹੇ ਕਿ ਇਨ੍ਹਾਂ ਘੋਟਾਲਿਆਂ ਦਾ ਪ੍ਰਚਾਰ ਅੱਜ ਦੀ ਮੌਜੂਦਾ ਸਰਕਾਰ 'ਚ ਬੈਠੇ ਲੋਕਾਂ ਨੇ ਗੱਜ-ਵੱਜ ਕੇ ਕੀਤਾ ਅਤੇ ਅੰਤਾਂ ਦਾ ਸਿਆਸੀ ਲਾਭ 2014 ਦੀਆਂ ਚੋਣਾਂ 'ਚ ਹਾਸਲ ਕੀਤਾ। ਪਰ ਦੂਜੇ ਪਾਸੇ ਹਾਕਮ ਪਾਰਟੀ ਨੂੰ ਵੀ ਤੁਸੀਂ ਦੁੱਧ-ਧੋਤੀ ਨਹੀਂ ਕਹਿ ਸਕਦੇ। 2014 'ਚ ਮੋਦੀ ਜੀ ਨੇ 400 ਤੋਂ ਵੱਧ ਵੱਡੇ-ਵੱਡੇ ਵਿਸ਼ਾਲ ਇਕੱਠ ਸੰਬੋਧਨ ਕੀਤੇ ਅਤੇ ਇਨ੍ਹਾਂ ਸਭਾਵਾਂ 'ਤੇ ਕਿਹਾ ਜਾਂਦਾ ਹੈ ਕਿ 10,000 ਕਰੋੜ ਰੁਪਏ ਖਰਚਿਆ ਗਿਆ, ਪਰ ਜਦੋਂ 'ਆਪ ਕੀ ਅਦਾਲਤ' 'ਚ ਇਹ ਪ੍ਰਸ਼ਨ ਮੋਦੀ ਜੀ ਨੂੰ 'ਚ 2014 ਕੀਤਾ ਗਿਆ ਤਾਂ ਉਨ੍ਹਾ ਕਿਹਾ ਪ੍ਰਸ਼ਨ ਕਰਤਾ ਅਦਾਲਤ ਜਾਂ ਕਿਸੇ ਹੋਰ ਸੰਸਥਾ ਕੋਲ ਜਾ ਸਕਦਾ ਹੈ, ਮਤਲਬ ਕਿ ਉਨ੍ਹਾ ਇਸ ਬਾਰੇ ਕੋਈ ਸੰਤੋਸ਼ਜਨਕ ਜਵਾਬ ਨਹੀਂ ਦਿੱਤਾ। ਸਵਾਲ ਇਹ ਪੈਦਾ ਹੁੰਦਾ ਹੈ ਕਿ ਇਹ ਕਰੋੜਾਂ ਦਾ ਖਰਚ ਕੌਣ ਕਰਦਾ ਹੈ। ਹੁਣ ਰਾਹੁਲ ਗਾਂਧੀ ਨੇ ਇਲਜ਼ਾਮ ਲਾਇਆ ਹੈ ਕਿ ਰਫੇਲ ਸੌਦੇ 'ਚ 30000 ਕਰੋੜ ਰੁਪਏ ਦਾ ਲਾਭ ਅੰਬਾਨੀ ਨੂੰ ਦਿੱਤਾ ਗਿਆ। ਸਵਾਲ ਇਹ ਤਾਂ ਉਠਦਾ ਹੀ ਹੈ ਕਿ ਕੌਮੀ ਖੇਤਰ ਦੀ ਸੰਸਥਾ ਹਿੰਦੁਸਤਾਨ ਐਰੋਨੈਟਿਕ ਲਿਮਟਿਡ ਤੋਂ ਇਹ ਸੌਦਾ ਖੋਹ ਕੇ ਇੱਕ ਪ੍ਰਾਈਵੇਟ ਘਰਾਣੇ ਨੂੰ ਕਿਉਂ ਦਿੱਤਾ ਗਿਆ। ਮੁਕਦੀ ਗੱਲ ਇਹ ਹੈ ਕਿ ਸਿਆਸੀ ਭ੍ਰਿਸ਼ਟਾਚਾਰ ਸਾਡੇ ਕੇਂਦਰ ਜਾਂ ਸੂਬਿਆ 'ਚ ਕਿਸੇ ਨਾ ਕਿਸੇ ਰੂਪ 'ਚ ਅੱਜ ਵੀ ਸਿਖਰਾਂ 'ਤੇ ਹੈ। 523 ਮੈਂਬਰ ਪਾਰਲੀਮੈਂਟ 'ਚੋਂ 120 ਨੇਤਾ ਭ੍ਰਿਸ਼ਟਾਚਾਰ ਜਾਂ ਹੋਰ ਗੰਭੀਰ ਮਾਮਲਿਆਂ ਦਾ ਸਾਹਮਣਾ ਕਰ ਰਹੇ ਹਨ। ਚੋਣਾਂ 'ਚ ਅੰਤਾਂ ਦਾ ਪੈਸਾ, ਤਾਕਤ ਅਤੇ ਧੌਂਸ ਵਰਤੀ ਜਾਂਦੀ ਹੈ। ਸ਼ਰਾਬ ਦੇ ਟਰੱਕਾਂ ਦੇ ਟਰੱਕ ਇਧਰ-ਉਧਰ ਸਪਲਾਈ ਕੀਤੇ ਜਾਂਦੇ ਹਨ ਅਤੇ ਕਈ ਜਗ੍ਹਾ ਨੋਟ ਦੇ ਕੇ ਵੀ ਵੋਟਰ ਨੂੰ ਰਿਝਾਇਆ ਜਾਂਦਾ ਹੈ।

ਹੁਣ ਵੱਡੀ ਰਿਸ਼ਵਤਖੋਰੀ ਦੇ ਆਰਥਿਕਤਾ 'ਤੇ ਮਾਰੂ ਅਸਰ 'ਤੇ ਨਜ਼ਰ ਮਾਰਦੇ ਹਾਂ। ਇੱਕ ਅੰਦਾਜ਼ੇ ਮੁਤਾਬਕ ਸਵਿਸ ਬੈਂਕਾਂ 'ਚ 14 ਲੱਖ 56 ਹਜ਼ਾਰ ਦੀ ਬਲੈਕ ਮਨੀ ਪਈ ਹੈ, ਇਸੇ ਨੂੰ ਮੋਦੀ ਜੀ ਨੇ ਭਾਰਤ ਲਿਆ ਕੇ ਹਰ ਖਾਤੇ 'ਚ 15 ਲੱਖ ਰੁਪਏ ਪਾਉਣ ਦੀ ਗੱਲ ਕੀਤੀ ਸੀ, ਪਰ ਇਹ ਵਾਅਦਾ ਵੀ ਬਾਕੀ ਗੱਲਾਂ ਵਾਂਗ ਇਤਿਹਾਸ ਦਾ ਹਿੱਸਾ ਵੀ ਬਣ ਚੁੱਕਾ ਹੈ। ਭ੍ਰਿਸ਼ਟਾਚਾਰ ਦੇ ਅਵਾਗਮਨ 'ਚ ਲੱਗੇ 921 ਅਰਬ ਰੁਪਏ ਸਾਡੀ ਜੀ ਡੀ ਪੀ ਦਾ 5 ਫੀਸਦੀ ਬਣਦਾ ਹੈ। ਇਸ ਕਾਰਨ ਬਾਹਰ ਦੀਆਂ ਕੰਪਨੀਆਂ ਭਾਰਤ 'ਚ ਪੈਸਾ ਲਾਉਣ ਤੋਂ ਗੁਰੇਜ਼ ਕਰਦੀਆਂ ਹਨ। ਭ੍ਰਿਸ਼ਟਾਚਾਰ ਆਪਣੀਆਂ ਸੰਸਥਾਵਾਂ ਨੂੰ ਕੰਮ ਕਰਨ 'ਚ ਰੋਜ਼ਾਨਾ ਰੋੜੇ ਅਟਕਾਉਂਦਾ ਹੈ ਅਤੇ ਦੇਸ਼ ਦੀ ਤਰੱਕੀ 'ਚ ਬਹੁਤ ਵੱਡੀ ਰੁਕਾਵਟ ਹੈ, ਪਰ ਦੁੱਖ ਦੀ ਗੱਲ ਇਹ ਹੈ ਕਿ ਸਾਡੇ ਪ੍ਰਧਾਨ ਮੰਤਰੀ ਕਦੇ ਵੀ 'ਮਨ ਕੀ ਬਾਤ' 'ਚ ਵੀ ਇਸ ਵਿਸ਼ੇ 'ਤੇ ਗੱਲ ਨਹੀਂ ਕਰਦੇ ਜਾਂ ਫਿਰ ਕਹੀਏ ਕਿ ਇਹ ਗੱਲ ਉਨ੍ਹਾ ਲਈ ਵਿਸ਼ੇਸ਼ ਨਹੀਂ।

2005 'ਚ ਰਾਈਟ ਨੂੰ ਇਨਫਾਰਮੇਸ਼ਨ ਐਕਟ ਬਣਾਇਆ ਗਿਆ ਸੀ। ਇਸ ਮੁਤਾਬਕ ਤੁਸੀਂ ਕਿਸੇ ਵੀ ਸਰਕਾਰੀ ਅਦਾਰੇ ਬਾਰੇ ਕੋਈ ਵੀ ਜਾਣਕਾਰੀ ਹਾਸਲ ਕਰ ਸਕਦੇ ਹੋ। ਇਹ ਸਰਕਾਰੀ ਕੰਮਕਾਰ 'ਚ ਪਾਰਦਰਸ਼ਤਾ ਲਿਆਉਣ ਲਈ ਇੱਕ ਚੰਗਾ ਉਦਮ ਸੀ, ਪਰ ਇਸ ਨੂੰ ਵੀ ਖੁੰਢਾ ਕਰਨ ਦੇ ਮਨਸੂਬੇ ਬਣਾਏ ਜਾ ਰਹੇ ਹਨ।

ਸਿਆਸੀ ਭ੍ਰਿਸ਼ਟਾਚਾਰ ਤੋਂ ਇਹ ਵਾਇਰਸ ਅਫ਼ਸਰਸ਼ਾਹੀ ਅਤੇ ਥੱਲੇ ਛੋਟੇ ਮੁਲਾਜ਼ਮਾਂ ਤੱਕ ਪਹੁੰਚਦਾ ਹੈ। ਏਨਾ ਹੀ ਨਹੀਂ, ਇਹ ਵਾਇਰਸ ਸਮਾਜ ਦੇ ਹਰ ਤਬਕੇ 'ਤੇ ਅਸਰ ਕਰਦਾ ਹੈ ਅਤੇ ਸਾਡੀਆਂ ਇਨਸਾਨੀ ਕਦਰਾਂ-ਕੀਮਤਾਂ ਨੂੰ ਪ੍ਰਭਾਵਤ ਕਰਦਾ ਹੈ। ਅੱਜ ਸਮਾਜ ਦੀ ਤਰੱਕੀ ਨੇ ਅਤੇ ਟੈਕਨਾਲੋਜੀ ਦੇ ਆਗਮਨ ਤੇ ਅਨੇਕਾਂ ਸੁੱਖ-ਸੁਵਿਧਾਵਾਂ ਆਉਣ ਨਾਲ ਖਾਸ ਕਰਕੇ ਮੱਧ ਵਰਗ ਦੀਆਂ ਕਦਰਾਂ-ਕੀਮਤਾਂ 'ਤੇ ਵੀ ਅਸਰ ਪਾਇਆ ਹੈ। ਅਸੀਂ ਪਹਿਲਾਂ ਸਮੂਹ 'ਚ ਰਹਿੰਦੇ ਸੀ ਅਤੇ ਆਲੇ-ਦੁਆਲੇ ਤੋਂ ਪ੍ਰਭਾਵਤ ਹੁੰਦੇ ਸੀ। ਹੁਣ ਪੈਸੇ ਦਾ ਚਲਨ ਅਤੇ ਪ੍ਰਭਾਵ ਜ਼ਿਆਦਾ ਹੋ ਗਿਆ ਹੈ। ਉਸ ਦੇ ਸਰੋਤ ਨੂੰ ਸਮਾਜ ਨਜ਼ਰ ਅੰਦਾਜ਼ ਕਰਦਾ ਹੈ ਅਤੇ ਭ੍ਰਿਸ਼ਟ ਨਾਗਰਿਕਾਂ ਨੂੰ ਵੀ ਇੱਜ਼ਤ ਦੀ ਨਿਗ੍ਹਾ ਨਾਲ ਵੇਖਦਾ ਹੈ। ਪੈਸੇ ਦੀ ਹਵਸ ਦਿਨ-ਬ-ਦਿਨ ਵਧਦੀ ਜਾ ਰਹੀ ਹੈ।

ਅਜਿਹਾ ਹੀ ਕਿੱਸਾ ਸ੍ਰੀਮਤੀ ਚੰਦਾ ਕੋਛੜ ਨਾਲ ਵਾਪਰਿਆ, ਉਹ ਆਈ ਸੀ ਆਈ ਸੀ ਬੈਂਕ ਦੀ ਪ੍ਰਮੁੱਖ ਸੀ। ਉਸ ਦੀ ਸਾਲਾਨਾ ਕਮਾਈ ਲੱਗਭੱਗ 10 ਕਰੋੜ ਹੋਵੇਗੀ। ਘਰ ਦੀ ਰਿਹਾਇਸ਼, ਗੱਡੀਆਂ ਦੀ ਕਤਾਰ ਅਤੇ ਅਨੇਕਾਂ ਨੌਕਰ ਚਾਕਰ। ਸ਼ੁਹਰਤ ਏਨੀ ਕਿ ਉਸ ਨੂੰ ਦੁਨੀਆ ਦੀਆਂ ਮਹੱਤਵਪੂਰਨ ਔਰਤਾਂ 'ਚ ਸਥਾਨ ਹਾਸਲ ਸੀ, ਪਰ ਪੈਸੇ ਦੀ ਹਵਸ ਖ਼ਤਮ ਨਹੀਂ ਹੋਈ। ਉਨ੍ਹਾ ਵੀਡੀਓਕੋਨ ਨੂੰ 3250 ਕਰੋੜ ਦਾ ਕਰਜ਼ਾ ਦਿੱਤਾ। ਦੱਸਿਆ ਜਾਂਦਾ ਹੈ ਕਿ 10 ਪ੍ਰਤੀਸ਼ਤ ਰਿਸ਼ਵਤ ਦਾ ਪੈਸਾ ਉਨ੍ਹਾ ਦੇ ਪਤੀ ਦੀਪਕ ਕੋਛੜ ਦੀ ਕੰਪਨੀ 'ਚ ਜਮ੍ਹਾਂ ਕਰਾ ਦਿੱਤਾ ਗਿਆ। ਬੱਸ ਫਿਰ ਕੀ ਸੀ। ਅਸਲੀਅਤ ਪਤਾ ਨਹੀਂ ਸੀ ਲਗਣੀ, ਪਰ ਕੋਈ ਖੋਜੀ ਐਸਾ ਪਿਛੇ ਲੱਗਾ ਕਿ ਕੇਸ ਨੂੰ ਨਿਪਟਾਰੇ ਵੱਲ ਲੈ ਗਿਆ। ਨੌਕਰੀ ਚਲੀ ਗਈ। ਪਰਵਾਰ ਦੀ ਇੱਜ਼ਤ ਰੁਲ ਗਈ ਅਤੇ ਸਾਰਾ ਪੈਸਾ ਵੀ ਕੁਰਕ ਕਰ ਲਿਆ ਗਿਆ।

ਪਰ ਸਾਡੀਆਂ ਸਰਕਾਰਾਂ ਨੇ ਕਦੀ ਵੀ ਵਿੱਤੀ ਕੁਰੀਤੀਆਂ ਨੂੰ ਗੰਭੀਰਤਾ ਨਾਲ ਨਹੀਂ ਲਿਆ। ਅਜਿਹੀਆਂ ਘਟਨਾਵਾਂ ਨਾਲ ਨਜਿੱਠਣ ਲਈ 1988 ਦਾ ਪਰੀਵੈਨਸ਼ਨ ਆਫ਼ ਕੁਰੱਪਸ਼ਨ ਐਕਟ ਲਾਗੂ ਹੈ। ਇਸ ਮੁਤਾਬਕ ਵੀ ਤਿੰਨ ਸਾਲ ਦੀ ਕੈਦ ਹੈ ਅਤੇ ਵੱਧ ਤੋਂ ਵੱਧ ਸੱਤ ਸਾਲ ਤੱਕ ਜਾ ਸਕਦੀ ਹੈ। ਉਂਜ ਵੀ ਵਿੱਤੀ ਮਾਮਲਿਆਂ 'ਚ ਦਹਾਕਿਆਂ ਤੱਕ ਕੇਸ ਚਲਦੇ ਰਹਿੰਦੇ ਹਨ, ਅੰਤ ਨੂੰ ਫੈਸਲਾ ਵੀ ਕਦੇ ਹੀ ਖ਼ਿਲਾਫ਼ ਜਾਂਦਾ ਹੈ। ਜਦ ਤੱਕ ਮੁਜਰਮ ਆਪਣੀਆਂ ਸੰਪਤੀਆਂ ਅਤੇ ਦੌਲਤ ਇਧਰ-ਉਧਰ ਕਰ ਕੇ ਜਾਂ ਵਿਦੇਸ਼ਾਂ 'ਚ ਭੇਜ ਦਿੰਦੇ ਹਨ ਜਾਂ ਫਿਰ ਰਿਸ਼ਤੇਦਾਰਾਂ ਦੇ ਨਾਂਅ ਕਰ ਦਿੰਦੇ ਹਨ। ਗੱਲ ਕੀ ਸਖ਼ਤ ਸਜ਼ਾਵਾਂ ਕਦੇ ਵੀ ਸਰਕਾਰ ਨੇ ਅਜਿਹੇ ਮਾਮਲਿਆਂ 'ਚ ਦੇਣ ਦੀ ਨਹੀਂ ਸੋਚੀ।

ਸਾਡੀਆਂ ਜੇਲ੍ਹ 'ਚ ਵੀ ਅਜਿਹੇ ਮੁਜਰਮਾਂ ਲਈ ਹਰ ਸਹੂਲਤਾਂ ਕਾਇਮ ਹਨ। ਮੈਨੂੰ ਇੱਕ ਕੈਦੀ ਨੇ ਬਾਹਰ ਆ ਕੇ ਦੱਸਿਆ ਸੀ ਕਿ ਉਥੋਂ ਮੋਬਾਇਲ 'ਤੇ ਗੱਲ ਕੀਤੀ ਜਾ ਸਕਦੀ ਹੈ ਅਤੇ ਹਰ ਚੀਜ਼ ਹਾਸਲ ਕੀਤੀ ਜਾ ਸਕਦੀ ਹੈ। ਸਿਗਰਟ, ਸ਼ਰਾਬ ਅਤੇ ਹਰ ਤਰ੍ਹਾਂ ਦਾ ਨਸ਼ਾ ਮਿਲ ਜਾਂਦਾ ਹੈ, ਬੱਸ ਕੀਮਤ ਦੁੱਗਣੀ ਜਾਂ ਤਿੰਨ ਗੁਣਾ ਦੇਣੀ ਪੈਂਦੀ ਹੈ।

ਹੁਣੇ-ਹੁਣੇ ਹੋਏ ਪੀ ਪੀ ਈ ਕਿੱਟ ਘੋਟਾਲੇ 'ਚ ਨਾਂਅ ਆਉਣ 'ਤੇ ਹਿਮਾਚਲ ਪ੍ਰਦੇਸ਼ ਦੇ ਭਾਰਤੀ ਜਨਤਾ ਪਾਰਟੀ ਦੇ ਸੂਬੇ ਦੇ ਪ੍ਰਧਾਨ ਡਾ. ਰਾਜੀਵ ਜਿੰਦਲ ਨੂੰ ਆਪਣੀ ਕੁਰਸੀ ਗੁਆਣੀ ਪਈ ਅਤੇ ਪੰਜ ਲੱਖ ਦੇ ਰਿਸ਼ਵਤ ਕਾਂਡ 'ਚ ਡਾ. ਏ ਕੇ ਗੁਪਤਾ ਸਿਹਤ ਨਿਰਦੇਸ਼ਕ ਨੂੰ 5 ਲੱਖ ਦੀ ਰਿਸ਼ਵਤ ਲੈਂਦਿਆਂ ਪਾਇਆ ਗਿਆ।

ਸਾਡੇ ਵੇਲੇ ਇੱਕ ਹੈੱਡਮਾਸਟਰ ਸਨ, ਜਿਹੜੇ ਆਦਰਸ਼ਵਾਦੀ ਅਤੇ ਕਮਿਊਨਿਸਟ ਅਸੂਲਾਂ ਨੂੰ ਪ੍ਰਣਾਏ ਹੋਏ ਸਨ। ਉਨ੍ਹਾ ਦੀ ਦਿੱਕਤ ਇਹ ਸੀ ਕਿ ਉਹ ਖਜ਼ਾਨੇ ਰਿਸ਼ਵਤ ਨਹੀਂ ਦਿੰਦੇ ਸਨ ਅਤੇ ਖਜ਼ਾਨੇ ਵਾਲੇ ਅਧਿਆਪਕਾਂ ਦੀ ਤਨਖ਼ਾਹ ਨਹੀਂ ਸਨ ਪਾਉਂਦੇ। ਆਖਰ 'ਚ ਉਨ੍ਹਾ ਦਾ ਅਹਿਮ ਇਸ ਵਿਵਸਥਾ ਨੇ ਤੋੜ ਦਿੱਤਾ ਅਤੇ ਉਨ੍ਹਾਂ ਅਧਿਆਪਕਾਂ ਤੋਂ ਕੁਝ ਪੈਸਾ ਇਕੱਠਾ ਕਰ ਕੇ ਖਜ਼ਾਨੇ ਵਾਲਿਆਂ ਨੂੰ ਦਿੱਤਾ ਅਤੇ ਤਨਖ਼ਾਹ ਕਢਾਈ।

ਇੱਕ ਵਾਰ ਅਸੀਂ ਕਿਸੇ ਰਿਸ਼ਤੇਦਾਰ ਨੂੰ ਟੈਕਸੀ 'ਚ ਹਵਾਈ ਅੱਡੇ ਅੰਮ੍ਰਿਤਸਰ ਛੱਡਣ ਗਏ। ਉਥੇ ਨਾਕੇ 'ਤੇ ਪੁਲਸ ਨੇ ਰੋਕ ਲਿਆ। ਡਰਾਈਵਰ ਨੇ ਪੰਜਾਹ ਰੁਪਏ ਦੇਣ ਦੀ ਕੋਸ਼ਿਸ਼ ਕੀਤੀ, ਪਰ ਉਹ ਬੋਲਿਆ ਕਿ ਸਾਡਾ ਤਾਂ ਰੇਟ ਹੀ ਸੌ ਰੁਪਏ ਹੈ। ਮੈਂ ਬੋਲਿਆ ਕਿ ਕਮਿਸ਼ਨਰ ਮੇਰੇ ਜਾਣਕਾਰ ਦਾ ਦੋਸਤ ਹੈ। ਉਸ ਸਟੀਕ ਜਵਾਬ ਦਿੱਤਾ ਕਿ ਕਮਿਸ਼ਨਰ ਕਿਹੜਾ ਦੁੱਧ ਧੋਤਾ ਹੈ।

ਅੱਜ ਵੀ ਮਕਾਨ ਦੀ ਰਜਿਸਟਰੀ ਕਰਾਣੀ ਹੋਵੇ ਜਾਂ ਵਿਆਹ ਰਜਿਸਟਰ ਕਰਾਉਣਾ ਹੋਵੇ ਰਿਸ਼ਵਤ ਦੇ ਪੈਸੇ ਦਿੱਤੇ ਬਿਨੇ ਤੁਸੀਂ ਕੰਮ ਕਰਵਾ ਹੀ ਨਹੀਂ ਸਕਦੇ। ਅਗਰ ਅੜੋਗੇ ਤਾਂ ਐਸਾ ਇਤਰਾਜ਼ ਲਾਉਣਗੇ ਕਿ ਤੁਹਾਡਾ ਕਦੇ ਕੰਮ ਹੋ ਹੀ ਨਹੀਂ ਸਕਦਾ।

ਇਜ ਹੀ ਕਿਸੇ ਸੰਸਥਾ ਦਾ ਕੇਸ ਇਨਕਮ ਟੈਕਸ ਅਧਿਕਾਰੀਆਂ ਕੋਲ ਫਸ ਗਿਆ। ਉਨ੍ਹਾਂ ਚੋਖੇ ਪੈਸੇ ਕੇਸ ਖਾਰਜ ਕਰਨ ਲਈ ਦੇ ਦਿੱਤੇ, ਪਰ ਮਾੜੀ ਕਿਸਮਤ ਨੇ ਉਸ ਮੁਲਾਜ਼ਮ ਦੀ ਹਾਦਸੇ 'ਚ ਮੌਤ ਹੋ ਗਈ। ਉਸ ਦੀ ਜਗ੍ਹਾ 'ਤੇ ਆਏ ਮੁਲਾਜ਼ਮ ਨੇ ਇਹ ਕਹਿ ਕੇ ਆਪਣੀ ਮੰਗ ਰੱਖ ਦਿੱਤੀ ਕਿ ਪਹਿਲੇ ਮੁਲਾਜ਼ਮ ਨੂੰ ਦਿੱਤੇ ਪੈਸੇ ਲਈ ਉਹ ਜ਼ਿੰਮੇਵਾਰ ਨਹੀਂ। ਅਜਿਹੀਆਂ ਅਨੇਕਾਂ ਵਾਰਦਾਤਾਂ ਦਾ ਵਿਵਰਣ ਇਸ ਕੜੀ 'ਚ ਦਿੱਤਾ ਜਾ ਸਕਦਾ ਹੈ।

ਪ੍ਰਧਾਨ ਮੰਤਰੀ ਨੇ ਨਾਅਰਾ ਮਾਰਿਆ ਹੈ ਕਿ ਭਾਰਤ ਨੂੰ ਆਤਮ ਨਿਰਭਰ ਬਣਾਉਂਦਾ ਹੈ। ਇਹ ਤਦ ਤੱਕ ਸੰਭਵ ਹੋ ਹੀ ਨਹੀਂ ਸਕਦਾ, ਜਦ ਤੱਕ ਦੇਸ਼ 'ਚੋਂ ਭ੍ਰਿਸ਼ਟਾਚਾਰ ਦਾ ਅੰਤ ਨਹੀਂ ਹੋ ਜਾਂਦਾ। ਇਸ ਲਈ ਬੁਨਿਆਦੀ ਸ਼ਰਤ ਇਹੀ ਹੈ ਕਿ ਪਹਿਲਾਂ ਰਾਜਨੀਤੀ 'ਚ ਪਸਰਿਆ ਭ੍ਰਿਸ਼ਟਾਚਾਰ ਦਾ ਵਾਇਰਸ ਖ਼ਤਮ ਕੀਤਾ ਜਾਵੇ, ਉਸ ਤੋਂ ਬਾਅਦ ਅਫ਼ਸਰਸ਼ਾਹੀ 'ਤੇ ਨਕੇਲ ਕੱਸੀ ਜਾਵੇ। ਦੇਖਾਦੇਖੀ ਥੱਲੇ ਦੇ ਮੁਲਾਜ਼ਮ ਸਮੇਂ ਨਾਲ ਆਪਣੇ-ਆਪ ਸੁਧਰ ਜਾਣਗੇ।

9872420100

# ਰੋਜ਼ਾਨਾ ਇਨਫੈਕਸ਼ਨ ਦੇ ਵਧਦੇ ਮਾਮਲੇ ਵਧਾ ਰਹੇ ਨੇ ਕੋਰੋਨਾ ਦੀ ਦੂਜੀ ਲਹਿਰ ਦਾ ਖ਼ਤਰਾ



ਕੋਵਿਡ-19 ਤੋਂ ਬਚਾਅ ਦੇ ਸਾਰੇ ਯਤਨਾਂ ਦੇ ਬਾਵਜੂਦ ਆਲਮੀ ਪੱਧਰ 'ਤੇ ਇਸ ਦੇ ਮਾਮਲੇ ਰੁਕਣ ਦਾ ਨਾਂ ਨਹੀਂ ਲੈ ਰਹੇ। ਇਸ ਨਾਲ ਇਨਫੈਕਟਿਡ ਹੋਣ ਵਾਲਿਆਂ ਦਾ ਅੰਕੜਾ 89 ਲੱਖ ਨੂੰ ਪਾਰ ਕਰ ਚੁੱਕਿਆ ਹੈ। ਕੁਝ ਦੇਸ਼ਾਂ 'ਚ ਕਾਫ਼ੀ ਤੇਜ਼ੀ ਨਾਲ ਵਧਦੇ ਮਾਮਲਿਆਂ ਨੂੰ ਦੇਖਦਿਆਂ ਖ਼ਦਸ਼ਾ ਪ੍ਰਗਟਾਇਆ ਜਾ ਰਿਹਾ ਹੈ ਕਿ ਦੁਨੀਆ 'ਚ ਛੇਤੀ ਹੀ ਕੋਰੋਨਾ ਨਾਲ ਇਕ ਕਰੋੜ ਤੋਂ ਵੱਧ ਲੋਕ ਇਨਫੈਕਟਿਡ ਹੋਣਗੇ। ਆਲਮੀ ਪੱਧਰ 'ਤੇ ਰੋਜ਼ਾਨਾ ਅੰਕੜਿਆਂ ਨੂੰ ਦੇਖੀਏ ਤਾਂ ਅਸੀਂ ਦੇਖਦੇ ਹਾਂ ਕਿ ਕਈ ਦੇਸ਼ਾਂ 'ਚ ਕੇਸ ਲਗਾਤਾਰ ਵਧ ਰਹੇ ਹਨ। ਜਾਨਸ ਹਾਪਕਿਨਸ ਯੂਨੀਵਰਸਿਟੀ ਦੇ ਅੰਕੜੇ ਦੱਸਦੇ ਹਨ ਕਿ 21 ਜੂਨ ਨੂੰ ਆਲਮੀ ਪੱਧਰ 'ਤੇ ਕੋਰੋਨਾ ਦੇ 1,60,000 ਨਵੇਂ ਮਾਮਲੇ ਸਾਹਮਣੇ ਆਏ ਹਨ। ਇਨ੍ਹਾਂ 'ਚ ਸਭ ਤੋਂ ਵੱਧ ਹਿੱਸਾ, ਅਮਰੀਕਾ, ਬ੍ਰਾਜ਼ੀਲ, ਰੂਸ ਤੇ ਭਾਰਤ ਵਰਗੇ ਦੇਸ਼ਾਂ ਦਾ ਹੈ। ਇਸ ਦੇ ਨਾਲ ਹੀ ਕੁਝ ਦੇਸ਼ਾਂ 'ਚ ਜਿੱਥੇ ਮਾਮਲੇ ਸਾਹਮਣੇ ਆਉਣੇ ਕਾਫੀ ਘੱਟ ਹੋ ਗਏ ਸਨ, ਉੱਥੇ ਨਵੇਂ ਮਾਮਲਿਆਂ ਦੀ ਗਿਣਤੀ ਵਧ ਰਹੀ ਹੈ। ਇਸ ਹਾਲਤ 'ਚ ਇਹ ਦੇਸ਼ ਕੋਰੋਨਾ ਇਨਫੈਕਸ਼ਨ ਦੀ ਦੂਜੀ ਲਹਿਰ ਦਾ ਖ਼ਤਰਾ ਵਧਾ ਰਹੇ ਹਨ।

**ਪਿਛਲੇ ਮਹੀਨਿਆਂ ਤੋਂ ਤੇਜ਼ੀ ਨਾਲ ਵਧ ਰਹੇ ਨੇ ਮਾਮਲੇ :** ਕੋਰੋਨਾ ਇਨਫੈਕਸ਼ਨ ਦੇ ਨਵੇਂ ਮਾਮਲਿਆਂ 'ਚ ਪਿਛਲੇ ਮਹੀਨਿਆਂ ਦੇ ਮੁਕਾਬਲੇ ਕਾਫ਼ੀ ਵਾਧਾ ਹੋਇਆ ਹੈ। ਫਰਵਰੀ ਤੇ ਮਾਰਚ 'ਚ ਜਿੱਥੇ ਇਹ ਮਾਮਲੇ ਨਾ ਦੇ ਬਰਾਬਰ ਸਨ, ਉੱਥੇ ਹੀ ਅਪ੍ਰੈਲ 'ਚ ਇਨ੍ਹਾਂ 'ਚ ਜ਼ਬਰਦਸਤ ਵਾਧਾ ਦਰਜ ਕੀਤਾ ਗਿਆ ਹੈ। ਮਈ 'ਚ ਇਹ ਥੋੜ੍ਹੇ ਸਥਿਰ ਰਹੇ ਪਰ ਜੂਨ 'ਚ ਆਲਮੀ ਪੱਧ 'ਤੇ ਨਵੇਂ ਮਾਮਲਿਆਂ ਦੀ ਰੋਜ਼ਾਨਾ ਗਿਣਤੀ 'ਚ ਜ਼ਬਰਦਸਤ ਵਾਧਾ ਦਰਜ ਕੀਤਾ ਗਿਆ ਹੈ। 20 ਮਈ ਨੂੰ ਪਹਿਲੀ ਵਾਰ ਰੋਜ਼ਾਨਾ ਇਨਫੈਕਸ਼ਨ ਦੇ ਮਾਮਲਿਆਂ ਨੇ ਇਕ ਲੱਖ ਦਾ ਅੰਕੜਾ ਪਾਰ ਕੀਤਾ ਸੀ। ਉਸ ਤੋਂ ਬਾਅਦ ਲਗਾਤਾਰ ਇਸ 'ਚ ਵਾਧਾ ਦਰਜ ਕੀਤਾ ਜਾ ਰਿਹਾ ਹੈ। 15 ਜੂਨ ਨੂੰ ਕੋਰੋਨਾ ਦੇ 1,21,800 ਮਾਮਲੇ ਇਕ ਦਿਨ 'ਚ ਸਾਹਮਣੇ ਆਏ ਸਨ। ਆਖ਼ਰੀ ਵਾਰ ਇਕ ਜੂਨ ਨੂੰ ਇਕ ਲੱਖ ਤੋਂ ਘੱਟ ਮਾਮਲੇ ਸਾਹਮਣੇ ਆਏ ਸਨ। ਹਾਲਾਂਕਿ ਇਸ ਤੋਂ ਬਾਅਦ ਇਹ ਅੰਕੜਾ ਲਗਾਤਾਰ ਵਧਿਆ ਹੈ। 17 ਤੇ 19 ਜੂਨ ਨੂੰ 1,76,000 ਮਾਮਲੇ ਸਾਹਮਣੇ ਆਏ ਹਨ, ਜਿਹੜੇ ਹੁਣ ਤਕ ਸਭ ਤੋਂ ਵੱਧ ਹਨ।

**ਨਵੇਂ ਮਾਮਲਿਆਂ 'ਚ ਇਹ ਦੇਸ਼ ਅੱਗੇ :** ਕੋਰੋਨਾ ਕਾਰਨ ਦੁਨੀਆ ਦਾ ਸਭ ਤੋਂ ਪ੍ਰਭਾਵਿਤ ਦੇਸ਼ ਅਮਰੀਕਾ ਹੈ। ਅਮਰੀਕਾ 'ਚ ਕੋਰੋਨਾ ਇਨਫੈਕਸ਼ਨ ਦੇ 22 ਲੱਖ ਤੋਂ ਵੱਧ ਮਾਮਲੇ ਸਾਹਮਣੇ ਆ ਚੁੱਕੇ ਹਨ ਤੇ ਇਕ ਲੱਖ ਤੋਂ ਵੱਧ ਲੋਕਾਂ ਦੀ ਮੌਤ ਹੋ ਚੁੱਕੀ ਹੈ। ਇੱਥੇ ਰੋਜ਼ਾਨਾ ਕਰੀਬ 20 ਹਜ਼ਾਰ ਨਵੇਂ ਮਾਮਲੇ ਸਾਹਮਣੇ ਆ ਰਹੇ ਹਨ। ਉੱਥੇ ਬ੍ਰਾਜ਼ੀਲ ਦੀ ਸਥਿਤੀ ਹੋਰ ਵੀ ਖ਼ਰਾਬ ਹੈ। ਇੱਥੇ ਰੋਜ਼ਾਨਾ ਕਰੀਬ 30 ਹਜ਼ਾਰ ਮਾਮਲੇ ਸਾਹਮਣੇ ਆ ਰਹੇ ਹਨ। ਹੁਣ ਤਕ ਕੁਲ 10 ਲੱਖ ਤੋਂ ਵੱਧ ਲੋਕ ਇੱਥੇ ਇਨਫੈਕਟਿਡ ਹੋ ਚੁੱਕੇ ਹਨ ਤੇ 50 ਹਜ਼ਾਰ ਤੋਂ ਵੱਧ ਲੋਕਾਂ ਦੀ ਮੌਤ ਹੋ ਚੁੱਕੀ ਹੈ। ਭਾਰਤ ਦੀ ਸਥਿਤੀ ਵੀ ਜ਼ਿਆਦਾ ਚੰਗੀ ਨਹੀਂ ਹੈ। ਇੱਥੇ ਰੋਜ਼ਾਨਾ 10 ਹਜ਼ਾਰ ਤੋਂ ਵੱਧ ਮਾਮਲੇ ਸਾਹਮਣੇ ਆ ਰਹੇ ਹਨ ਤੇ ਇਹ ਅੰਕੜਾ ਰੋਜ਼ਾਨਾ ਵਧ ਰਿਹਾ ਹੈ।

**ਦੂਜੀ ਲਹਿਰ ਦਾ ਖ਼ਤਰਾ :** ਕੋਰੋਨਾ ਵਾਇਰਸ ਕਾਰਨ ਸਭ ਤੋਂ ਵੱਧ ਪ੍ਰਭਾਵਿਤ ਦੇਸ਼ਾਂ 'ਚ ਅਪ੍ਰੈਲ ਤੇ ਮਈ ਦੇ ਮਹੀਨੇ 'ਚ ਨਵੇਂ ਮਾਮਲਿਆਂ 'ਚ ਜ਼ਿਕਰਯੋਗ ਗਿਰਾਵਟ ਦਰਜ ਕੀਤੀ ਗਈ ਸੀ। ਹਾਲਾਂਕਿ ਇੱਥੇ ਹੁਣ ਇਨਫੈਕਸ਼ਨ ਦੇ ਨਵੇਂ ਮਾਮਲੇ ਤੇਜ਼ੀ ਨਾਲ ਸਾਹਮਣੇ ਆ ਰਹੇ ਹਨ। ਇਹ ਕੋਰੋਨਾ ਵਾਇਰਸ ਦੇ ਇਨਫੈਕਸ਼ਨ ਦੀ ਦੂਜੀ ਲਹਿਰ ਦਾ ਖ਼ਤਰਾ ਵਧਾ ਰਹੇ ਹਨ। ਮੱਧ ਏਸ਼ੀਆ ਦੇ ਕਈ ਦੇਸ਼ਾਂ 'ਚ ਨਵੇਂ ਮਾਮਲੇ ਵਧ ਰਹੇ ਹਨ। ਇਨ੍ਹਾਂ 'ਚ ਈਰਾਨ, ਇਰਾਕ, ਇਜ਼ਰਾਈਲ ਤੇ ਸਾਊਦੀ ਅਰਬ ਸ਼ਾਮਿਲ ਹਨ। ਈਰਾਨ 'ਚ ਤਿੰਨ ਹਜ਼ਾਰ ਰੋਜ਼ਾਨਾ ਮਾਮਲਿਆਂ ਤੋਂ ਘਟ ਕੇ ਇਕ ਹਜ਼ਾਰ ਤਕ ਪਹੁੰਚੇ ਸਨ, ਪਰ ਜੂਨ 'ਚ ਇਸ 'ਚ ਫਿਰ ਤੋਂ ਕਾਫ਼ੀ ਇਜ਼ਾਫ਼ਾ ਹੋ ਗਿਆ ਹੈ। ਉੱਥੇ ਹੀ ਚੀਨ 'ਚ ਨਵੇਂ ਮਾਮਲਿਆਂ ਕਾਰਨ ਬੀਜਿੰਗ 'ਚ ਲਾਕਡਾਊਨ ਲਗਾਉਣਾ ਪਿਆ ਹੈ। ਨਾਲ ਹੀ ਬਾਰ ਤੇ ਰੈਸਟੋਰੈਂਟ ਬੰਦ ਕਰ ਦਿੱਤੇ ਗਏ ਹਨ। ਇਹ ਦੱਸਦਾ ਹੈ ਕਿ ਕੋਰੋਨਾ ਵਾਇਰਸ ਦੀ ਦੂਜੀ ਲਹਿਰ ਇਨ੍ਹਾਂ ਦੇਸ਼ਾਂ ਨੂੰ ਆਪਣੀ ਚਪੇਟ 'ਚ ਲੈਣ ਲਈ ਵਧ ਰਹੀ ਹੈ। ਜੇਕਰ ਸਹੀ ਉਪਾਅ ਨਾ ਕੀਤੇ ਗਏ ਤਾਂ ਸਥਿਤੀ ਗੰਭੀਰ ਹੋ ਸਕਦੀ ਹੈ।

# ਬਰਤਾਨੀਆ ਤੇ ਨਸਲਵਾਦ

**ਹਰਜੀਤ ਅਟਵਾਲ**

*ਸਾਡੇ ਪੰਜਾਬੀ ਪਰਵਾਸੀ ਲੇਖਕਾਂ ਨੇ ਅਣਗਿਣਤ ਕਿਤਾਬਾਂ ਬਰਤਾਨਵੀ ਜ਼ਿੰਦਗੀ ਬਾਰੇ ਲਿਖੀਆਂ ਹਨ, ਪਰ ਉਨ੍ਹਾਂ ਨੇ ਅੰਗਰੇਜ਼ ਕਿਰਦਾਰ ਬਹੁਤ ਘੱਟ ਚਿਤਰੇ ਹਨ। ਇਹ ਇਸ ਲਈ ਕਿ ਪੰਜਾਬੀ ਦੇ ਲੇਖਕਾਂ ਨੂੰ ਇਹ ਪਤਾ ਹੀ ਨਹੀਂ ਕਿ ਅੰਗਰੇਜ਼ ਕਿਵੇਂ ਸੋਚਦਾ ਹੈ। ਜੇ ਕਿਸੇ ਨੇ ਕੋਈ ਅੰਗਰੇਜ਼ ਕਿਰਦਾਰ ਘੜਿਆ ਵੀ ਹੈ ਤਾਂ ਉਸ ਵਿਚ ਬਹੁਤਾ ਝੂਠ ਹੀ ਹੁੰਦਾ ਹੈ। ਅੰਗਰੇਜ਼ ਦੀ ਮੁਸਕਰਾਹਟ ਵਿਚ ਵੀ ਨਸਲਵਾਦ ਹੋ ਸਕਦਾ ਹੈ।*




ਪਿਛਲੇ ਦਿਨਾਂ ਵਿਚ ਲੰਡਨ ਦੇ ਸਭ ਤੋਂ ਮਸ਼ਹੂਰ ਰੇਡੀਓ ਐੱਲ. ਬੀ. ਸੀ. 'ਤੇ ਇਕ ਬਹਿਸ ਚੱਲਦੀ ਰਹੀ ਹੈ- ਕੀ ਬਰਤਾਨੀਆਂ ਸਿਆਹਫਾਮ ਲੋਕਾਂ ਦੇ ਰਹਿਣ ਲਈ ਸਭ ਤੋਂ ਵਧੀਆ ਦੇਸ਼ ਹੈ? ਇਹ ਬਹਿਸ ਅਮਰੀਕਾ ਵਿਚ ਹੋਏ ਨਸਲੀ ਫਸਾਦਾਂ ਤੋਂ ਬਾਅਦ ਸ਼ੁਰੂ ਹੋਈ ਹੈ। ਉਂਜ ਇਸ ਬਹਿਸ ਵਿਚ ਸਿਆਹਫਾਮ ਲੋਕਾਂ ਦਾ ਮਤਲਬ ਅਫ਼ਰੀਕੀ ਜਾਂ ਵੈਸਟ ਇੰਡੀਅਨ ਨਸਲ ਦੇ ਲੋਕਾਂ ਤੋਂ ਹੈ, ਪਰ ਨਸਲਵਾਦੀ ਗੋਰਾ ਕਾਲੇ ਤੇ ਏਸ਼ੀਅਨ ਵਿਚ ਕੋਈ ਭੇਦ-ਭਾਵ ਨਹੀਂ ਸਮਝਦਾ। ਉਹ ਦੋਵਾਂ ਨੂੰ ਇਕੋ ਜਿੰਨੀ ਨਫ਼ਰਤ ਕਰਦਾ ਹੈ। ਉਂਜ ਤਾਂ ਸਿਆਹਫਾਮ ਲੋਕਾਂ ਦੇ ਅਫ਼ਰੀਕਾ ਤੇ ਦੱਖਣੀ ਅਮਰੀਕਾ ਵਿਚ ਆਪਣੇ ਬਹੁਤ ਸਾਰੇ ਮੁਲਕ ਹਨ, ਜਿੱਥੇ ਉਹ ਆਜ਼ਾਦ ਹਨ ਤੇ ਆਤਮ-ਨਿਰਭਰ ਹਨ, ਪਰ ਇਹ ਦਲੀਲ ਦੇਣ ਵਾਲੇ ਕਹਿੰਦੇ ਹਨ ਕਿ ਬਰਤਾਨੀਆਂ ਵਿਚ ਜ਼ਿੰਦਗੀ ਦੀ ਗੁਣਵੱਤਾ ਬਿਹਤਰ ਹੈ। ਮੈਂ ਇਸ ਦਲੀਲ ਨਾਲ ਜਾਂ ਇਸ ਮੱਤ ਨਾਲ ਬਹੁਤਾ ਸਹਿਮਤ ਨਹੀਂ ਹਾਂ। ਬਰਤਾਨੀਆਂ ਵਿਚ ਵੀ ਨਸਲਵਾਦ ਹੈ। ਭਾਵੇਂ ਇਹ ਅਮਰੀਕਾ ਦੇ ਨਸਲਵਾਦ ਤੋਂ ਕੁਝ ਭਿੰਨ ਨਸਲਵਾਦ ਹੈ। ਅਮਰੀਕਾ ਦਾ ਨਸਲਵਾਦ ਬਾਹਰਮੁਖੀ ਹੈ ਤੇ ਇਹ ਅੰਤਰਮੁਖੀ ਹੈ। ਅਮਰੀਕਾ ਦਾ ਨਸਲਵਾਦ ਉਹ ਹੈ ਜੋ ਕੁਝ ਅੱਜਕੱਲ੍ਹ ਉੱਥੇ ਹੋ ਰਿਹਾ ਹੈ। ਪੁਲੀਸ ਅਫ਼ਸਰ ਵੱਲੋਂ ਜਾਰਜ ਫਲਾਇਡ ਨੂੰ ਫੜਨ ਸਮੇਂ ਜੋ ਤਾਕਤ ਵਰਤੀ ਗਈ, ਉਸ ਵਿਚ ਜਾਰਜ ਦੀ ਮੌਤ ਹੋ ਜਾਣ ਕਾਰਨ ਉੱਥੇ ਨਸਲਵਾਦੀ ਫਸਾਦ ਭੜਕ ਪਏ ਹਨ। ਸਿਆਹਫਾਮ ਲੋਕਾਂ ਨੇ ਪੁਲੀਸ 'ਤੇ ਹਮਲੇ ਕਰਨੇ ਸ਼ੁਰੂ ਕਰ ਦਿੱਤੇ ਹਨ। ਜਾਇਦਾਦਾਂ ਨੂੰ ਅੱਗ ਲਾ ਦਿੱਤੀ। ਸਟੋਰਾਂ ਨੂੰ ਲੁੱਟ ਲਿਆ ਗਿਆ। ਜਾਰਜ ਫਲਾਇਡ ਪੁਲੀਸ ਨੂੰ ਕਿਸੇ ਜੁਰਮ ਵਿਚ ਲੋੜੀਂਦਾ ਸੀ। ਪੁਲੀਸ ਉਸਨੂੰ ਫੜਨ ਲੱਗੀ ਤਾਂ ਅੱਗੋਂ ਉਸਨੇ ਸਹਿਯੋਗ ਨਾ ਕੀਤਾ ਤੇ ਪੁਲੀਸ ਨੂੰ ਹਿੰਸਾ ਵਰਤਣੀ ਪਈ। ਪੁਲੀਸ ਅਫ਼ਸਰ ਨੇ ਜਾਰਜ ਦੀ ਧੌਣ 'ਤੇ ਗੋਡਾ ਰੱਖ ਦਿੱਤਾ ਜਿਸ ਕਾਰਨ ਉਸਦਾ ਸਾਹ ਬੰਦ ਹੋ ਗਿਆ ਤੇ ਥਾਂ 'ਤੇ ਹੀ ਮੌਤ ਹੋ ਗਈ। ਜਾਰਜ ਫਲਾਇਡ ਦੀ ਮੌਤ ਤਾਂ ਇਕ ਬਹਾਨਾ ਹੈ, ਅਸਲ ਵਿਚ ਅਮਰੀਕਾ ਵਿਚ ਸਿਆਹਫਾਮ ਲੋਕਾਂ ਨਾਲ ਏਨਾ ਫ਼ਰਕ ਕੀਤਾ ਜਾਂਦਾ ਹੈ ਜਾਂ ਸਿਆਹਫਾਮ ਲੋਕ ਇਵੇਂ ਸਮਝਦੇ ਹਨ ਕਿ ਉਨ੍ਹਾਂ ਵਿਚ ਇਕ ਗੁੱਸੇ ਦੀ ਲਹਿਰ ਹਰ ਵੇਲੇ ਦੌੜਦੀ ਰਹਿੰਦੀ ਹੈ। ਇਹ ਵੀ ਸੱਚ ਹੈ ਕਿ ਸਿਆਹਫਾਮ ਆਬਾਦੀ ਵਾਲੇ ਇਲਾਕੇ ਬਹੁਤ ਸਾਰੀਆਂ ਸੁਵਿਧਾਵਾਂ ਤੋਂ ਵਾਂਝੇ ਹੁੰਦੇ ਹਨ। ਇਹ ਗੁੱਸਾ ਇਕੱਠਾ ਹੁੰਦਾ ਰਹਿੰਦਾ ਹੈ ਤੇ ਲਾਵਾ ਬਣ ਜਾਂਦਾ ਹੈ ਤੇ ਮੌਕਾ ਪਾ ਕੇ ਇਹ ਲਾਵਾ ਫਟ ਜਾਂਦਾ ਹੈ।

ਅਮਰੀਕਾ ਵਿਚ ਨਸਲਵਾਦੀ ਫਸਾਦਾਂ ਦਾ ਬਹੁਤ ਲੰਮਾ ਇਤਿਹਾਸ ਹੈ। ਸਦੀਆਂ ਤੋਂ ਸਿਆਹਫਾਮ ਲੋਕਾਂ ਨੂੰ ਦੂਜੇ ਦਰਜੇ ਦੇ ਸ਼ਹਿਰੀ ਸਮਝਿਆ ਜਾਂਦਾ ਰਿਹਾ ਹੈ। ਏਸ਼ੀਅਨ ਤਾਂ ਹੁਣ ਉੱਥੇ ਜਾ ਕੇ ਸੈਟਲ ਹੋ ਰਹੇ ਹਨ, ਸਿਆਹਫਾਮ ਤਿੰਨ ਸੌ ਸਾਲ ਤੋਂ ਅਮਰੀਕਾ ਵਿਚ ਰਹਿੰਦੇ ਆ ਰਹੇ ਹਨ, ਬਲਕਿ ਗ਼ੁਲਾਮ ਬਣ ਕੇ ਖ਼ਰੀਦੇ-ਵੇਚੇ ਜਾਂਦੇ ਰਹੇ ਹਨ। ਜਦੋਂ ਬਰਾਕ ਓਬਾਮਾ ਰਾਸ਼ਟਰਪਤੀ ਬਣਿਆ ਸੀ ਤਾਂ ਬਹੁਤੇ ਲੋਕਾਂ ਨੂੰ ਇਸ ਗੱਲ ਦਾ ਯਕੀਨ ਹੀ ਨਹੀਂ ਸੀ ਹੋ ਰਿਹਾ ਕਿ ਕੋਈ ਸਿਆਹਫਾਮ ਵੀ ਅਮਰੀਕਾ ਦਾ ਰਾਸ਼ਟਰਪਤੀ ਬਣ ਸਕਦਾ ਹੈ। ਸਿਵਲ ਰਾਈਟਸ ਵਾਲੇ ਜੈਸੀ ਜੈਕਸਨ ਵਰਗੇ ਲੋਕ ਖ਼ੁਸ਼ੀ ਵਿਚ ਰੋਂਦੇ ਦੇਖੇ ਗਏ ਸਨ। ਜਦੋਂ ਬਰਾਕ ਓਬਾਮਾ ਦੇ ਆਉਣ 'ਤੇ ਲੋਕ ਸੋਚਦੇ ਸਨ ਕਿ ਅਮਰੀਕਾ ਵਿਚ ਸਿਆਹਫਾਮਾਂ ਦੀ ਹਾਲਤ ਕੁਝ ਠੀਕ ਹੋ ਜਾਵੇਗੀ, ਪਰ ਅਜਿਹਾ ਨਹੀਂ ਹੋਇਆ। ਇਸਦੀ ਨਵੀਂ ਉਦਾਹਰਨ ਜਾਰਜ ਫਲਾਇਡ ਦਾ ਕਤਲ ਹੈ।

ਬਰਤਾਨੀਆਂ ਵਿਚ ਵੀ ਨਸਲਵਾਦੀ ਫਸਾਦਾਂ ਦਾ ਇਕ ਇਤਿਹਾਸ ਹੈ। ਬਹੁਤ ਵਾਰ ਨਸਲਵਾਦੀ ਫਸਾਦ ਅਜਿਹੇ ਭੜਕੇ ਕਿ ਇਕ ਸ਼ਹਿਰ ਵਿਚ ਸ਼ੁਰੂ ਹੋਏ ਤੇ ਫਿਰ ਪੂਰੇ ਬਰਤਾਨੀਆਂ ਵਿਚ ਫੈਲ ਗਏ। 1985 ਵਿਚ ਹੋਏ ਫਸਾਦਾਂ ਵਿਚ ਪੁਲੀਸ ਅਫ਼ਸਰ ਕੀਥ ਬਲੇਕ ਦਾ ਸਿਰ ਵੱਢ ਦਿੱਤਾ ਗਿਆ ਸੀ, ਪਰ ਹੁਣ ਬਰਤਾਨੀਆ ਵਿਚ ਸ਼ਾਂਤੀ ਹੈ। ਬਹੁਤ ਸਾਲਾਂ ਤੋਂ ਨਸਲਵਾਦੀ ਫਸਾਦਾਂ ਤੋਂ ਬਚਾਅ ਹੈ, ਪਰ ਡਰ ਹਰ ਵੇਲੇ ਬਣਿਆ ਰਹਿੰਦਾ ਹੈ।

ਹੁਣ ਜਾਰਜ ਫਲਾਇਡ ਦੇ ਕਤਲ ਨੂੰ ਲੈ ਕੇ ਬਹੁਤ ਸਾਰੇ ਦੇਸ਼ਾਂ ਵਿਚ ਮੁਜ਼ਾਹਰੇ ਹੋ ਰਹੇ ਹਨ। ਅਮਰੀਕਾ ਤੋਂ ਬਾਅਦ ਬਰਤਾਨੀਆਂ ਵਿਚ ਵੀ ਇਹ ਮੁਜ਼ਾਹਰੇ ਜ਼ੋਰਾਂ 'ਤੇ ਹਨ। ਫਰਾਂਸ ਦੀ ਸਰਕਾਰ ਨੇ ਅਜਿਹੇ ਮੁਜ਼ਾਹਰਿਆਂ ਉੱਪਰ ਕਰੋਨਾ ਦਾ ਬਹਾਨਾ ਲਾ ਕੇ ਰੋਕ ਲਾ ਰੱਖੀ ਹੈ। ਬਰਤਾਨੀਆਂ ਵਿਚ ਹੋ ਰਹੇ ਹਰ ਦਿਖਾਵੇ ਵਿਚ ਹਜ਼ਾਰਾਂ ਲੋਕ ਸ਼ਾਮਲ ਹੋ ਰਹੇ ਹਨ। ਕਰੋਨਾ ਕਾਰਨ ਜੋ ਦੋ ਮੀਟਰ ਦੀ ਦੂਰੀ ਰੱਖਣ ਦਾ ਕਾਨੂੰਨ ਸੀ, ਉਸ ਦੀਆਂ ਵੀ ਧੱਜੀਆਂ ਉੱਡ ਰਹੀਆਂ ਹਨ। ਉਂਜ ਬਰਤਾਨੀਆ ਵਿਚ ਨਸਲਵਾਦ ਖਿਲਾਫ਼ ਨਿਕਲ ਰਹੇ ਜਲੂਸਾਂ ਵਿਚ ਆਮ ਤੌਰ 'ਤੇ ਸ਼ਾਂਤੀ ਰਹਿੰਦੀ ਹੈ, ਪਰ ਲੰਡਨ ਵਿਚ ਹੋਏ ਮੁਜ਼ਾਹਰਿਆਂ ਵਿਚ ਕੁਝ ਹਿੰਸਕ ਵਾਰਦਾਤਾਂ ਜ਼ਰੂਰ ਹੋਈਆਂ ਹਨ। ਬਰਤਾਨੀਆ ਵਿਚ ਹੋ ਰਹੇ ਮੁਜ਼ਾਹਰਿਆਂ ਵਿਚ ਜਾਰਜ ਫਲਾਇਡ ਦੇ ਕਤਲ ਵਾਲਾ ਮੁੱਦਾ ਤਾਂ ਹੈ ਹੀ, ਉਸਦੇ ਨਾਲ ਨਾਲ ਇਕ ਹੋਰ ਬਹੁਤ ਗੰਭੀਰ ਮਸਲਾ ਵੀ ਉਠਾਇਆ ਜਾ ਰਿਹਾ ਹੈ ਕਿ ਕਰੋਨਾ ਵਾਇਰਸ ਨਾਲ ਸਿਆਹਫਾਮ ਲੋਕ ਹੀ ਕਿਉਂ ਜ਼ਿਆਦਾ ਮਰ ਰਹੇ ਹਨ। ਨਰਸਾਂ, ਡਾਕਟਰ ਜਾਂ ਹੋਰ ਫਰੰਟ ਲਾਈਨ 'ਤੇ ਕੰਮ ਕਰਦੇ ਮਰਨ ਵਾਲਿਆਂ ਵਿਚੋਂ ਬਹੁਗਿਣਤੀ ਸਿਆਹਫਾਮਾਂ ਤੇ ਏਸ਼ੀਅਨਾਂ ਦੀ ਹੀ ਹੈ। ਗੁੱਸਾ ਇਹ ਕਿ ਅਸੀਂ ਇਸ ਮੁਲਕ ਨੂੰ ਚੱਲਦੇ ਰੱਖਿਆ ਹੋਇਆ ਹੈ ਜਿਸਦਾ ਇਵਜ਼ਾਨਾ ਸਾਨੂੰ ਮੌਤ ਵਜੋਂ ਮਿਲ ਰਿਹਾ ਹੈ। ਇਹ ਬਹੁਤ ਗੌਲਣਯੋਗ ਵਿਸ਼ਾ ਹੈ, ਇਸ ਉੱਪਰ ਹਾਲੇ ਹੋਰ ਖੋਜ ਹੋਣੀ ਹੈ ਤੇ ਨਤੀਜੇ ਨਿਕਲਣੇ ਹਨ। ਹਾਲੇ ਤਾਂ ਘੱਟ ਗਿਣਤੀ ਦੇ ਲੋਕਾਂ ਦਾ ਇਹ ਗੁੱਸਾ ਆਰਜ਼ੀ ਹੈ, ਪਰ ਹੋ ਸਕਦਾ ਹੈ ਕਿ ਆਉਣ ਵਾਲੇ ਸਮੇਂ ਵਿਚ ਗੰਭੀਰ ਰੂਪ ਲੈ ਲਵੇ।

ਇਕ ਵਾਰ ਫਿਰ ਬਰਤਾਨੀਆ ਵਿਚ ਵਸਦੇ ਸਿਆਹਫਾਮਾਂ ਜਾਂ ਏਸ਼ੀਅਨ ਲੋਕਾਂ ਦੀ ਗੱਲ ਕਰੀਏ। ਇਹ ਲੋਕ ਬਰਤਾਨੀਆ ਦੇ ਹਰ ਖੇਤਰ ਵਿਚ ਵੱਡੀਆਂ ਵੱਡੀਆਂ ਨੌਕਰੀਆਂ ਕਰ ਰਹੇ ਹਨ। ਸੰਸਦ ਵਿਚ ਇਨ੍ਹਾਂ ਦੀ ਕਾਫ਼ੀ ਗਿਣਤੀ ਹੈ। ਸਰਕਾਰ ਵਿਚ ਵੱਡੇ-ਵੱਡੇ ਵਜ਼ੀਰ ਹਨ। ਇਸਦਾ ਮਤਲਬ ਕਿ ਬਰਤਾਨੀਆ ਵਿਚ ਨਸਲਵਾਦ ਖ਼ਤਮ ਹੋ ਗਿਆ? ਨਹੀਂ, ਇਹ ਖ਼ਤਮ ਨਹੀਂ ਹੋਇਆ। ਅਮਰੀਕਾ ਦੇ ਨਸਲਵਾਦ ਨਾਲੋਂ ਇਸਦਾ ਫ਼ਰਕ ਜ਼ਰੂਰ ਹੈ। ਜਿਵੇਂ ਮੈਂ ਪਹਿਲਾਂ ਕਿਹਾ ਕਿ ਉਹ ਬਾਹਰ ਮੁਖੀ ਹੈ ਤੇ ਇਹ ਅੰਤਰਮੁਖੀ। ਗਾਂਧੀ ਨੂੰ ਜਦੋਂ ਦੱਖਣੀ ਅਫ਼ਰੀਕਾ ਵਿਚ ਗੱਡੀ ਵਿਚੋਂ ਲਾਹ ਦਿੱਤਾ ਗਿਆ ਸੀ ਤਾਂ ਉਸਨੇ ਕਿਹਾ ਸੀ ਕਿ ਬਰਤਾਨੀਆ ਵਿਚ ਤਾਂ ਇੰਝ ਕਦੇ ਨਹੀਂ ਹੁੰਦਾ। ਉਸਦਾ ਕਹਿਣਾ ਸੀ ਕਿ ਲੰਡਨ ਦੀਆਂ ਗੱਡੀਆਂ ਵਿਚ ਤਾਂ ਹਰ ਇਕ ਅੰਗਰੇਜ਼ ਉਸਨੂੰ ਮੁਸਕਰਾ ਕੇ ਮਿਲਦਾ ਹੈ। ਅੰਗਰੇਜ਼ ਦੀ ਇਸੇ ਮੁਸਕਰਾਹਟ ਵਿਚ ਹੀ ਸਭ ਕੁਝ ਹੈ। ਉਹ ਬਾਹਰੋਂ ਮੁਸਕਰਾਏਗਾ, ਪਰ ਉਸਦੇ ਮਨ ਵਿਚ ਕੀ ਹੈ ਇਸਦਾ ਕਿਸੇ ਨੂੰ ਕੁਝ ਨਹੀਂ ਪਤਾ। ਸਾਡੇ ਪੰਜਾਬੀ ਪਰਵਾਸੀ ਲੇਖਕਾਂ ਨੇ ਅਣਗਿਣਤ ਕਿਤਾਬਾਂ ਬਰਤਾਨਵੀ ਜ਼ਿੰਦਗੀ ਬਾਰੇ ਲਿਖੀਆਂ ਹਨ, ਪਰ ਉਨ੍ਹਾਂ ਨੇ ਅੰਗਰੇਜ਼ ਕਿਰਦਾਰ ਬਹੁਤ ਘੱਟ ਚਿਤਰੇ ਹਨ। ਇਹ ਇਸ ਲਈ ਕਿ ਪੰਜਾਬੀ ਦੇ ਲੇਖਕਾਂ ਨੂੰ ਇਹ ਪਤਾ ਹੀ ਨਹੀਂ ਕਿ ਅੰਗਰੇਜ਼ ਕਿਵੇਂ ਸੋਚਦਾ ਹੈ। ਜੇ ਕਿਸੇ ਨੇ ਕੋਈ ਅੰਗਰੇਜ਼ ਕਿਰਦਾਰ ਘੜਿਆ ਵੀ ਹੈ ਤਾਂ ਉਸ ਵਿਚ ਬਹੁਤਾ ਝੂਠ ਹੀ ਹੁੰਦਾ ਹੈ। ਅੰਗਰੇਜ਼ ਦੀ ਮੁਸਕਰਾਹਟ ਵਿਚ ਵੀ ਨਸਲਵਾਦ ਹੋ ਸਕਦਾ ਹੈ। ਭਾਵ ਕਿ ਪਿਛਲੇ ਕੁਝ ਸਾਲਾਂ ਤੋਂ ਬਰਤਾਨੀਆ ਵਿਚ ਨਸਲਵਾਦ ਨੇ ਆਪਣਾ ਰੂਪ ਬਦਲ ਲਿਆ ਹੈ। ਇਹ ਹੁਣ ਸਿੱਧਾ ਨਸਲਵਾਦ ਨਹੀਂ ਹੈ, ਸਗੋਂ ਸੰਸਥਾਗਤ ਨਸਲਵਾਦ ਹੈ। ਸਰਕਾਰੀ ਜਾਂ ਗ਼ੈਰ ਸਰਕਾਰੀ ਅਦਾਰਿਆਂ ਵਿਚ ਸਾਨੂੰ ਲੁਕਵੇਂ ਨਸਲਵਾਦ ਦਾ ਸਾਹਮਣਾ ਕਰਨਾ ਪੈਂਦਾ ਹੈ। ਨੌਕਰੀਆਂ ਮਿਲਣ ਵਿਚ, ਤਰੱਕੀਆਂ ਵਿਚ ਸਾਡੇ ਨਾਲ ਭੇਦਭਾਵ ਕੀਤਾ ਜਾਂਦਾ ਹੈ। ਸਾਡੇ ਲੋਕ ਏਨੀ ਹਿੰਮਤ ਵਾਲੇ ਹਨ ਕਿ ਇਨ੍ਹਾਂ ਔਕੜਾਂ ਦਾ ਸਾਹਮਣਾ ਕਰਦੇ ਟੀਸੀਆਂ 'ਤੇ ਪੁੱਜ ਹੀ ਰਹੇ ਹਨ।

ਸੰਸਥਾਗਤ ਨਸਲਵਾਦ ਦੀ ਇਕ ਉਦਾਹਰਣ ਨਿੱਜੀ ਜ਼ਿੰਦਗੀ ਵਿਚੋਂ ਸਾਂਝੀ ਕਰਨੀ ਚਾਹਾਂਗਾ। ਮੇਰਾ ਬੇਟਾ ਬਿਲਾਵਲ ਡਿਗਰੀ ਕਰਕੇ ਨੌਕਰੀ ਦੀ ਤਲਾਸ਼ ਕਰ ਰਿਹਾ ਸੀ। ਉਸਨੂੰ ਕਿਸੇ ਪਾਸਿਓਂ ਇੰਟਰਵਿਊ ਲਈ ਵੀ ਸੱਦਾ ਨਹੀਂ ਸੀ ਆ ਰਿਹਾ ਜਦੋਂਕਿ ਉਸਦੀ ਡਿਗਰੀ ਵੀ ਵਧੀਆ ਸੀ ਤੇ ਕੰਮ ਕਰਨ ਦਾ ਕੁਝ ਤਜਰਬਾ ਵੀ ਸੀ। ਉਸਦੇ ਦੋ ਗੋਰੇ ਦੋਸਤ ਇਕਦਮ ਵਧੀਆ ਥਾਂ 'ਤੇ ਸੈਟਲ ਹੋ ਗਏ ਸਨ। ਉਸਨੂੰ ਗੁੱਸਾ ਸੀ ਕਿ ਇਕ ਵਾਰ ਇੰਟਰਵਿਊ 'ਤੇ ਤਾਂ ਸੱਦਣ ਨੌਕਰੀ ਮਿਲਣਾ ਬਾਅਦ ਦੀ ਗੱਲ ਹੈ। ਇਕ ਦਿਨ ਮੈਂ ਉਸਨੂੰ ਸਲਾਹ ਦਿੱਤੀ ਕਿ ਆਪਣਾ ਪੂਰਾ ਨਾਂ ਨਾ ਲਿਖ। ਬਿਲਾਵਲ ਸਿੰਘ ਅਟਵਾਲ ਦੀ ਥਾਂ ਸਿਰਫ਼ 'ਬਿਲ ਅਟਵਾਲ' ਲਿਖਿਆ ਕਰ। ਅਗਲੀ ਨੌਕਰੀ ਅਪਲਾਈ ਕਰਨ ਵੇਲੇ ਉਸਨੇ ਇਵੇਂ ਹੀ ਕੀਤਾ ਤੇ ਦਸਾਂ ਦਿਨਾਂ ਦੇ ਅੰਦਰ ਹੀ ਉਸਨੂੰ ਇੰਟਰਵਿਊ ਦੀ ਕਾਲ ਆ ਗਈ।

# ਚੀਨ ਨਾਲ ਬਿਨਾ ਹਥਿਆਰਾਂ ਦੇ ਆਖਰੀ ਦਮ ਤੱਕ ਲੜਦਿਆਂ ਡੇਰਾ ਬਾਬਾ ਨਾਨਕ ਦੇ ਸ਼ਹੀਦ ਹੋਏ ਮਹਾਨ ਸ਼ਹੀਦ ਸ. ਸਤਨਾਮ ਸਿੰਘ ਦੇ ਪਰਿਵਾਰ ਦਾ ਸੰਗਤਾਂ ਵਲੋਂ ਸਨਮਾਨ

## ਯੋਧਾ ਆਪਣੇ ਨਿੱਕੇ ਨਿੱਕੇ ਬੱਚੇ ਤੇ ਬੁੱਢੇ ਮਾਂ-ਬਾਪ ਪਿਛੇ ਛੱਡ ਗਿਆ

ਚੰਡੀਗੜ੍ਹ (ਪ੍ਰੀਤਮ ਲੁਧਿਆਣਵੀ), ਬੀਤੇ ਦਿਨੀਂ ਹਿੰਦ-ਚੀਨ ਬਾਰਡਰ ਤੇ ਭਾਰਤੀ ਫੌਜ ਦੇ ਜੋ ਵੀਹ ਜਵਾਨ ਸ਼ਹੀਦ ਹੋ ਗਏ ਸਨ, ਉਨ੍ਹਾਂ ਵਿੱਚ ਗੁਰਦਾਸਪੁਰ ਜ਼ਿਲੇ ਦੇ ਡੇਰਾ ਬਾਬਾ ਨਾਨਕ ਵਿਧਾਨ ਸਭਾ ਹਲਕੇ ਵਿਚ ਪੈਂਦੇ ਪਿੰਡ ਭੋਜਰਾਜ ਦਾ ਵਸਨੀਕ ਨਾਇਬ ਸੂਬੇਦਾਰ ਸਤਨਾਮ ਸਿੰਘ ਸ਼ਹੀਦ ਹੋ ਗਿਆ ਸੀ। ਜਿਸ ਦਾ ਛੋਟਾ ਭਰਾ ਵੀ ਫੌਜ ਵਿੱਚ ਬਤੌਰ ਸੂਬੇਦਾਰ ਸੇਵਾ ਨਿਭਾਅ ਰਿਹਾ ਹੈ। ਸ਼ਹੀਦ ਆਪਣੇ ਪਿੱਛੇ ਦੋ ਬੱਚੇ (ਧੀ ਤੇ ਪੁੱਤ) ਅਤੇ ਬਜ਼ੁਰਗ ਮਾਂ-ਬਾਪ ਨੂੰ ਵਿਲਕਦਿਆਂ ਛੱਡ ਗਿਆ ਹੈ। ਉਸ ਦੇ ਪਰਿਵਾਰ ਨਾਲ ਦੁਖ ਸਾਂਝਾ ਕਰਨ ਲਈ ਉਨ੍ਹਾਂ ਦੇ ਨਿਵਾਸ ਸਥਾਨ ਪਿੰਡ ਭੋਜਰਾਜ ਵਿਖੇ ਇੰਡੀਅਨ ਪੀਪਲਜ਼ ਥਿਏਟਰ ਐਸੋਸੀਏਸ਼ਨ ("ਇਪਟਾ") ਗੁਰਦਾਸਪੁਰ ਦੇ ਪ੍ਰਧਾਨ ਗੁਰਮੀਤ ਸਿੰਘ ਪਾਹੜਾ ਅਤੇ ਜਨਰਲ ਸਕੱਤਰ ਗੁਰਮੀਤ ਸਿੰਘ ਬਾਜਵਾ ਦੀ ਅਗਵਾਈ ਹੇਠ ਇਕ ਵਫ਼ਦ ਜਿਸ ਵਿੱਚ ਰੰਜਨ ਵਫ਼ਾ ਪ੍ਰਧਾਨ, ਇੰਟਰਨੈਸ਼ਨਲ ਹਿਊਮਨ ਰਾਇਟਸ ਐਸੋਸੀਏਸ਼ਨ ਪੰਜਾਬ, ਨਵਰਾਜ ਸਿੰਘ ਸੰਧੂ ਚੀਫ ਬਿਊਰੋ ਐਂਟੀ ਕੁਰੱਪਸ਼ਨ ਪ੍ਰੈਸ ਤੇ ਪ੍ਰਧਾਨ, ਇੰਡੀਅਨ ਜਰਨਲਿਸਟ ਐਸੋਸੀਏਸ਼ਨ ਗੁਰਦਾਸਪੁਰ, ਜਨਕ ਰਾਜ



ਰਠੌਰ ਵਿੱਤ ਸਕੱਤਰ, ਸਾਹਿਤ ਸਭਾ ਗੁਰਦਾਸਪੁਰ, ਮਾਸਟਰ ਦਿਲਦਾਰ ਸਿੰਘ ਭੰਡਾਲ ਜ਼ਿਲਾ ਜਨਰਲ ਸਕੱਤਰ, ਗੌਰਮਿੰਟ ਟੀਚਰਜ਼ ਯੂਨੀਅਨ ਗੁਰਦਾਸਪੁਰ ਤੇ ਲੈਕਚਰਾਰ ਸਤਿਬੀਰ ਸਿੰਘ ਭੰਡਾਲ ਸ਼ਾਮਲ ਸਨ।

ਸ਼ਹੀਦ ਦੇ ਛੋਟੇ ਭਰਾ ਸੂਬੇਦਾਰ ਸੁਖਚੈਨ ਸਿੰਘ ਨੇ ਦੱਸਿਆ ਕਿ ਸਾਡੀ ਮਾਤਾ ਕਸ਼ਮੀਰ ਕੌਰ ਜੀ ਤੇ ਪਿਤਾ ਜਗੀਰ ਸਿੰਘ ਜੀ ਨੇ ਸਾਨੂੰ ਦੇਸ਼ ਦੀ ਸੇਵਾ ਕਰਨ ਲਈ ਪ੍ਰੇਰਿਤ ਕੀਤਾ ਤੇ ਸਾਨੂੰ ਦੋਹਾਂ ਭਰਾਵਾਂ ਨੂੰ ਫੌਜ ਵਿੱਚ ਭਰਤੀ ਕਰਵਾਇਆ। ਸਾਡੇ ਮਾਪਿਆਂ ਸਾਨੂੰ ਹਮੇਸ਼ਾ ਦੇਸ਼ ਦੀ ਰਾਖੀ ਲਈ ਆਪਾ ਵਾਰ ਦੇਣ ਦੀ ਪ੍ਰੇਰਨਾ ਦਿੱਤੀ। ਸ਼ਹੀਦ ਦੀ ਪਤਨੀ ਬੀਬੀ ਜਸਵਿੰਦਰ ਕੌਰ ਨੇ ਕਿਹਾ ਕਿ ਮੌਤ ਨੇ ਇਕ ਦਿਨ ਆਉਣਾ ਹੀ, ਪਰ ਉਹ ਦੇਸ਼ ਵਾਸਤੇ ਸ਼ਹੀਦ ਹੋਏ ਹਨ, ਜਿਨ੍ਹਾਂ ਨੇ ਮੇਰਾ ਤੇ ਮੇਰੇ ਬੱਚਿਆਂ ਦਾ ਸਿਰ ਮਾਣ ਨਾਲ ਉੱਚਾ ਕੀਤਾ ਹੈ।

ਉਨਾਂ ਦੇ ਪਿੰਡ ਦੇ ਸਰਪੰਚ ਜਗਜੀਤ ਸਿੰਘ ਨੇ ਦੱਸਿਆ ਕਿ 25 ਜੂਨ, 2020 ਦਿਨ ਵੀਰਵਾਰ ਨੂੰ ਸ਼ਹੀਦ ਦੀ ਯਾਦ ਵਿੱਚ ਅਖੰਡ ਪਾਠ ਸਾਹਿਬ ਜੀ ਦਾ ਭੋਗ ਪਾਇਆ ਜਾਵੇਗਾ ਤੇ ਅੰਤਿਮ ਅਰਦਾਸ ਹੋਵੇਗੀ। ਇਲਾਕੇ ਦੀਆਂ ਸੰਗਤਾਂ ਤੇ ਦੂਰ ਦੁਰਾਡੇ ਤੋਂ ਜ਼ਿੰਮੇਵਾਰ ਸ਼ਖ਼ਸੀਅਤਾਂ ਪਹੁੰਚ ਰਹੀਆਂ ਹਨ। ਉਨ੍ਹਾਂ ਕਰੋਨਾ ਵਾਇਰਸ ਨੂੰ ਧਿਆਨ ਵਿੱਚ ਰੱਖਦਿਆਂ ਮੂੰਹ 'ਤੇ ਮਾਸਕ ਪਾ ਕੇ ਆਉਣ ਅਤੇ ਸੋਸ਼ਲ-ਡਿਸਟੈਂਸ ਬਣਾ ਕੇ ਰੱਖਣ ਦੀ ਵੀ ਸੰਗਤਾਂ ਨੂੰ ਅਪੀਲ ਕੀਤੀ ਹੈ।

ਭਜਨ ਸਿੰਘ ਭਿੰਡਰ ਸਿੰਘਾਪੁਰ 'ਚ ਜੰਮੇ-ਪਲੇ ਅਤੇ ਭਰ ਜਵਾਨੀ 'ਚ ਅਮਰੀਕਾ ਆਣ ਵਸੇ। ਭਾਰਤ, ਪੰਜਾਬ, ਪੰਜਾਬੀ ਬੋਲੀ ਅਤੇ ਸਿੱਖੀ ਤੋਂ ਵੀ ਤਕਰੀਬਨ ਅਣਜਾਣ ਬੇਪ੍ਰਵਾਹ ਨੌਜਵਾਨ ਭਜਨ ਸਿੰਘ ਭਿੰਡਰ ਨੂੰ ਜੂਨ 1984 ਵਿੱਚ ਭਾਰਤੀ ਹਕੂਮਤ ਵੱਲੋਂ ਸੱਚਖੰਡ ਸ੍ਰੀ ਦਰਬਾਰ ਸਾਹਿਬ, ਸ੍ਰੀ ਅਕਾਲ ਤਖਤ ਸਾਹਿਬ ਉਪਰ ਟੈਂਕਾਂ, ਤੋਪਾਂ ਨਾਲ ਹਮਲਾ ਅਤੇ ਨਵੰਬਰ 1984 'ਚ ਸਿੱਖਾਂ ਦੇ ਕਤਲੇਆਮ ਨੇ ਝੰਜੋੜ ਕੇ




ਰੱਖ ਦਿੱਤਾ, ਜਿਸਨੇ ਇੱਕ ਨਵੇਂ ਭਜਨ ਸਿੰਘ ਭਿੰਡਰ ਨੂੰ ਜਨਮ ਦਿੱਤਾ, ਭਜਨ ਸਿੰਘ ਭਿੰਡਰ ਨੇ ਉਸ ਦਿਨ ਤੋਂ ਕੌਮ ਲਈ ਦਿਨ-ਰਾਤ ਇੱਕ ਕਰ ਦਿੱਤਾ, ਜਿਥੇ ਉਹ ਸਿੱਖੀ ਲਈ ਕੰਮ ਕਰ ਰਹੇ ਹਨ, ਉਥੇ ਭਾਰਤ 'ਚ ਮਨੁੱਖੀ ਅਧਿਕਾਰਾਂ ਦਾ ਸ਼ਿਕਾਰ ਹੋ ਰਹੇ ਮੂਲ ਨਿਵਾਸੀ ਅਤੇ ਹੋਰ ਸਾਰੀਆਂ ਘੱਟ ਗਿਣਤੀਆਂ ਲਈ ਹਮੇਸ਼ਾ ਹੀ ਅਵਾਜ਼ ਉਠਾਉਂਦੇ ਆ ਰਹੇ ਹਨ। ਅਸੀਂ ਪਹਿਲਾਂ ਵੀ ਉਨ੍ਹਾਂ ਵੱਲੋਂ ਲਿਖਿਆ ਬਹੁਤ ਹੀ ਮਹੱਤਵਪੂਰਨ ਦਸਤਾਵੇਜ਼ 'ਸਾਡੇ ਲੋਕ' ਦੇ ਪਾਠਕਾਂ ਲਈ ਛਾਪ ਚੁੱਕੇ ਹਾਂ ਅਤੇ ਇਸ ਹਫਤੇ ਤੋਂ ਉਨ੍ਹਾਂ ਵੱਲੋਂ ਅਤੇ ਉਨ੍ਹਾਂ ਦੇ ਸਹਿਯੋਗੀ **Patrick J Nevers** ਵੱਲੋਂ ਲਿਖੀ ਪੁਸਤਕ **The Face of Terror in India** ਨੂੰ ਪੰਜਾਬੀ 'ਚ ਅਨੁਵਾਦ ਕਰਵਾ ਕੇ ਲੜੀਵਾਰ ਛਾਪ ਰਹੇ ਹਾਂ। ਇਸ ਬਾਰੇ ਆਏ ਪਾਠਕਾਂ ਦੇ ਵਿਚਾਰਾਂ ਨੂੰ ਸਤਿਕਾਰ ਸਾਹਿਤ ਥਾਂ ਦਿੱਤੀ ਜਾਵੇ। -ਸਤਨਾਮ ਸਿੰਘ ਖਾਲਸਾ

# ਸਿੱਖਾਂ ਨੇ ਅਕਸਰ ਹੀ ਗਊ ਹੱਤਿਆ ਉੱਤੇ ਪਾਬੰਦੀ ਜਿਹੇ ਹਿੰਦੂ ਧਾਰਮਿਕ ਮਾਮਲਿਆਂ ਦੀ ਹਮਾਇਤ ਕੀਤੀ

(ਲੜੀ ਜੋੜਨ ਲਈ ਪਿਛਲਾ ਅੰਕ ਦੇਖੋ)



ਸਿੱਖ ਸੰਗਠਨਾਂ ਉੱਤੇ 'ਸਿੱਖਾਂ ਅਤੇ ਹਿੰਦੂਆਂ ਦਰਮਿਆਨ ਕੁੜੱਤਣ ਅਤੇ ਨਫ਼ਰਤ ਪੈਦਾ ਕਰਨ' ਦੇ ਦੋਸ਼ ਲਾਏ ਗਏ ਸਨ। ਜੇ ਸਚਮੁੱਚ ਇਹੀ ਮਕਸਦ ਸੀ ਤਾਂ ਗਊਆਂ ਦੇ ਸਿਰਾਂ ਦੇ ਮਾਮਲੇ ਨੇ ਪੰਜਾਬ ਵਿੱਚ ਦੰਗੇ ਅਤੇ ਲੋਕ ਸਭਾ ਵਿੱਚ ਵੈਰਭਾਵ ਵਾਲੀਆਂ ਬਹਿਸਾਂ ਕਰਾ ਕੇ ਇਸ ਵਿੱਚ ਕਾਮਯਾਬੀ ਹਾਸਲ ਕੀਤੀ ਸੀ। ਸਿੱਖਾਂ ਉੱਤੇ ਇਹ ਵਿਨਾਸ਼ਕਾਰੀ ਤਰੀਕੇ ਵਰਤਣ ਦਾ ਦੋਸ਼ ਲਾਉਣ ਮਗਰੋਂ 'ਵਾਈਟ ਪੇਪਰ' ਆਪਣੇ ਸਿੱਟੇ ਇਸ ਤੋਂ ਵੀ ਇੱਕ ਕਦਮ ਅਗਾਂਹ ਲੈ ਗਿਆ। ਅਖੌਤੀ ਸਿੱਖ 'ਅਤਿਵਾਦੀਆਂ' ਦਾ ਹਵਾਲਾ ਦਿੰਦਿਆਂ ਇਸ ਦੇ ਲੇਖਕਾਂ ਨੇ ਲਿਖਿਆ :

ਉਨ੍ਹਾਂ ਨੇ ਇਹ ਸਾਰਾ ਕੁਝ ਹਰਿਮੰਦਰ ਸਾਹਿਬ ਅਤੇ ਪੰਜਾਬ ਤੇ ਹੋਰ ਸੂਬਿਆਂ ਵਿਚਲੇ ਗੁਰਦੁਆਰਿਆਂ ਦੀ ਵਲਗਣ ਅੰਦਰ ਰਹਿ ਕੇ ਕੀਤਾ। ਸਿੱਖ ਕੌਮ ਦੀਆਂ ਧਾਰਮਿਕ ਭਾਵਨਾਵਾਂ ਦਾ ਸਤਿਕਾਰ ਕਰਦਿਆਂ ਸਰਕਾਰ ਵੱਲੋਂ ਗੁਰਦੁਆਰਿਆਂ ਵਿੱਚ ਪੁਲਿਸ ਬਲ ਭੇਜਣ ਦੀ ਹਿਚਕਿਚਾਹਟ ਦਾ ਉਨ੍ਹਾਂ ਨੇ ਪੂਰਾ ਲਾਹਾ ਲਿਆ। ਇਨ੍ਹਾਂ ਅਨਸਰਾਂ ਨੇ ਕਤਲ, ਭੰਨ-ਤੋੜ ਅਤੇ ਲੁੱਟ-ਮਾਰ ਦੀਆਂ ਕਾਰਵਾਈਆਂ ਦੇ ਨਿਰਦੇਸ਼ ਦੇਣ ਅਤੇ ਇਨ੍ਹਾਂ ਨੂੰ ਅੰਜਾਮ ਦੇਣ ਲਈ ਇਨ੍ਹਾਂ ਪਵਿੱਤਰ ਅਸਥਾਨਾਂ ਦੀ ਦੁਰਵਰਤੋਂ ਕੀਤੀ।

ਗਊਆਂ ਦੇ ਸਿਰਾਂ ਵਾਲੀ ਘਟਨਾ ਨੂੰ ਖਾਲਿਸਤਾਨ ਦੇ ਮੁੱਦੇ ਅਤੇ ਸਵਰਨ ਮੰਦਰ ਦੋਵਾਂ ਨਾਲ ਨਾਂਹਪੱਖੀ ਰੂਪ ਵਿੱਚ ਜੋੜ ਕੇ ਵੱਖਵਾਦੀਆਂ ਨੂੰ ਬਾਹਰ ਕੱਢਣ ਲਈ ਹਰਿਮੰਦਰ ਸਾਹਿਬ ਉੱਤੇ ਹਮਲੇ ਨੂੰ ਜਾਇਜ਼ ਠਹਿਰਾਉਣ ਖ਼ਾਤਰ ਮੰਚ ਤਿਆਰ ਕਰ ਲਿਆ ਗਿਆ ਸੀ। ਕੀ ਇਹ ਮਾਮਲਾ ਸਚਮੁੱਚ ਹੀ ਇੰਨੇ ਨਿਰਣਾਇਕ ਢੰਗ ਨਾਲ ਸੁਲਝਾ ਲਿਆ ਗਿਆ ਸੀ ?

ਇਸ ਘਟਨਾ ਦਾ ਇੱਕ ਪੱਖ ਸ਼ਸ਼ੋਪੰਜ ਵਿੱਚ ਪਾਉਂਦਾ ਹੈ ਕਿ 1982 ਵਿੱਚ ਹੋਈ ਗਊ ਹੱਤਿਆ ਇਤਿਹਾਸ ਵਿੱਚ ਪਹਿਲੇ ਅਜਿਹੇ ਮਾਮਲੇ ਵਜੋਂ ਦਰਜ ਹੋਈ ਜਿਸ ਵਿੱਚ ਇਸ ਤਰ੍ਹਾਂ ਦੀ ਕਿਸੇ ਘਟਨਾ ਵਿੱਚ ਸਿੱਖਾਂ ਦੀ ਸ਼ਮੂਲੀਅਤ ਹੋਵੇ। ਭਾਵੇਂ ਸਿੱਖ, ਗਊ ਦੀ ਪੂਜਾ ਨਹੀਂ ਕਰਦੇ, ਪਰ ਹਿੰਦੂ ਵਿਸ਼ਵਾਸ ਦੇ ਸਤਿਕਾਰ ਵਜੋਂ ਉਨ੍ਹਾਂ ਨੇ ਇਸ ਨੂੰ ਹਮੇਸ਼ਾ 'ਪਵਿੱਤਰ ਪਸ਼ੂ' ਸਮਝਿਆ ਹੈ। ਦਰਅਸਲ, 'ਹਿੰਦੂ-ਸਿੱਖ ਕਨਫਲਿਕਟ ਇਨ ਪੰਜਾਬ' ਦੇ ਲੇਖਕ ਲਿਖਦੇ ਹਨ: "ਮਹਾਰਾਜਾ ਰਣਜੀਤ ਸਿੰਘ ਨੇ ਸਿਰਫ਼ ਪੰਜਾਬ ਵਿੱਚ ਹੀ ਨਹੀਂ ਸਗੋਂ ਇਸਲਾਮੀ ਧਰਤੀ ਅਫ਼ਗਾਨਿਸਤਾਨ ਵਿੱਚ ਵੀ ਗਊ ਹੱਤਿਆ ਉੱਤੇ ਪਾਬੰਦੀ ਦੇ ਹੁਕਮ ਦਿੱਤੇ।" ਇਸ ਦੇ ਨਾਲ ਹੀ 1800ਵਿਆਂ ਦੇ ਅੰਤ ਵਿੱਚ "ਅੰਮ੍ਰਿਤਸਰ ਵਿੱਚ ਅੰਗਰੇਜ਼ਾਂ ਵੱਲੋਂ ਮੁੜ ਗਊ ਹੱਤਿਆ ਸ਼ੁਰੂ ਕਰਨ ਦਾ ਵਿਰੋਧ ਕਰਦਿਆਂ ਬਹੁਤ ਸਾਰੇ ਸਿੱਖਾਂ ਨੇ ਆਪਣੀਆਂ ਜਾਨਾਂ ਕੁਰਬਾਨ ਕੀਤੀਆਂ।" ਸਾਕਾ ਨੀਲਾ ਤਾਰਾ ਦੌਰਾਨ ਮਾਰੇ ਗਏ ਉੱਘੇ ਸਿੱਖ ਪ੍ਰਚਾਰਕ ਜਰਨੈਲ ਸਿੰਘ ਭਿੰਡਰਾਂਵਾਲੇ ਨੇ ਟਿੱਪਣੀ ਕੀਤੀ, "ਸਿੱਖਾਂ ਨੇ ਅਕਸਰ ਹੀ ਗਊ ਹੱਤਿਆ ਉੱਤੇ ਪਾਬੰਦੀ ਜਿਹੇ ਹਿੰਦੂ ਧਾਰਮਿਕ ਮਾਮਲਿਆਂ ਦੀ ਹਮਾਇਤ ਕੀਤੀ ਹੈ।" ਸਿੱਖ ਇਤਿਹਾਸ ਦੇ ਮੱਦੇਨਜ਼ਰ ਸੁਆਲ ਇਹ ਉੱਠਦਾ ਹੈ ਕਿ ਕਿਹੜੀ ਗੱਲ ਨੇ ਗਊ ਪ੍ਰਤੀ ਸਿੱਖਾਂ ਦਾ ਰਵੱਈਆ ਇਕਦਮ ਬਦਲ ਦਿੱਤਾ ?

ਬਾਕੀ ਸਾਰੇ ਤੱਤ ਇੱਕ ਪਾਸੇ, ਪਰ ਇਸ ਗੱਲ ਉੱਤੇ ਕਿੰਤੂ ਨਹੀਂ ਕੀਤਾ ਜਾ ਸਕਦਾ ਕਿ ਇਸ ਘਟਨਾ ਪ੍ਰਤੀ ਸਰਕਾਰ ਦੀ ਪ੍ਰਤੀਕਿਰਿਆ ਬਹੁਤ ਪੱਖਪਾਤੀ ਅਤੇ ਨਿਰੋਲ ਦੂਹਰੇ ਮਾਪਦੰਡਾਂ ਦਾ ਪ੍ਰਗਟਾਵਾ ਸੀ। ਫਰਵਰੀ 1983 ਵਿੱਚ ਭਿੰਡਰਾਂਵਾਲੇ ਨੇ ਇਸ ਵੱਲ ਇਸ਼ਾਰਾ ਕਰਦਿਆਂ ਟਿੱਪਣੀ ਕੀਤੀ ਕਿ ਜਦੋਂ ਇੱਕ ਹਿੰਦੂ ਨੂੰ ਤੰਬਾਕੂ ਨਾਲ ਹਰਿਮੰਦਰ ਸਾਹਿਬ ਦੀ ਬੇਅਦਬੀ ਕਰਦਿਆਂ ਸਿੱਖਾਂ ਵੱਲੋਂ ਫੜਿਆ ਗਿਆ ਸੀ ਤਾਂ ਉਸ ਨੂੰ ਪੁਲਿਸ ਹਵਾਲੇ ਕੀਤਾ ਗਿਆ ਜਿਸ ਨੇ ਉਸ ਨੂੰ ਤੁਰੰਤ ਹਿਰਾਸਤ ਵਿੱਚੋਂ ਛੱਡ ਦਿੱਤਾ। ਦੂਜੇ ਪਾਸੇ, ਹਿੰਦੂ ਮੰਦਰ ਵਿੱਚ ਗਊਆਂ ਦੇ ਵੱਢੇ ਹੋਏ ਸਿਰ ਰੱਖੇ ਜਾਣ ਉੱਤੇ ਪ੍ਰਸ਼ਾਸਨ ਨੇ ਤੁਰੰਤ ਹੀ ਠੇਕੇਦਾਰ ਅਤੇ ਮਹਿਤਾ ਨੂੰ ਫੜਾਉਣ ਵਾਲੇ ਨੂੰ ਕ੍ਰਮਵਾਰ 50,000 ਅਤੇ 25,000 ਰੁਪਏ ਇਨਾਮ ਦੇਣ ਦਾ ਐਲਾਨ ਕਰ ਦਿੱਤਾ। ਭਿੰਡਰਾਂਵਾਲੇ ਨੇ ਇਸ ਦਾ ਵਿਰੋਧ ਕੀਤਾ ਕਿ ਗਵਾਹਾਂ ਕੋਲੋਂ ਪੁਸ਼ਟੀ ਕਰਵਾਏ ਬਿਨਾਂ ਹੀ ਸ਼ੱਕ ਦੇ ਅਧਾਰ ਉੱਤੇ ਅਜਿਹਾ ਕੀਤਾ ਗਿਆ। ਭਿੰਡਰਾਂਵਾਲੇ ਨੇ ਕਿਹਾ, "ਨਾ ਤਾਂ ਕਿਸੇ ਹਿੰਦੂ ਤੇ ਨਾ ਹੀ ਕਿਸੇ ਸਿੱਖ ਨੇ ਕਿਸੇ ਸਿੱਖ ਨੌਜਵਾਨ ਨੂੰ ਅਜਿਹਾ ਕਰਦਿਆਂ ਦੇਖਿਆ।"

ਇਸ ਅਪਰਾਧ ਤੋਂ ਇੱਕ ਸਾਲ ਮਗਰੋਂ 6 ਮਾਰਚ 1983 ਨੂੰ ਇਸ ਘਟਨਾ ਦੀ ਸੱਚਾਈ ਪਹਿਲੀ ਵਾਰ ਸਾਹਮਣੇ ਆਉਣੀ ਸ਼ੁਰੂ ਹੋਈ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ 'ਵਾਈਟ ਪੇਪਰ' ਦਾ ਪਰਤਵਾਂ ਜੁਆਬ ਲਿਖਣ ਵਾਲੇ ਗੁਰਦਰਸ਼ਨ ਸਿੰਘ ਢਿੱਲੋਂ ਨੇ ਇਹ ਗੱਲ ਦਸਤਾਵੇਜ਼ ਵਿੱਚ ਦਰਜ ਕੀਤੀ। ਢਿੱਲੋਂ ਦੱਸਦਾ ਹੈ ਕਿ ਪੰਜਾਬ ਵਿਧਾਨ ਸਭਾ ਵਿਚਲੇ ਇੰਡੀਅਨ ਨੈਸ਼ਨਲ ਕਾਂਗਰਸ (ਆਈ.ਐੱਨ.ਸੀ.) ਦੇ 30 ਮੈਂਬਰਾਂ ਨੇ ਇੰਦਰਾ ਨੂੰ ਦੇਣ ਲਈ ਇੱਕ ਮੰਗ ਪੱਤਰ ਦਾ ਖਰੜਾ ਤਿਆਰ ਕੀਤਾ ਜਿਸ ਵਿੱਚ ਪੰਜਾਬ ਦੇ ਮੁੱਖ ਮੰਤਰੀ ਦਰਬਾਰਾ ਸਿੰਘ ਉੱਤੇ ਗਊਆਂ ਦੇ ਸਿਰਾਂ ਵਾਲੀ ਘਟਨਾ ਦਾ ਪ੍ਰਪੰਚ ਰਚਣ ਦੇ ਦੋਸ਼ ਲਾਏ ਗਏ। ਢਿੱਲੋਂ ਦੇ ਅਨੁਸਾਰ ਮੰਗ ਪੱਤਰ ਵਿੱਚ "ਲੋਕਾਂ, ਥਾਵਾਂ, ਸਮੇਂ ਅਤੇ ਉਸ ਤਰੀਕੇ, ਜਿਸ ਤਰ੍ਹਾਂ ਬੇਅਦਬੀ ਦਾ ਇਹ ਪੂਰਾ ਕਾਰਾ ਕੀਤਾ ਗਿਆ ਸੀ, ਬਾਰੇ ਪੂਰੇ ਵੇਰਵੇ ਦਿੱਤੇ ਗਏ ਸਨ।" ਇਸ ਦਾ ਕੁਝ ਹਿੱਸਾ ਇਉਂ ਸੀ:

ਅੰਮ੍ਰਿਤਸਰ ਵਿਖੇ ਹਿੰਦੂ ਮੰਦਰ ਦੀ ਬੇਅਦਬੀ ਦੀ ਪਹਿਲੀ ਕਾਰਵਾਈ ਮੁੱਖ ਮੰਤਰੀ ਨੇ ਆਪ ਕਰਵਾਈ....। ਉਸ ਨੇ ਮੋਹਾਲੀ ਤੋਂ ਬਸ ਰਾਹੀਂ ਇੱਕ ਟਰੰਕ ਵਿੱਚ ਦੋ ਵੱਛਿਆਂ ਦੇ ਸਿਰ ਭਿਜਵਾਏ ਅਤੇ ਇਨ੍ਹਾਂ ਨੂੰ ਚੁੱਪ-ਚੁਪੀਤੇ ਢੰਗ ਨਾਲ ਅੰਮ੍ਰਿਤਸਰ ਵਿੱਚ ਹਿੰਦੂ ਮੰਦਰ ਵਿੱਚ ਜਾਂ ਇਸ ਦੇ ਨੇੜੇ ਸੁਟਵਾ ਦਿੱਤਾ। ਇਸ ਲਈ ਮੁੱਖ ਮੰਤਰੀ ਦੇ ਇਸ਼ਾਰੇ ਉੱਤੇ ਬਾਲੇ ਗਏ ਪਹਿਲੇ ਫ਼ਿਰਕੂ ਭਾਂਬੜਾਂ ਦੇ ਸਿੱਟੇ ਵਜੋਂ ਪਟਿਆਲਾ, ਲੁਧਿਆਣਾ, ਮੋਗਾ, ਸੰਗਰੂਰ ਆਦਿ ਦੇ ਹਿੰਦੂ ਮੰਦਰਾਂ ਅਤੇ ਸਿੱਖ ਗੁਰਦੁਆਰਿਆਂ ਵਿੱਚ ਬੇਅਦਬੀ ਦੀਆਂ ਅਜਿਹੀਆਂ ਕਈ ਕਾਰਵਾਈਆਂ ਹੋਈਆਂ। ਇਸ ਨੇ ਸਿੱਖਾਂ ਅਤੇ ਹਿੰਦੂਆਂ ਵਿੱਚ ਦੁਫੇੜ ਪਾ ਦਿੱਤੀ।

ਇਹ ਸੂਚਨਾ ਉਜਾਗਰ ਹੋਣ ਉੱਤੇ ਸਰਕਾਰ ਵੱਲੋਂ ਦਲ ਖਾਲਸਾ ਖਿਲਾਫ਼ ਤਿਆਰ ਕੀਤੇ ਗਏ ਕੇਸ ਵਿੱਚ ਤਰੇੜਾਂ ਉਭਰਨ ਲੱਗ ਪਈਆਂ। ਪੰਜਾਬ ਦੇ ਕਾਂਗਰਸੀ ਵਿਧਾਇਕਾਂ ਦੀ ਉਸੇ ਦਿਨ ਹੋਈ ਮੀਟਿੰਗ ਦੌਰਾਨ ਵਿਧਾਇਕ ਸੁਰਿੰਦਰ ਕਪੂਰ ਨੇ "ਮੋਹਾਲੀ ਵਿੱਚ ਕੁਝ ਮਰੀਆਂ ਹੋਈਆਂ ਗਊਆਂ ਦੇ ਸਿਰ ਕੱਟ ਕੇ ਇਨ੍ਹਾਂ ਨੂੰ ਅੰਮ੍ਰਿਤਸਰ ਪਹੁੰਚਾ ਕੇ ਚੁੱਪ-ਚੁਪੀਤੇ ਕਿਸੇ ਹਿੰਦੂ ਮੰਦਰ ਵਿੱਚ ਸੁਟਵਾਉਣ ਦੀ ਸਾਜ਼ਿਸ਼ ਰਚਣ ਦਾ ਦੋਸ਼ ਤਤਕਾਲੀਨ ਪੰਜਾਬ ਸਰਕਾਰ ਉੱਤੇ ਲਾਇਆ।" ਕਿਸੇ ਵੀ ਸਿੱਖ ਦੇ ਇਸ ਦੇ ਪੱਖ ਵਿੱਚ ਨਾ ਹੋਣ ਦਾ ਦਾਅਵਾ ਕਰਦਿਆਂ ਵਿਧਾਇਕ ਕਪੂਰ ਨੇ ਕਿਹਾ ਕਿ ਸਰਕਾਰ ਨੇ 'ਰਾਜ ਵਿੱਚ ਪਹਿਲਾ ਫ਼ਿਰਕੂ ਭਾਂਬੜ ਬਾਲਣ' ਲਈ ਇਸ ਅਪਰਾਧ ਦਾ ਪ੍ਰਪੰਚ ਰਚਿਆ ਸੀ।

ਕੀ ਕਪੂਰ ਵੱਲੋਂ ਲਾਏ ਦੋਸ਼ਾਂ ਵਿੱਚ ਕੋਈ ਸੱਚਾਈ ਹੈ ? ਕੀ ਗਊਆਂ ਦੇ ਸਿਰਾਂ ਵਾਲੀ ਘਟਨਾ ਵਿੱਚ ਅਸਲ ਵਿੱਚ ਕੇਂਦਰ ਸਰਕਾਰ ਦੀ ਸ਼ਮੂਲੀਅਤ ਸੀ ? ਪਿਛਲੇ ਕੁਝ ਸਾਲਾਂ ਦੌਰਾਨ ਪੂਰੀ ਘਟਨਾ ਉੱਤੇ ਨਵੀਂ ਰੌਸ਼ਨੀ ਪਾਉਣ ਵਾਲੀ ਸਨਸਨੀਖੇਜ਼ ਸੂਚਨਾ ਉਜਾਗਰ ਹੋਈ ਹੈ। ਇਹ ਸੂਚਨਾ ਭਾਰਤੀ ਪ੍ਰਸ਼ਾਸਕੀ ਸੇਵਾ (ਆਈ.ਏ.ਐੱਸ.) ਵਿੱਚ ਅਫ਼ਸਰ ਵਜੋਂ ਤੀਹ ਸਾਲ ਸੇਵਾ ਨਿਭਾ ਚੁੱਕੇ ਗੁਰਦੇਵ ਗਰੇਵਾਲ ਵੱਲੋਂ 2006 ਵਿੱਚ ਛਾਪੀ ਗਈ ਪੁਸਤਕ 'ਦਾ ਸਰਚਿੰਗ ਆਈ' ਵਿੱਚ ਦਰਜ਼ ਹੈ। ਉਸ ਨੇ 1980ਵਿਆਂ ਵਿੱਚ ਕੇਂਦਰੀ ਗ੍ਰਹਿ ਮੰਤਰਾਲੇ ਵਿੱਚ ਜੁਆਇੰਟ ਸੈਕਟਰੀ ਵਜੋਂ ਕੰਮ ਕੀਤਾ, ਜਦੋਂ ਪੰਜਾਬ ਵਿੱਚ ਪੂਰੀ ਤਰ੍ਹਾਂ ਅਸ਼ਾਂਤੀ ਫੈਲੀ ਹੋਈ ਸੀ।

ਆਪਣੀ ਪੁਸਤਕ ਵਿੱਚ ਗਰੇਵਾਲ ਬਿਆਨਦਾ ਹੈ ਕਿ ਪੰਜਾਬ ਵਿੱਚ ਪਹਿਲਾਂ ਕੰਮ ਕਰ ਚੁੱਕੇ ਇੱਕ ਸਾਥੀ ਆਈ.ਏ.ਐੱਸ. ਅਫ਼ਸਰ ਮਨਮੋਹਨ ਸਿੰਘ ਨਾਲ ਉਸ ਨੇ 1987 ਵਿੱਚ ਇੱਕ ਦਿਨ ਦੁਪਹਿਰ ਦਾ ਖਾਣਾ ਖਾਧਾ। ਗਰੇਵਾਲ ਅਨੁਸਾਰ ਇਸ ਮੌਕੇ "ਗੱਲਬਾਤ ਪੰਜਾਬ ਵਿੱਚ ਫੈਲੀ ਅਰਾਜਕਤਾ ਅਤੇ 1984 ਦੀ ਦਿੱਲੀ ਅਤੇ ਅੰਮ੍ਰਿਤਸਰ ਵਿੱਚ ਹੋਏ ਸਿੱਖ ਕਤਲੇਆਮ ਵੱਲ ਮੁੜ ਗਈ।" ਜਦੋਂ ਪੰਜਾਬ ਦਾ ਮੁੱਦਾ ਉੱਠਿਆ ਤਾਂ ਮਨਮੋਹਨ ਸਿੰਘ ਨੇ ਆਪਣੀ ਮਰਜ਼ੀ ਨਾਲ ਸਨਸਨੀਖੇਜ਼ ਗੱਲ ਮੰਨੀ:

"ਕੀ ਤੈਨੂੰ ਅੰਮ੍ਰਿਤਸਰ ਵਿੱਚ ਵਾਪਰੀ ਗਊਆਂ ਦੇ ਸਿਰਾਂ ਵਾਲੀ ਘਟਨਾ ਯਾਦ ਹੈ ? ਉਦੋਂ ਮੈਂ ਮੁੱਖ ਮੰਤਰੀ ਦਰਬਾਰਾ ਸਿੰਘ ਦਾ ਸੈਕਟਰੀ ਹੁੰਦਾ ਸੀ। ਅੰਮ੍ਰਿਤਸਰ ਦੇ ਮੰਦਰਾਂ ਵਿੱਚ ਗਊਆਂ ਦੇ ਵੱਢੇ ਹੋਏ ਸਿਰ ਦਲ ਖਾਲਸਾ ਨੇ ਨਹੀਂ ਸੁੱਟੇ ਸਨ। ਅਸੀਂ ਇਹ ਕੰਮ ਕਰਵਾਇਆ ਸੀ।"

ਮਨਮੋਹਨ ਸਿੰਘ ਦੇ ਪ੍ਰੇਸ਼ਾਨ ਕਰਨ ਵਾਲੇ ਇਕਬਾਲੀਆ ਬਿਆਨ ਨੂੰ ਭਾਰਤ ਦੀਆਂ ਖ਼ੁਫ਼ੀਆ ਏਜੰਸੀਆਂ ਦਾ ਵਰਤਾਉ ਮਜ਼ਬੂਤੀ ਬਖ਼ਸ਼ਦਾ ਹੈ ਜਿਨ੍ਹਾਂ ਨੇ ਅਕਸਰ ਭਾਰਤੀ ਨਾਗਰਿਕਾਂ ਖਿਲਾਫ਼ ਕੰਮ ਕੀਤਾ ਹੈ। ਇੰਟੈਲੀਜੈਂਸ ਬਿਊਰੋ (ਆਈ.ਬੀ.) ਦਾ ਸਾਬਕਾ ਜੁਆਇੰਟ ਡਾਇਰੈਕਟਰ ਐੱਮ.ਕੇ. ਧਰ, ਜਿਸ ਨੇ ਇੰਦਰਾ ਨਾਲ ਬਹੁਤ ਨੇੜੇ ਰਹਿ ਕੇ ਕੰਮ ਕੀਤਾ ਹੈ, ਇਸ ਦੀ ਢੁੱਕਵੀਂ ਉਦਾਹਰਨ ਹੈ ਕਿ ਕੇਂਦਰੀ ਸਰਕਾਰੀ ਵਿਭਾਗਾਂ ਨੂੰ ਕਿਵੇਂ ਲਗਾਤਾਰ ਪੱਖਪਾਤੀ ਕਾਰਵਾਈਆਂ ਸੌਂਪੀਆਂ ਜਾਂਦੀਆਂ ਹਨ। ਸੱਤਾਧਾਰੀ ਪਾਰਟੀ ਦੀ ਯਥਾ ਸਥਿਤੀ ਨਾਲ ਅਸਹਿਮਤੀ ਪ੍ਰਗਟ ਕਰਨ ਵਾਲੇ ਕਿਸੇ ਵੀ ਵਿਅਕਤੀ ਨੂੰ ਚੁੱਪ ਕਰਵਾਉਣਾ ਜਾਂ ਦਬਾਉਣਾ ਲਾਜ਼ਮੀ ਤੌਰ 'ਤੇ ਅਜਿਹੇ ਕੰਮਾਂ ਵਿੱਚ ਸ਼ਾਮਲ ਹੁੰਦਾ ਹੈ।

ਆਪਣੀਆਂ ਯਾਦਾਂ ਵਿੱਚ ਧਰ ਲਿਖਦਾ ਹੈ ਕਿ ਦਿੱਲੀ ਵਿੱਚ ਇੰਟੈਲੀਜੈਂਸ ਬਿਊਰੋ ਦਾ ਡਾਇਰੈਕਟਰ ਨਿਯੁਕਤ ਕੀਤੇ ਜਾਣ ਉੱਤੇ ਪ੍ਰਧਾਨ ਮੰਤਰੀ ਦੇ ਦਫ਼ਤਰ ਵੱਲੋਂ ਉਸ ਨੂੰ ਹਦਾਇਤਾਂ ਦਿੱਤੀਆਂ ਗਈਆਂ ਕਿ "ਸੱਤਾ ਦੇ ਕੇਂਦਰ ਦੇ ਕੁਝ 'ਨਾਜਾਇਜ਼ ਕੰਮ' ਕਰਨ ਲਈ ਤਿਆਰ ਰਹੇ।" ਉਹ ਦੱਸਦਾ ਹੈ: "ਜੇਕਰ ਕੋਈ ਕੰਮ ਨਾਜਾਇਜ਼ ਅਤੇ ਗ਼ੈਰਕਾਨੂੰਨੀ ਵੀ ਹੈ ਤਾਂ ਵੀ ਵਿਭਾਗ ਅਤੇ ਸਰਕਾਰ ਦਾ ਹੁਕਮ ਮੰਨਣ ਤੋਂ ਬਿਨਾਂ ਹੋਰ ਕੋਈ ਚਾਰਾ ਨਹੀਂ ਹੁੰਦਾ।" ਗਊਆਂ ਦੇ ਸਿਰਾਂ ਵਾਲਾ ਮਾਮਲਾ ਸ਼ਾਇਦ ਅਜਿਹਾ ਹੀ ਇੱਕ 'ਨਾਜਾਇਜ਼ ਕੰਮ' ਸੀ। ਦਿੱਲੀ ਵਿੱਚ ਉਸ ਦੀ ਡਿਊਟੀ ਵਿੱਚ ਉਹ ਲੋੜੀਂਦੀਆਂ ਕਾਰਵਾਈਆਂ ਵੀ ਸ਼ਾਮਲ ਸਨ ਜੋ ਚੋਣਾਂ ਦੌਰਾਨ ਸੱਤਾ ਉੱਤੇ ਇੰਦਰਾ ਦੀ ਪਕੜ ਯਕੀਨੀ ਬਣਾਉਣ। 'ਨਾਜਾਇਜ਼ ਕੰਮਾਂ' ਵਿੱਚ ਆਈ.ਬੀ. 'ਨਾਜਾਇਜ਼ ਕੰਮਾਂ' ਵਿੱਚ ਸ਼ਮੂਲੀਅਤ ਲਈ ਆਈ.ਬੀ. ਦੇ ਬੰਦਿਸ਼ ਵਿੱਚ ਹੋਣ ਬਾਰੇ ਧਰ ਨੇ ਲਿਖਿਆ:

(ਚਲਦਾ)

# ਮਾਨਸਿਕ ਸਮੱਸਿਆਵਾਂ ਬਾਰੇ ਖੁੱਲ੍ਹ ਕੇ ਗੱਲ ਕਰੋ



ਕਮਲਦੀਪ ਕੌਰ ਬੇਦੀ

ਮਾਨਸਿਕ ਸਿਹਤ ਦਾ ਮਤਲਬ ਹੁੰਦਾ ਹੈ ਤੁਹਾਡੀ ਸੋਚ ਅਤੇ ਵਿਚਾਰਾਂ ਦੀ ਅਜੋਕੀ ਹਾਲਤ ਜਾਂ ਸਥਿਤੀ। ਮਾਨਸਿਕ ਪਰੇਸ਼ਾਨੀਆਂ ਸਾਡੇ ਕੀਤੇ ਕੰਮਾਂ ਜਾਂ ਹੰਢਾਈ ਜ਼ਿੰਦਗੀ ਤੋਂ ਪੈਦਾ ਹੁੰਦੀਆਂ ਹਨ, ਜਿਨ੍ਹਾਂ ਕਰਕੇ ਸਾਨੂੰ ਮਾਨਸਿਕ ਤਣਾਅ, ਡਰ, ਘਬਰਾਹਟ, ਸ਼ਰਮਿੰਦਗੀ, ਉਦਾਸੀ, ਗੁੱਸਾ ਅਤੇ ਦੁੱਖ ਮਹਿਸੂਸ ਹੁੰਦਾ ਹੈ। ਬਾਣੀ 'ਚ ਕਿਹਾ ਗਿਆ ਹੈ 'ਨਾਨਕ ਦੁਖੀਆ ਸਭ ਸੰਸਾਰ' ਭਾਵ ਕਿ ਅਸੀਂ ਸਾਰੇ ਕਦੇ ਨਾ ਕਦੇ ਕਿਸੇ ਨਾ ਕਿਸੇ ਦੁੱਖ ਤੋਂ ਪੀੜਤ ਹੁੰਦੇ ਹਾਂ। ਕੁਝ ਗੱਲਾਂ ਸਾਨੂੰ ਪਲ ਭਰ ਲਈ ਦੁਖੀ ਕਰਦੀਆਂ ਹਨ, ਪਰ ਕੁਝ ਸਾਨੂੰ ਬਹੁਤ ਜ਼ਿਆਦਾ ਪਰੇਸ਼ਾਨ ਕਰਦੀਆਂ ਹਨ। ਜਦੋਂ ਅਸੀਂ ਕਿਸੇ ਗੱਲ ਕਰਕੇ ਬਹੁਤ ਜ਼ਿਆਦਾ ਪਰੇਸ਼ਾਨ ਹੁੰਦੇ ਹਾਂ ਤਾਂ ਉਸਨੂੰ ਮਾਨਸਿਕ ਪਰੇਸ਼ਾਨੀ ਕਹਿੰਦੇ ਹਨ। ਜਦੋਂ ਕੋਈ ਮਾਨਸਿਕ ਸਿਹਤ ਦੀ ਸਮੱਸਿਆ ਸਾਡੀ ਜ਼ਿੰਦਗੀ 'ਤੇ ਹਾਵੀ ਹੋ ਜਾਂਦੀ ਹੈ ਤੇ ਅਸੀਂ ਇਸਤੋਂ ਬਾਹਰ ਨਹੀਂ ਆ ਪਾਉਂਦੇ ਤੇ ਸਾਨੂੰ ਸਾਇਕੋ ਥੈਰੇਪਿਸਟ ਜਾਂ ਡਾਕਟਰ ਦੀ ਲੋੜ ਪੈਂਦੀ ਹੈ। ਮਾਨਸਿਕ ਸਿਹਤ ਸਮੱਸਿਆਵਾਂ ਇਕ ਆਮ ਗੱਲ ਹੈ ਤੇ ਇਹ ਬਹੁਤਿਆਂ ਨੂੰ ਹੋ ਜਾਂਦੀਆਂ ਹਨ। ਇਸ ਲਈ ਘਬਰਾਉਣ ਦੀ ਲੋੜ ਨਹੀਂ, ਪਰ ਮਦਦ ਦੀ ਲੋੜ ਜ਼ਰੂਰ ਹੋ ਸਕਦੀ ਹੈ।

ਮਾਨਸਿਕ ਰੋਗ ਸਾਡੇ ਰੋਜ਼ਾਨਾ ਦੇ ਕੰਮ ਕਾਜ ਤੇ ਕਾਰ ਵਿਹਾਰ ਵਿਚ ਰੁਕਾਵਟਾਂ ਪੈਦਾ ਕਰਦੇ ਹਨ। ਇਹ ਸਾਡੀ ਸੋਚ, ਖਾਣ-ਪੀਣ, ਬੋਲਚਾਲ ਤੇ ਮੇਲ ਜੋਲ 'ਤੇ ਵੀ ਬੁਰਾ ਪ੍ਰਭਾਵ ਪਾਉਂਦੇ ਹਨ। ਮਾਨਸਿਕ ਪਰੇਸ਼ਾਨੀਆਂ, ਮਾਨਸਿਕ ਰੋਗ ਬਣ ਸਕਦੇ ਹਨ, ਜੇ ਅਸੀਂ ਉਨ੍ਹਾਂ ਦਾ ਸਮੇਂ 'ਤੇ ਇਲਾਜ ਨਹੀਂ ਕਰਦੇ। ਹਰ ਇਨਸਾਨ ਦੀਆਂ ਦੋ ਪ੍ਰਕਾਰ ਦੀਆਂ ਜ਼ਰੂਰਤਾਂ ਹੁੰਦੀਆਂ ਹਨ- ਇਕ ਸਰੀਰਿਕ ਤੌਰ 'ਤੇ ਜਿਵੇਂ ਕਿ ਰੋਟੀ, ਕੱਪੜਾ, ਮਕਾਨ, ਹਵਾ ਅਤੇ ਪਾਣੀ ਆਦਿ। ਦੂਜਾ ਮਾਨਸਿਕ ਤੌਰ 'ਤੇ ਜਿਵੇਂ ਕਿ ਪਿਆਰ, ਇੱਜ਼ਤ, ਆਪਣੇ ਆਪ ਨੂੰ ਸੁਰੱਖਿਅਤ ਮਹਿਸੂਸ ਕਰਨਾ ਅਤੇ ਆਜ਼ਾਦੀ ਆਦਿ। ਬਾਹਰੀ ਜਾਂ ਸਰੀਰਿਕ ਜ਼ਰੂਰਤਾਂ ਦਾ ਅਕਸਰ ਅਸੀਂ ਖਿਆਲ ਰੱਖਦੇ ਹਾਂ ਜਾਂ ਰੱਖਣ ਦੀ ਕੋਸ਼ਿਸ਼ ਕਰਦੇ ਹਾਂ, ਪਰ ਕਈ ਵਾਰ ਅਸੀਂ ਮਾਨਸਿਕ ਜ਼ਰੂਰਤ ਨੂੰ ਬੇਧਿਆਨ ਕਰ ਦਿੰਦੇ ਹਾਂ। ਇਹ ਸਮਝਣਾ ਬਹੁਤ ਜ਼ਰੂਰੀ ਹੈ ਕਿ ਸਾਡੀਆਂ ਅਤੇ ਸਾਡੇ ਪਰਿਵਾਰ ਦੇ ਮੈਂਬਰਾਂ ਦੀਆਂ ਮਾਨਸਿਕ ਜ਼ਰੂਰਤਾਂ ਕੀ ਹਨ। ਜਿੰਨਾ ਅਸੀਂ ਸਮਝਾਂਗੇ ਅਤੇ ਉਨ੍ਹਾਂ ਜ਼ਰੂਰਤਾਂ ਨੂੰ ਪੂਰਾ ਕਰਾਂਗੇ, ਓਨਾ ਹੀ ਸਾਡਾ ਰਿਸ਼ਤਾ ਖਿੜੇਗਾ।

ਬਚਪਨ ਤੋਂ ਲੈ ਕੇ ਅੱਜ ਤਕ ਸਾਡੇ ਸਾਰਿਆਂ ਦੇ ਕਈ ਤਰ੍ਹਾਂ ਦੀਆਂ ਸੱਟਾਂ ਲੱਗਦੀਆਂ ਰਹਿੰਦੀਆਂ ਹਨ ਜੋ ਬਾਹਰੀ ਤੌਰ 'ਤੇ ਅਤੇ ਅੰਦਰੂਨੀ ਤੌਰ 'ਤੇ ਹੁੰਦੀਆਂ ਹਨ। ਸਰੀਰਿਕ ਸੱਟਾਂ ਦਾ ਅਸੀਂ ਆਪ ਖਿਆਲ ਰੱਖਦੇ ਹਾਂ। ਜੇ ਸੱਟ ਜ਼ਿਆਦਾ ਲੱਗੀ ਹੈ ਤਾਂ ਸਾਨੂੰ ਤਕਲੀਫ ਜ਼ਿਆਦਾ ਹੁੰਦੀ ਹੈ, ਸਾਡੇ ਕੋਲੋਂ ਆਪ ਠੀਕ ਨਹੀਂ ਹੋ ਰਹੀ ਤਾਂ ਅਸੀਂ ਡਾਕਟਰ ਦੀ ਮਦਦ ਲੈਂਦੇ ਹਾਂ। ਪਰ ਜਿਹੜੀਆਂ ਸੱਟਾਂ ਸਾਡੇ ਮਨ 'ਤੇ ਲੱਗਦੀਆਂ ਹਨ, ਜਦੋਂ ਕਿਸੇ ਪਰਿਵਾਰ ਦੇ ਮੈਂਬਰਾਂ ਨਾਲ ਝਗੜਾ ਹੁੰਦਾ ਹੈ, ਜਦੋਂ ਕਿਸੇ ਦੀ ਨੌਕਰੀ ਚਲੀ ਜਾਂਦੀ ਹੈ, ਜਦੋਂ ਕਿਸੇ ਅਜ਼ੀਜ਼ ਦੀ ਮੌਤ ਹੋ ਜਾਂਦੀ ਹੈ ਜਾਂ ਫਿਰ ਜਦੋਂ ਕਿਸੇ ਸਾਥ ਦੀ ਉਮੀਦ ਹੋਵੇ ਤੇ ਉਹ ਨਾ ਦੇਵੇ, ਉਸ ਵੇਲੇ ਉਨ੍ਹਾਂ ਵੱਜੀਆਂ ਸੱਟਾਂ ਤੋਂ ਅਸੀਂ ਕਿਵੇਂ ਬਾਹਰ ਆਉਂਦੇ ਹਾਂ? ਜ਼ਿਆਦਾਤਰ ਅਸੀਂ ਕੁਝ ਵੀ ਨਹੀਂ ਕਰਦੇ ਤੇ ਕੁਝ ਦਿਨਾਂ ਬਾਅਦ ਅਸੀਂ ਬਿਨਾਂ ਆਪਣੀ ਪ੍ਰੇਸ਼ਾਨੀ ਦਾ ਜ਼ਿਕਰ ਕੀਤਿਆਂ ਆਮ ਵਰਤਾਓ ਕਰਨ ਦੀ ਕੋਸ਼ਿਸ਼ ਕਰਦੇ ਹਾਂ, ਪਰ ਜਦੋਂ ਇਹ ਮਨ ਦੇ ਜ਼ਖਮ ਸਮੇਂ ਨਾਲ ਡੂੰਘੇ ਹੋ ਜਾਂਦੇ ਹਨ ਤਾਂ ਅਸੀਂ ਇਨ੍ਹਾਂ ਦਾ ਇਲਾਜ ਕਰਨ ਦੀ ਕੋਈ ਕੋਸ਼ਿਸ਼ ਨਹੀਂ ਕਰਦੇ। ਫਿਰ ਇਕ ਦਿਨ ਆਪਣੇ ਆਪ 'ਤੇ ਕੰਟਰੋਲ ਨਾ ਰੱਖਦੇ ਹੋਏ ਕਿਸੇ ਵੀ ਛੋਟੀ ਜਿਹੀ ਗੱਲ ਦਾ ਬਹੁਤ ਜ਼ਿਆਦਾ ਗੁੱਸਾ ਕਰਦੇ ਹਾਂ। ਉਦੋਂ ਸਾਰਿਆਂ ਨੂੰ ਹੈਰਾਨੀ ਹੁੰਦੀ ਹੈ ਕਿ ਗੱਲ ਤਾਂ ਕੁਝ ਵੀ ਨਹੀਂ ਸੀ ਤੇ ਅਤੇ ਏਨੇ ਭੜਕ ਪਏ ਕਿਉਂਕਿ ਉਨ੍ਹਾਂ ਨੂੰ ਸਾਡੀ ਮਾਨਸਿਕ ਸਥਿਤੀ ਦਾ ਨਹੀਂ ਪਤਾ ਸੀ। ਅਸੀਂ ਆਪਣੇ ਅੰਦਰ ਕਿੰਨੀਆਂ ਸੱਟਾਂ ਨੂੰ ਦਬਾਅ ਕੇ ਰੱਖਿਆ ਹੈ, ਉਸ ਬਾਰੇ ਨਹੀਂ ਪਤਾ ਸੀ। ਕਈ ਵਾਰ ਅਸੀਂ ਆਪਣੀਆਂ ਇਨ੍ਹਾਂ ਪਰੇਸ਼ਾਨੀਆਂ ਤੋਂ ਦੂਰ ਭੱਜਣ ਲਈ ਕੋਈ ਗ਼ਲਤ ਰਸਤਾ ਅਪਣਾ ਲੈਂਦੇ ਹਾਂ। ਇਹ ਕੋਈ ਨਸ਼ਾ ਹੋ ਸਕਦਾ ਹੈ, ਨਾਜਾਇਜ਼ ਸਬੰਧ ਹੋ ਸਕਦੇ ਹਨ ਜਾਂ ਲੋੜ ਤੋਂ ਵੱਧ ਖ਼ਰੀਦਦਾਰੀ ਕਰਨੀ ਆਦਿ।

ਇਨ੍ਹਾਂ ਮਾਨਸਿਕ ਪਰੇਸ਼ਾਨੀਆਂ ਵਿਚੋਂ ਉਦਾਸੀ ਰੋਗ ਬਹੁਤ ਆਮ ਰੋਗ ਹੈ। ਜਦੋਂ ਕੋਈ ਵੀ ਲਗਾਤਾਰ ਘੱਟੋ-ਘੱਟ ਦੋ ਹਫ਼ਤਿਆਂ ਲਈ ਉਦਾਸ ਰਹਿੰਦਾ ਹੈ ਤੇ ਇਹ ਉਦਾਸੀ ਉਸਦੇ ਰੋਜ਼ਾਨਾ ਜੀਵਨ ਦੇ ਕੰਮ-ਕਾਜ ਵਿਚ ਰੁਕਾਵਟ ਪੈਦਾ ਕਰਦੀ ਹੈ, ਉਸਨੂੰ 'ਡਿਪਰੈਸ਼ਨ' ਕਿਹਾ ਜਾਂਦਾ ਹੈ। ਇਹ ਰੋਗ ਹਰੇਕ ਇਨਸਾਨ ਵਿਚ ਇਕ ਦੂਜੇ ਤੋਂ ਵੱਖਰੀ ਤਰ੍ਹਾਂ ਦਾ ਹੋ ਸਕਦਾ ਹੈ। ਇਸਦੇ ਹੋਣ ਦਾ ਪਤਾ ਕਈ ਲੱਛਣਾਂ ਤੋਂ ਲੱਗ ਸਕਦਾ ਹੈ ਜਿਵੇਂ ਹਰ ਵੇਲੇ ਮਨ ਉਦਾਸ ਰਹਿਣਾ, ਕਿਸੇ ਕੰਮ ਵਿਚ ਮਨ ਨਾ ਲੱਗਣਾ, ਥਕਾਵਟ ਮਹਿਸੂਸ ਕਰਨੀ, ਕਿਸੇ ਕੰਮ ਵਿਚ ਆਨੰਦ ਨਾ ਆਉਣਾ ਜਿਹੜਾ ਕਿ ਪਹਿਲਾਂ ਆਉਂਦਾ ਹੁੰਦਾ ਸੀ, ਸਾਰਾ ਦਿਨ ਸੁੱਤੇ ਰਹਿਣਾ ਜਾਂ ਫਿਰ ਨੀਂਦ ਨਾ ਆਉਣੀ। ਕਿਸੇ ਗੱਲਬਾਤ ਵਿਚ ਕੋਈ ਦਿਲਚਸਪੀ ਨਾ ਹੋਣੀ, ਢਹਿੰਦੀ ਕਲਾ ਵਾਲੇ ਖਿਆਲ ਆਉਣੇ, ਨਿਰਾਸ਼ਾ ਹੋਣੀ, ਸਰੀਰ ਦਾ ਦੁਖਦੇ ਰਹਿਣਾ, ਭਾਰ ਘਟ ਜਾਣਾ ਜਾਂ ਅਚਾਨਕ ਭਾਰ ਵਧ ਜਾਣਾ, ਖਾਣ ਵਿਚ ਰੁਚੀ ਘਟ ਜਾਣੀ, ਹਮੇਸ਼ਾਂ ਬੁਰੀ ਗੱਲ ਹੋਣ ਦੇ ਵਿਚਾਰ ਆਉਂਦੇ ਰਹਿਣਾ। ਉਨ੍ਹਾਂ ਨੂੰ ਲੱਗਦਾ ਹੈ ਕਿ ਹੁਣ ਕੁਝ ਵੀ ਠੀਕ ਨਹੀਂ ਹੋ ਸਕਦਾ। ਕਦੇ-ਕਦੇ ਆਤਮ ਹੱਤਿਆ ਦੇ ਖਿਆਲ ਆਉਂਦੇ ਹਨ। ਡਿਪਰੈਸ਼ਨ ਬੱਚੇ ਤੋਂ ਲੈ ਕੇ ਬਜ਼ੁਰਗ ਕਿਸੇ ਨੂੰ ਵੀ ਹੋ ਸਕਦੀ ਹੈ। ਕਦੇ-ਕਦੇ ਡਿਪਰੈਸ਼ਨ ਉਨ੍ਹਾਂ ਨੂੰ ਵੀ ਹੋ ਜਾਂਦੀ ਹੈ ਜਿਨ੍ਹਾਂ ਕੋਲ ਸਾਨੂੰ ਲੱਗਦਾ ਹੈ ਕਿ ਡਿਪਰੈਸ਼ਨ ਦੀ ਕੋਈ ਵਜ੍ਹਾ ਵੀ ਨਹੀਂ ਸੀ। ਸਾਨੂੰ ਲੱਗਦਾ ਹੈ ਕਿ ਉਨ੍ਹਾਂ ਕੋਲ ਤਾਂ ਕਿਸੇ ਚੀਜ਼ ਦੀ ਕਮੀ ਵੀ ਨਹੀਂ ਹੈ। ਅਸਲ ਵਿਚ ਕੋਈ ਇਨਸਾਨ ਆਪਣੇ ਆਪ ਨੂੰ ਬਾਹਰੀ ਰੂਪ ਵਿਚ ਕਿਵੇਂ ਪੇਸ਼ ਕਰਦਾ ਹੈ, ਉਸ ਤੋਂ ਅਸੀਂ ਉਸਦੇ ਅੰਦਰਲੀ ਮਾਨਸਿਕ ਸਥਿਤੀ ਦਾ ਅੰਦਾਜ਼ਾ ਨਹੀਂ ਲਗਾ ਸਕਦੇ। ਕਈ ਵਾਰ ਸਾਡੀ ਬਾਹਰਲੀ ਅਤੇ ਅੰਦਰੂਨੀ ਸਥਿਤੀ ਵਿਚ ਬਹੁਤ ਫ਼ਰਕ ਹੁੰਦਾ ਹੈ। ਕਈ ਵਾਰ ਲੋਕ ਸਵੀਕਾਰ ਨਹੀਂ ਕਰ ਪਾਉਂਦੇ ਕਿ ਉਹ ਠੀਕ ਨਹੀਂ ਹਨ।

ਆਪਣੀ ਮਾਨਸਿਕ ਸਥਿਤੀ ਨੂੰ ਸਮਝਣ ਲਈ ਆਪਣੇ ਅੰਦਰ ਝਾਤ ਮਾਰਨੀ, ਆਪਣੇ ਜੀਵਨ ਵੱਲ ਤੱਕਣਾ ਜ਼ਰੂਰੀ ਹੈ। ਜਿਹੜੇ ਲੋਕਾਂ ਦੀ ਜ਼ਿੰਦਗੀ ਵਿਚ ਕੋਈ ਵੱਡਾ ਬਦਲਾਅ ਆਉਂਦਾ ਹੈ ਜਾਂ ਫਿਰ ਕੋਈ ਆਪਣੇ ਆਲੇ-ਦੁਆਲੇ ਦੇ ਮਾਹੌਲ ਤੋਂ ਤੰਗ ਹੋਵੇ, ਉਨ੍ਹਾਂ ਨੂੰ ਡਿਪਰੈਸ਼ਨ ਹੋਣ ਦਾ ਜ਼ਿਆਦਾ ਖ਼ਤਰਾ ਹੁੰਦਾ ਹੈ। ਜਦੋਂ ਮੌਸਮ ਬਦਲਦਾ ਹੈ ਤੇ ਠੰਢ ਹੋ ਜਾਂਦੀ ਹੈ, ਧੁੱਪ ਘੱਟ ਨਿਕਲਦੀ ਹੈ ਤਾਂ ਸੈਰ ਕਰਨ ਲਈ ਬਾਹਰ ਨਹੀਂ ਨਿਕਲਿਆ ਜਾਂਦਾ, ਉਦੋਂ ਵੀ ਕਾਫ਼ੀ ਲੋਕਾਂ ਨੂੰ ਡਿਪਰੈਸ਼ਨ ਹੋ ਜਾਂਦੀ ਹੈ।

ਡਿਪਰੈਸ਼ਨ ਨੂੰ ਲੈ ਕੇ ਕਈ ਤਰ੍ਹਾਂ ਦੀਆਂ ਗ਼ਲਤਫਹਿਮੀਆਂ ਹਨ, ਜਿਨ੍ਹਾਂ ਦਾ ਸਾਨੂੰ ਖਿਆਲ ਰੱਖਣਾ ਚਾਹੀਦਾ ਹੈ। ਜਦੋਂ ਸਾਨੂੰ ਜਾਂ ਸਾਡੇ ਪਰਿਵਾਰ ਦੇ ਕਿਸੇ ਮੈਂਬਰ ਨੂੰ ਕੋਈ ਮਾਨਸਿਕ ਤੌਰ 'ਤੇ ਪਰੇਸ਼ਾਨ ਦੱਸਦਾ ਹੈ, ਤਾਂ ਸਾਨੂੰ ਅਕਸਰ ਸ਼ਰਮ ਮਹਿਸੂਸ ਹੁੰਦੀ ਹੈ। ਅਸੀਂ ਛੋਟੀਆਂ ਆਮ ਬਿਮਾਰੀਆਂ ਨੂੰ ਪਾਗਲਪਨ ਦੇ ਨਾਲ ਰਲਾ ਦਿੰਦੇ ਹਾਂ ਜਿਹੜਾ ਕਿ ਸਹੀ ਨਹੀਂ ਹੈ। ਇਸੇ ਕਰਕੇ ਅਸੀਂ ਇਨ੍ਹਾਂ ਗੱਲਾਂ ਨੂੰ ਲੁਕਾਉਣ ਦੀ ਕੋਸ਼ਿਸ਼ ਕਰਦੇ ਹਾਂ ਤੇ ਵੱਡੀ ਪਰੇਸ਼ਾਨੀ ਵਿਚ ਘਿਰ ਜਾਂਦੇ ਹਾਂ। ਇਹ ਛੋਟੀਆਂ ਸਮੱਸਿਆਵਾਂ ਨੇ ਜੋ ਸਮੇਂ ਸਿਰ ਖੁੱਲ੍ਹ ਕੇ ਗੱਲ ਕਰਨ ਨਾਲ ਬਹੁਤ ਛੇਤੀ ਹੱਲ ਹੋ ਸਕਦੀਆਂ ਹਨ। ਇਹ ਗੱਲਾਂ ਆਮ ਤੌਰ 'ਤੇ ਅਸੀਂ ਆਪਣੇ ਨਜ਼ਦੀਕੀਆਂ ਨਾਲ ਪਰਦੇ 'ਚ ਸਾਂਝੀਆਂ ਕਰਦੇ ਹਾਂ। ਸਾਨੂੰ ਉਨ੍ਹਾਂ ਤੋਂ ਦੋ ਤਰ੍ਹਾਂ ਦੇ ਜੁਆਬ ਮਿਲ ਸਕਦੇ ਹਨ-ਜਾਂ ਤਾਂ ਉਹ ਸਾਨੂੰ ਇਹ ਕਹਿਣਗੇ ਕਿ ਅਸੀਂ ਕੋਈ ਬਾਬੇ, ਸਾਧ, ਜੋਤਸ਼ੀ ਕੋਲ ਜਾਈਏ ਤੇ ਕੋਈ ਉਪਾਅ ਕਰੀਏ ਤੇ ਜਾਂ ਲੋਕ ਸਾਨੂੰ ਸ਼ਰਾਬ ਜਾਂ ਨਸ਼ਾ ਕਰਨ ਨੂੰ ਉਕਸਾਉਣਗੇ ਕਿ ਇਸ ਤਰ੍ਹਾਂ ਕਰਨ ਨਾਲ ਸਭ ਕੁਝ ਭੁੱਲ ਭੁਲਾ ਕੇ ਸਮੱਸਿਆ ਦੂਰ ਹੋ ਜਾਏਗੀ। ਪਰ ਅਸਲ ਵਿਚ ਇਹ ਕੋਈ ਹੱਲ ਨਹੀਂ, ਸਗੋਂ ਸਾਨੂੰ ਹਮੇਸ਼ਾਂ ਲਈ ਇਸ ਸਮੱਸਿਆ ਦੀ ਦਲਦਲ ਵਿਚ ਧੱਕਣ ਦਾ ਰਸਤਾ ਹੈ। ਇਹ ਸਾਡੀਆਂ ਗ਼ਲਤਫਹਿਮੀਆਂ ਹੀ ਨੇ ਕਿ ਜਦੋਂ ਕਿਸੇ ਨੂੰ ਡਿਪਰੈਸ਼ਨ ਹੋ ਜਾਂਦੀ ਹੈ ਤਾਂ ਅਸੀਂ ਅਕਸਰ ਕਹਿੰਦੇ ਸੁਣਿਆ ਹੈ ਕਿ ਸਾਨੂੰ ਕਿਸੇ ਨੇ ਕੁਝ ਕਰ ਦਿੱਤਾ ਹੋਵੇਗਾ ਜਾਂ ਫਿਰ ਸਾਨੂੰ ਨਜ਼ਰ ਲੱਗ ਗਈ ਹੋਈ ਹੈ। ਸੱਚਾਈ ਤਾਂ ਇਹ ਹੈ ਕਿ ਇਸ ਤਰ੍ਹਾਂ ਦਾ ਕੁਝ ਵੀ ਨਹੀਂ ਹੁੰਦਾ ਤੇ ਹਰ ਰੋਗ ਦੇ ਪਿੱਛੇ ਕੋਈ ਨਾ ਕੋਈ ਕਾਰਨ ਹੁੰਦਾ ਹੈ। ਗ਼ਲਤਫਹਿਮੀਆਂ 'ਚ ਫਸ ਕੇ ਅਸੀਂ ਥੋੜ੍ਹੇ ਸਮੇਂ ਲਈ ਉਸ ਸਮੱਸਿਆ ਨੂੰ ਅਣਗੌਲਿਆਂ ਕਰਕੇ ਆਪਣੇ ਆਪ ਲਈ ਇਕ ਵੱਡੀ ਬਿਮਾਰੀ ਨੂੰ ਸੱਦਾ ਦਿੰਦੇ ਹਾਂ। ਦੂਜੀ ਤਰ੍ਹਾਂ ਦੇ ਲੋਕ ਉਹ ਹੋਣਗੇ ਜੋ ਤੁਹਾਨੂੰ ਸਲਾਹ ਦੇਣਗੇ ਕਿ ਤੁਸੀਂ ਆਪਣਾ ਰਹਿਣ ਸਹਿਣ ਬਦਲੋ, ਜਿਵੇਂ ਕਸਰਤ ਕਰਨੀ, ਗੁਰਬਾਣੀ ਪੜ੍ਹਨੀ, ਕਿਸੇ ਚੰਗੇ ਕੰਮ ਵਿਚ ਆਪਣੇ ਆਪ ਨੂੰ ਵਿਅਸਤ ਰੱਖਣਾ, ਜਿਸ ਨਾਲ ਤੁਸੀਂ ਇਸ ਸਮੱਸਿਆ ਤੋਂ ਦੂਰ ਹੋ ਸਕਦੇ ਹੋ। ਜਦੋਂ ਇਹ ਸਮੱਸਿਆ ਛੋਟੀ ਹੁੰਦੀ ਹੈ ਤਾਂ ਇਹ ਗੱਲਾਂ ਮਦਦਗਾਰ ਹੁੰਦੀਆਂ ਹਨ, ਪਰ ਕਈ ਵਾਰ ਜਦੋਂ ਲੋਕੀਂ ਜ਼ਿਆਦਾ ਉਦਾਸ ਹੁੰਦੇ ਹਨ ਤਾਂ ਉਹ ਇਨ੍ਹਾਂ ਵਿਚੋਂ ਕੁਝ ਵੀ ਕਰਨ ਵਿਚ ਦਿਲਚਸਪੀ ਨਹੀਂ ਲੈਂਦੇ ਤੇ ਉੱਥੇ ਹੀ ਫਸੇ ਰਹਿੰਦੇ ਹਨ। ਕੁਝ ਲੋਕ ਸਾਨੂੰ ਸਾਇਕੋ ਥੈਰੇਪਿਸਟ ਜਾਂ ਡਾਕਟਰ ਕੋਲ ਜਾਣ ਦੀ ਵੀ ਸਲਾਹ ਦਿੰਦੇ ਹਨ ਜੋ ਕਿ ਜ਼ਿਆਦਾ ਉਦਾਸ ਲੋਕਾਂ ਨੂੰ ਉਦਾਸੀ ਵਿਚੋਂ ਬਾਹਰ ਕੱਢਣ ਵਿਚ ਮਦਦਗਾਰ ਹੁੰਦੇ ਹਨ।

ਡਿਪਰੈਸ਼ਨ ਦਾ ਇਲਾਜ ਸੰਭਵ ਹੈ। ਉਮਰ ਜਾਂ ਹਾਲਾਤ ਕਿਹੋ ਜਿਹੇ ਵੀ ਹੋਣ, ਇਲਾਜ ਲਈ ਸ਼ਰਮ ਜਾਂ ਹਿਚਕਿਚਾਹਟ ਨਹੀਂ ਮੰਨਣੀ ਚਾਹੀਦੀ। ਇਸਦਾ ਇਲਾਜ ਹੋ ਸਕਦਾ ਹੈ ਤੇ ਬਹੁਤੀ ਵਾਰ ਇਹ ਬਿਨਾਂ ਦਵਾਈ ਤੋਂ ਵੀ ਠੀਕ ਕੀਤਾ ਜਾ ਸਕਦਾ ਹੈ। ਜਦੋਂ ਅਸੀਂ ਡਾਕਟਰ ਕੋਲ ਜਾਂਦੇ ਹਾਂ, ਉਹ ਸਾਨੂੰ ਦਵਾਈ ਦੇਣਗੇ ਤੇ ਉਸਦੇ ਨਾਲ-ਨਾਲ ਹੋਰ ਥੈਰੇਪੀਜ਼ ਲੈਣ ਬਾਰੇ ਵੀ ਸੁਝਾਅ ਦੇਣਗੇ, ਜਿਨ੍ਹਾਂ ਵਿਚੋਂ ਸਾਇਕੋਥੈਰੇਪੀ (ਕਾਊਂਸਲਿੰਗ, ਗੱਲਬਾਤ ਨਾਲ ਇਲਾਜ) ਸਭ ਤੋਂ ਵੱਧ ਪ੍ਰਸਿੱਧ ਤੇ ਕਾਮਯਾਬ ਹੈ।

ਸਾਈਕੋਥੈਰੇਪੀ ਬਹੁਤ ਵਧੀਆ ਇਲਾਜ ਪ੍ਰਣਾਲੀ ਹੈ। ਸਮੱਸਿਆ ਚਾਹੇ ਕੋਈ ਵੀ ਹੋਵੇ, ਉਹ ਤੁਹਾਡੇ ਤੋਂ ਤੁਹਾਡੀ ਪਰੇਸ਼ਾਨੀ ਦੀ ਜੜ ਤਕ ਜਾਣਗੇ ਤੇ ਪਰੇਸ਼ਾਨੀ ਦਾ ਹੱਲ ਕੱਢਣਗੇ। ਤੁਹਾਡੇ ਮਨੋਬਲ ਨੂੰ ਇੰਨਾ ਉੱਚਾ ਚੁੱਕਣਗੇ ਤੇ ਤੁਹਾਨੂੰ ਇਸ ਕਾਬਲ ਬਣਾਉਣਗੇ ਕਿ ਤੁਸੀਂ ਆਪਣੀਆਂ ਸਮੱਸਿਆਵਾਂ ਦਾ ਆਪ ਸਾਹਮਣਾ ਕਰ ਸਕੋਗੇ ਤੇ ਉਸਤੋਂ ਛੁਟਕਾਰਾ ਪਾ ਸਕੋਗੇ। ਜਿਵੇਂ ਕਿ ਜੇ ਸਰੀਰ ਦੀ ਕੋਈ ਸਮੱਸਿਆ ਹੁੰਦੀ ਹੈ ਤਾਂ ਅਸੀਂ ਸਰੀਰਿਕ ਕਸਰਤ ਕਰਦੇ ਹਾਂ ਅਤੇ ਹੌਲੀ-ਹੌਲੀ ਠੀਕ ਹੁੰਦੇ ਹਾਂ। ਠੀਕ ਉਸੇ ਤਰ੍ਹਾਂ ਇਕ ਸਾਇਕੋ ਥੈਰੇਪਿਸਟ ਸਾਨੂੰ ਮਨ ਦੀ ਕਸਰਤ ਕਰਾਉਂਦੇ ਨੇ ਤੇ ਮਾਨਸਿਕ ਤੌਰ 'ਤੇ ਮਜ਼ਬੂਤ ਬਣਾਉਂਦੇ ਹਨ, ਜਿਹੜਾ ਕਿ ਖੁਸ਼ਹਾਲ ਜੀਵਨ ਜਿਊਣ ਲਈ ਬਹੁਤ ਜ਼ਰੂਰੀ ਹੈ।

ਅਸੀਂ ਕਈ ਸਾਵਧਾਨੀਆਂ ਰੱਖ ਸਕਦੇ ਹਾਂ ਤਾਂ ਕਿ ਸਾਨੂੰ ਡਿਪਰੈਸ਼ਨ ਨਾ ਹੋਵੇ। ਸਭ ਤੋਂ ਪਹਿਲਾਂ ਸਾਨੂੰ ਆਪਣੇ ਆਪ ਨੂੰ ਇਕ ਜ਼ਰੂਰੀ ਸਵਾਲ ਕਰਨਾ ਚਾਹੀਦਾ ਹੈ ਕਿ ਜਿੱਥੇ ਮੈਂ ਆਪਣਾ ਜ਼ਿਆਦਾ ਸਮਾਂ ਬਤੀਤ ਕਰਦਾ ਹਾਂ, ਉਹ ਮਾਹੌਲ ਮੇਰੇ ਲਈ ਕਿਸ ਤਰ੍ਹਾਂ ਦਾ ਹੈ। ਕੀ ਮੈਂ ਉਸ ਵਿਚ ਖ਼ੁਸ਼ ਹਾਂ? ਮੈਂ ਉੱਥੇ ਸੁਰੱਖਿਅਤ ਹਾਂ? ਜੇ ਇਸ ਸੁਆਲ ਦਾ ਜੁਆਬ ਨਹੀਂ ਹੈ ਤਾਂ ਤੁਸੀਂ ਇਕ ਸਾਈਕੋ ਥੈਰੇਪਿਸਟ ਦੀ ਮਦਦ ਲੈ ਸਕਦੇ ਹੋ ਤੇ ਉਹ ਤੁਹਾਡੀ ਪਰੇਸ਼ਾਨੀ ਦੂਰ ਕਰਨ ਵਿਚ ਪੂਰੀ ਤਰ੍ਹਾਂ ਸਹਾਇਤਾ ਕਰਨਗੇ।

ਰੋਜ਼ਾਨਾ ਜ਼ਿੰਦਗੀ ਵਿਚ ਅਸੀਂ ਅਕਸਰ ਕੰਮ ਕਰਨਾ, ਘਰ ਦੀ ਸੰਭਾਲ ਤੇ ਬੱਚਿਆਂ ਦੀ ਸੰਭਾਲ ਵਿਚ ਵਿਅਸਤ ਹੋ ਜਾਂਦੇ ਹਾਂ। ਚਾਹੇ ਅਸੀਂ ਜਿੰਨਾ ਮਰਜ਼ੀ ਵਿਅਸਤ ਹੋਈਏ, ਆਪਣੇ ਮਨ ਦੀ ਖ਼ੁਸ਼ੀ ਲਈ ਸਾਨੂੰ ਸਮਾਂ ਕੱਢਣਾ ਚਾਹੀਦਾ ਹੈ ਤੇ ਉਹ ਕੰਮ ਕਰਨੇ ਚਾਹੀਦੇ ਹਨ, ਜਿਸ ਵਿਚ ਸਾਨੂੰ ਆਨੰਦ ਆਉਂਦਾ ਹੋਵੇ। ਜਿਵੇਂ ਕਿ ਗੁਰਬਾਣੀ ਨਾਲ ਜੁੜਨਾ, ਕਸਰਤ ਕਰਨੀ, ਕੋਈ ਵਧੀਆ ਕਿਤਾਬ ਪੜ੍ਹਨੀ ਜਾਂ ਚੰਗੀ ਫ਼ਿਲਮ ਦੇਖਣੀ, ਚੰਗੀ ਸੰਗਤ ਕਰਨੀ, ਪੌਸ਼ਟਿਕ ਖਾਣਾ, ਸਮੇਂ ਨਾਲ ਸੌਣਾ, ਹਾਸੇ ਵਾਲੀਆਂ ਗੱਲਾਂ ਸੁਣਨੀਆਂ ਤੇ ਕਰਨੀਆਂ ਜਾਂ ਕੋਈ ਮੋਟੀਵੇਸ਼ਨਲ ਲੈਕਚਰ ਸੁਣਨਾ ਆਦਿ। ਅਖੀਰ ਵਿਚ ਮੈਂ ਇਹ ਕਹਿਣਾ ਚਾਹੁੰਦੀ ਹਾਂ ਕਿ ਜਦੋਂ ਵੀ ਕਿਸੇ ਨੂੰ ਮਾਨਸਿਕ ਪਰੇਸ਼ਾਨੀ ਜਿਵੇਂ ਕਿ ਡਿਪਰੈਸ਼ਨ, ਲਤ, ਗੁੱਸਾ, ਮਾਨਸਿਕ ਤਣਾਅ, ਪਰਿਵਾਰਕ ਝਗੜੇ, ਬੱਚਿਆਂ ਦਾ ਪਾਲਣ ਪੋਸ਼ਣ, ਇਕੱਲਤਾ, ਜ਼ਿੰਦਗੀ ਤੋਂ ਨਿਰਾਸ਼ ਹੋਣਾ ਆਦਿ ਦੇ ਕੋਈ ਵੀ ਲੱਛਣ ਲੱਗਦੇ ਹੋਣ, ਤੁਸੀਂ ਉਸ ਸਬੰਧੀ ਸਾਇਕੋ ਥੈਰੇਪਿਸਟ ਨੂੰ ਮਿਲੋ ਤੇ ਖੁੱਲ੍ਹ ਕੇ ਉਸ ਬਾਰੇ ਗੱਲ ਕਰੋ। ਖੁੱਲ੍ਹ ਕੇ ਗੱਲ ਕਰਨ ਨਾਲ ਤੁਸੀਂ ਆਪਣਾ ਤੇ ਆਪਣੇ ਘਰ ਦੇ ਮੈਂਬਰਾਂ ਦਾ ਚੰਗੀ ਤਰ੍ਹਾਂ ਖਿਆਲ ਰੱਖ ਸਕਦੇ ਹੋ ਤੇ ਖੁਸ਼ਹਾਲ ਜੀਵਨ ਜੀ ਸਕਦੇ ਹੋ।

# ਕੋਰੋਨਾ ਦੇ ਇਸ ਦੌਰ 'ਚ ਭਾਫ਼ ਲੈਣ ਦੇ ਕਿੰਨੇ ਹਨ ਫਾਇਦੇ



ਗਰਮੀ ਸਿਖ਼ਰਾਂ 'ਤੇ ਹੈ, ਅਜਿਹੇ 'ਚ ਜਿੰਨਾ ਠੰਢਾ ਪਾਣੀ ਪੀਓ, ਓਨਾ ਹੀ ਘੱਟ ਲੱਗਦਾ ਹੈ। ਪਰ ਜ਼ਿਆਦਾ ਠੰਢਾ ਤੁਹਾਡੀ ਸਿਹਤ ਲਈ ਹਾਨੀਕਾਰਕ ਵੀ ਸਾਬਿਤ ਹੁੰਦਾ ਹੈ। ਕੋਰੋਨਾ ਕਾਲ 'ਚ ਸਰਦੀ, ਜ਼ੁਕਾਮ ਜਾਂ ਖੰਘ ਹੋਣਾ ਤੁਹਾਨੂੰ ਮੁਸ਼ਕਲ 'ਚ ਪਾ ਸਕਦਾ ਹੈ। ਇਸ ਲਈ ਬਿਹਤਰ ਹੈ ਕਿ ਤੁਸੀਂ ਆਪਣੀ ਸਿਹਤ ਦਾ ਖ਼ਿਆਲ ਰੱਖੋ ਅਤੇ ਦਿਨ 'ਚ ਇਕ ਵਾਰ ਗਰਮ ਪਾਣੀ ਨਾਲ ਭਾਫ਼ ਜ਼ਰੂਰ ਲਓ। ਬਗ਼ੈਰ ਕਿਸੀ ਸਾਈਡ ਇਫੈਕਟ ਦੇ ਸਟੀਮ ਤੁਹਾਡੇ ਗਲੇ ਨੂੰ ਸਾਫ਼ ਕਰੇਗੀ, ਨਾਲ ਹੀ ਸਰਦੀ-ਜ਼ੁਕਾਮ ਤੋਂ ਵੀ ਰਾਹਤ ਦਿਲਾਵੇਗੀ। ਤੁਸੀਂ ਗਰਮੀ 'ਚ ਠੰਢਾ ਪਾਣੀ ਪੀ ਰਹੇ ਹੋ ਤਾਂ ਸਟੀਮ ਉਸ ਠੰਢੇ ਦੇ ਅਸਰ ਨੂੰ ਵੀ ਘੱਟ ਕਰੇਗਾ। ਸਟੀਮ ਨਾ ਸਿਰਫ਼ ਤੁਹਾਡੀ ਸਿਹਤ ਲਈ ਫਾਇਦੇਮੰਦ ਹੈ, ਬਲਕਿ ਤੁਹਾਡੀ ਸਕਿਨ ਲਈ ਵੀ ਫਾਇਦੇਮੰਦ ਹੈ। ਆਓ ਸਟੀਮ ਦੇ ਪੰਜ ਫਾਇਦਿਆਂ ਦੇ ਬਾਰੇ ਜਾਣਦੇ ਹਾਂ।

1. ਸਰਦੀ-ਜ਼ੁਕਾਮ ਅਤੇ ਕਫ਼ ਇਸ ਸਮੇਂ ਕੋਰੋਨਾ ਦੇ ਲੱਛਣਾਂ 'ਚ ਸ਼ਾਮਿਲ ਹੈ। ਇਸ ਲਈ ਜ਼ਰੂਰੀ ਹੈ ਕਿ ਤੁਸੀਂ ਆਪਣੇ-ਆਪ ਨੂੰ ਖ਼ੁਦ ਇਸ ਪਰੇਸ਼ਾਨੀ ਤੋਂ ਦੂਰ ਰੱਖੋ। ਸਰਦੀ ਜ਼ੁਕਾਮ ਅਤੇ ਕਫ਼ ਲਈ ਭਾਫ਼ ਰਾਮਬਾਣ ਉਪਾਅ ਹੈ। ਭਾਫ਼ ਲੈਣ ਨਾਲ ਨਾ ਸਿਰਫ਼ ਤੁਹਾਡੀ ਸਰਦੀ ਠੀਕ ਹੋਵੇਗੀ, ਬਲਕਿ ਗਲੇ 'ਚ ਜਮ੍ਹਾਂ ਹੋਈ ਕਫ਼ ਵੀ ਆਸਾਨੀ ਨਾਲ ਨਿਕਲ ਜਾਵੇਗੀ ਅਤੇ ਤੁਹਾਨੂੰ ਕਿਸੇ ਤਰ੍ਹਾਂ ਦੀ ਪਰੇਸ਼ਾਨੀ ਨਹੀਂ ਹੋਵੇਗੀ।

2. ਅਸਥਮਾ ਦੇ ਰੋਗੀਆਂ ਨੂੰ ਇਸ ਸਮੇਂ ਖ਼ਾਸ ਦੇਖਭਾਲ ਦੀ ਜ਼ਰੂਰਤ ਹੈ। ਅਸਥਮਾ ਦੀ ਪਰੇਸ਼ਾਨੀ ਹੈ ਤਾਂ ਤੁਸੀਂ ਭਾਫ਼ ਲਓ, ਇਸ ਨਾਲ ਸਾਹ ਫੁੱਲਣ ਤੋਂ ਰਾਹਤ ਮਿਲੇਗੀ।

3. ਡਰਮੇਟੋਲਾਜਿਸਟ ਅਨੁਸਾਰ, ਸਕਿਨ ਦੀ ਗੰਦਗੀ ਨੂੰ ਹਟਾ ਕੇ ਅੰਦਰ ਤਕ ਸਕਿਨ ਦੀ ਸਫ਼ਾਈ ਕਰਨ ਤੇ ਚਮੜੀ ਨੂੰ ਕੁਦਰਤੀ ਚਮਕ ਪ੍ਰਦਾਨ ਕਰਨ ਲਈ ਭਾਫ਼ ਲੈਣਾ ਇਕ ਬਿਹਤਰੀਨ ਤਰੀਕਾ ਹੈ। ਬਗੈਰ ਕਿਸੀ ਮੇਕਅਪ ਪ੍ਰੋਡਕਟ ਦਾ ਇਸਤੇਮਾਲ ਕਰਨ ਨਾਲ ਤੁਹਾਡੀ ਸਕਿਨ ਗਲੋਇੰਗ ਹੋ ਜਾਵੇਗੀ।

4. ਚਿਹਰੇ ਦੀ ਡੈੱਡ ਸਕਿਨ ਨੂੰ ਹਟਾਉਣ ਅਤੇ ਝੁਰੜੀਆਂ ਨੂੰ ਘੱਟ ਕਰਨ ਲਈ ਵੀ ਭਾਫ਼ ਲੈਣਾ ਇਕ ਵਧੀਆ ਉਪਾਅ ਹੈ। ਇਹ ਤੁਹਾਡੀ ਸਕਿਨ ਨੂੰ ਤਾਜ਼ਗੀ ਦਿੰਦਾ ਹੈ, ਜਿਸ ਨਾਲ ਤੁਸੀਂ ਤਰੋਤਾਜ਼ਾ ਨਜ਼ਰ ਆਉਂਦੇ ਹੋ। ਚਮੜੀ ਦੀ ਨਮੀ ਵੀ ਬਰਕਰਾਰ ਰਹਿੰਦੀ ਹੈ।

5. ਜੇਕਰ ਚਿਹਰੇ 'ਤੇ ਪਿੰਪਲਜ਼ ਹਨ ਤਾਂ ਬਿਨਾਂ ਦੇਰ ਕੀਤੇ ਚਿਹਰੇ ਨੂੰ ਭਾਫ਼ ਦਿਓ, ਇਸ ਨਾਲ ਰੋਮਾਂ 'ਚ ਜਮ੍ਹਾਂ ਗੰਦਗੀ ਆਸਾਨੀ ਨਾਲ ਨਿਕਲ ਜਾਵੇਗੀ ਅਤੇ ਤੁਹਾਡੀ ਚਮੜੀ ਸਾਫ਼ ਹੋ ਜਾਵੇਗੀ।

ਸਫ਼ਾ 1 ਦੀ ਬਾਕੀ

## ਅਮਰੀਕਾ: ਐੱਚ-1ਬੀ ਵੀਜ਼ਾ 'ਤੇ ਦਸੰਬਰ ਤੱਕ ਮੁਕੰਮਲ ਰੋਕ

ਬੰਦ ਕੀਤੇ ਗਏ ਵੀਜ਼ਿਆਂ 'ਚ ਐਚ-1ਬੀ ਤੋਂ ਇਲਾਵਾ ਐੱਚ-4, ਐੱਚ-2ਬੀ, 'ਜੇ' ਤੇ 'ਐੱਲ' ਟਾਈਪ ਵੀਜ਼ਾ ਸ਼ਾਮਲ ਹਨ। ਇਸ ਫ਼ੈਸਲੇ ਨਾਲ ਅਮਰੀਕੀਆਂ ਲਈ ਕਰੀਬ 5,25,000 ਨੌਕਰੀਆਂ ਖਾਲੀ ਹੋ ਜਾਣਗੀਆਂ। ਟਰੰਪ ਦਾ ਕਹਿਣਾ ਹੈ ਕਿ ਇਹ ਕਦਮ ਉਨ੍ਹਾਂ ਕਰੋੜਾਂ ਅਮਰੀਕੀਆਂ ਦੀ ਮਦਦ ਕਰਨ ਲਈ ਜ਼ਰੂਰੀ ਹੈ ਜੋ ਮੌਜੂਦਾ ਆਰਥਿਕ ਸੰਕਟ ਕਾਰਨ ਆਪਣੀ ਨੌਕਰੀ ਗੁਆ ਬੈਠੇ ਹਨ।

ਕਾਰੋਬਾਰੀ ਸੰਗਠਨਾਂ, ਸੰਸਦ ਮੈਂਬਰਾਂ ਤੇ ਮਨੁੱਖੀ ਅਧਿਕਾਰ ਜਥੇਬੰਦੀਆਂ ਵੱਲੋਂ ਵਿਰੋਧ ਦੇ ਬਾਵਜੂਦ ਟਰੰਪ ਨੇ ਨਵੰਬਰ ਵਿਚ ਹੋਣ ਜਾ ਰਹੀਆਂ ਰਾਸ਼ਟਰਪਤੀ ਚੋਣਾਂ ਤੋਂ ਪਹਿਲਾਂ ਇਹ ਹੁਕਮ ਜਾਰੀ ਕਰ ਦਿੱਤੇ ਹਨ। ਰਾਸ਼ਟਰਪਤੀ ਦੇ ਹੁਕਮ 24 ਜੂਨ ਤੋਂ ਲਾਗੂ ਹੋ ਗਏ ਹਨ ਤੇ ਇਸ ਦਾ ਵੱਡੀ ਗਿਣਤੀ ਭਾਰਤੀ ਸੂਚਨਾ ਤਕਨੀਕ ਪੇਸ਼ੇਵਰਾਂ ਉਤੇ ਅਸਰ ਪੈਣ ਦੇ ਆਸਾਰ ਹਨ। ਇਸ ਹੁਕਮ ਦਾ ਅਸਰ ਅਮਰੀਕੀ ਤੇ ਭਾਰਤੀ ਕੰਪਨੀਆਂ ਉਤੇ ਵੀ ਪਵੇਗਾ ਜਿਨ੍ਹਾਂ ਨੂੰ ਵਿੱਤੀ ਵਰ੍ਹੇ 2021 ਲਈ ਪਹਿਲੀ ਅਕਤੂਬਰ ਤੋਂ ਅਮਰੀਕੀ ਸਰਕਾਰ ਨੇ ਐਚ-1ਬੀ ਵੀਜ਼ਾ ਜਾਰੀ ਕੀਤੇ ਹਨ। ਉਨ੍ਹਾਂ ਨੂੰ ਹੁਣ ਦੁਬਾਰਾ ਵੀਜ਼ਾ ਸਟੈਂਪ ਲਈ ਅਮਰੀਕੀ ਕੂਟਨੀਤਕ ਮਿਸ਼ਨ ਤੱਕ ਪਹੁੰਚ ਕਰਨ ਲਈ ਘੱਟੋ-ਘੱਟ ਮੌਜੂਦਾ ਵਿੱਤੀ ਵਰ੍ਹੇ ਦੇ ਖ਼ਤਮ ਹੋਣ ਦੀ ਉਡੀਕ ਕਰਨੀ ਪਵੇਗੀ।

ਦੱਸਣਯੋਗ ਹੈ ਕਿ ਵੱਡੀ ਗਿਣਤੀ ਭਾਰਤੀ ਆਈਟੀ ਮਾਹਿਰ ਆਪਣੇ ਐਚ-1ਬੀ ਵੀਜ਼ਾ ਨਵਿਆਏ ਜਾਣ ਦੀ ਉਡੀਕ ਕਰ ਰਹੇ ਸਨ। ਟਰੰਪ ਨੇ ਕਿਹਾ ਕਿ ਅਮਰੀਕੀ ਆਵਾਸ ਸਿਸਟਮ ਦਾ ਪ੍ਰਸ਼ਾਸਨ ਘਰੇਲੂ ਰੁਜ਼ਗਾਰ ਉਤੇ ਵਿਦੇਸ਼ੀਆਂ ਦੇ ਪੈਣ ਵਾਲੇ ਪ੍ਰਭਾਵ ਦਾ ਹਿਸਾਬ-ਕਿਤਾਬ ਰੱਖਦਾ ਹੈ। ਜਿਹੋ-ਜਿਹੇ ਹਾਲਾਤ ਹੁਣ ਬਣ ਰਹੇ ਹਨ, ਉਸ ਦੇ ਮੱਦੇਨਜ਼ਰ ਇਹ ਫ਼ੈਸਲਾ ਲਿਆ ਗਿਆ ਹੈ। ਟਰੰਪ ਨੇ ਕਿਹਾ ਕਿ ਫਰਵਰੀ ਤੋਂ ਮਈ ਤੱਕ ਅਮਰੀਕਾ 'ਚ ਬੇਰੁਜ਼ਗਾਰੀ ਬੇਹੱਦ ਵਧ ਗਈ ਹੈ। ਜ਼ਿਕਰਯੋਗ ਹੈ ਕਿ ਇਸ ਤੋਂ ਪਹਿਲਾਂ ਟਰੰਪ ਨਵੇਂ ਗ੍ਰੀਨ ਕਾਰਡ ਜਾਰੀ ਕਰਨ ਉਤੇ ਵੀ ਰੋਕ ਲਾ ਚੁੱਕੇ ਹਨ, ਜਿਸ ਨਾਲ ਵਿਅਕਤੀ ਨੂੰ ਅਮਰੀਕਾ 'ਚ ਕੋਈ ਵੀ ਨੌਕਰੀ ਕਰਨ ਦੀ ਖੁੱਲ੍ਹ ਮਿਲ ਜਾਂਦੀ ਹੈ।

### ਕਾਰੋਬਾਰੀ ਆਗੂਆਂ, ਕਾਨੂੰਨਸਾਜ਼ਾਂ ਤੇ ਮਨੁੱਖੀ ਹੱਕ ਸੰਗਠਨਾਂ ਨੂੰ ਇਤਰਾਜ਼

ਦੇ ਫ਼ੈਸਲੇ ਦਾ ਵਿਰੋਧ ਕੀਤਾ ਹੈ। ਭਾਰਤੀ-ਅਮਰੀਕੀ ਕਾਂਗਰਸ ਮੈਂਬਰ ਰਾਜਾ ਕ੍ਰਿਸ਼ਨਾਮੂਰਤੀ ਨੇ ਰਾਸ਼ਟਰਪਤੀ ਨੂੰ ਵੀਜ਼ਿਆਂ ਉਤੇ ਲਾਈ ਪਾਬੰਦੀ ਵਾਪਸ ਲੈਣ ਲਈ ਕਿਹਾ ਹੈ। ਉਨ੍ਹਾਂ ਕਿਹਾ ਕਿ ਇਹ ਵੀਜ਼ੇ ਸਿਹਤ ਕਰਮੀਆਂ ਦੀ ਕਮੀ ਨੂੰ ਪੂਰਾ ਕਰ ਰਹੇ ਹਨ ਤੇ ਬਾਹਰੋਂ ਆਉਂਦੇ ਲੋਕ ਨਵੀਆਂ ਨੌਕਰੀਆਂ ਪੈਦਾ ਕਰਨ ਦਾ ਜ਼ਰੀਆ ਵੀ ਬਣਦੇ ਹਨ। ਡੈਮੋਕ੍ਰੇਟਿਕ ਸੈਨੇਟਰਾਂ ਨੇ ਵੀ ਫ਼ੈਸਲੇ ਦਾ ਵਿਰੋਧ ਕੀਤਾ ਹੈ। 'ਗੂਗਲ' ਦੇ ਭਾਰਤੀ ਮੂਲ ਦੇ ਸੀਈਓ ਸੁੰਦਰ ਪਿਚਈ ਨੇ ਫ਼ੈਸਲੇ 'ਤੇ ਨਿਰਾਸ਼ਾ ਜ਼ਾਹਿਰ ਕਰਦਿਆਂ ਕਿਹਾ ਕਿ ਆਵਾਸ ਨੇ ਅਮਰੀਕਾ ਦੀ ਵਿੱਤੀ ਸਫ਼ਲਤਾ 'ਚ ਮਹੱਤਵਪੂਰਨ ਯੋਗਦਾਨ ਪਾਇਆ ਹੈ। ਉਨ੍ਹਾਂ ਕਿਹਾ ਕਿ ਕੰਪਨੀ ਆਵਾਸੀਆਂ ਤੇ ਹੋਰਨਾਂ ਸਾਰਿਆਂ ਨੂੰ ਬਰਾਬਰ ਮੌਕੇ ਦੇਣ ਦੀ ਹਾਮੀ ਭਰਦੀ ਹੈ।

## ਬਹਾਰ ਪੁਲੀਸ ਨੇ ਸਿੱਧੂ ਦੇ ਘਰ ਬਾਹਰ ਨੋਟਿਸ ਚਿਪਕਾਇਆ

ਤੋਂ ਬਾਅਦ ਬਿਹਾਰ ਪੁਲੀਸ ਦੇ ਕਰਮਚਾਰੀਆਂ ਨੇ ਇਹ ਨੋਟਿਸ ਉਨ੍ਹਾਂ ਦੇ ਘਰ ਦੇ ਬਾਹਰ ਕੰਧ 'ਤੇ ਚਿਪਕਾ ਦਿੱਤਾ ਹੈ। ਬਿਹਾਰ ਪੁਲੀਸ ਵੱਲੋਂ ਸਿੱਧੂ ਖ਼ਿਲਾਫ਼ ਇਹ ਕੇਸ 16 ਅਪਰੈਲ 2019 ਨੂੰ ਲੋਕ ਸਭਾ ਚੋਣਾਂ ਦੇ ਪ੍ਰਚਾਰ ਦੌਰਾਨ ਬਿਹਾਰ ਦੇ ਕਟਿਹਾਰ ਜ਼ਿਲ੍ਹੇ ਦੇ ਥਾਣਾ ਵਰਸੋਈ ਵਿੱਚ ਦਰਜ ਕੀਤਾ ਗਿਆ ਸੀ। ਦੂਜੀ ਧਿਰ ਨੇ ਸਿੱਧੂ ਦੇ ਪ੍ਰਚਾਰ ਸਬੰਧੀ ਇਤਰਾਜ਼ ਕੀਤਾ ਸੀ ਅਤੇ ਚੋਣ ਕਮਿਸ਼ਨ ਅਤੇ ਪੁਲੀਸ ਕੋਲ ਸ਼ਿਕਾਇਤ ਕੀਤੀ ਸੀ। ਉਸ ਵੇਲੇ ਤੋਂ ਚੱਲ ਰਹੇ ਇਸ ਕੇਸ ਸਬੰਧੀ ਨੋਟਿਸ ਦੇਣ ਲਈ ਬਿਹਾਰ ਪੁਲੀਸ ਦੇ ਦੋ ਸਬ-ਇੰਸਪੈਕਟਰ ਜਨਾਰਦਨ ਰਾਮ ਅਤੇ ਜਾਵੇਦ ਅਹਿਮਦ ਪਿਛਲੇ ਪੰਜ ਦਿਨਾਂ ਤੋਂ ਅੰਮ੍ਰਿਤਸਰ ਆਏ ਹੋਏ ਹਨ। ਉਹ ਪੰਜ ਦਿਨਾਂ ਤੋਂ ਹੀ ਸਿੱਧੂ ਦੇ ਘਰ ਲਗਾਤਾਰ ਚੱਕਰ ਮਾਰ ਰਹੇ ਹਨ ਪਰ ਹੁਣ ਤੱਕ ਉਨ੍ਹਾਂ ਦੀ ਸਿੱਧੂ ਨਾਲ ਮੁਲਾਕਾਤ ਨਹੀਂ ਹੋਈ ਅਤੇ ਨਾ ਹੀ ਉਨ੍ਹਾਂ ਦੇ ਦਫ਼ਤਰੀ ਕਰਮਚਾਰੀਆਂ ਨੇ ਇਹ ਨੋਟਿਸ ਲਿਆ ਹੈ। ਬਿਹਾਰ ਪੁਲੀਸ ਇਸ ਨੋਟਿਸ 'ਤੇ ਸਿੱਧੂ ਦੇ ਦਸਤਖਤ ਕਰਾਉਣ ਅਤੇ ਮੌਕੇ 'ਤੇ ਹੀ ਉਨ੍ਹਾਂ ਨੂੰ ਜ਼ਮਾਨਤ ਦੇਣ ਲਈ ਆਈ ਹੈ। ਦੋਵਾਂ ਪੁਲੀਸ ਕਰਮਚਾਰੀਆਂ ਨੇ ਆਖਿਆ ਕਿ ਪਿਛਲੇ ਪੰਜ ਦਿਨਾਂ ਤੋਂ ਸਿੱਧੂ ਨਾਲ ਮੁਲਾਕਾਤ ਨਹੀਂ ਹੋਈ ਅਤੇ ਨਾ ਹੀ ਉਨ੍ਹਾਂ ਨੇ ਨੋਟਿਸ ਲੈਣ ਲਈ ਰਜ਼ਾਮੰਦੀ ਦਿੱਤੀ ਹੈ। ਇਸ ਕਾਰਨ ਅੱਜ ਉਨ੍ਹਾਂ ਨੇ ਇਹ ਨੋਟਿਸ ਉਨ੍ਹਾਂ ਦੇ ਘਰ ਦੇ ਪ੍ਰਵੇਸ਼ ਦੁਆਰ ਦੀ ਕੰਧ 'ਤੇ ਚਿਪਕਾ ਦਿੱਤਾ ਹੈ। ਉਨ੍ਹਾਂ ਆਖਿਆ ਕਿ ਦਫ਼ਤਰੀ ਕਰਮਚਾਰੀ ਸਿੱਧੂ ਬਾਰੇ ਕੁਝ ਵੀ ਦੱਸਣ ਨੂੰ ਤਿਆਰ ਨਹੀਂ ਹਨ। ਉਹ ਪਿਛਲੇ ਪੰਜ ਦਿਨਾਂ ਤੋਂ ਇਥੇ ਹਨ ਅਤੇ ਸਿੱਧੂ ਦੀ ਉਡੀਕ ਕਰ ਰਹੇ ਹਨ। ਉਨ੍ਹਾਂ ਆਖਿਆ ਕਿ ਇਹ ਨੋਟਿਸ ਕੰਧ 'ਤੇ ਲਾਉਣ ਮਗਰੋਂ ਸਿੱਧੂ ਨੂੰ ਇਸ ਕੇਸ ਸਬੰਧੀ ਜ਼ਮਾਨਤ ਅਦਾਲਤ ਤੋਂ ਕਰਾਉਣੀ ਪਵੇਗੀ। ਉਨ੍ਹਾਂ ਖ਼ਿਲਾਫ਼ ਚੋਣ ਜ਼ਾਬਤੇ ਦੀ ਉਲੰਘਣਾ ਦਾ ਕੇਸ ਦਰਜ ਹੈ। ਵਾਪਸੀ ਬਾਰੇ ਗੱਲ ਕਰਦਿਆਂ ਉਨ੍ਹਾਂ ਆਖਿਆ ਕਿ ਉਚ ਅਧਿਕਾਰੀਆਂ ਵਲੋਂ ਆਦੇਸ਼ ਮਿਲਣ ਮਗਰੋਂ ਹੀ ਉਹ ਵਾਪਸ ਜਾਣਗੇ। ਇਸ ਮਾਮਲੇ ਵਿਚ ਸਿੱਧੂ ਨਾਲ ਕੋਈ ਸੰਪਰਕ ਨਹੀਂ ਹੋ ਸਕਿਆ ਅਤੇ ਉਨ੍ਹਾਂ ਦੇ ਦਫਤਰੀ ਅਮਲੇ ਨੇ ਵੀ ਇਸ ਬਾਰੇ ਕੁਝ ਕਹਿਣ ਤੋਂ ਇਨਕਾਰ ਕੀਤਾ ਹੈ।

## 'ਵੱਡੇ ਮੁਲਕਾਂ 'ਚ ਸਿਖ਼ਰ ਕਾਰਨ ਕਰੋਨਾ ਕੇਸਾਂ 'ਚ ਵਾਧਾ'

ਦੇ ਤਰਕ ਨੂੰ ਰੱਦ ਕੀਤਾ। ਉਨ੍ਹਾਂ ਕਿਹਾ, "ਅਸੀਂ ਨਹੀਂ ਮੰਨਦੇ ਕਿ ਵਧੇਰੇ ਟੈਸਟਿੰਗ ਕਾਰਨ ਕੇਸ ਵਧ ਰਹੇ ਹਨ।" ਉਨ੍ਹਾਂ ਕਿਹਾ ਕਿ ਬਹੁਤ ਸਾਰੇ ਮੁਲਕਾਂ ਵਿੱਚ ਹਸਪਤਾਲਾਂ 'ਚ ਮਰੀਜ਼ਾਂ ਦੀ ਗਿਣਤੀ ਅਤੇ ਮੌਤਾਂ ਵਿੱਚ ਵਾਧਾ ਹੋਇਆ ਹੈ, ਜਿਸ ਨੂੰ ਵੱਧ ਟੈਸਟਿੰਗ ਨਾਲ ਜੋੜ ਕੇ ਨਹੀਂ ਦੇਖਿਆ ਜਾ ਸਕਦਾ। ਰਿਆਨ ਨੇ ਕਿਹਾ, "ਇਹ ਤਬਦੀਲੀ ਜ਼ਰੂਰ ਹੈ ਕਿ ਹੁਣ ਵਾਇਰਸ ਚੰਗੀ ਤਰ੍ਹਾਂ ਸਥਾਪਤ ਹੋ ਚੁੱਕਿਆ ਹੈ। ਹੁਣ ਇਸ ਨੇ ਕਈ ਵੱਡੇ ਮੁਲਕਾਂ ਵੱਲ ਰੁਖ਼ ਕੀਤਾ ਹੈ ਅਤੇ ਇਹ ਸਿਖ਼ਰ ਵੱਲ ਵਧ ਰਿਹਾ ਹੈ।" ਉਨ੍ਹਾਂ ਕਿਹਾ ਕਿ ਅਮਰੀਕਾ ਅਤੇ ਕਈ ਦੱਖਣ ਏਸ਼ਿਆਈ ਮੁਲਕਾਂ, ਮੱਧ ਪੂਰਬ ਤੇ ਅਫਰੀਕਾ ਵਿੱਚ ਇਹ ਯਕੀਨੀ ਤੌਰ 'ਤੇ ਵਧ ਰਿਹਾ ਹੈ।

## ਬਠਿੰਡਾ ਦੇ ਥਰਮਲ ਪਲਾਂਟ ਨੂੰ ਬੰਦ...

ਜ਼ੋਨ ਬਠਿੰਡਾ ਵਲੋਂ ਵੀ ਪੰਜਾਬ ਸਰਕਾਰ ਦੁਆਰਾ ਬਠਿੰਡਾ ਥਰਮਲ ਦੀ ਜਮੀਨ ਵੇਚਣ ਦੇ ਵਿਰੋਧ 'ਚ ਵੱਖ-ਵੱਖ ਸਬ ਡਵੀਜ਼ਨਾਂ ਵਿਚ ਸਰਕਾਰ ਦੇ ਪੁਤਲੇ ਫੂਕੇ ਗਏ। ਇਸ ਤੋਂ ਆਮ ਆਦਮੀ ਪਾਰਟੀ ਵਲੋਂ ਭਲਕੇ ਵਿਤ ਮੰਤਰੀ ਦੇ ਦਫ਼ਤਰ ਦਾ ਘਿਰਾਉ ਕਰਨ ਤੋਂ ਇਲਾਵਾ ਬਠਿੰਡਾ 'ਚ ਵੱਡਾ ਸੰਘਰਸ਼ ਵਿੱਢਿਆ ਜਾ ਰਿਹਾ। ਗੌਰਤਲਬ ਹੈ ਕਿ ਵਿਤ ਮੰਤਰੀ ਸ੍ਰੀ ਬਾਦਲ ਨੂੰ ਵਿਰੋਧੀ ਪਾਰਟੀਆਂ ਵਲੋਂ ਇਸ ਕਰ ਕੇ ਲੰਮੇ ਹੱਥੀ ਲਿਆ ਜਾ ਰਿਹਾ ਹੈ ਕਿ ਉਨ੍ਹਾਂ ਚੋਣਾਂ ਤੋਂ ਪਹਿਲਾਂ ਜ਼ੋਰ-ਸ਼ੋਰ ਨਾਲ ਇਸ ਥਰਮਲ ਪਲਾਂਟ ਨੂੰ ਮੁੜ ਚਲਾਉਣ ਦਾ ਜਨਤਕ ਵਾਅਦਾ ਕੀਤਾ ਸੀ। ਉਧਰ ਅੱਜ ਸਾਬਕਾ ਵਿਧਾਇਕ ਅਤੇ ਹਲਕਾ ਇੰਚਾਰਜ ਬਠਿੰਡਾ ਸ਼ਹਿਰੀ ਸ੍ਰੀ ਸਰੂਪ ਚੰਦ ਸਿੰਗਲਾ ਦੀ ਅਗਵਾਈ ਹੇਠ ਅਕਾਲੀ ਦਲ ਵਲੋਂ ਸਥਾਨਕ ਭਾਈ ਘਨੱਈਆ ਚੌਕ ਵਿਖੇ ਰੋਸ ਪ੍ਰਦਰਸ਼ਨ ਕਰਦਿਆਂ ਐਲਾਨ ਕੀਤਾ ਕਿ ਉਹ ਕਿਸੇ ਵੀ ਕੀਮਤ 'ਤੇ ਥਰਮਲ ਪਲਾਂਟ ਦੀ ਜ਼ਮੀਨ ਨੂੰ ਨੀਲਾਮ ਨਹੀਂ ਹੋਣ ਦਿਤਾ ਜਾਵੇਗਾ।

ਉਨ੍ਹਾਂ ਦੋਸ਼ ਲਗਾਇਆ ਕਿ ਬਠਿੰਡਾ ਦੇ ਵਿਧਾਇਕ ਅਤੇ ਵਿਤ ਮੰਤਰੀ ਮਨਪ੍ਰੀਤ ਬਾਦਲ ਨੇ ਬਠਿੰਡਾ ਦੇ ਲੋਕਾਂ ਨਾਲ ਵਿਸ਼ਵਾਸ-ਘਾਤ ਕੀਤਾ ਹੈ। ਉਨ੍ਹਾਂ ਕਿਹਾ ਕਿ ਵਿੱਤ ਮੰਤਰੀ ਨੇ ਅਪਣੇ ਚੋਣ ਮੈਨੀਫ਼ੈਸਟੋ ਵਿਚ ਲੜੀ ਨੰਬਰ 14 ਵਿਚ ਵਾਅਦਾ ਕੀਤਾ ਸੀ ਕਿ ਬਠਿੰਡਾ ਦੇ ਥਰਮਲ ਨੂੰ ਬੰਦ ਨਹੀਂ ਕੀਤਾ ਜਾਵੇਗਾ ਅਤੇ ਬਠਿੰਡਾ ਸ਼ਹਿਰ ਦੀ ਹਰ ਗਲੀ ਵਿਚ ਅਪਣੇ ਭਾਸ਼ਣ ਕਿਹਾ ਸੀ ਕਿ ਮੈਂ ਥਰਮਲ ਦੀਆਂ ਉਦਾਸ ਪਈਆਂ ਚਿਮਨੀਆਂ ਵਿਚੋਂ ਧੂੰਆਂ ਨਿਕਲਦਾ ਦੇਖਣਾ ਚਾਹੁੰਦਾ ਹਾਂ। ਪਰ ਬਹੁਤ ਅਫ਼ਸੋਸ ਦੀ ਗੱਲ ਹੈ ਕਿ ਥਰਮਲ ਦੀਆਂ ਚਿਮਨੀਆਂ ਦੀ ਬਜਾਏ ਉਨ੍ਹਾਂ ਨੇ ਬਠਿੰਡਾ ਸ਼ਹਿਰ ਦੇ ਲੋਕਾਂ ਦਾ ਹੀ ਧੂਆਂ ਕੱਢ ਦਿੱਤਾ।

ਉਨ੍ਹਾਂ ਕਿਹਾ ਕਿ ਆਉਣ ਵਾਲੇ ਦਿਨਾਂ ਵਿਚ ਭਰਾਤਰੀ ਜਥੇਬੰਦੀਆਂ ਨੂੰ ਨਾਲ ਲੈ ਕੇ ਸੰਘਰਸ਼ ਨੂੰ ਹੋਰ ਤੇਜ਼ ਕੀਤਾ ਜਾਵੇਗਾ। ਰੋਸ ਮੁਜ਼ਾਹਰੇ ਨੂੰ ਸ੍ਰੀ ਸਿੰਗਲਾ ਤੋਂ ਇਲਾਵਾ ਸਾਬਕਾ ਮੇਅਰ ਬਲਵੰਤ ਰਾਏ ਨਾਥ, ਸ਼੍ਰੋਮਣੀ ਅਕਾਲੀ ਦਲ ਦੇ ਬੁਲਾਰੇ ਚਮਕੌਰ ਸਿੰਘ ਮਾਨ, ਸ਼ਹਿਰੀ ਪ੍ਰਧਾਨ ਰਾਜਬਿੰਦਰ ਸਿੰਘ ਸਿੱਧੂ, ਇਕਬਾਲ ਸਿੰਘ ਬਬਲੀ ਢਿੱਲੋਂ, ਦਲਜੀਤ ਸਿੰਘ ਬਰਾੜ, ਭੁਪਿੰਦਰ ਸਿੰਘ ਭੁੱਲਰ, ਡਾ.ਓਮ ਪ੍ਰਕਾਸ਼ ਸ਼ਰਮਾਂ ਜਿਲਾ ਪ੍ਰੈਸ ਸਕੱਤਰ ਆਦਿ ਵੀ ਹਾਜ਼ਰ ਸਨ।

ਉਧਰ ਠੇਕਾ ਮੁਲਾਜ਼ਮ ਸੰਘਰਸ਼ ਕਮੇਟੀ ਪਾਵਰਕੋਮ ਜੋਨ ਬਠਿੰਡਾ ਵਲੋਂ ਵੀ ਬਠਿੰਡਾ ਦੇ ਥਰਮਲ ਪਲਾਂਟ ਦੀ 1764 ਏਕੜ ਜ਼ਮੀਨ ਪੁੱਡਾ ਨੂੰ ਦੇਣ ਦੇ ਵਿਰੋਧ ਵਜੋਂ ਪੰਜਾਬ ਸਰਕਾਰ ਦੇ ਪੁਤਲੇ ਫੂਕੇ ਗਏ। ਕਮੇਟੀ ਪ੍ਰਧਾਨ ਗੁਰਵਿੰਦਰ ਸਿੰਘ ਨੇ ਕਿਹਾ ਕਿ ਜਿੱਥੇ ਬਠਿੰਡਾ ਥਰਮਲ ਨੇ ਸਸਤੀ ਬਿਜਲੀ ਲੋਕਾਂ ਨੂੰ ਦਿਤੀ ਉਥੇ ਹੀ ਬੇਰੁਜ਼ਗਾਰਾਂ ਨੂੰ ਰੁਜ਼ਗਾਰ ਦਿਤਾ ਅਤੇ ਬਠਿੰਡੇ ਸ਼ਹਿਰ ਦੀ ਪਛਾਣ ਵੀ ਬਣਿਆ। ਜਰਨਲ ਸਕੱਤਰ ਖੁਸ਼ਦੀਪ ਸਿੰਘ ਤੇ ਕਰਮਜੀਤ ਦਿਉਣ ਨੇ ਇਲਜ਼ਾਮ ਲਾਇਆ ਕਿ ਜਦੋਂ ਪਿਛਲੀ ਬਾਦਲ ਸਰਕਾਰ ਵੇਲੇ ਥਰਮਲ ਬੰਦ ਕੀਤਾ ਜਾ ਰਿਹਾ ਸੀ। ਉਦੋਂ ਵੀ ਥਰਮਲ ਕਾਮਿਆਂ ਨੇ ਸੰਘਰਸ਼ ਕੀਤਾ ਤੇ ਕੁੱਝ ਚਿਰ ਥਰਮਲ ਬੰਦ ਹੋਣ ਤੋਂ ਰੋਕਣ ਵਿਚ ਕਾਮਯਾਬ ਹੋਏ।

## ਨਵੀਆਂ ਪਾਬੰਦੀਆਂ ਤੋਂ ਬਿਨਾਂ ਹਾਲਾਤ ਹੋਰ ਵੀ ਵਿਗੜ ਸਕਦਾ : ਡਾ. ਫੌਚੀ

ਸਿਹਤ ਅਧਿਕਾਰੀਆਂ ਨੇ ਮੰਗਲਵਾਰ ਨੂੰ ਚੇਤਾਵਨੀ ਦਿੱਤੀ ਹੈ ਕਿ ਇੱਕ ਦਰਜਨ ਤੋਂ ਵੱਧ ਰਾਜਾਂ ਵਿੱਚ ਕੋਰੋਨਾਵਾਇਰਸ ਦੇ ਸੰਕਰਮਣ ਵਿੱਚ ਵਾਧਾ ਨਵੀਆਂ ਪਾਬੰਦੀਆਂ ਤੋਂ ਬਿਨਾਂ ਹੋਰ ਵਿਗੜ ਸਕਦਾ ਹੈ ਅਤੇ ਰਾਸ਼ਟਰਪਤੀ ਟਰੰਪ ਦੇ ਤਾਜ਼ਾ ਦਾਅਵਿਆਂ ਦਾ ਖੰਡਨ ਕੀਤਾ ਉਸਨੇ ਅਧਿਕਾਰੀਆਂ ਨੂੰ ਟੈਸਟਿੰਗ ਨੂੰ ਹੌਲੀ ਕਰਨ ਲਈ ਕਿਹਾ ਹੈ ਤਾਂ ਜੋ ਦੇਸ਼ ਵਿੱਚ ਘੱਟ ਕੇਸ ਦਰਜ ਹੋਣਗੇ।

ਐਂਥਨੀ ਐੱਸ ਫੌਸੀ, ਦੇਸ਼ ਦੇ ਚੋਟੀ ਦੇ ਛੂਤ-ਰੋਗ ਮਾਹਿਰ ਅਤੇ ਨੈਸ਼ਨਲ ਇੰਸਟੀਚਿਊਟ ਆਫ਼ ਐਲਰਜੀ ਅਤੇ ਛੂਤ ਦੀਆਂ ਬਿਮਾਰੀਆਂ ਦੇ ਨਿਰਦੇਸ਼ਕ, ਨੇ ਕਿਹਾ ਕਿ ਦੇਸ਼ ਅਜੇ ਵੀ ਮਹਾਂਮਾਰੀ ਦੀ ਪਹਿਲੀ ਲਹਿਰ ਦੀ ਪਕੜ ਵਿਚ ਹੈ, ਜਿਸ ਵਿਚ ਦੱਖਣੀ ਅਤੇ ਨਵੇਂ ਕੇਸਾਂ ਵਿਚ "ਪ੍ਰੇਸ਼ਾਨ ਕਰਨ ਵਾਲਾ ਵਾਧਾ" ਸ਼ਾਮਲ ਹੈ। ਪੱਛਮੀ ਰਾਜ, ਫਲੋਰਿਡਾ, ਟੈਕਸਾਸ ਅਤੇ ਐਰੀਜ਼ੋਨਾ ਸਮੇਤ।

"ਇਹ ਉਹ ਚੀਜ਼ ਹੈ ਜਿਸ ਬਾਰੇ ਮੈਂ ਬਹੁਤ ਚਿੰਤਤ ਹਾਂ," ਫੌਚੀ ਨੇ ਕਿਹਾ. "ਕੁਝ ਦਿਨ ਪਹਿਲਾਂ, ਇੱਥੇ 30,000 ਨਵੇਂ ਸੰਕਰਮਣ ਹੋਏ ਸਨ। ਇਹ ਮੇਰੇ ਲਈ ਬਹੁਤ ਪਰੇਸ਼ਾਨ ਕਰਨ ਵਾਲੀ ਹੈ।"

ਸੁਣਵਾਈ ਉਸੇ ਹੀ ਦਿਨ ਹੋਈ ਜਦੋਂ ਐਰੀਜ਼ੋਨਾ ਵਿਚ ਰਿਕਾਰਡ ਨਵੇਂ ਉੱਚ ਕੋਰੋਨਾਵਾਇਰਸ ਮਾਮਲੇ ਦਰਜ ਹੋਏ, ਅਤੇ ਟੈਕਸਾਸ ਅਤੇ ਐਰੀਜ਼ੋਨਾ ਦੋਵਾਂ ਨੇ ਰਿਕਾਰਡ ਹਸਪਤਾਲ ਦਾਖਲ ਹੋਣ ਦੀ ਖ਼ਬਰ ਦਿੱਤੀ। ਟਰੰਪ ਨੇ ਮੰਗਲਵਾਰ ਨੂੰ ਫੀਨਿਕਸ ਵਿੱਚ ਇੱਕ ਮੁਹਿੰਮ ਰੈਲੀ ਕੀਤੀ, ਜਿਸ ਤੋਂ ਕਈ ਦਿਨ ਵੱਧ ਰਹੇ ਲਾਗਾਂ ਦੀ ਇੱਕ ਹੋਰ ਸਾਈਟ, ਤੁਲਸਾ ਦੀ ਯਾਤਰਾ ਦੇ ਕੁਝ ਦਿਨ ਬਾਅਦ ਉਹ ਹੋਏ। ਪਿਛਲੇ ਹਫਤੇ ਟੈਕਸਾਸ, ਫਲੋਰੀਡਾ, ਐਰੀਜ਼ੋਨਾ ਅਤੇ ਘੱਟੋ ਘੱਟ ਸੱਤ ਹੋਰ ਰਾਜਾਂ ਨੇ ਆਪਣੀ ਸਭ ਤੋਂ ਵੱਧ ਹਫਤਾਵਾਰੀ ਲਾਗ-ਦਰ ਦੀ ਰਿਪੋਰਟ ਕੀਤੀ।

ਮੰਗਲਵਾਰ ਨੂੰ, ਸੰਯੁਕਤ ਰਾਜ ਅਮਰੀਕਾ ਵਿੱਚ 33,730 ਨਵੇਂ ਕੇਸ ਦਰਜ ਕੀਤੇ ਗਏ, ਜੋ 25 ਅਪ੍ਰੈਲ ਤੋਂ ਬਾਅਦ ਦੇ ਸਭ ਤੋਂ ਵੱਧ ਹਨ। ਮੰਗਲਵਾਰ ਦੁਪਹਿਰ ਤੱਕ ਦੇਸ਼ ਵਿੱਚ ਘੱਟੋ ਘੱਟ 123577 ਮੌਤਾਂ ਹੋਈਆਂ ਹਨ ਅਤੇ ਨਾਲ ਹੀ 2.4 ਮਿਲੀਅਨ ਤੋਂ ਵੱਧ ਕਰੋਨਾਵਾਇਰਸ ਦੇ ਕੇਸ ਸ਼ਾਮਲ ਹਨ। ਵਿਸ਼ਵ ਭਰ ਵਿੱਚ, ਇਸ ਦੇ 9 ਮਿਲੀਅਨ ਤੋਂ ਵੱਧ ਪੁਸ਼ਟੀ ਕੀਤੇ ਕੇਸ ਹੋਏ ਹਨ। ਹਾਂ ਐਨਰਜੀ ਐਂਡ ਕਾਮਰਸ ਕਮੇਟੀ ਦੇ ਸਾਹਮਣੇ ਗਵਾਹੀ ਦੇਣ ਵਾਲੇ ਸਾਰੇ ਸਿਹਤ ਅਧਿਕਾਰੀ ਇਸ ਗੱਲ ਤੋਂ ਇਨਕਾਰ ਕਰਦੇ ਹਨ ਕਿ ਉਨ੍ਹਾਂ ਨੂੰ ਕਦੇ ਵੀ ਟੈਸਟਾਂ ਨੂੰ ਘਟਾਉਣ ਦੇ ਨਿਰਦੇਸ਼ ਦਿੱਤੇ ਗਏ ਸਨ ਜਦੋਂ ਟਰੰਪ ਵੱਲੋਂ ਤੁਲਸਾ ਵਿੱਚ ਰੈਲੀ ਕਰਨ ਵਾਲਿਆਂ ਨੂੰ ਕਿਹਾ ਸੀ ਕਿ ਉਸਨੇ ਅਧਿਕਾਰੀਆਂ ਉੱਤੇ ਟੈਸਟਿੰਗ ਨੂੰ ਹੌਲੀ ਕਰਨ ਲਈ ਦੋਸ਼ ਲਾਇਆ ਸੀ। ਵਾਇਟ ਹਾਊਸ ਦੇ ਅਧਿਕਾਰੀਆਂ ਨੇ ਜ਼ੋਰ ਦੇ ਕੇ ਕਿਹਾ ਹੈ ਕਿ ਟਰੰਪ ਮਜ਼ਾਕ ਵਿਚ ਬੋਲ ਰਹੇ ਸਨ।

ਫਿਰ ਵੀ ਮੰਗਲਵਾਰ ਨੂੰ, ਟਰੰਪ ਨੇ ਪੱਤਰਕਾਰਾਂ ਨੂੰ ਕਿਹਾ, "ਮੈਂ ਬੱਚਾ ਨਹੀਂ ਰਿਹਾ" ਅਤੇ ਬਚਾਅ ਪੱਖ ਤੋਂ ਟਵਿੱਟਰ 'ਤੇ ਹੋਰ ਵਿਸਥਾਰ ਨਾਲ ਦੱਸਿਆ। ਉਸਨੇ ਸੁਣਵਾਈ ਤੋਂ ਪਹਿਲਾਂ ਟਵੀਟ ਕਰਦਿਆਂ ਕਿਹਾ, ਕੇਸ ਸੰਯੁਕਤ ਰਾਜ ਵਿੱਚ ਵੱਧ ਰਹੇ ਹਨ ਕਿਉਂਕਿ ਅਸੀਂ ਕਿਸੇ ਹੋਰ ਦੇਸ਼ ਨਾਲੋਂ ਕਿਤੇ ਵੱਧ ਜਾਂਚ ਕਰ ਰਹੇ ਹਾਂ ਅਤੇ ਕਦੇ ਵੱਧ ਰਹੇ ਹਾਂ, ਉਸਨੇ ਸੁਣਵਾਈ ਤੋਂ ਪਹਿਲਾਂ ਟਵੀਟ ਕੀਤਾ। ਛੋਟੇ ਪਰਖ ਨਾਲ ਅਸੀਂ ਘੱਟ ਕੇਸ ਦਿਖਾਵਾਂਗੇ!

ਫੌਸੀ; ਬਿਮਾਰੀ ਨਿਯੰਤਰਣ ਅਤੇ ਰੋਕਥਾਮ ਦੇ ਨਿਰਦੇਸ਼ਕ ਰਾਬਰਟ ਰੈਡਫੀਲਡ ਲਈ ਕੇਂਦਰ; ਫੂਡ ਐਂਡ ਡਰੱਗ ਐਡਮਿਨਿਸਟ੍ਰੇਸ਼ਨ ਕਮਿਸ਼ਨਰ ਸਟੀਫਨ ਹੈਨ; ਅਤੇ ਸਿਹਤ ਅਤੇ ਮਨੁੱਖੀ ਸੇਵਾਵਾਂ ਵਿਭਾਗ ਦੇ ਸਿਹਤ ਵਿਭਾਗ ਦੇ ਸਹਾਇਕ ਸਕੱਤਰ ਬਰੇਟ ਗਿਰੋਇਰ, ਜਦੋਂ ਉਨ੍ਹਾਂ ਨੂੰ ਪੁੱਛਿਆ ਗਿਆ ਕਿ ਕੀ ਉਨ੍ਹਾਂ ਨੂੰ ਘੱਟ ਟੈਸਟ ਕਰਵਾਉਣ ਦਾ ਨਿਰਦੇਸ਼ ਮਿਲਿਆ ਹੈ ਜਾਂ ਨਹੀਂ, ਤਾਂ ਉਨ੍ਹਾਂ ਸਾਰਿਆਂ ਨੇ ਜਵਾਬ ਦਿੱਤਾ।

ਫੌਕੀ ਨੇ ਕਿਹਾ, ਮੈਨੂੰ ਯਕੀਨ ਹੈ ਪਤਾ ਹੈ ਕਿ ਸਾਡੇ ਵਿੱਚੋਂ ਕਿਸੇ ਨੂੰ ਵੀ ਟੈਸਟਿੰਗ ਵਿੱਚ ਹੌਲੀ ਹੋਣ ਲਈ ਨਹੀਂ ਕਿਹਾ ਗਿਆ ਹੈ। ਇਹ ਇਕ ਤੱਥ ਹੈ। ਦਰਅਸਲ, ਅਸੀਂ ਹੋਰ ਪਰੀਖਿਆਵਾਂ ਕਰਾਂਗੇ।

ਗਿਰੋਇਰ ਨੇ ਕਮੇਟੀ ਨੂੰ ਦੱਸਿਆ ਕਿ ਉਸਨੂੰ ਉਮੀਦ ਹੈ ਕਿ ਦੇਸ਼ ਪਤਝੜ ਹੋਣ ਤੇ ਇਕ ਮਹੀਨੇ ਵਿਚ 40 ਮਿਲੀਅਨ ਤੋਂ 50 ਮਿਲੀਅਨ ਟੈਸਟ ਕਰਵਾਉਣ ਦੇ ਯੋਗ ਹੋ ਜਾਵੇਗਾ ਅਤੇ ਅਧਿਕਾਰੀ ਦੇਸ਼ ਦੀ ਪ੍ਰੀਖਿਆ ਦੀ ਸਮਰੱਥਾ ਅਤੇ ਟੈਸਟਾਂ ਦੀ ਗੁਣਵਤਾ ਨੂੰ ਵਧਾਉਣ ਲਈ ਕੰਮ ਕਰ ਰਹੇ ਹਨ।

ਟਰੰਪ, ਉਪ-ਰਾਸ਼ਟਰਪਤੀ ਪੈਂਸ ਅਤੇ ਵ੍ਹਾਈਟ ਹਾਊਸ ਦੇ ਹੋਰ ਅਧਿਕਾਰੀਆਂ ਨੇ ਪੁਸ਼ਟੀ ਕੀਤੀ ਲਾਗ ਵਿੱਚ ਤਾਜ਼ਾ ਵਾਧੇ ਨੂੰ ਖਾਰਜ ਕਰ ਦਿੱਤਾ ਹੈ, ਜ਼ੋਰ ਦੇ ਕੇ ਕਿਹਾ ਕਿ ਇਹ ਵਾਧਾ ਜ਼ਿਆਦਾਤਰ ਟੈਸਟਿੰਗ ਵਿੱਚ ਤੇਜ਼ੀ ਕਾਰਨ ਹੋਇਆ ਹੈ। ਹਾਲਾਂਕਿ, ਜਨਤਕ ਸਿਹਤ ਮਾਹਿਰਾਂ ਵਿਚ ਇਕ ਵਿਆਪਕ ਸਹਿਮਤੀ ਹੈ ਕਿ ਇਹ ਪ੍ਰਕੋਪ ਵਾਪਰ ਰਿਹਾ ਹੈ ਕਿਉਂਕਿ ਰਾਜਾਂ ਦੇ ਦੁਬਾਰਾ ਖੁੱਲ੍ਹਣ ਅਤੇ ਲੋਕ ਸਮਾਜਕ ਦੂਰੀਆਂ ਵਾਲੇ ਉਪਾਵਾਂ ਦੀ ਪਾਲਣਾ ਕੀਤੇ ਬਿਨਾਂ, ਜਾਂ ਲਗਾਤਾਰ ਮਾਸਕ ਪਹਿਨੇ ਬਗੈਰ ਸੀਮਤ ਥਾਂਵਾਂ ਤੇ ਇਕੱਠੇ ਹੁੰਦੇ ਹਨ।

ਫੌਸੀ ਅਤੇ ਗਿਰੋਇਰ ਨੇ ਕਿਹਾ ਕਿ ਦੇਸ਼ ਦੇ ਬਹੁਤ ਸਾਰੇ ਹਿੱਸਿਆਂ ਵਿੱਚ ਕਮਿਊਨਿਟੀ ਫੈਲਣ ਨਾਲ ਪ੍ਰਸਾਰ ਫੈਲ ਰਿਹਾ ਹੈ। ਫੌਸੀ ਨੇ ਇਹ ਵੀ ਕਿਹਾ ਕਿ ਦੇਸ਼ ਅਜੇ ਵੀ ਪਹਿਲੀ ਲਹਿਰ ਦੇ ਮੱਧ ਵਿਚ ਸੀ ਕਿਉਂਕਿ ਇਸ ਵਿਚ ਲਾਗ ਜਾਂ ਮੌਤ ਘੱਟ ਨਹੀਂ ਹੋਈ ਸੀ। ਸਿਹਤ ਅਧਿਕਾਰੀਆਂ ਨੇ ਇੱਕ ਮੁਸ਼ਕਲ ਗਿਰਾਵਟ ਅਤੇ ਸਰਦੀਆਂ ਦੀ ਚਿਤਾਵਨੀ ਵੀ ਦਿੱਤੀ ਕਿਉਂਕਿ ਸੰਯੁਕਤ ਰਾਜ ਦੀ ਸਿਹਤ-ਸੰਭਾਲ ਪ੍ਰਣਾਲੀ ਸ਼ਾਇਦ ਦੋ ਬਹੁਤ ਹੀ ਛੂਤ ਵਾਲੇ, ਸਾਹ ਸੰਬੰਧੀ ਵਾਇਰਸਾਂ ਦਾ ਮੁਕਾਬਲਾ ਕਰੇਗੀ: ਨਾਵਲ ਕੋਰੋਨਾਵਾਇਰਸ ਅਤੇ ਮੌਸਮੀ ਫਲੂ। ਉਨ੍ਹਾਂ ਨੇ ਇਹ ਵੀ ਕਿਹਾ ਕਿ ਇਹ ਲਾਜ਼ਮੀ ਹੈ ਕਿ ਦੇਸ਼ ਹੋਰ ਕੇਸਾਂ ਨੂੰ ਦੇਖੇਗਾ ਕਿਉਂਕਿ ਰਾਜਾਂ ਨੇ ਮੁੜ ਖੁੱਲ੍ਹਣਾ ਜਾਰੀ ਰੱਖਿਆ ਹੈ ਅਤੇ ਸਥਾਨਕ ਸਿਹਤ ਅਧਿਕਾਰੀਆਂ ਨੂੰ ਪੁਸ਼ਟੀ ਕੀਤੇ ਕੇਸਾਂ ਨੂੰ ਵੱਖਰਾ ਕਰਨ ਅਤੇ ਸੰਪਰਕ ਟਰੇਸਿੰਗ ਕਰਾਉਣ ਦੀ ਆਗਿਆ ਦਿੰਦਿਆਂ ਨਿਯੰਤਰਣ ਅਧੀਨ ਫੈਲਣ ਦੀ ਮਹੱਤਤਾ ਉੱਤੇ ਜ਼ੋਰ ਦਿੱਤਾ ਤਾਂ ਜੋ ਕੇਸਾਂ ਨੂੰ ਨਿਯੰਤਰਣ ਤੋਂ ਬਾਹਰ ਆਉਣ ਤੋਂ ਰੋਕਿਆ ਜਾ ਸਕੇ।

ਫੌਕੀ ਨੇ ਜਨਤਾ ਨੂੰ - ਪਰ ਖ਼ਾਸਕਰ ਛੋਟੇ ਲੋਕਾਂ ਨੂੰ - ਜਨਤਕ ਤੌਰ 'ਤੇ ਬਾਹਰ ਆਉਣ ਤੇ ਮਾਸਕ ਪਹਿਨਣ ਲਈ ਪ੍ਰੇਰਿਆ ਉਨ੍ਹਾਂ ਕਿਹਾ, ਹਾਲ ਹੀ ਦੇ ਹਫ਼ਤਿਆਂ ਵਿੱਚ ਹੋਰ ਨੌਜਵਾਨ ਕੇਸਾਂ ਵਿੱਚ ਵਾਧਾ ਵਿੱਚ ਯੋਗਦਾਨ ਪਾ ਰਹੇ ਹਨ।

## ਨਾਬਾਲਗ ਲੜਕੀਆਂ ਨੂੰ ਵਰਗਲਾਉਣ ਦੇ ਦੋਸ਼ ਹੇਠ ਕੇਸ ਦਰਜ



ਲੈਥਰੋਪ : ਇਕ ਸਟਿੰਗ ਆਪ੍ਰੇਸ਼ਨ ਕਰਕੇ ਲਾਬਾਲਿਗ ਲੜਕੀਆਂ ਨੂੰ ਵਰਗਲਾਉਣ ਦੀ ਕੋਸ਼ਿਸ਼ ਕਰਦੇ 19 ਲੋਕਾਂ ਨੂੰ ਕੈਲੀਫੋਰਨੀਆ ਦੇ ਸ਼ਹਿਰ ਲੈਥਰੋਪ ਵਿਚ ਸਥਾਨਕ ਪੁਲਿਸ ਵਲੋਂ ਰੰਗੇ ਹੱਥੀਂ ਹਿਰਾਸਤ ਵਿਚ ਲਿਆ ਗਿਆ ਹੈ। ਗ੍ਰਿਫ਼ਤਾਰ ਕੀਤੇ ਲੋਕਾਂ ਵਿਚ 4 ਪੰਜਾਬੀ ਵੀ ਹਨ, ਜਿਨ੍ਹਾਂ ਵਿਚ 46 ਸਾਲਾ ਸਰਬਜੀਤ ਸਿੰਘ ਸ਼ੇਰਗਿੱਲ, 35 ਸਾਲਾ ਸਿਮਰਨ ਸਿੰਘ, 35 ਸਾਲਾ ਵਿਸ਼ਾਲ ਸਿੰਘ ਵੀ ਸ਼ਾਮਲ ਹਨ। ਇਸ ਤੋਂ ਇਕ ਫਿਜ਼ੀ ਮੂਲ ਦਾ 40 ਸਾਲਾ ਰੋਨੀਲ ਸਿੰਘ ਵੀ ਸ਼ਾਮਲ ਹੈ।

ਹੋਰਨਾਂ ਗ੍ਰਿਫ਼ਤਾਰ ਲੋਕਾਂ 'ਚ ਡੇਰਲਨ ਪੇਟਰਸਨ, ਹੁਆਨ ਗਾਰਸੀਆ, ਹਰਮੇਨ ਗਲੀਡੋ, ਰਾਬਰਟ ਪੀਨਾ, ਡੈਨੀਅਲ ਸਨੇਅ, ਰਾਇਲ ਵਿਗਲੇ, ਗੋਲਡਨ ਬਰਿਆਨ, ਜੋਸਫ ਕੈਸੀਓ, ਹਾਊਸ ਆਵਰ, ਮਾਰੀਓ ਮਾਰਟਨੀਜ਼, ਰੋਨਾਲਡ ਕੀਜ਼, ਮਾਰਕ ਪਰੋਵੈਂਕਲੋ, ਲੂਈਸ ਗੁਜ਼ਮੇਨ ਅਤੇ ਕ੍ਰਿਸਟੀਨੋ ਰੋਡਰੇਜ਼ ਸ਼ਾਮਲ ਹਨ। ਲੈਥਰੋਪ ਪੁਲਿਸ ਸਰਵਿਸ ਤੋਂ ਹਾਸਲ ਕੀਤੀ ਸੂਚਨਾ ਅਨੁਸਾਰ ਗ੍ਰਿਫ਼ਤਾਰ ਹੋਏ ਲੋਕਾਂ ਵਿਚੋਂ ਕੋਈ ਵੀ ਲੈਥਰੋਪ ਦਾ ਬਾਸ਼ਿੰਦਾ ਨਹੀਂ ਸੀ ਅਤੇ ਸਾਰੇ ਹੀ ਬਾਹਰੋ ਆਏ ਸਨ। ਪੁਲਿਸ ਮੁਖੀ ਅਨੁਸਾਰ ਲੈਥਰੋਪ ਪੁਲਿਸ ਵਿਭਾਗ ਵਲੋਂ ਹੁਣ ਤੱਕ ਦਾ ਇਹ ਸਭ ਤੋਂ ਵੱਡਾ ਆਪ੍ਰੇਸ਼ਨ ਸੀ, ਜਿਸ ਦੌਰਾਨ 19 ਵਿਅਕਤੀ ਇਕੱਠੇ ਗ੍ਰਿਫ਼ਤਾਰ ਕੀਤੇ ਗਏ। ਪੁਲਿਸ ਮੁਖੀ ਨੇ ਦੱਸਿਆ ਕਿ ਇਹ ਲੋਕ ਘੱਟ ਉਮਰ ਦੀਆਂ ਲੜਕੀਆਂ ਨੂੰ ਆਨਲਾਈਨ ਡੇਟਿੰਗ ਕਰਕੇ ਮਿਲਣ ਦਾ ਥਾਂ ਨਿਸ਼ਚਿਤ ਕਰਦੇ ਸਨ ਪਰ ਇਸ ਵਾਰ ਇਹ ਆਪ੍ਰੇਸ਼ਨ ਪੁਲਿਸ ਵਲੋਂ ਕੀਤਾ ਗਿਆ। ਦੋ ਹਫ਼ਤੇ ਚੱਲੇ ਇਸ ਆਪ੍ਰੇਸ਼ਨ ਵਿਚ ਇਹ ਲੋਕ ਹਿਰਾਸਤ ਵਿਚ ਲਏ ਗਏ ਹਨ।

ਪੁਲਿਸ ਮੁਖੀ ਨੇ ਦੱਸਿਆ ਕਿ ਮਾਂ-ਬਾਪ ਨੂੰ ਆਪਣੇ ਬੱਚਿਆਂ 'ਤੇ ਸਖ਼ਤ ਨਿਗ੍ਹਾ ਰੱਖਣ ਦੀ ਲੋੜ ਹੈ ਤਾਂ ਕਿ ਅਜਿਹੇ ਲੋਕਾਂ ਤੋਂ ਉਨ੍ਹਾਂ ਦੀ ਇੱਜ਼ਤ ਨੂੰ ਬਚਾਇਆ ਜਾ ਸਕੇ।

# ਪਤਨੀ ਦੀ ਵੇਬਫਾਈ ਨੇ ਕੀਤਾ ਪਤੀ ਨੂੰ ਸੁਦਾਈ

ਰਮੇਸ਼ ਜੋ ਮੇਰਾ ਚੰਗਾ ਦੋਸਤ ਹੋਣ ਦੇ ਨਾਲ ਸਕੇ ਭਰਾਵਾਂ ਵਾਂਗ ਸਾਡਾ ਮਿਲਵਰਣ ਸਦਾਂ ਹੀ ਰਿਹਾ ਸੀ ਆਪਸੀ ਹਰੇਕ ਦੁੱਖ ਸੁੱਖ ਵਿੱਚ ਇੱਕ ਦੂਜੇ ਦੇ ਸਹਾਈ ਹੁੰਦੇ ਆ ਰਹੇ ਸਾਂ।ਪਰ ਮੈਂ ਕਈ ਦਿਨਾਂ ਤੋਂ ਵੇਖ ਰਿਹਾ ਸਾਂ ਕਿ ਰਮੇਸ਼ ਦੇ ਚਿਹਰੇ ਤੇ ਪਹਿਲਾਂ ਵਾਲੀ ਰੌਣਕ ਨਹੀਂ ਸੀ ਅਤੇ ਨਾ ਹੀ ਉਹ ਪਹਿਲਾਂ ਦੀ ਤਰ੍ਹਾਂ ਹੁਣ ਖ਼ੁੱਸ਼ਮਜਾਜੀ ਨਾਲ ਕੋਈ ਵੀ ਗੱਲ ਬਾਤ ਕਰਦਾ ਸੀ। ਮੈਂ ਕਈ ਵਾਰੀ ਇਸ ਚੁੱਪੀ ਦਾ ਕਾਰਣ ਪੁੱਛਿਆ ਤਾਂ ਉਸ ਨੇ ਦੱਸਣ ਤੋਂ ਆਨਾਕਾਲੀ ਕਰ ਛੱਡਣੀ।ਪਰ ਮੇਰੇ ਦਿਲ ਨੂੰ ਸਦਾਂ ਹੀ ਇਸ ਗਲ ਦੀ ਚਿੰਤਾਂ ਰਹੀ , ਮੇਰੇ ਜ਼ਿਹਨ ਵਿੱਚ ਕਈ ਤਰ੍ਹਾਂ ਦੇ ਵਿਚਾਰ ਆਉਂਦੇ ਰਹਿੰਦੇ ਸਨ ਕਿ ਬੱਚਿਆਂ ਵੱਲੋਂ ਵੀ ਸੁੱਖੀ ਹੈ ਉਸ ਦੇ ਲੜਕੇ ਦਾ ਕਾਰੋਬਾਰ ਚੰਗਾ ਚੱਲਦਾ ਹੈ ਪਰ ਦੁੱਖ ਕਿਸ ਗੱਲ ਦਾ ਹੈ ਜੋ ਉਸ ਦੇ ਜਿਆਦਾ ਸਮਾਂ ਚੁੱਪ ਰਹਿਣ ਬਾਰੇ ਗੱਲ ਮੇਰੀ ਸਮਝ ਵਿੱਚ ਨਹੀਂ ਸੀ ਆ ਰਹੀ।

ਕੁੱਝ ਦਿਨ ਬੀਤਣ ਬਾਅਦ ਰਮੇਸ਼ ਦੇ ਬੇਟੇ ਦਾ ਰਾਤ ਸਮੇਂ ਫੋਨ ਆਇਆ ਕਿ ਅੰਕਲ ਜੀ ਜਲਦੀ ਆਵੋ ਡੈਡੀ ਸੁਰਤ ਨਹੀਂ ਸੁਭਾਂਲ ਰਹੇ ਪਤਾ ਨਹੀਂ ਕੀ ਹੋਇਆ ਹੈ । ਇਹ ਸੁਣ ਦੇ ਮੇਰੇ ਪੈਰਾਂ ਹੇਠੋਂ ਜਮੀਨ ਖਿਸ਼ਕ ਗਈ । ਮੈਂ ਜਲਦੀ ਉੱਠ ਕੇ ਰਮੇਸ਼ ਦੇ ਘਰ ਪੁੱਜਾ ਤਾਂ ਉਸ ਦਾ ਲੜਕਾ ਤੇ ਰਮੇਸ਼ ਦੀ ਪਤਨੀ ਸਹਿਮੇ ਜਿਹੇ ਕੋਲ ਬੈਠੇ ਸਨ। ਮੈਂ ਵੇਖਿਆ ਕਿ ਉਹ ਸ਼ਰਾਬ ਦੇ ਨਸ਼ੇ ਵਿੱਚ ਬੇਸੁਰਤ ਹੋਇਆ ਪਿਆ ਸੀ, ਹੈਰਾਨੀ ਹੋਰ ਵੀ ਵੱਧ ਗਈ ਕਿ ਉਸ ਨੇ ਅੱਜ ਤੱਕ ਕਦੇ ਕੋਈ ਵੀ ਨਸ਼ਾ ਨਹੀਂ ਸੀ ਕੀਤਾ ਤੇ ਅੱਜ ਐਨੀ ਜਿਆਦਾ ਸ਼ਰਾਬ ਪੀਤੀ ਹੋਈ ਹੈ ਕਿ ਉਸ ਨੂੰ ਆਪਣੀ ਹੋਸ਼ ਤੱਕ ਵੀ ਨਹੀਂ ਹੈ। ਉਸ ਦੇ ਬੂਟ ਖੋਲ ਕੇ ਲੰਮਾ ਪਾਇਆ ਤਾਂ ਰਾਤ ਕਾਫ਼ੀ ਬੀਤਣ ਤੋਂ ਬਾਅਦ ਮੈਂ ਆਪਣੇ ਘਰ ਨੂੰ ਆ ਗਿਆ ਤੇ ਉਨ੍ਹਾਂ ਨੂੰ ਹੋਸਲਾਂ ਦਿੰਦੇ ਹੋਏ ਕਿਹਾ ਕੋਈ ਗੱਲ ਨਹੀਂ ਤੁਸੀਂ ਘਬਰਾਓ ਨਾ ਸਵੇਰੇ ਗੱਲ ਕਰਾਂਗੇ।

ਮੁੜ ਘਰ ਵਾਪਿਸ ਆਉਣ ਤੇ ਵੀ ਰਾਤ ਨੂੰ ਨੀਂਦ ਨਾ ਆਈ ਸਾਰੀ ਰਾਤ ਸੋਚ ਵਿਚਾਰ'ਚ ਹੀ ਲੰਘ ਗਈ। ਸਵੇਰੇ ਹੁੰਦੇ ਸਾਰ ਹੀ ਮੈਂ ਰਮੇਸ਼ ਦੇ ਘਰ ਗਿਆ ਤਾਂ ਉਸ ਨੂੰ ਨਾਲ ਲੈ ਕੇ ਘਰੋਂ ਬਾਹਰ ਇਕਾਂਤ ਵਿੱਚ ਲੈ ਗਿਆ ਤੇ ਰਾਤ ਦੇ ਵਾਕਿਆ ਬਾਰੇ ਪੁੱਛਿਆ ਤਾਂ ਉਸ ਨੇ ਕੁੱਝ ਸਮਾਂ ਚੁੱਪ ਧਾਰੀ ਰੱਖੀ ਅਤੇ ਮੇਰੇ ਵੱਲੋਂ ਜ਼ੋਰ ਦੇ ਕੇ ਪੁੱਛਣ ਤੇ ਲੰਮਾ ਸਾਹ ਲੈਂਦੇ ਹੋਏ ਨੇ ਕਿਹਾ " ਕਿ ਦੱਸਾਂ ਯਾਰ ਝੱਗਾ ਚੁੱਕਦਿਆਂ ਆਪਣਾ ਹੀ ਢਿੱਡ ਨੰਗਾ ਹੁੰਦਾ ਹੈ" ਕਹਿੰਦੇ ਹੋਏ ਨੇ ਆਪਣੀ ਜੇਬ ਵਿੱਚ ਮੋਬਾਇਲ ਕੱਢ ਕੇ ਫੜਾਉਂਦੇ ਨੇ ਕਿਹਾ ਇਹ ਮੋਬਾਇਲ ਮੇਰੀ ਘਰਵਾਲੀ ਦਾ ਹੈ ਤੇ ਇਸ ਦੀ ਰੀਕਾਰਡਿੰਗ ਨੂੰ ਤੂੰ ਆਪੇ ਹੀ ਇੱਕ ਵਾਰੀ ਸੁਣ ਲੈ ਇੱਕ ਪੱਲ ਲਈ ਤਾਂ ਮੈਨੂੰ ਅਜੀਬ ਜਿਹਾ ਲੱਗਾ ਕਿ ਇਹ ਕੀ ਕਿਹ ਰਿਹਾ ਹੈ ਫਿਰ ਵੀ ਮੈਨੂੰ ਉਸ ਦੀ ਬੇਚੈਨੀ ਵੇਖ ਕੇ ਮੇਰੇ ਕੋਲ ਹੋਰ



ਕੋਈ ਚਾਰਾ ਨਾ ਰਿਹਾ ਤਾਂ ਮੈਂ ਫੋਨ ਫੜ ਕੇ ਜੱਦ ਸੁਨਣ ਲੱਗਾ ਤਾਂ ਆਵਾਜ ਆਈ "ਜਾਨ ਕਿੰਨੇ ਹੀ ਦਿਨ ਹੋ ਗਏ ਤੂੰ ਆਪਣਾ ਹਸੀਨ ਮੁਖੜਾ ਵੀ ਨਹੀਂ ਦਿਖਾਇਆ ਇਹ ਤਾਂ

ਵਿਨੋਦ ਫ਼ਕੀਰਾ
ਮੋ.098721 97326

ਸ਼ੁਕਰ ਹੈ ਕਿ ਤੇਰੀ ਮਿੱਠੀ ਜਹੀ ਅਵਾਜ਼ ਤਾਂ ਸੁਣ ਲੈਂਦਾਂ ਹਾਂ" ਅਗੋਂ ਜਵਾਬ ਸੁਣ ਕੇ ਮੇਰੀ ਜੀਭ ਦੰਦਾਂ ਹੇਠਾਂ ਦੱਬੀ ਰਿਹ ਗਈ "ਕੀ ਕਰਾਂ ਯਾਰ ਕਈ ਦਿਨਾਂ ਤੋਂ ਤੈਨੂੰ ਤਾਂ ਪਤਾ ਹੀ ਹੈ ਦੀਪੂ ਵੀ ਘਰੇ ਹੀ ਰਹਿੰਦਾ..........." ਇਸ ਤੋਂ ਵੱਧ ਮੇਰੇ ਤੋਂ ਹੋਰ ਬੋਲ ਸੁਣੇ ਵੀ ਨਾ ਜਾ ਸਕੇ ਕਿਉਂਕਿ ਇਹ ਅਵਾਜ ਕਿਸੇ ਹੋਰ ਦੀ ਨਹੀਂ ਬਲਕਿ ਰਮੇਸ਼ ਦੀ ਪਤਨੀ ਦੀ ਸੀ ਤੇ ਮੈਂ ਕੋਈ ਵੀ ਸਵਾਲ ਕਰਨਾ ਮੁਨਾਸਿਬ ਨਹੀਂ ਸਮਝਿਆ ਤੇ ਰਮੇਸ਼ ਨੇ ਦੱਸਿਆ ਕਿ ਮੇਰੇ ਵੱਲੋਂ ਦਿਨੇ ਕਈ ਵਾਰੀ ਮੋਬਾਇਲ ਤੇ ਫੋਨ ਕਰਨਾਂ ਤਾਂ ਇਸ ਦਾ ਫੋਨ ਬੀਜੀ ਹੀ ਰਹਿੰਦਾ ਸੀ ਫਿਰ ਕੱਟ ਕੇ ਜੱਦ ਵਾਪਿਸ ਕਰਦੀ ਤਾਂ ਆਖ ਦਿੰਦੀ ਕਿ ਮੇਰੀ ਭੈਣ ਦਾ ਜਾਂ ਮੰਮੀ ਹੁਣਾ ਦਾ ਫੋਨ ਆਇਆ ਸੀ ਤਾਂ ਗੱਲ ਲੰਮੀ ਹੋਣ ਕਰਕੇ ਫੋਨ ਬੀਜੀ ਸੀ । ਇੱਕ ਦਿਨ ਤਾਂ ਹੱਦ ਹੀ ਹੋ ਗਈ ਜੱਦ ਮੈਂ ਦਰਵਾਜੇ ਕੋਲ ਪੁੱਜਾ ਤਾਂ ਬੇਟੇ ਨੇ ਕਿਹਾ " ਮੰਮਾ ਤੁਸੀਂ ਕਿਸ ਨਾਲ ਫੋਨ ਤੇ ਚੁੰਬੜੇ ਪਏ ਹੋ" ਤਾਂ ਬੇਟੇ ਦੀ ਆਵਾਜ ਸੁਣ ਕੇ ਮੈਂ ਹੱਕਾ ਬੱਕਾ ਰਿਹ ਗਿਆ ਤੇ ਦਰਵਾਜਾ ਨੂੰ ਖੋਲੇ ਵਗੈਰ ਹੀ ਖੜੋ ਗਿਆ ਤਾਂ ਉਸ ਨੇ ਇੱਕਦਮ ਹੀ ਦੀਪੂ ਨੂੰ ਆਖ ਦਿੱਤਾ ਕਿ "ਤੇਰੇ ਪਾਪਾ ਫੋਨ ਆਇਆ ਹੈ" ।ਮੇਰੇ ਸਮੱਝ ਤੋਂ ਬਾਹਰ ਦੀ ਗੱਲ ਸੀ । ਫਿਰ ਮੈਂ ਉਸ ਦਾ ਅਸਲ ਰੂਪ ਵੇਖਣ ਲਈ ਫੋਨ ਨੂੰ ਰਿਕਾਰਡਿੰਗ ਤੇ ਲਗਾ ਕੇ ਆਇਆ ਤੇ ਮੈਂ ਥੋੜਾ ਜਲਦੀ ਜਾ ਕੇ ਉਸ ਦਾ ਫੋਨ ਵੇਖਣ ਲੱਗਾ ਤਾਂ ਉਸ ਦੇ ਹੋਸ਼ ਉੱਡ ਗਏ ਤੇ ਘੁਬਰਾਈ ਹੋਈ "ਕਹਿੰਦੀ ਪਹਿਲਾਂ ਤਾਂ ਤੁਸੀਂ ਮੇਰਾ ਫੋਨ ਕਦੇ ਨਹੀਂ ਵੇਖਿਆ ਅੱਜ ਕੀ ਗੱਲ ਹੋ ਗਈ ਜੋ ਆਉਂਦੇ ਸਾਰ ਹੀ ਮੇਰਾ ਮੋਬਾਇਲ ਫੜ ਕੇ ਵੇਖਣ ਲੱਗ ਗਏ" ਤੇ ਮੈਂ ਕਿਹਾ "ਅੱਜ ਆਪਣੇ ਭਰੋਸੇ ਨੂੰ ਹੀ ਪਰਖੱਣਾ ਹੈ" ਉਹੀ ਗੱਲ ਹੋਈ ਪੱਲਾਂ ਵਿੱਚ ਹੀ ਸ਼ੱਕ ਯਕੀਨ ਵਿੱਚ ਬਦਲ ਗਿਆ ਰਮੇਸ਼ ਭਰੇ ਹੋਏ ਮਨ ਨਾਲ ਇੱਕੋ ਸਾਹੇ ਹੀ ਬੋਲ ਰਿਹਾ ਸੀ ਤੇ ਕਹਿਣ ਲੱਗਾ ਇਹ ਜੋ ਆਦਮੀ ਦੀ ਅਵਾਜ ਹੈ ਨਾ ਇਹ ਸਾਡੇ ਹੀ ਮੁਹੱਲੇ ਦਾ ਹੈ। ਹੁਣ ਮੈਂ ਇਸ ਮਹੁੱਲੇ ਵਿੱਚ ਕਿਸ ਤਰ੍ਹਾਂ ਰਿਹ ਸਕਦਾ ਹਾਂ ਇਸ ਲਈ ਮੈਂ ਮਰ ਜਾਣਾ ਹੈ ਜਿਸ ਨੂੰ ਮੈਂ ਸਾਰੇ ਸੁੱਖ ਦਿੱਤੇ ਉਸ ਨੇ ਹੀ ਮੇਰੇ ਨਾਲ ਬੇਵਫਾਈ ਕਰਕੇ ਮੈਨੂੰ ਸੁਦਾਈ ਬਣਾ ਦਿੱਤਾ ਹੈ।

ਹੁਣ ਮੈਨੂੰ ਸਮਝ ਨਹੀਂ ਆ ਰਿਹਾ ਸੀ ਕਿ ਮੈਂ ਰਮੇਸ਼ ਨੂੰ ਇੱਕ ਸੱਚਾ ਸਾਥੀ ਹੋਣ ਦੇ ਨਾਤੇ ਉਸ ਨੂੰ ਕੀ ਸਮਝਵਾਂ ਜੱਦ ਕਿ ਉਸ ਦੀ ਅਸਲ ਜੀਵਨ ਸਥਾਣ ਨੇ ਹੀ ਉਸ ਨੂੰ ਧੋਖਾ ਦੇ ਕੇ ਆਪਣੇ ਖੁਸ਼ਹਾਲ ਜੀਵਨ ਨੂੰ ਬਰਬਾਦ ਕਰ ਲਿਆ ਪਤਾ ਨਹੀਂ ਰਮੇਸ਼ ਜਿਹੇ ਨੇਕ ਦਿਲ ਇਨਸਾਨ ਤੋਂ ਵੱਧ ਪਿਆਰ ਕਰਨ ਵਾਲਾ ਉਸ ਦੀ ਨਜ਼ਰ ਵਿੱਚ ਕੌਣ ਆ ਗਿਆ ਤੇ ਜਿਸ ਕਰਕੇ ਉਸ ਵੱਲੋਂ ਆਪਣੇ ਹੱਸਦੇ ਵੱਸਦੇ ਘਰ ਦੀਆਂ ਖੁੱਸ਼ੀਆਂ ਨੂੰ ਪਲਾਂ ਵਿੱਚ ਹੀ ਅਗਨ ਭੇਟ ਕਰ ਦਿੱਤਾ ਤੇ ਨਾ ਹੁਣ ਉਹ ਰਮੇਸ਼ ਨੂੰ ਮਨਾਉਣ ਦੀ ਹਿੰਮਤ ਰੱਖਦੀ ਸੀ ਅਤੇ ਨਾ ਹੀ ਰਮੇਸ਼ ਉਸ ਦੀ ਗੱਲ ਤੇ ਰਤਾ ਭਰ ਯਕੀਨ ਕਰਨ ਨੂੰ ਤਿਆਰ ਸੀ। ਉਸ ਤੋਂ ਬਾਅਦ ਰਮੇਸ਼ ਕਦੇ ਵੀ ਮੁੜ ਕੇ ਆਪਣੇ ਘਰ ਵਾਪਿਸ ਨਹੀਂ ਗਿਆ ਤੇ ਜੱਦ ਕਿਤੇ ਬਾਹਲਾ ਹੀ ਇੱਕਲਾਪਨ ਮਹਿਸੂਸ ਕਰਦਾ ਤਾਂ ਮੇਰੇ ਕੋਲ ਆ ਜਾਂਦਾ ਪਰ ਨਾ ਪਹਿਲਾਂ ਵਾਲੀਆਂ ਗੱਲਾਂ ਤੇ ਨਾ ਹਾਸਾ ਉਸ ਦੇ ਚਿਹਰੇ ਤੇ ਹੁੰਦਾ ਜੇ ਕੋਈ ਗੱਲ ਕਰਦੇ ਵੀ ਤਾਂ ਬਨਾਉਟੀ ਜਿਹਾ ਹਾਸਾ ਹੱਸ ਕੇ ਗੱਲ ਟਾਲ ਦਿੰਦਾ ਤੇ ਮੇਰੀਆਂ ਅੱਖਾਂ ਸਾਹਮਣੇ ਹੀ ਇੱਕ ਸੱਚੇ ਅਤੇ ਨੇਕ ਦਿਲ ਇਨਸਾਨੀ ਰੂਹ ਦੀ ਹੋਈ ਮੌਤ ਨੂੰ ਵੇਖ ਕੇ ਹਿਰੱਦੇ ਨੂੰ ਧੂਹ ਜਿਹੀ ਪੈ ਜਾਂਦੀ ਸੀ।

ਸਟੇਟ ਐਵਾਰਡੀ,
ਆਰੀਆ ਨਗਰ, ਕਰਤਾਰਪੁਰ, ਜਲੰਧਰ।
vinodfaqira8@gmial.com

# ਗੁਰਿੰਦਰ ਸਿੰਘ ਖ਼ਾਲਸਾ ਪ੍ਰਦਰਸ਼ਨਕਾਰੀਆਂ ਨੂੰ ਦਾਨ ਕਰਨਗੇ ਦਸ ਲੱਖ ਡਾਲਰ ਦੇ ਮਾਸਕ



ਵਾਸ਼ਿੰਗਟਨ : ਮੰਨੇ-ਪ੍ਰਮੰਨੇ ਭਾਰਤੀ-ਅਮਰੀਕੀ ਗੁਰਿੰਦਰ ਸਿੰਘ ਖ਼ਾਲਸਾ ਨੇ ਜੂਨਟੀਨਥ ਮੌਕੇ ਘੋਸ਼ਣਾ ਕੀਤੀ ਹੈ ਕਿ ਉਹ ਅਮਰੀਕਾ ਵਿਚ ਪ੍ਰਦਸ਼ਨਕਾਰੀਆਂ ਨੂੰ ਦਸ ਲੱਖ ਡਾਲਰ ਦੇ ਮਾਸਕ ਅਤੇ ਸੁਰੱਖਿਆਤਮਕ ਸ਼ੀਲਡ ਦਾਨ ਕਰਨਗੇ। ਅਮਰੀਕਾ ਵਿਚ ਪੁਲਿਸ ਹਿਰਾਸਤ ਮਾਰੇ ਗਏ ਗ਼ੈਰ-ਗੋਰੇ ਅਫ਼ਰੀਕੀ ਮੂਲ ਦੇ ਅਮਰੀਕੀ ਨਾਗਰਿਕ ਜਾਰਜ ਫ਼ਲਾਇਡ ਨੂੰ ਨਿਆਂ ਦਿਵਾਉਣ ਲਈ ਵੱਡੀ ਗਿਣਤੀ ਵਿਚ ਲੋਕ ਪ੍ਰਦਰਸ਼ਨ ਕਰ ਰਹੇ ਹਨ। ਇਨ੍ਹਾਂ ਪ੍ਰਦਰਸ਼ਨਕਾਰੀਆਂ ਲਈ ਗੁਰਿੰਦਰ ਸਿੰਘ ਖ਼ਾਲਸਾ ਨੇ 10 ਲੱਖ ਡਾਲਰ ਦੇ ਮਾਸਕ ਦਾਨ ਕਰਨ ਦਾ ਫ਼ੈਸਲਾ ਕੀਤਾ ਹੈ।

ਜੂਨਟੀਨਥ ਅਮਰੀਕਾ ਵਿਚ ਦਾਸ ਪ੍ਰਥਾ ਦੇ ਅੰਤ ਦੀ ਖ਼ੁਸ਼ੀ ਵਿਚ ਮਨਾਇਆ ਜਾਂਦਾ ਹੈ। ਰੋਜ਼ਾ ਪਾਰਕਸ ਟਰੇਲਬਲੇਜ਼ਰ ਪੁਰਸਕਾਰ ਨਾਲ ਸਨਮਾਨਤ ਇੰਡੀਆਨਾ ਦੇ ਰਹਿਣ ਵਾਲੇ ਗੁਰਿੰਦਰ ਸਿੰਘ ਖ਼ਾਲਸਾ ਨੇ ਕਿਹਾ, ਜੇਕਰ ਅਸੀਂ ਨਫ਼ਰਤ ਤੇ ਹਿੰਸਾ ਦੀ ਥਾਂ ਪਿਆਰ ਫੈਲਾਉਣਾ ਚਾਹੁੰਦੇ ਹਾਂ ਤਾਂ ਸਾਨੂੰ ਅਮਰੀਕਾ ਦੀ ਅਸਲੀ ਤਸਵੀਰ ਦਿਖਾਉਣ ਦੀ ਜ਼ਰੂਰਤ ਹੈ। ਉਨ੍ਹਾਂ ਨੇ ਹਰ ਅਮਰੀਕੀ ਨੂੰ ਅਪੀਲ ਕੀਤੀ ਹੈ ਕਿ ਉਹ ਮਾਰਟਿਨ ਲੂਥਰ ਕਿੰਗ ਜੂਨੀਅਰ ਅਤੇ ਮਹਾਤਮਾ ਗਾਂਧੀ ਵਰਗੇ ਨੇਤਾਵਾਂ ਦੇ ਦਿਖਾਏ ਸ਼ਾਂਤੀਪੂਰਣ ਪ੍ਰਦਰਸ਼ਨ ਦੇ ਰਾਹ 'ਤੇ ਚਲ ਕੇ ਮੁਹਿੰਮ ਦਾ ਹਿੱਸਾ ਬਣਨ। ਮਿਨਿਆਪੋਲਿਸ ਵਿਚ ਪੁਲਿਸ ਹਿਰਾਸਤ ਮਾਰੇ ਗਏ ਗ਼ੈਰ-ਗੋਰੇ ਅਫ਼ਰੀਕੀ ਮੂਲ ਦੇ ਅਮਰੀਕੀ ਨਾਗਰਿਕ ਜਾਰਜ ਫ਼ਲਾਇਡ ਨੂੰ ਨਿਆਂ ਦਿਵਾਉਣ ਲਈ ਵੱਡੀ ਗਿਣਤੀ ਵਿਚ ਲੋਕ ਪ੍ਰਦਰਸ਼ਨ ਕਰ ਰਹੇ ਹਨ।

# ਪਟਿਆਲਾ ਦੇ ਕਰਮਿੰਦਰ ਸਿੰਘ ਨੂੰ ਅਮਰੀਕੀ ਫੌਜ 'ਚ ਹਾਸਲ ਹੋਇਆ ਵੱਡਾ ਅਹੁਦਾ

ਪਟਿਆਲਾ: ਪੰਜਾਬ ਦੇ ਜ਼ਿਲ੍ਹਾ ਪਟਿਆਲਾ ਵਿਚ ਜੰਮੇ-ਪਲ਼ੇ ਡਾਕਟਰ ਕਰਮਿੰਦਰ ਸਿੰਘ ਅਮਰੀਕੀ ਫੌਜ ਵਿਚ ਦੂਜੇ ਸਿੱਖ ਮੈਡੀਕਲ ਮਾਹਿਰ ਬਣ ਗਏ ਹਨ, ਜਿਨ੍ਹਾਂ ਨੂੰ ਅਮਰੀਕੀ ਫੌਜ ਵਿਚ ਬਤੌਰ ਕੈਪਟਨ ਨਿਯੁਕਤ ਕੀਤਾ ਗਿਆ ਹੈ। 36 ਸਾਲਾ ਡਾਕਟਰ ਕਰਮਿੰਦਰ ਸਿੰਘ ਨੇ ਜੂਨ 2020 ਵਿਚ ਨੇ ਵਿਚ ਐਮਡੀ (ਇੰਟਰਨਲ ਮੈਡੀਸਨ) ਦੀ ਪੜ੍ਹਾਈ ਪੂਰੀ ਕੀਤੀ ਸੀ। ਹੁਣ ਉਹ ਯੂਐਸ ਹਥਿਆਰਬੰਦ ਫੌਜ ਦੇ ਉਹਨਾਂ ਸੀਨੀਅਰ ਅਫਸਰਾਂ ਵਿਚੋਂ ਇਕ ਹਨ ਜੋ ਪੱਗ ਬੰਨ੍ਹ ਕੇ ਅਪਣੀਆਂ ਸੇਵਾਵਾਂ ਨਿਭਾਅ ਰਹੇ ਹਨ। ਡਾਕਟਰ ਕਰਮਿੰਦਰ ਸਿੰਘ ਨੇ ਕਿਹਾ ਹੈ ਕਿ ਉਹਨਾਂ ਲਈ ਭਾਰਤ ਦੇ ਸਿੱਖ ਪਰਿਵਾਰ ਵਿਚ ਪੈਦਾ ਹੋਣਾ ਅਤੇ ਅਮਰੀਕੀ ਫੌਜ ਦਾ ਹਿੱਸਾ ਬਣਨਾ ਬੜੇ ਮਾਣ ਵਾਲੀ ਗੱਲ ਹੈ। ਉਹਨਾਂ ਕਿਹਾ, 'ਫੌਜ ਵਿਚ ਭਰਤੀ ਦੀ ਪ੍ਰਕਿਰਿਆ ਲਗਭਗ ਅੱਠ-ਨੌਂ ਮਹੀਨੇ ਪਹਿਲਾਂ ਸ਼ੁਰੂ ਹੋਈ ਸੀ, ਪਰ ਇਸ ਦੀ ਅੰਤਮ ਪੁਸ਼ਟੀ ਹੋ ਗਈ ਹੈ। ਮੈਂ ਆਪਣੀ ਸਮਰੱਥਾ ਮੁਤਾਬਕ ਦੇਸ਼ ਦੀ ਸੇਵਾ ਕਰਨ ਲਈ ਫੌਜ ਵਿਚ ਸ਼ਾਮਲ ਹੋਣ ਦਾ ਫੈਸਲਾ ਕੀਤਾ ਹੈ'। ਇਕ ਮੱਧ ਵਰਗੀ ਪਰਿਵਾਰ ਵਿਚ ਪੈਦਾ ਹੋਏ ਡਾਕਟਰ ਕਰਮਿੰਦਰ ਸਿੰਘ 2013 ਵਿਚ ਦਯਾਨੰਦ ਮੈਡੀਕਲ ਕਾਲਜ, ਲੁਧਿਆਣਾ ਤੋਂ ਪੋਸਟ ਗ੍ਰੈਜੂਏਸ਼ਨ ਪੂਰੀ ਕਰਨ ਤੋਂ ਬਾਅਦ ਯੂਐਸ ਚਲੇ ਗਏ ਸਈ 2017 ਵਿਚ ਉਹਨਾਂ ਨੇ ਕੈਲੀਫੋਰਨੀਆ ਤੋਂ ਮੈਰਿਟ ਵਿਚ ਹੈਲਥ ਐਂਡ ਬਿਜ਼ਨਸ ਐਡਮਿਨਿਸਟਰੇਸ਼ਨ ਵਿਚ ਐਮਬੀਏ ਕੀਤੀ। ਇਸ ਦੇ ਨਾਲ ਹੀ ਕੈਲੀਫੋਰਨੀਆ ਦੇ ਆਈਸਨਹਾਵਰ ਮੈਡੀਕਲ ਸੈਂਟਰ ਵਿਖੇ ਉਹਨਾਂ ਨੂੰ ਡਾਕਟਰੇਟ ਆਫ਼ ਮੈਡੀਸਨ ਵਜੋਂ ਵੀ ਚੁਣਿਆ ਗਿਆ ਹੈ ਅਤੇ ਉਹ ਅਮਰੀਕੀ ਫੌਜ ਵਿਚ ਕਮਿਸ਼ਨ ਅਧਿਕਾਰੀ ਬਣ ਗਏ ਹਨ।



ਡਾਕਟਰ ਕਰਮਿੰਦਰ ਸਿੰਘ ਦੇ ਪਿਤਾ ਜਸਵੰਤ ਸਿੰਘ ਸਾਹਨੀ ਪਟਿਆਲਾ ਵਿਖੇ ਕੱਪੜਾ ਵਪਾਰੀ ਹਨ। ਜਦੋਂ ਤੱਕ ਡਾਕਟਰ ਕਰਮਿੰਦਰ ਸਿੰਘ ਪਲਮਨਰੀ ਮੈਡੀਸਿਨ ਵਿਚ ਆਪਣੀ ਦੋ ਸਾਲਾਂ ਦੀ ਡਿਗਰੀ ਪੂਰੀ ਨਹੀਂ ਕਰਦੇ, ਉਹਨਾਂ ਨੂੰ ਹੁਣ ਦੇਸ਼ ਦੀਆਂ ਅੰਦਰੂਨੀ ਸੇਵਾਵਾਂ ਲਈ ਨਿਯੁਕਤ ਕੀਤਾ ਜਾਵੇਗਾ, ਬਾਅਦ ਵਿਚ ਉਹਨਾਂ ਵਿਦੇਸ਼ਾਂ ਵਿਚ ਭੇਜਿਆ ਜਾਵੇਗਾ।

# 24 ਅਗਸਤ ਤੋਂ ਬਾਅਦ ਮਹਿੰਗਾ ਹੋ ਸਕਦਾ ਹੈ ਹਵਾਈ ਸਫਰ

ਨਵੀਂ ਦਿੱਲੀ: ਦੇਸ਼ ਵਿਚ ਕੋਰੋਨਾਵਾਇਰਸ ਦੇ ਤੇਜ਼ੀ ਨਾਲ ਵੱਧ ਰਹੇ ਸੰਕਰਮਣ ਦੇ ਮੱਦੇਨਜ਼ਰ ਪਿਛਲੇ 24 ਮਾਰਚ ਤੋਂ ਲਾਕਡਾਊਨ ਜਾਰੀ ਹੈ। ਤਾਲਾਬੰਦੀ ਦੌਰਾਨ ਸਾਰੀਆਂ ਏਅਰਲਾਇੰਸ ਪੂਰੀ ਤਰ੍ਹਾਂ ਬੰਦ ਕਰ ਦਿੱਤੀਆਂ ਗਈਆਂ ਸਨ।

ਘਰੇਲੂ ਏਅਰਲਾਈਨਾਂ ਨੂੰ 25 ਮਈ ਤੋਂ ਤਿੰਨ ਮਹੀਨਿਆਂ ਲਈ ਦੁਬਾਰਾ ਖੋਲ੍ਹਿਆ ਗਿਆ ਸੀ ਅਤੇ ਉਸ ਸਮੇਂ ਹਵਾਈ ਜਹਾਜ਼ ਵਿਚ ਯਾਤਰਾ ਕਰਨ ਲਈ ਕਿਰਾਏ ਦੀ ਸੀਮਾ ਵੀ ਨਿਰਧਾਰਤ ਕੀਤੀ ਗਈ ਸੀ। ਹਾਲਾਂਕਿ, ਇਸ ਸਮੇਂ ਦੌਰਾਨ, ਏਅਰਲਾਈਨਾਂ ਨੂੰ ਇੰਨੇ ਯਾਤਰੀ ਨਹੀਂ ਮਿਲੇ ਜਿੰਨੇ ਉਮੀਦ ਕੀਤੀ ਜਾ ਰਹੀ ਸੀ। ਅਜਿਹੀ ਸਥਿਤੀ ਵਿੱਚ, ਤਿੰਨ ਮਹੀਨਿਆਂ ਦੀ ਡੈੱਡਲਾਈਨ 24 ਅਗਸਤ ਨੂੰ ਖਤਮ ਹੋ ਰਹੀ ਹੈ, ਅਜਿਹੀ ਸਥਿਤੀ ਵਿੱਚ, ਇਹ ਉਮੀਦ ਕੀਤੀ ਜਾਂਦੀ ਹੈ ਕਿ 24 ਅਗਸਤ ਤੋਂ ਬਾਅਦ ਉਨ੍ਹਾਂ ਦੀਆਂ ਕੀਮਤਾਂ ਵਿੱਚ ਵਾਧਾ ਹੋ ਸਕਦਾ ਹੈ।

ਇਸ ਦੌਰਾਨ, ਹੁਣ ਖ਼ਬਰਾਂ ਆ ਰਹੀਆਂ ਹਨ ਕਿ ਅਗਲੇ ਮਹੀਨੇ ਤੋਂ ਕੁਝ ਦੇਸ਼ਾਂ ਨਾਲ ਯਾਤਰਾ ਦੇ ਬੁਲਬੁਲਾ ਬਣਾਉਣ ਨਾਲ ਏਅਰਲਾਈਨਾਂ ਨੂੰ ਦੁਬਾਰਾ



ਸ਼ੁਰੂ ਕੀਤਾ ਜਾ ਸਕਦਾ ਹੈ। ਇੱਥੇ ਸਮਝਣ ਵਾਲੀ ਗੱਲ ਇਹ ਹੈ ਕਿ ਆਖਰਕਾਰ ਯਾਤਰਾ ਦਾ ਬੁਲਬੁਲਾ ਕੀ ਹੈ।

ਕੋਰੋਨਾ ਮਹਾਂਮਾਰੀ ਦੇ ਇਸ ਪਲ ਵਿਚ, ਇਕ ਦੇਸ਼ ਦੂਜੇ ਦੇਸ਼ ਤੋਂ ਏਅਰਲਾਈਨਾਂ ਸ਼ੁਰੂ ਕਰਨ ਲਈ ਇਕ ਸਮਝੌਤਾ ਕਰਦਾ ਹੈ। ਇਸ ਦੇ ਤਹਿਤ ਦੋਵੇਂ ਦੇਸ਼ਾਂ ਦੇ ਯਾਤਰੀ ਇਕ ਦੂਜੇ ਦੇ ਦੇਸ਼ ਦੀ ਯਾਤਰਾ ਕਰ ਸਕਦੇ ਹਨ। ਇੱਕ ਦੇਸ਼ ਇਸ ਕਿਸਮ ਦਾ ਬੁਲਬੁਲਾ ਕਈ ਹੋਰ ਦੇਸ਼ਾਂ ਦੇ ਨਾਲ ਵੀ ਬਣਾ ਸਕਦਾ ਹੈ।

ਉਦਾਹਰਣ ਵਜੋਂ, ਜੇ ਭਾਰਤ ਬੰਗਲਾਦੇਸ਼ ਅਤੇ ਸ੍ਰੀਲੰਕਾ ਦੇ ਨਾਲ ਯਾਤਰਾ ਦਾ ਬੁਲਬੁਲਾ ਬਣਾਉਂਦਾ ਹੈ, ਤਾਂ ਇਨ੍ਹਾਂ ਦੋਵਾਂ ਦੇਸ਼ਾਂ ਦੇ ਯਾਤਰੀ ਭਾਰਤ ਯਾਤਰਾ ਕਰਨ ਆ ਸਕਦੇ ਹਨ ਅਤੇ ਭਾਰਤ ਤੋਂ ਯਾਤਰੀ ਵੀ ਇਨ੍ਹਾਂ ਦੋਵਾਂ ਦੇਸ਼ਾਂ ਵਿਚ ਜਾ ਸਕਦੇ ਹਨ ਪਰ ਜੇ ਭਾਰਤ ਅਮਰੀਕਾ ਦੇ ਨਾਲ ਯਾਤਰਾ ਦਾ ਬੁਲਬੁਲਾ ਬਣਾਉਂਦਾ ਹੈ, ਤਾਂ ਉੱਥੋਂ ਦੇ ਯਾਤਰੀ ਇੰਡੀਆ ਆਉਣ ਅਤੇ ਇੱਥੋਂ ਸ਼੍ਰੀਲੰਕਾ ਜਾਂ ਬੰਗਲਾਦੇਸ਼ ਨਹੀਂ ਜਾ ਸਕਣਗੇ।

ਸਰਕਾਰ ਦੀ ਯੋਜਨਾ ਹੈ ਕਿ ਅਗਲੇ ਮਹੀਨੇ ਕੁਝ ਦੇਸ਼ਾਂ ਵਿੱਚ ਏਅਰਲਾਈਨਾਂ ਸ਼ੁਰੂ ਕੀਤੀਆਂ ਜਾਣ। ਹਵਾਬਾਜ਼ੀ ਮੰਤਰੀ ਹਰਦੀਪ ਸਿੰਘ ਪੁਰੀ ਨੇ ਕਿਹਾ ਕਿ ਮਹਾਂਮਾਰੀ ਤੋਂ ਪਹਿਲਾਂ ਸਾਡੇ ਕੋਲ ਹਰ ਰੋਜ਼ 3.5 ਲੱਖ ਘਰੇਲੂ ਯਾਤਰੀ ਹੁੰਦੇ ਸਨ। 25 ਮਈ ਨੂੰ, ਜਦੋਂ ਅਸੀਂ ਦੁਬਾਰਾ ਘਰੇਲੂ ਹਵਾਈ ਸੇਵਾਵਾਂ ਸ਼ੁਰੂ ਕੀਤੀਆਂ, ਸਾਡੇ ਕੋਲ 30 ਹਜ਼ਾਰ ਯਾਤਰੀ ਸਨ। ਇਸ ਤੋਂ ਬਾਅਦ ਇਕ ਦਿਨ ਵਿਚ ਵੱਧ ਤੋਂ ਵੱਧ 72 ਹਜ਼ਾਰ ਘਰੇਲੂ ਯਾਤਰੀ ਹਵਾਈ ਜਹਾਜ਼ ਰਾਹੀਂ ਯਾਤਰਾ ਕਰ ਚੁੱਕੇ ਹਨ।

CAPITAL SERVICES
ਸਾਰੀਆਂ ਸੇਵਾਵਾਂ ਇਕੋ ਥਾਂ
Capital services
*ਇੰਡੀਅਨ ਪਾਸਪੋਰਟ
*ਇੰਡੀਅਨ ਵੀਜ਼ਾ, OCI
*ਮੁਖਤਿਆਰਨਾਮਾ
*ਇਮੀਗਰੇਸ਼ਨ ਸਰਵਿਸਜ
*ਸਿਟੀਜਨ, ਗਰੀਨ ਕਾਰਡ
*ਫੈਮਲੀ ਪਟੀਸ਼ਨ



- ਹੋਰ ਸੇਵਾਵਾਂ -
*ਕਾਰ ਟਰਾਂਸਫਰ/ਸਟਿੱਕਰ, *ਇੰਸ਼ੋਰੈਂਸ: ਕਾਰ, ਘਰ ਤੇ ਬਿਜਨਸ
*ਲਾਈਵ ਸਕੈਨ/ਫਿੰਗਰ ਪ੍ਰਿੰਟ, *ਨੋਟਰੀ ਪਬਲਿਕ *ਮੇਲ ਬੌਕਸ
*ਫੈਕਸ, ਕਾਪੀ, ਬਿਜਨਸ ਕਾਰਡ, ਵਿਆਹ ਦੇ ਕਾਰਡ ਅਤੇ ਹੋਰ।
ਜੇਕਰ ਤੁਸੀਂ ਜਾਂ ਤੁਹਾਡਾ ਕੋਈ ਰਿਸ਼ਤੇਦਾਰ ਅਮਰੀਕਾ ਵਿੱਚ ਨਵਾਂ ਆਇਆ ਤਾਂ ਇੰਟਰਨੈਸ਼ਨਲ ਡਰਾਵਿੰਗ ਲਾਇਸੰਸ ਲੈਣ ਲਈ ਸੰਪਰਕ ਕਰੋ।
Call, Banga (916) 427-4321, Fax (916) 258-0441
email: sacramento99@yahoo.com, website: capitalservices.us

ਸਾਡੇ ਪਿੰਡ
ਸਾਡੇ ਲੋਕ
ਜਸਵਿੰਦਰ ਸਿੰਘ ਛਿੰਦਾ
98721-93320



ਜਸਵਿੰਦਰ ਸਿੰਘ ਛਿੰਦਾ 'ਸਾਡੇ ਲੋਕ' ਲਈ ਲੜੀਵਾਰ ਕਾਲਮ 'ਸਾਡੇ ਪਿੰਡ ਸਾਡੇ ਲੋਕ' ਇਸ ਹਫਤੇ ਤੋਂ ਸ਼ੁਰੂ ਕਰ ਰਹੇ ਹਨ ਜਿਸ ਵਿਚ ਉਹ ਚਲੰਤ ਅਤੇ ਕਰੰਟ ਮਸਲਿਆਂ 'ਤੇ ਵਿਅੰਗਮਈ ਸ਼ੈਲੀ ਵਿਚ ਲਿਖ ਕੇ ਜਿੱਥੇ ਪਾਠਕਾਂ ਨੂੰ ਪੰਜਾਬ ਤੇ ਦੇਸ਼ ਦੁਨੀਆਂ ਦੇ ਮਸਲਿਆਂ ਬਾਰੇ ਜਾਣੂ ਕਰਵਾਏਗਾ, ਉੱਥੇ ਪੇਂਡੂ ਪਾਤਰਾਂ ਦੁਆਰਾ ਪਾਠਕਾਂ ਦਾ ਮਨੋਰੰਜਨ ਵੀ ਕਰੇਗਾ। ਸਰਵਪੱਖੀ ਸ਼ਖਸੀਅਤ ਦੇ ਮਾਲਕ ਜਸਵਿੰਦਰ ਛਿੰਦੇ ਨੂੰ ਅਸੀਂ 'ਸਾਡੇ ਲੋਕ' ਅਖਬਾਰ ਦੇ ਪਾਠਕਾਂ ਲਈ ਛਾਪ ਕੇ ਅਸੀਮ ਖੁਸ਼ੀ ਲੈ ਰਹੇ ਹਾਂ।
-ਸਤਨਾਮ ਸਿੰਘ ਖਾਲਸਾ

# ਹਿੰਦੀ ਚੀਨੀ ਭਾਈ-ਭਾਈ, ਮੁਸ਼ਕੜੀਆਂ ਹੱਸਦਿਆਂ ਅੱਖ ਦਿਖਾਈ



**ਰਤਨਾ:-** ਪੁੱਤ ਮਾਹਟਰਾ, ਆਹ ਚੀਨ ਵਾਲਿਆਂ ਨੇ ਚੰਗਾ ਨਹੀਂ ਕੀਤਾ ਆਪਣੇ 20 ਫੌਜੀ ਜਵਾਨ ਸ਼ਹੀਦ ਕਰਤੇ।

**ਮਾਸਟਰ:-** ਹਾਂ ਤਾਇਆ ਜੀ।

**ਭਜਨਾ ਅਮਲੀ:-** ਇਹ ਚੀਨ ਨੇ ਹਮੇਸ਼ਾ ਆਪਣੇ ਮੁਲਕ ਨੂੰ ਦੁਸ਼ਮਣ ਦੀ ਅੱਖ ਨਾਲ ਈ ਦੇਖਿਆ।

**ਭਾਨ੍ਹਾ:-** ਸਈ ਕਿਹਾ ਬਾਈ ਤੂੰ। ਮਾਹਟਰ ਜੀ ਮੈਂ ਸੁਣਿਆਂ ਇਹ ਚੀਨੀਆਂ ਤੇ ਆਪਣੇ ਫੌਜੀਆਂ ਦੀ ਹੋਈ ਲੜਾਈ ਵਿਚ ਗੋਲੀ-ਗੂਲੀ ਤਾਂ ਕੋਈ ਚੱਲੀ 'ਨੀ ਪਰ 22 ਆਪਣੇ ਤੇ 40 ਉਨ੍ਹਾਂ ਦੇ ਫੌਜੀ ਸ਼ਹੀਦ ਹੋ ਗਏ ?

**ਮਾਸਟਰ:-** ਭਗਵਾਨ ਸਿਆਂ, ਸਰਹੱਦਾਂ 'ਤੇ ਦੇਸ਼ ਦੀ ਰਖਵਾਲੀ ਕਰਦੇ ਇਹ ਫੌਜੀ ਜਵਾਨ ਆਪਣੀ ਮਰਜ਼ੀ ਨਾਲ ਕੁਝ ਵੀ ਨਹੀਂ ਕਰ ਸਕਦੇ।

**ਭਾਨ੍ਹਾ:-** ਉਹ ਕਿਉਂ ਮਾਹਟਰ ਜੀ ?

**ਮਾਸਟਰ:-** ਕਿਉਂਕਿ ਉਨ੍ਹਾਂ ਦੇ ਹੱਥ ਵੱਸ ਕੁਝ ਨਹੀਂ ਹੁੰਦਾ, ਸਭ ਕੁਝ ਹਕੂਮਤ ਦੇ ਵੱਸ ਵਿਚ ਹੁੰਦਾ। ਉਹ ਜਿਨ੍ਹਾਂ ਚਿਰ ਇਸ਼ਾਰਾ ਨਾ ਕਰੇ ਫੌਜੀ ਜਵਾਨ ਹਿੱਲ ਵੀ ਨਹੀਂ ਸਕਦੇ।

**ਭਜਨਾ ਅਮਲੀ:-** ਇਹ ਕੀ ਗੱਲ ਹੋਈ, ਇਹ ਤਾਂ ਫਿਰ ਉਨਾਂ੍ ਨਾਲ ਧੱਕਾ ਈ ਹੋਇਆ ਕੇ ਮਾਹਟਰਾ। ਦੁਸ਼ਮਣ ਭਾਵੇਂ ਸਿਰ 'ਤੇ ਚੜ੍ਹ ਜਾਵੇ ਪਰ ਇਹ ਬਿਚਾਰੇ ਉਵੇਂ ਬੈਠੇ ਰਹਿਣਗੇ। ਇਹ ਤਾਂ ਫੇਰ ਉਨਾਂ੍ ਬਿਚਾਰਿਆਂ ਨੂੰ ਅਣਿਆਈ ਮੌਤ ਮਾਰਨਾ ਹੀ ਆ।

**ਭਾਨ੍ਹਾ:-** ਸਈ ਕਿਹਾ ਬਾਈ ਤੂੰ, ਇਹ ਤਾਂ ਸਰਾਸਰ ਧੱਕਾ ਉਨ੍ਹਾਂ ਨਾਲ। ਤਾਹੀਂ ਤਾਂ ਬਿਚਾਰੇ 20 ਜਵਾਨ ਸ਼ਹੀਦ ਹੋ ਗਏ।

**ਮਾਸਟਰ:-** ਹੁੰਦੇ ਆ ਤਾਂ ਹੋ ਜਾਣ ਸਰਕਾਰਾਂ ਨੂੰ ਇਹਦੇ ਨਾਲ ਕੀ, ਉਨ੍ਹਾਂ ਨੂੰ ਤਾਂ ਆਪਣੀ ਕੁਰਸੀ ਬਚਾਉਣੀ ਹੁੰਦੀ ਆ ਹਰ ਹਾਲਤ ਵਿਚ।

**ਭਾਨ੍ਹਾ:-** ਨਾ ਮਾਹਟਰ ਜੀ ਜੇ ਉਨ੍ਹਾਂ ਮੈਂ ਸੁਣਿਆਂ ਸੀ ਬਈ ਗੋਲੀ ਚੱਲੀ ਬਿਨ੍ਹਾਂ ਈ ਫੌਜੀ ਸ਼ਹੀਦ ਹੋਗੇ ?

**ਮਾਸਟਰ:-** ਹਾਂ, ਦੋਵਾਂ ਮੁਲਕਾਂ ਵਿਚ ਇਕ ਸਮਝੌਤਾ ਹੋਇਆ ਸੀ, ਬਈ ਭਾਵੇਂ ਕੁਝ ਵੀ ਹੋ ਜਾਏ ਸਰਹੱਦ 'ਤੇ ਪਰ ਗੋਲੀ ਨਹੀਂ ਚਲਾਉਣੀ। ਹੁਣ ਉਹ ਚੀਨ ਵਾਲੇ ਇਸੇ ਦੀ ਆੜ ਵਿਚ ਆਪਣੇ ਫੌਜੀਆਂ ਤੋਂ ਕਦੇ ਕੀ ਕਰਵਾਈ ਜਾਂਦੇ ਨੇ ਕਦੇ ਕੀ। ਜਿਸ ਕਰਕੇ ਸਰਹੱਦ 'ਤੇ ਤਣਾਅ ਵਧ ਜਾਂਦਾ ਤੇ ਦੋਵਾਂ ਮੁਲਕਾਂ ਦੇ ਫੌਜੀ ਆਪਸ ਵਿਚ ਬਹਿਸਬਾਜ਼ੀ ਕਰਦੇ ਨੇ, ਤਕਰਾਰ ਹੁੰਦੀ ਆ ਤੇ ਫਿਰ ਹੱਥੋਪਾਈ ਪਰ ਗੋਲੀ ਨਹੀਂ ਚਲਾ ਸਕਦੇ। ਇਸੇ ਦੀ ਆੜ ਵਿਚ ਉਨ੍ਹਾਂ ਦੇ ਫੌਜੀਆਂ ਨੇ ਇਸ ਵਾਰ ਕੁਝ ਗੈਰ ਕਾਨੂੰਨੀ ਹਥਿਆਰ ਬਣਾ ਕੇ ਰੱਖੇ ਹੋਏ ਸਨ, ਜਿਵੇਂ ਸੋਟੇ ਉਪਰ ਕੰਡਿਆਲੀਆਂ ਤਾਰਾਂ ਲਪੇਟੀਆਂ ਹੋਈਆਂ ਸਨ। ਉਨ੍ਹਾਂ ਨਾਲ ਹਮਲਾ ਕਰ ਦਿੱਤਾ। ਜਿਸ ਵਿਚ ਆਪਣੇ ਜਵਾਨ ਸ਼ਹੀਦ ਹੋ ਗਏ। ਦਸਦੇ ਆ ਇਕ ਫੌਜੀ ਸਰਦਾਰ ਸੀ ਤੇ ਅੰਮ੍ਰਿਤਧਾਰੀ ਸੀ, ਜਦ ਉਸ ਨੇ ਦੇਖਿਆ ਕੇ ਇਹ ਇਹ ਤਾਂ ਉਨਾਂ੍ ਹਥਿਆਰਾਂ ਨਾਲ ਉਹਦੇ ਸਾਥੀਆਂ ਨੂੰ ਮਾਰ ਰਹੇ ਨੇ ਤਾਂ ਉਸ ਨੇ ਉਹ ਗਾਤਰੇ ਵਿਚੋਂ ਕ੍ਰਿਪਾਨ ਕੱਢ ਲਈ ਤੇ ਉਨ੍ਹਾਂ ਨਾਲ ਲੜਿਆ। ਜਿਸ ਤੋਂ ਡਰਦੇ ਉਹ ਪਿਛਾਂਹ ਹਟੇ ਤੇ ਉਹ ਅੰਮ੍ਰਿਤਧਾਰੀ ਸਰਦਾਰ ਫੌਜੀ ਆਪਣੀ ਜਾਨ ਬਚਾ ਸਕਿਆ।

**ਭਜਨਾ ਅਮਲੀ:-** ਕਿਉਂ ਆਏਂ ਆ ਆਪਣੇ ਗੁਰੂ ਦੇ ਅੰਮ੍ਰਿਤ ਵਿਚ ਤਾਕਤ, ਤਾਹੀਂ ਤਾਂ ਕਿਹਾ ਸੀ ਉਨਾਂ੍ ਨੇ 'ਚਿੜੀਉਂ ਸੇ ਮੈਂ ਬਾਜ਼ ਤੁੜਾਊਂ, ਗਿੱਦੜੋਂ ਸੇ ਮੈਂ ਸ਼ੇਰ ਬਣਾਊਂ ਸਵਾ ਲੱਖ ਨਾਲ ਇਕ ਲੜਾਊਂ ਤਬੈ ਗੋਬਿੰਦ ਸਿੰਘ ਨਾਮ ਕਹਾਊਂ"।

**ਭਾਨ੍ਹਾ:-** ਸਈ ਕਿਹਾ ਬਾਈ ਤੂੰ

**ਭਜਨਾ ਅਮਲੀ:-** ਓ ਸਈ ਮੈਂ 'ਨੀ ਆਪਣੇ ਗੁਰੂ ਗੋਬਿੰਦ ਸਿੰਘ ਨੇ ਕਿਹਾ।

**ਭਾਨ੍ਹਾ:-** ਹਾਂ ਹਾਂ ਬਾਈ ਉਹੀ ਕਹਿੰਦਾ ਸੀ ਮੈਂ

**ਜੈਲ੍ਹਾ:-** ਨਾ ਆਹ

# ਚੀਨ ਵਲੋਂ ਪਾਕਿਸਤਾਨ ਨੇਪਾਲ ਤੋਂ ਬਾਅਦ ਬੰਗਲਾ ਦੇਸ਼ ਤੇ ਡੋਰੇ

## *ਨੇਪਾਲ ਸੰਸਦ ਵਲੋਂ ਭਾਰਤੀ ਇਲਾਕਿਆਂ ਵਾਲੇ ਵਿਵਾਦਿਤ ਨਕਸ਼ੇ ਸਬੰਧੀ ਬਿੱਲ ਪਾਸ*





ਕਠਮੰਡੂ: ਨੇਪਾਲ ਦੀ ਸੰਸਦ ਨੇ ਵੀਰਵਾਰ ਨੂੰ ਦੇਸ਼ ਦੇ ਨਵੇਂ ਰਾਜਨੀਤਕ ਨਕਸ਼ੇ 'ਚ ਰਣਨੀਤਕ ਤੌਰ 'ਤੇ ਮਹਤੱਵਪੂਰਨ 3 ਭਾਰਤੀ ਇਲਾਕਿਆਂ ਨੂੰ ਸ਼ਾਮਲ ਕਰਨ ਸਬੰਧੀ ਸੰਵਿਧਾਨਕ ਸੋਧ ਬਿੱਲ ਨੂੰ ਸਰਬਸੰਮਤੀ ਨਾਲ ਪਾਸ ਕਰ ਦਿੱਤਾ ਹੈ। ਭਾਰਤ ਪਹਿਲਾਂ ਹੀ ਸ਼ਨਿਚਰਵਾਰ ਨੂੰ ਨੇਪਾਲ ਦੇ ਨਕਸ਼ੇ 'ਚ ਬਦਲਾਅ ਕਰਨ ਤੇ ਕੁਝ ਭਾਰਤੀ ਇਲਾਕਿਆਂ ਨੂੰ ਇਸ 'ਚ ਸ਼ਾਮਿਲ ਕਰਨ ਸਬੰਧੀ ਨੇਪਾਲ ਸੰਸਦ ਦੇ ਹੇਠਲੇ ਸਦਨ ਵਲੋਂ ਪਾਸ ਕੀਤੇ ਬਿੱਲ 'ਤੇ ਪ੍ਰਤੀਕਿਰਿਆ ਦਿੰਦਿਆਂ ਸਪੱਸ਼ਟ ਕਰ ਚੁੱਕਾ ਹੈ ਕਿ ਇਹ 'ਨਕਲੀ ਵਿਸਤਾਰ' ਪ੍ਰਮਾਣਾਂ ਤੇ ਇਤਿਹਾਸਕ ਤੱਥਾਂ 'ਤੇ ਆਧਾਰਿਤ ਨਾ ਹੋਣ ਕਾਰਨ ਸਵੀਕਾਰਯੋਗ ਨਹੀਂ ਹੈ। ਨਿਪਾਲੀ ਸੰਸਦ ਦੇ ਉਪਰਲੇ ਸਦਨ ਜਾਂ ਨੈਸ਼ਨਲ ਅਸੰਬਲੀ ਨੇ ਸੰਵਿਧਾਨਕ ਸੋਧ ਬਿੱਲ ਨੂੰ ਸਰਬਸੰਮਤੀ ਨਾਲ ਪਾਸ ਕਰ ਦਿੱਤਾ ਹੈ, ਸਦਨ 'ਚ ਮੌਜੂਦ ਸਭ 57 ਮੈਂਬਰਾਂ ਵਲੋਂ ਬਿੱਲ ਦੇ ਸਮਰਥਨ 'ਚ ਵੋਟ ਪਾਈ ਗਈ ਹੈ ਅਤੇ ਹੁਣ ਨਿਪਾਲ ਦੇ ਰਾਸ਼ਟਰੀ ਪ੍ਰਤੀਕ 'ਚ ਨਕਸ਼ੇ ਨੂੰ ਬਦਲਣ ਦਾ ਰਸਤਾ ਸਾਫ ਹੋ ਗਿਆ ਹੈ। ਨਿਪਾਲ ਵਲੋਂ ਸੋਧੇ ਨਕਸ਼ੇ 'ਚ ਭਾਰਤ ਦੀ ਸਰਹੱਦ ਨਾਲ ਲੱਗਦੇ ਰਣਨੀਤਕ ਤੌਰ 'ਤੇ ਮਹਤੱਵਪੂਰਨ ਲਿਪੂਲੇਖ, ਕਾਲਾਪਾਨੀ ਤੇ ਲਿੰਪੀਆਧੁਰਾ ਇਲਾਕਿਆਂ 'ਤੇ ਦਾਅਵਾ ਕੀਤਾ ਜਾ ਰਿਹਾ ਹੈ। ਭਾਰਤ ਵਲੋਂ ਬੀਤੇ ਸਾਲ ਨਵੰਬਰ 'ਚ ਪ੍ਰਕਾਸ਼ਿਤ ਕੀਤੇ ਗਏ ਨਵੇਂ ਨਕਸ਼ੇ ਦੇ ਕਰੀਬ 6 ਮਹੀਨੇ ਬਾਅਦ ਨਿਪਾਲ ਵਲੋਂ ਬੀਤੇ ਮਹੀਨੇ ਆਪਣਾ ਸੋਧਿਆ ਰਾਜਨੀਤਕ ਤੇ ਪ੍ਰਸ਼ਾਸਨਿਕ ਨਕਸ਼ਾ ਜਾਰੀ ਕੀਤਾ ਗਿਆ ਸੀ।


Uscipp Insurance Services
1050 N Carpenter RD STE C, Modesto, CA 95351



TRUCK INSURANCE

TRUCK TAX IFTA



Amarjit S Bir
amarjit@uscipp.org
Lic#0I15593CA
Ph: (925)318-1247

R.PAL SINGH TAX PROFESSIONAL
ENROLLED AGENT
BOOKKEEPING ACCOUNTS PAYROLLS
*TAX:- INDIVIDUAL,FAMILY,BUSINESS,TRUCKING
*BOOKKEEPING ACCOUNTS PAYROLL
* REAL ESTATE AND INCORPORATIONS
*INSURANCE: LIFE Only-Agent,NOTARY
EXPECTING REFUND:
GET MONEY BACK FAST!
"Authorised IRS E-file Provider"
"Enrolled To Practice Before The IRS"
CALL:R.PAL SINGH EA- 510 750 3464
EA 00097224,CRTP A44237Realtor#1481514 , EA
Insurance Life-Only Agent #0G76896
39159 Paseo Padre Pkwy # 103,Fremont,CA 94538
Email:singhrpal@sbcglobal.net, singhrpal47@gmail.com
Singhtax.com



IRS e-file
CTEC

# ਇਤਿਹਾਸ "ਬਾਬਾ ਬੰਦਾ ਸਿੰਘ ਬਹਾਦਰ" (1670-1716)



ਸਿੱਖ ਧਰਮ ਦਾ ਸੰਦੇਸ਼ ਬਰਾਬਰਤਾ ਹੈ। ਸਾਦਾ ਜੀਵਨ ਵਿਚ ਕ੍ਰਿਤ ਕਰੋ, ਨਾਮ ਜਪੋ, ਵੰਡ ਛੱਕੋ ਦਾ ਸਿਧਾਂਤ ਹੈ। ਗੁਰੂਆਂ ਦੇ ਉਪਦੇਸ਼ ਜਾਣ ਕੇ ਦੂਸਰੇ ਧਰਮਾਂ ਦੇ ਲੋਕ ਵੀ ਸਿੱਖ ਧਰਮ ਵਿਚ ਆਏ। ਸੰਗਤ ਪੰਗਤ ਵਿਚ ਬੈਠ ਕੇ ਲੰਗਰ ਛੱਕਣਾ ਇਹ ਇਕ ਬਰਾਬਰਤਾ ਦਾ ਸਮਾਜਿਕ ਅਤੇ ਧਾਰਮਿਕ ਇਨਕਲਾਬ ਸੀ। ਪ੍ਰਚਲਿਤ ਝੂਠੇ ਸਿਧਾਂਤਾਂ, ਸਮਾਜਿਕ ਰੀਤੀ-ਰਿਵਾਜਾਂ ਦਾ ਖੰਡਨ ਕਰਕੇ, ਸਮਾਜ ਨੂੰ ਸੱਚੀ ਦਿਸ਼ਾ, ਪ੍ਰਮਾਤਮਾ ਵਲ ਤੋਰਿਆ। ਮਨੁੱਖ ਨੂੰ ਨਿਰਭਉ ਨਿਰਵੈਰ ਬਣਾ ਕੇ ਸੱਚ ਲਈ ਜੂਝਣ ਲਈ ਤਿਆਰ ਕਰਨਾ ਸੀ। ਧਰਮ ਅਤੇ ਰਾਜਨੀਤੀ ਨੂੰ ਇਕ ਕਰ ਜੋੜਿਆ। ਸਮਾਜਿਕ ਰਾਜਨੀਤਕ ਚੇਤਨਾ ਸੱਚੇ ਧਰਮ ਵਿਚੋਂ ਮਿਲਦੀ ਹੈ। ਜਿਸ ਨਾਲ ਸਮਾਜ ਦੀ ਉਸਾਰੀ ਹੁੰਦੀ ਹੈ। ਗੁਰੂ ਗੋਬਿੰਦ ਸਿੰਘ ਸਾਹਿਬ ਜੀ ਨੇ 1699 ਦੀ ਵਿਸਾਖੀ ਨੇ ਖਾਲਸਾ ਸਾਜ ਕੇ ਭਾਈਚਾਰੇ ਨੂੰ ਜਥੇਬੰਦ ਕੀਤਾ। ਸਵੈ-ਮਾਣ ਅਤੇ ਸਵੈ-ਰੱਖਿਆ ਲਈ ਸੰਘਰਸ਼ ਸ਼ੁਰੂ ਕਰਨ ਦਾ ਐਲਾਨ ਕੀਤਾ। ਆਪਣੇ ਜੋਤੀ ਜੋਤ ਸਮਾਉਣ 'ਤੇ ਬੰਦਾ ਸਿੰਘ ਬਹਾਦਰ ਨੂੰ ਉਸ ਸੰਘਰਸ਼ ਨੂੰ ਜਾਰੀ ਰੱਖਣ ਲਈ ਹਥਿਆਰਬੰਦ ਬਣਾ ਕੇ ਅਗਵਾਈ ਦੇ ਰਾਹ ਤੋਰਿਆ।

ਜਰਨੈਲ ਬਾਬਾ ਬੰਦਾ ਸਿੰਘ ਬਹਾਦਰ ਸਿੱਖ ਇਤਿਹਾਸ ਦਾ ਜਾਂਬਾਜ਼ ਯੋਧਾ ਹੋਇਆ ਹੈ। ਉਸ ਨੇ ਫਿਰ ਤੋਂ ਫੌਜ ਨੂੰ ਜੁਝਾਰੂ ਰੂਪ ਦਿੱਤਾ। ਉਨ੍ਹਾਂ ਦੀ ਅਗਵਾਈ ਹੇਠ ਇਕ ਬਹਾਦਰ ਸਿੱਖ ਕੌਮ ਉਭਰ ਕੇ ਆਈ। ਮੁਗਲਾਂ ਦੇ ਜ਼ੁਲਮਾਂ ਵਿਰੁੱਧ ਹਥਿਆਰ ਚੁੱਕਣ ਵਾਲੇ ਇਸ ਜਰਨੈਲ ਦੇ ਜਨਮ 16 ਅਕਤੂਬਰ 1670 ਨੂੰ ਜੰਮੂ ਕਸ਼ਮੀਰ ਦੇ ਪੁਣਛ ਜ਼ਿਲ੍ਹੇ ਦੇ ਪਿੰਡ ਰਾਜੌਰੀ ਵਿਖੇ ਕਿਸਾਨ ਰਾਮਦੇਵ ਜੀ ਦੇ ਘਰ ਹੋਇਆ। ਬਚਪਨ ਦਾ ਨਾਉਂ ਲਛਮਣ ਦਾਸ ਸੀ। ਉਸਦੇ ਕੋਲ ਦੁਨਿਆਵੀ ਹਿਸਾਬੀ ਵਿਦਿਆ ਨਹੀਂ ਸੀ। ਸਮੇਂ ਦੀ ਲੋੜ ਅਨੁਸਾਰ ਉਹ ਬਚਪਨ ਵਿਚ ਹੀ ਚੰਗਾ ਘੋੜ ਸਵਾਰ ਅਤੇ ਨਿਸ਼ਾਨੇਬਾਜ਼ ਬਣ ਗਿਆ। ਛੋਟੀ ਹੀ ਉਸ ਨੂੰ ਬੈਰਾਗ ਦੀ ਲਗਨ ਲੱਗੀ ਤੇ 15 ਸਾਲ ਦੀ ਉਮਰ ਵਿਚ ਬੈਰਾਗੀ ਬਣ ਗਿਆ। ਉਸ ਨੇ ਜਾਨਕੀ ਪ੍ਰਸ਼ਾਦ ਨੂੰ ਆਪਣਾ ਗੁਰੂ ਧਾਰਨ ਕੀਤਾ। ਇਸ ਸਾਧੂ ਨੇ ਨਾਉਂ ਬਦਲ ਕੇ ਮਾਧੋਦਾਸ ਰੱਖ ਦਿੱਤਾ।

ਮਾਧੋਦਾਸ ਨੇ ਨਾਂਦੇੜ ਕੰਢੇ ਆਪਣਾ ਸੁੰਦਰ ਟਿਕਾਣਾ ਬਣਾ ਲਿਆ। ਉਥੇ ਆਪਣੇ ਯੋਗ-ਵਿਦਿਆ ਨਾਲ ਲੋਕਾਂ ਨੂੰ ਭਰਮਾਉਂਦਾ। ਬੰਦਾ ਬਹਾਦਰ ਦੀਆਂ ਕਾਰਵਾਈਆਂ ਦੀ ਖ਼ਬਰ ਗੁਰੂ ਸਾਹਿਬ ਨੂੰ ਮਿਲ ਚੁੱਕੀ ਸੀ। ਸਤੰਬਰ 3, 1708 ਨੂੰ ਗੁਰੂ ਸਾਹਿਬ ਮਾਧੋਦਾਸ ਨੂੰ ਉਸਦੇ ਡੇਰੇ 'ਤੇ ਮਿਲੇ। ਮਾਧੋਦਾਸ ਗੁਰੂ ਜੀ ਦੇ ਤੇਜ-ਪ੍ਰਤਾਪ ਤੋਂ ਇੰਨਾ ਪ੍ਰਭਾਵਿਤ ਹੋਇਆ ਕਿ ਗੁਲਾਮ ਹੋ ਗਿਆ। ਉਸ ਗੁਰੂ ਜੀ ਨੂੰ ਕਿਹਾ ਕਿ ਮੇਰੇ 'ਤੇ ਕ੍ਰਿਪਾ ਕਰੋ ਮੈਂ ਆਪ ਜੀ ਦਾ ਸੇਵਕ ਬੰਦਾ ਹਾਂ। ਗੁਰੂ ਜੀ ਨੂੰ ਵੀ ਪੰਥ ਦੀ ਅਗਵਾਈ ਸੌਂਪਣ ਲਈ ਕਿਸੇ ਬੰਦੇ ਦੀ ਤਲਾਸ਼ ਵਿਚ ਸਨ। ਗੁਰੂ ਜੀ ਨੇ ਸੋਚ ਲਿਆ ਕਿ ਉਨ੍ਹਾਂ ਨੂੰ ਬੰਦਾ ਲੱਭ ਗਿਆ ਹੈ।

ਗੁਰੂ ਸਾਹਿਬ ਨੇ ਮਾਧੋਦਾਸ ਨੂੰ ਅੰਮ੍ਰਿਤ ਛਕਾ ਕੇ ਬੰਦਾ ਸਿੰਘ ਦਾ ਨਾਉਂ ਦਿੱਤਾ ਅਤੇ ਸਨਮਾਨ ਵਜੋਂ 'ਬਹਾਦਰ' ਜੋੜ ਦਿੱਤਾ। ਬੰਦਾ ਸਿੰਘ ਬਹਾਦਰ ਜੀ ਦੀ ਉਮਰ 38 ਸਾਲ ਸੀ। ਉਨ੍ਹਾਂ ਦੇ ਚਿਹਰੇ 'ਤੇ ਗੰਭੀਰਤਾ ਵਾਲਾ ਜਲਾਲ ਆਇਆ। ਸਰੀਰਕ ਪੱਖੋਂ ਭਾਵੇਂ ਸਾਵੇਂ ਸਨ ਪਰ ਫੁਰਤੀਲੇ ਬਹੁਤ ਸਨ, ਇਹੀ ਉਨ੍ਹਾਂ ਦੀ ਬਹਾਦਰੀ ਤੇ ਕਰਤਬ ਦਾ ਕਮਾਲ ਸੀ। ਇਹ ਜੀਆ-ਜਾਨ ਨਾਲ ਸਿੱਖ ਕੌਮ ਦੀ ਵਾਗਡੋਰ ਸੰਭਾਲਣ ਦੇ ਸੁਭਾਗੇ ਬਣੇ। ਗੁਰਾਂ ਨੇ ਉਨ੍ਹਾਂ ਨੂੰ ਸਿੱਖੀ ਦੇ ਜੰਗੀ ਇਤਿਹਾਸ ਅਤੇ ਸੰਘਰਸ਼ ਤੋਂ ਜਾਣੂ ਕਰਵਾਇਆ ਤਾਂ ਕਿ ਉਹ ਮਾਨਸਿਕ ਤੌਰ 'ਤੇ ਤਿਆਰ ਹੋ ਸਕਣ। ਗੁਰਾਂ ਨੇ ਕਿਹਾ ਕਿ ਪੰਥ ਦੀ ਸੇਵਾ ਹੀ ਇਸ ਵੇਲੇ ਉਤਮ ਕਾਰਜ ਹੈ। ਗੁਰਾਂ ਨੇ ਉਨ੍ਹਾਂ ਨੂੰ ਖ਼ਾਲਸਾ ਜਥੇਦਾਰ ਦੀ ਜ਼ਿੰਮੇਵਾਰੀ ਸੌਂਪ ਕੇ ਪੰਜਾਬ ਵੱਲ ਤੋਰਿਆ। ਉਨ੍ਹਾਂ ਨੂੰ ਸਿੱਖਾਂ ਲਈ ਹੁਕਮਨਾਮੇ ਦੇਣ ਲਈ ਕਿਹਾ ਕਿ ਬੰਦਾ ਸਿੰਘ ਬਹਾਦਰ ਜੀ ਨੂੰ ਆਪਣਾ ਆਗੂ ਜਾਨਣ। ਮੁਗਲਾਂ ਵਿਰੁੱਧ ਆਰੰਭੇ ਜਾਣ ਵਾਲੇ ਜੰਗਾਂ ਵਿਚ ਉਨ੍ਹਾਂ ਦਾ ਸਾਥ ਦੇਣ। ਪਛਾਣ ਵਜੋਂ ਨਿਸ਼ਾਨ (ਝੰਡਾ) ਤੇ ਨਗਾਰਾ, ਪੰਜ ਤੀਰ ਦਿੱਤੇ। ਪੰਜ ਸਲਾਹਕਾਰ ਪੇਜੇ ਜੋ ਬਾਬਾ ਬਿਨੋਦ ਸਿੰਘ, ਬਾਬਾ ਕਾਹਨ ਸਿੰਘ, ਬਾਬਾ ਬਾਜ ਸਿੰਘ, ਬਾਬਾ ਦਇਆ ਸਿੰਘ, ਭਾਈ ਰਣ ਸਿੰਘ ਅਤੇ ਭਾਈ ਵੀਰ ਸਿੰਘ ਸਨ। ਵੀਹ ਸਿੰਘਾਂ ਦਾ ਜਥਾ ਵੀ ਸ਼ਾਮਲ ਕੀਤਾ। ਕੁਝ ਹਥਿਆਰ ਵੀ ਦਿੱਤੇ। ਇਸ ਕਾਫ਼ਲੇ ਸਮੇਤ ਅਕਤੂਬਰ 1708 ਵਿਚ ਜੰਗੀ-ਮੁਹਿੰਮ 'ਤੇ ਤੁਰੇ।

ਇਹ ਕਾਫ਼ਲਾ ਜੈਪੁਰ ਅਤੇ ਰਾਜਪੂਤ ਰਿਆਸਤਾਂ ਦਿੱਲੀ ਆਦਿ ਲੰਘ ਕੇ ਰੋਹਤਕ-ਸੋਨੀਪਤ ਸਹੇਰੀ-ਖੰਡਾ ਪਿੰਡ ਵਿਚ ਰੁਕਿਆ। ਇਥੋਂ ਉਨ੍ਹਾਂ ਸਫ਼ਲ ਜਰਨੈਲ ਵਾਂਗ ਰਣਨੀਤੀ ਤਹਿ ਕੀਤੀ। ਇਥੋਂ ਉਨ੍ਹਾਂ ਨੇ ਸੂਚਨਾ ਪੱਤਰ ਅਤੇ ਗੁਰੂਜੀ ਦੇ ਹੁਕਮਨਾਮੇ ਜਾਰੀ ਕੀਤੇ ਕਿ ਸਿੰਘ ਹਥਿਆਰਬੰਦ ਹੋ ਕੇ ਪਿੰਡ ਸਹੇਰੀ-ਖੰਡਾ ਪਹੁੰਚਣ। ਸਿੰਘ ਜੋ ਵੀ ਹਥਿਆਰ ਲੱਭਾ ਲੈ ਕੇ ਜਥਿਆਂ ਦੇ ਰੂਪ ਵਿਚ ਪਹੁੰਚਣ ਲੱਗੇ। ਪਹਿਲਾਂ ਮਾਲਵੇ ਤੋਂ ਵੱਡੀ ਗਿਣਤੀ ਵਿਚ ਪਹੁੰਚੇ ਜਿਵੇਂ ਭਾਈ ਭਗਤੂ ਦਾ ਪੋਤਰਾ ਫਤਹਿ ਸਿੰਘ, ਭਾਈ ਰੂਪੇ ਦੀ ਸੰਤਾਨ ਵਿਚੋਂ ਕਰਮ ਸਿੰਘ, ਧਰਮ ਸਿੰਘ ਨਗਾਹੀਆ ਸਿੰਘ ਤੇ ਚੂਹੜ ਸਿੰਘ ਪਹੁੰਚੇ। ਨਾਲ ਹੀ ਸਲੋਦੀ ਲੁਧਿਆਣਾ ਦੇ ਆਲੀ ਸਿੰਘ, ਮਾਲੀ ਸਿੰਘ ਪਹੁੰਚੇ। ਫੂਲਕੀਆ ਘਰਾਣੇ ਦੇ ਚੌਧਰੀ ਰਾਮ ਸਿੰਘ ਤੇ ਤਰਲੋਕ ਸਿੰਘ ਨੇ ਖਰਚਾ ਅਤੇ ਜੰਗੀ ਅਸਲਾ ਦੇ ਕੇ ਆਪਣੇ ਸਿੰਘ ਭੇਜੇ। ਪਿੰਡ ਸੇਹਰੀ-ਖੰਡਾ ਇਕ ਫੌਜੀ ਛਾਉਣੀ ਕੇਂਦਰ ਬਣ ਗਿਆ।

ਸੋਨੀਪਤ 'ਤੇ ਹਮਲਾ ਕਰਕੇ ਆਪਣੀ ਮੁਹਿੰਮ ਸ਼ੁਰੂ ਕੀਤੀ। ਸੋਨੀਪਤ ਮੁਗ਼ਲ ਹਕੂਮਤ ਦੀ ਮਜਬੂਤ ਚੌਕੀ ਦੀ ਜਿੱਤ ਸਿੰਘਾਂ ਦੀ ਪਹਿਲੀ ਇਖਲਾਕੀ ਜਿੱਤ ਸੀ। ਸੋਨੀਪਤ ਦਾ ਫੌਜਦਾਰ ਭੱਜ ਗਿਆ। ਸੋਨੀਪਤ ਤੋਂ ਸਮਾਣਾ ਵੱਲ ਵਧਿਆ। ਕੈਥਲ ਨੇੜੇ ਪਿੰਡ ਭੂਣਾ ਦੇ ਕੋਲ ਜਾਂਦੇ ਸਰਕਾਰੀ ਖਜ਼ਾਨੇ ਨੂੰ ਲੁੱਟ ਲਿਆ। ਬਹੁਤ ਸਾਰੇ ਘੋੜੇ ਵੀ ਕਾਬੂ ਆ ਗਏ। ਕੈਥਲ 'ਤੇ ਕਬਜਾ ਹੋ ਗਿਆ। ਸੋਨੀਪਤ ਅਤੇ ਕੈਥਲ ਦਾ ਪ੍ਰਬੰਧ ਪੰਚਾਇਤਾਂ ਨੂੰ ਸੌਂਪ ਦਿੱਤਾ। ਨਵੰਬਰ 1709 ਨੂੰ ਸਮਾਣਾ ਸ਼ਹਿਰ 'ਤੇ ਹਮਲਾ ਕੀਤਾ। ਕਈ ਘੰਟੇ ਕਤਲੋਗਾਰਤ ਹੁੰਦੀ ਰਹੀ। ਨੇੜਲੇ ਪਿੰਡਾਂ ਦੇ ਮੁਜ਼ਾਰੇ ਵੀ ਵੱਡੀ ਗਿਣਤੀ ਵਿਚ ਆ ਰਹੇ। ਮਹਿਲ ਮਾੜੀਆਂ ਨੂੰ ਮਿੱਟੀ ਕਰ ਦਿੱਤਾ। ਕਿਸੇ ਵੀ ਧਾਰਮਿਕ ਅਸਥਾਨ ਨੂੰ ਕੋਈ ਨੁਕਸਾਨ ਨਹੀਂ ਪਹੁੰਚਾਇਆ। ਡਾ. ਗੰਡਾ ਸਿੰਘ ਅਨੁਸਾਰ ਇਸ ਵਿਚ ਦਸ ਹਜ਼ਾਰ ਦਾ ਜਾਨੀ ਨੁਕਸਾਨ ਹੋਇਆ। ਜੋ ਬਚ ਗਏ ਉਹ ਸ਼ਹਿਰ ਛੱਡ ਗਏ। ਬਹੁਤ ਸਾਰੀ ਦੌਲਤ ਅਤੇ ਜੰਗੀ ਸਮਾਨ ਸਿੰਘਾਂ ਦੇ ਹੱਥ ਆਇਆ। ਭਾਈ ਫਤਹਿ ਸਿੰਘ ਨੂੰ ਸਮਾਣਾ ਦਾ ਸਾਰੀ ਦੌਲਤ ਅਤੇ ਜੰਗੀ ਸਮਾਨ ਸਿੰਘਾਂ ਦੇ ਹੱਥ ਆਇਆ। ਭਾਈ ਫਤਹਿ ਸਿੰਘ ਨੂੰ ਸਮਾਣਾ ਦਾ ਫੌਜਦਾਰ ਨਿਯੁਕਤ ਕੀਤਾ ਅਤੇ ਇਕ ਖਾਲਸਾ ਪੰਚਾਇਤ ਕਾਇਮ ਕੀਤੀ।




ਪ੍ਰਮਿੰਦਰ ਸਿੰਘ 'ਪ੍ਰਵਾਨਾ'
ਕੈਲੀਫੋਰਨੀਆ ਯੂ.ਐਸ.ਏ.)
(510) 415-9377
panjabipoet@gmail.com


ਸਮਾਣੇ ਨੂੰ ਜਿੱਤ ਕੇ ਖਾਲਸੇ ਨੇ ਘੁੜਾਮ, ਠਸਕਾ, ਸ਼ਾਹਬਾਜ਼ ਕੁੰਜਪੁਰਾ, ਮੁਸਤਾਬਾਦ ਆਦਿ ਮੁਗ਼ਲਾਂ ਦੇ ਅੱਡੇ ਫਤਹਿ ਕੀਤੇ। ਇਨ੍ਹਾਂ ਹਮਲਿਆਂ ਵਿਚੋਂ ਖਜ਼ਾਨਾ, ਤੋਪਾਂ ਅਤੇ ਜੰਗੀ ਸਮਾਨ ਮਿਲਿਆ। ਫਿਰ ਕਪੂਰੀ ਪੁੱਜੇ। ਹਾਕਮ ਕਦਮ ਦੀਨ ਬੜੇ ਜ਼ੁਲਮ ਕਰਦਾ ਸੀ। ਇਸਤਰੀਆਂ ਦੇ ਡੋਲੇ ਲੁੱਟ ਕੇ ਪੱਤ ਲੁੱਟਦਾ ਸੀ। ਕਪੂਰੀ ਨੂੰ ਸਰ ਕਰਕੇ ਉਸਦੇ ਚਲਦੇ ਬਦਮਾਸ਼ੀ ਅੱਡਿਆਂ ਨੂੰ ਖਤਮ ਕੀਤਾ। ਉਸਦੀ ਦੌਲਤ ਨੂੰ ਕਾਬੂ ਕੀਤਾ। ਸਢੌਰਾ ਦਾ ਹਾਕਮ ਉਸਮਾਨ ਖਾਂ ਹਿੰਦੂਆਂ ਨੂੰ ਬੜਾ ਤੰਗ ਕਰਦਾ ਸੀ। ਉਨ੍ਹਾਂ ਨੂੰ ਧਾਰਮਿਕ ਰਸਮਾਂ ਨਿਭਾਉਣ 'ਤੇ ਪਾਬੰਦੀ ਸੀ। ਮੁਰਦਿਆਂ ਦੇ ਸਸਕਾਰ ਕਰਨ ਦੀ ਮਨਾਹੀ ਸੀ। ਜਦੋਂ ਸਿੰਘਾਂ ਨੇ ਹਮਲਾ ਕੀਤਾ ਤਾਂ ਪਿੰਡਾਂ ਦੇ ਦੁਖੀ ਕਿਸਾਨ ਵੀ ਸ਼ਾਮਲ ਹੋ ਗਏ। ਖੂਨੀ ਲੜਾਈ ਹੋਈ। ਅਮੀਰ ਵਜ਼ੀਰ ਡਰ ਕੇ ਪੀਰ ਬੁੱਧੂ ਸ਼ਾਹ ਦੀ ਹਵੇਲੀ ਵਿਚ ਜਾ ਲੁਕੇ। ਹਜੂਮ ਨੇ ਉਨ੍ਹਾਂ ਨੂੰ ਹਵੇਲੀ ਵਿਚ ਹੀ ਕਤਲ ਕਰ ਦਿੱਤਾ। ਉਸ ਹਵੇਲੀ ਦਾ ਨਾਉਂ 'ਕਤਲਗੜੀ' ਪੈ ਗਿਆ। ਪੁਰਾਣੀਆਂ ਮਸਜਿਦਾਂ, ਈਦਗਾਹਾਂ, ਕਬਰਾਂ ਨੂੰ ਕੋਈ ਨੁਕਸਾਨ ਨਹੀਂ ਪਹੁੰਚਾਇਆ ਗਿਆ। ਅਮੀਰ ਰਾਜਵਾੜਿਆਂ ਦੀਆਂ ਹਵੇਲੀਆਂ ਵਿਚ ਦੌਲਤ ਅਤੇ ਹਥਿਆਰ ਕਬਜ਼ੇ ਵਿਚ ਆ ਗਏ। ਪਹਾੜੀ ਕਿਲ੍ਹਾ ਮੁਖਲਿਸਗੜ੍ਹ 'ਤੇ ਵੀ ਕਬਜ਼ਾ ਕਰ ਲਿਆ।

ਅਗਲਾ ਨਿਸ਼ਾਨਾ ਸਰਹਿੰਦ ਸੀ। ਮਾਝੇ ਅਤੇ ਦੁਆਬੇ ਦੇ ਸਿੰਘ ਵੀ ਕੀਰਤਪੁਰ ਤੋਂ ਤੁਰ ਪਏ। ਦੋਹਾਂ ਦਲਾਂ ਦਾ ਮਿਲਾਪ ਰੋਕਣ ਲਈ, ਵਜ਼ੀਰ ਖਾਂ ਨੇ ਮਲੇਰਕੋਟਲੇ ਦੇ ਨਵਾਬ ਨੂੰ ਕਿਹਾ। ਉਹ ਤਗੜੀ ਫੌਜ ਲੈ ਕੇ ਰੋਪੜ ਵੱਲ ਵਧਿਆ। ਰੋਪੜ ਦੇ ਕੋਲ ਸਿੰਘਾਂ ਅਤੇ ਪਠਾਣਾਂ ਦੀ ਦੋ ਦਿਨ ਸਖ਼ਤ ਲੜਾਈ ਹੋਈ। ਸਿੰਘਾਂ ਕੋਲ ਫੌਜ ਵੀ ਥੋੜ੍ਹੀ ਸੀ ਤੇ ਹਥਿਆਰ ਅਤੇ ਘੋੜਿਆਂ ਦਾ ਵੀ ਘਾਟਾ ਸੀ। ਫਿਰ ਵੀ ਮੈਦਾਨ ਖਾਲਸੇ ਦੇ ਹੱਥ ਆਇਆ। ਬਾਬਾ ਜੀ ਵੀ ਛੱਤ ਬਨੂੜ ਤੋਂ ਖਰੜ ਵਲ ਤੁਰ ਪਏ। ਜੇਤੂ ਸਿੰਘਾਂ ਨਾਲ ਬਾਬਾ ਜੀ ਦੀ ਮਿਲਣੀ ਖਰੜ ਅਤੇ ਬਨੂੜ ਦੇ ਵਿਚਕਾਰ ਹੋਈ। ਇਸ ਨਾਲ ਖਾਲਸੇ ਦੀ ਤਾਕਤ ਵੱਧ ਗਈ, ਉਹ ਸਰਹਿੰਦ ਵੱਲ ਵਧ ਪਏ।

ਸਿੱਖਾਂ ਨੇ ਚੱਪੜਚਿੜੀ ਦਾ ਮੈਦਾਨ ਆ ਮੱਲਿਆ। ਚੱਪੜਚਿੜੀ ਸਰਹਿੰਦ ਤੋਂ 12 ਕੋਹ ਦੀ ਵਿੱਥ 'ਤੇ ਖਰੜ-ਲਾਂਡਰਾਂ ਸੜਕ 'ਤੇ ਹੈ। ਵਜ਼ੀਰ ਖਾਂ ਦੀਆਂ ਫੌਜਾਂ ਸਿੰਘਾਂ ਦੀ ਚੜ੍ਹਾਈ ਨੂੰ ਰੋਕਣ ਲਈ ਅੱਗੇ ਵਧੀਆਂ। ਸਿੰਘਾਂ ਨੇ ਸਰਹਿੰਦ 'ਤੇ ਹਮਲੇ ਦੀਆਂ ਤਿਆਰੀਆਂ ਵਿਚ ਬਹੁਤ ਸਮਾਂ ਜੰਗੀ ਅਭਿਆਸ ਵਿਚ ਲਾਇਆ ਸੀ। ਸਰਹਿੰਦ ਦੀ ਤਾਕਤ ਖਤਮ ਕਰਨ ਲਈ ਪਹਿਲਾਂ ਹੀ ਕਈ ਇਲਾਕੇ ਜਿੱਤ ਲਏ ਸਨ। ਮਈ 12, 1710 ਨੂੰ ਚੱਪੜਚਿੜੀ ਦੇ ਮੈਦਾਨ ਵਿਚ ਖੂਨ ਡੋਲਵੀਂ ਜ਼ੋਰਦਾਰ ਜੰਗ ਹੋਈ। ਇਸ ਮੁਕਾਬਲੇ ਦੀ ਜੰਗ ਵਿਚ ਵਜ਼ੀਰ ਖਾਂ ਮਾਰਿਆ ਗਿਆ। ਮੁਸਲਮਾਨ ਫੌਜਾਂ ਮੈਦਾਨ ਛੱਡ ਕੇ ਭੱਜ ਗਈਆਂ। ਖ਼ਾਲਸੇ ਨੇ ਸਰਹਿੰਦ ਫਤਹਿ ਕਰ ਲਈ।

ਮੁਗ਼ਲਾਂ ਨੂੰ ਲੱਕ-ਤੋੜਵੀਂ ਸ਼ਿਕਸ਼ਤ ਦੇਣ ਬਾਅਦ 14 ਮਈ 1710 ਨੂੰ ਜੇਤੂ ਹੋ ਕੇ ਸਰਹਿੰਦ ਵਿਚ ਖਾਲਸਾ ਦਾਖਲ ਹੋਇਆ। ਬਾਬਾ ਜੀ ਨੇ ਇਸ ਜ਼ੁਲਮੀ ਨਗਰੀ ਦੀ ਇੱਟ ਨਾਲ ਇੱਟ ਖੜਕਾ ਕੇ ਇੱਟਾਂ ਦੇ ਢੇਰ ਵਿਚ ਬਦਲ ਦਿੱਤਾ। ਨਾਲ ਆਣ ਰਲੇ ਹਜੂਮ ਨੇ ਤਿੰਨ ਦਿਨ ਸ਼ਹਿਰ ਦੀ ਲੁੱਟ ਮਾਰ ਚਲਾਈ ਰੱਖੀ। ਮੁਸਲਮਾਨਾਂ ਦਾ ਕਤਲੇਆਮ ਹੋਇਆ। ਸ਼ਾਹੀ ਅਮੀਰਾਂ ਤੋਂ ਧੰਨ ਵਸੂਲਿਆ ਗਿਆ। ਦੋਸ਼ੀਆਂ ਨੂੰ ਚੁਣ ਚੁਣ ਕੇ ਸਜ਼ਾਵਾਂ ਦਿੱਤੀਆਂ ਗਈਆਂ। ਵਜ਼ੀਰ ਖਾਂ ਦੇ ਮਹਿਲਾਂ ਵਿਚੋਂ ਬਹੁਤ ਸਾਰਾ ਧੰਨ ਖਾਲਸੇ ਦੇ ਹੱਥ ਲੱਗਾ। ਬਾਬਾ ਬਾਜ ਸਿੰਘ ਨੂੰ ਸਰਹਿੰਦ ਦਾ ਹੁਕਮਰਾਨ ਨਿਯੁਕਤ ਕੀਤਾ। ਸਮਾਣਾ ਦਾ ਹੁਕਮਰਾਨ ਸਰਦਾਰ ਫਤਹਿ ਸਿੰਘ ਨੂੰ ਨਿਯੁਕਤ ਕੀਤਾ ਗਿਆ ਸੀ।

ਸਰਹਿੰਦ ਤੋਂ ਬਾਅਦ ਬਾਬਾ ਜੀ ਮਲੇਰਕੋਟਲੇ ਵਲ ਵਧੇ। ਨਵਾਬ ਮਲੇਰਕੋਟਲਾ ਨੇ ਕੋਈ ਮੁਕਾਬਲਾ ਨਾ ਕੀਤਾ। ਇਸ ਸ਼ਹਿਰ ਵਿਚ ਕੋਈ ਨੁਕਸਾਨ ਨਹੀਂ ਹੋਇਆ। ਸਿਰਫ਼ ਬੀਬੀ ਅਨੂਪ ਕੌਰ ਦੀ ਕਬਰ ਪੁਟੀ ਅਤੇ ਲਾਸ਼ ਨੂੰ ਸਿੱਖ ਮਰਯਾਦਾ ਅਨੁਸਾਰ ਸਸਕਾਰ ਕੀਤਾ। ਜਿਸ ਨੂੰ ਸ਼ੇਰ ਮੁਹੰਮਦ ਖਾਂ ਜਬਰੀ ਚੁੱਕ ਕੇ ਲੈ ਗਿਆ ਸੀ। ਉਸਨੇ ਆਪਣੀ ਅਣਖ ਖਾਤਰ ਆਤਮ ਹੱਤਿਆ ਕਰ ਲਈ ਸੀ।

ਬਾਬਾ ਜੀ ਨੇ ਮੁਖਲਿਸਗੜ੍ਹ ਨੂੰ ਰਾਜਧਾਨੀ ਬਣਾਇਆ। ਮੁਖਲਿਸਗੜ੍ਹ ਦਾ ਕਿਲ੍ਹਾ ਸ਼ਾਹ ਜਹਾਨ ਦੇ ਸਮੇਂ ਮੁਖਲਿਸ ਖਾਨ ਨੇ ਬਣਵਾਇਆ ਸੀ। ਜਿਸ ਸਮੇਂ ਬਾਬਾ ਜੀ ਨੇ ਇਸ ਕਿਲ੍ਹੇ 'ਤੇ ਕਬਜ਼ ਕੀਤਾ ਤਾਂ ਬੜੀ ਟੁੱਟੀ-ਭੱਜੀ ਹਾਲਤ ਵਿਚ ਸੀ। ਇਸ ਦੀ ਮੁਰੰਮਤ ਕਰਵਾ ਕੇ ਨਾਉਂ ਲੋਹਗੜ੍ਹ ਰੱਖਿਆ ਗਿਆ। ਜੰਗਾਂ ਵਿਚੋਂ ਪ੍ਰਾਪਤ ਹੋਇਆ ਮਾਲ-ਅਸਬਾਬ ਜੰਗੀ ਸਮਾਨ, ਉਗਰਾਇਆ ਮਾਮਲਸ ਸਭ ਕੁਝ ਇਥੇ ਇਕੱਠਾ ਕਰ ਲਿਆ। ਫੌਜੀ ਸੁਰੱਖਿਆ ਵਜੋਂ ਇਹ ਜਗ੍ਹਾ ਲਾਭਕਾਰੀ ਸੀ ਕਿ ਇਹ ਮੁੱਖ ਮਾਰਗ ਤੋਂ ਹਟ ਕੇ ਪਹਾੜੀ ਇਲਾਕੇ ਵਿਚ ਸੀ। ਹੁਣ ਬਾਬਾ ਬੰਦਾ ਸਿੰਘ ਬਹਾਦਰ ਇਕ ਬਾਦਸ਼ਾਹ ਸਥਾਪਤ ਹੋ ਗਿਆ ਸੀ। ਉਸ ਕੋਲ ਸਮਰਪਿਤ ਸਿੰਘਾਂ ਦੀ ਫੌਜ ਸੀ। ਰਾਜ-ਕਾਜ ਲਈ ਰਾਜਧਾਨੀ ਅਤੇ ਰਹਿਣ ਲਈ ਮਹਿਲ ਸੀ।

ਬਾਦਸ਼ਾਹ ਦੀ ਪੱਕੀ ਨਿਸ਼ਾਨੀ ਵਜੋਂ ਗੁਰੂ ਨਾਨਕ-ਗੁਰੂ ਗੋਬਿੰਦ ਸਿੰਘ ਜੀ ਦੇ ਨਾਉਂ ਦਾ ਸਿੱਕਾ ਜਾਰੀ ਕਰ ਦਿੱਤਾ। ਜਿਸ ਤੇ ਫਾਰਸੀ ਵਿਚ ਉਕਰਿਆ ਸੀ ਕਿ -

ਸਿੱਕਾ ਜ਼ਦਬਰ ਹਰ ਦੋ ਆਲਮ ਤੇਗਿ ਨਾਨਕ ਵਾਹਿਬ ਅਸਤ॥
ਫਤਹਿ ਗੋਬਿੰਦ ਸਿੰਘ ਸ਼ਾਹਿ-ਸ਼ਾਹਾਨ ਫਜਲਿ ਸੱਚਾ ਸਾਹਿਬ ਅਸਤ॥

ਅਰਥਾਤ

ਸਿੱਕਾ ਮਾਰਿਆ ਦੋ ਜਹਾਨ ਉਤੇ,
ਬਖਸ਼ਾ ਬਖਸ਼ੀਆ ਨਾਨਕ ਦੀ ਤੇਗ ਨੇ ਜੀ।
ਫਤਹਿ ਸ਼ਾਹਿ ਸ਼ਹਾਨ ਗੋਬਿੰਦ ਸਿੰਘ ਦੀ,
ਮਿਹਰਾਂ ਕੀਤੀਆਂ ਸੱਚੇ ਰੱਬ ਏਕ ਨੇ ਜੀ।

ਚਲੰਤ ਬਾਦਸ਼ਾਹੀ ਸਿੱਕਿਆਂ ਦੀ ਤਰ੍ਹਾਂ ਇਸ ਦੇ ਦੂਜੇ ਪਾਸੇ ਰਾਜਧਾਨੀ ਦੀ ਉਸਤਤਿ ਦੇ ਸ਼ਬਦ ਸਨ-

ਜਰਬ ਬ-ਅਮਾਨੁ-ਦਹਿਰ ਮੁਸਵਰਤ ਸ਼ਹਿਰ,
ਜੀਨਤੁ ਤਖਤੁ, ਮੁਬਾਰਕ ਬਖਤ।

ਅਰਥਾਤ

ਜਾਰੀ ਹੋਇਆ ਸੰਸਾਰ ਦੇ ਸ਼ਾਂਤੀ ਅਸਥਾਨ, ਸ਼ਹਿਰਾਂ ਦੀ ਮੂਰਤਿ ਧੰਨਭਾਗੀ ਰਾਜਧਾਨੀ ਤੋਂ

ਬਾਬਾ ਜੀ ਨੇ ਸਰਕਾਰੀ ਦਸਤਾਵੇਜ਼, ਸਨਦਾ, ਪ੍ਰਵਾਨਿਆਂ ਆਦਿ ਲਈ ਮੋਹਰ ਬਣਵਾਈ ਜਿਸ ਦੇ ਸ਼ਬਦ ਸਨ :

ਦੇਗੋ ਤੇਗੋ ਫ਼ਤਹਿਓ ਨੁਸਰਤਿ ਬੇ-ਦਿਰੰਗ॥
ਯਾਫ਼ਤ ਅਜ਼ ਨਾਨਕ ਗੁਰੂ ਗੋਬਿੰਦ ਸਿੰਘ॥

ਅਰਥਾਤ

ਦੇਗ ਤੇਗ ਜਿੱਤ, ਸੇਵ ਨਿਰਾਲਮ, ਗੁਰੂ ਨਾਨਕ-ਗੋਬਿੰਦ ਸਿੰਘ ਤੋਂ ਪਾਈ।

ਮੁਗ਼ਲ ਬਾਦਸ਼ਾਹਾਂ ਦੇ ਰਾਜ-ਸੰਮਤ ਦੀ ਤਰ੍ਹਾਂ ਬਾਬਾ ਜੀ ਨੇ ਵੀ ਸਰਹਿੰਦ ਦੀ ਫਤਹਿ ਤੋਂ ਇਕ ਨਵਾਂ ਸੰਮਤ ਨਾਨਕਸ਼ਾਹੀ ਅਰੰਭ ਕੀਤਾ ਜੋ ਉਨ੍ਹਾਂ ਦੇ ਰਾਜ ਦੇ ਅੰਤ ਦੇ ਨਾਲ ਹੀ ਸਮਾਪਤ ਹੋ ਗਿਆ। ਇਹ ਸਭ ਕੁਝ ਮੁਗ਼ਲ ਬਾਦਸ਼ਾਹਾਂ ਨੂੰ ਅਹਿਸਾਸ ਕਰਵਾਉਣਾ ਕਿ ਸਿੰਘਾਂ ਦੀ ਸ਼ਾਨ ਬਾਦਸ਼ਾਹਾਂ ਤੋਂ ਘੱਟ ਨਹੀਂ ਹੈ। ਬਾਬਾ ਜੀ ਨੇ ਨਿੱਜੀ ਨਾਉਂ ਉਤੇ ਕੁਝ ਨਹੀਂ ਕੀਤਾ। ਉਨ੍ਹਾਂ ਨੇ ਆਪਣੇ ਆਪ ਨੂੰ ਗੁਰੂ ਸਾਹਿਬਾਨ ਦਾ ਸੇਵਕ ਦੱਸਿਆ।

ਖਾਲਸਾ ਰਾਜ ਦੇ ਸਥਾਪਤ ਅਤੇ ਵਿਸਥਾਰ ਲਈ ਜੰਗਾਂ ਜਿੱਤਾਂ ਦਾ ਸਿਲਸਿਲਾ ਜਾਰੀ ਰਿਹਾ। ਬਾਬਾ ਜੀ ਨੇ ਜੁਲਾਈ 1710 ਵਿਚ ਗੰਗਾ ਤੇ ਯਮੁਨਾ ਦੇ ਇਲਾਕਿਆਂ 'ਤੇ ਕਬਜ਼ਾ ਕਰ ਲਿਆ। ਅਕਤੂਬਰ 1710 ਵਿਚ ਕਿਲ੍ਹਾ ਭਗਵੰਤ ਰਾਏ ਤੇ ਭੀਲੋਵਾਲ ਵੀ ਕਬਜ਼ੇ ਹੇਠ ਆ ਗਏ। ਜਦ ਮੁਗ਼ਲ ਸਮਰਾਟ ਬਹਾਦਰ ਸ਼ਾਹ ਨੂੰ ਜਦੋਂ ਖਾਲਸੇ ਦੀਆਂ ਜਿੱਤਾਂ ਦਾ ਪਤਾ ਲੱਗਾ। ਉਸਨੇ ਜਿੱਤੇ ਇਲਾਕੇ ਵਾਪਸ ਲੈਣ ਲਈ ਪੰਜਾਬ ਵੱਲ ਵਧਿਆ। ਵਕਤ ਦੀ ਨਜ਼ਾਤਕ ਵੇਖ ਕੇ ਬਾਬਾ ਜੀ ਲੋਹਗੜ੍ਹ ਦੇ ਕਿਲ੍ਹੇ ਵਿਚ ਜਾ ਟਿੱਕੇ। ਸ਼ਾਹੀ 60000 ਦੀ ਫੌਜ ਨੇ ਕਿਲ੍ਹੇ ਨੂੰ ਘੇਰ ਲਿਆ। ਬਾਬਾ ਜੀ ਖ਼ਾਲਸਾ ਫੌਜ ਨਾਲ ਪਹਾੜਾਂ ਵੱਲ ਚੱਲੇ ਗਏ। ਖ਼ਾਲਸਾ ਫੌਜਾਂ ਨੇ ਬਿਲਾਸਪੁਰ 'ਤੇ ਹਮਲਾ ਕਰ ਦਿੱਤਾ। ਇਸ ਜੰਗ ਵਿਚ ਪਹਾੜੀ ਰਾਜੇ ਭੀਮ ਚੰਦ ਦੇ ਨਾਲ ਉਸਦੇ 1300 ਸੈਨਿਕ ਮਾਰੇ ਗਏ। ਬਾਕੀ ਪਹਾੜੀ ਰਾਜੇ ਸ਼ਰਨ ਵਿਚ ਆ ਗਏ। ਮੰਡੀ ਦੇ ਰਾਜੇ ਸਿੱਧ ਸੈਨ ਨੇ ਬਾਬਾ ਜੀ ਦਾ ਬੜਾ ਸਤਿਕਾਰ ਕੀਤਾ। ਉਸਨੇ ਕੁਲੂ ਦੇ ਰਾਜੇ ਵਿਰੁੱਧ ਬਾਬਾ ਜੀ ਦੀ ਮਦਦ ਕੀਤੀ। ਚੰਬਾ ਰਿਆਸਤ ਦੇ ਰਾਜੇ ਨੇ ਆਪਣੀ ਸੁੰਦਰ ਲੜਕੀ ਬਾਬਾ ਜੀ ਨਾਲ ਵਿਆਹ ਦਿੱਤੀ। ਉਸਦੀ ਕੁੱਖੋਂ ਪੁੱਤਰ ਅਜੈ ਸਿੰਘ ਪੈਦਾ ਹੋਇਆ। ਜੂਨ 4,1711 ਨੂੰ ਬਹਿਰਾਮ ਦਾ ਜੰਗ ਹੋਇਆ। ਜੰਮੂ ਦਾ ਫੌਜਦਾਰ ਹਾਰ ਗਿਆ। ਖਾਲਸੇ ਨੇ ਬਹਿਰਾਮ ਤੇ ਰਾਏਪੁਰ ਤੇ

ਕਬਜ਼ਾ ਕਰ ਲਿਆ। ਨਾਲ ਹੀ ਕਲਾਨੌਰ ਬਟਾਲਾ 'ਤੇ ਕਬਜ਼ਾ ਕਰ ਲਿਆ। ਉਸ ਵੇਲੇ ਮੁਹੰਮਦ ਅਮੀਨ ਖਾਂ ਤੇ ਰੁਸਤਮਦਿਲ ਖਾਂ ਦੀ ਫੌਜ ਆਉਣ 'ਤੇ ਬਾਬਾ ਜੀ ਫਿਰ ਪਹਾੜੀਆਂ ਵਿਚ ਜਾਣਾ ਪੈਂਦਾ ਰਿਹਾ।

ਬਾਦਸ਼ਾਹ ਵੱਲ ਹੁਕਮ ਹੋਇਆ ਕਿ ਜਿਥੇ ਵੀ ਕੋਈ ਸਿੱਖ ਮਿਲੇ ਮਾਰ ਦਿੱਤਾ ਜਾਵੇ। ਬਹਾਦਰ ਸ਼ਾਹ 18 ਫਰਵਰੀ, 1712 ਨੂੰ ਪਾਗਲ ਹੋ ਕੇ ਮਰ ਗਿਆ। ਸੰਨ 1713 ਨੂੰ ਫਰੁੱਖਸੀਅਰ ਬਾਦਸ਼ਾਹ ਬਣ ਗਿਆ। ਤਖ਼ਤ ਵਾਸਤੇ ਮੁਗ਼ਲਾਂ ਦੇ ਘਰੋਗੀ ਝਗੜੇ ਨੇ ਬਾਬਾ ਜੀ ਨੂੰ ਆਪਣੇ ਖੁਸੇ ਹੋਏ ਇਲਾਕਿਆਂ 'ਤੇ ਮੁੜ ਕਬਜ਼ਾ ਕਰਨ ਦਾ ਮੌਕਾ ਮਿਲ ਗਿਆ। ਸਢੌਰਾ ਅਤੇ ਲੋਹਗੜ੍ਹ 'ਤੇ ਕਬਜ਼ਾ ਕਰ ਲਿਆ। ਅਬਦੁੱਲ ਸਮੱਦ ਖਾਂ ਨੂੰ ਲਾਹੌਰ ਦਾ ਸੂਬਾ ਨਿਯੁਕਤ ਕੀਤਾ ਗਿਆ। ਉਸਦੇ ਪੁੱਤਰ ਜ਼ਕਰੀਆ ਖਾਂ ਨੂੰ ਜੰਮੂ ਦਾ ਹੁਕਮ ਥਾਪਿਆ। ਉਨ੍ਹਾਂ ਨੇ ਅਕਤੂਬਰ 1713 ਵਿਚ ਸਢੌਰਾ ਤੇ ਲੋਹਗੜ੍ਹ 'ਤੇ ਜਿੱਤ ਪ੍ਰਾਪਤ ਕਰ ਲਈ। ਬਾਬਾ ਜੀ ਜੰਮੂ ਦੀਆਂ ਪਹਾੜੀਆਂ ਵਿਚ ਚਲੇ ਗਏ। ਸੰਨ 1715 ਵਿਚ ਕਲਾਨੌਰ 'ਤੇ ਬਟਾਲਾ ਜਿੱਤ ਲਏ। ਮੁਗ਼ਲਾਂ ਨੇ ਲਾਹੌਰ ਵਿਖੇ ਵੱਡੀ ਸੈਨਾ ਇਕੱਠੀ ਕਰ ਲਈ। ਕਾਂਗੜੇ ਦਾ ਕਟੋਚ ਰਾਜਾ ਅਤੇ ਜਸਰੋਟਾ ਦੇ ਰਾਜੇ ਵਲੋਂ ਸੈਨਿਕ ਭੇਜੇ। ਬਾਬਾ ਜੀ ਨੇ ਕੋਟ ਮਿਰਜਾ ਜਾਨ ਪਿੰਡ ਤੋਂ ਮੁਗਲਾਂ ਦਾ ਟਾਕਰਾ ਕੀਤਾ। ਮੁਸਲਮਾਨ ਇਤਿਹਾਸਕਾਰ ਲਿਖਦਾ ਹੈ ਕਿ ਬਾਬਾ ਜੀ ਸ਼ਾਹੀ ਫੌਜਾਂ ਨੂੰ ਹਾਰ ਦੇਣ ਦੇ ਬਿਲਕੁਲ ਨੇੜੇ ਸਨ ਕਿ ਮੁਗ਼ਲਾਂ ਦੀ ਹੋਰ ਭਾਰੀ ਫੌਜ ਆਣ ਪਹੁੰਚੀ। ਇਸ ਲਈ ਸਿੰਘਾਂ ਨੂੰ ਗੁਰਦਾਸ-ਨੰਗਲ ਪਿੰਡ ਵੱਲ ਪਿਛੇ ਹਟਣਾ ਪਿਆ। ਉਥੇ ਭਾਈ ਦੁਨੀ ਚੰਦ ਦੀ ਹਵੇਲੀ ਵਿਚ ਠਹਿਰੇ। ਹਵੇਲੀ ਦੇ ਗਿਰਦ ਮੋਰਚੇ ਬਣਾਏ। ਦੋਹੀਂ ਪਾਸੀਂ ਖਾਈ ਪੁੱਟ ਕੇ ਪਾਣੀ ਭਰ ਲਿਆ ਤੇ ਖੰਭੇ ਵਾਲੀ ਥਾਂ ਬਣਾ ਲਈ ਤਾਂ ਜੋ ਵਾਰੀ ਅਗਾਂਹ ਨਾ ਵਧਣ।

ਸ਼ਾਹੀ ਫੌਜਾਂ ਨੇ ਅਪ੍ਰੈਲ 1715 ਈ. ਵਿਚ ਗੁਰਦਾਸ-ਨੰਗਲ ਆ ਘੇਰਿਆ। ਸਿੰਘਾਂ ਨੇ ਗੁਰੀਲਾ ਯੁੱਧਨੀਤੀ ਅਪਣਾਈ। ਚਾਲੀ ਪੰਜਾਹ ਸਿੱਖ ਬਾਹਰ ਨਿਕਲਦੇ ਪਸ਼ੂਆਂ ਲਈ ਘਾਹ-ਪੱਠਾ ਲੈਂਦੇ, ਸ਼ਾਹੀ ਫੌਜਾਂ ਟਾਕਰਾ ਕਰਦੀਆਂ ਤਾਂ ਉਨ੍ਹਾਂ ਦਾ ਖਾਤਮਾ ਕਰਕੇ ਅਲੋਪ ਹੋ ਜਾਂਦੇ। ਘੇਰੇ ਦੇ ਲੰਮੇਰੇ ਹੋ ਜਾਣ ਕਰਕੇ ਆਟਾ ਦਾਣਾ ਮੁੱਕ ਗਿਆ। ਬਾਬਾ ਬਿਨੋਦ ਸਿੰਘ ਆਪਣੇ ਪੁੱਤਰ ਨੂੰ ਨਾਲ ਲੈ ਕੇ ਕਿਲ੍ਹਾ ਛੱਡ ਗਿਆ। ਸਿੰਘਾਂ ਨੂੰ ਘੋੜਿਆਂ, ਖੋਤਿਆਂ ਤੇ ਪਸ਼ੂਆਂ ਦਾ ਮਾਸ ਖਾਣਾ ਪਿਆ। ਉਨ੍ਹਾਂ ਨੇ ਘਾਹ 'ਤੇ ਦਰਖਤਾਂ ਦੇ ਪੱਤੇ ਖਾ ਕੇ ਗੁਜ਼ਾਰਾ ਕੀਤਾ। ਬਹੁਤ ਸਾਰੇ ਬਿਮਾਰੀਆਂ ਕਰਕੇ ਮਰਦੇ ਗਏ। ਸਿੰਘ ਅੱਠ ਮਹੀਨੇ ਤੱਕ ਮੁਗਲਾਂ ਦੀ ਫੌਜ ਦਾ ਟਾਕਰਾ ਕਰਦੇ ਰਹੇ ਜਿਸ ਵਿਚ 8000 ਸਿੰਘ ਸ਼ਹੀਦੀ ਪਾ ਗਏ। ਦਸੰਬਰ 7, 1715 ਨੂੰ ਮੁਗ਼ਲ ਫੌਜ ਨੇ ਹਵੇਲੀ 'ਤੇ ਕਬਜ਼ਾ ਕਰ ਲਿਆ। ਬਾਬਾ ਜੀ ਅਤੇ ਸਿੰਘਾਂ ਨੂੰ ਕੈਦ ਕਰ ਲਿਆ ਗਿਆ।

ਮੁਗ਼ਲਾਂ ਨੇ ਲਗਭਗ 300 ਸਿੰਘਾਂ ਨੂੰ ਸ਼ਹੀਦ ਕਰ ਦਿੱਤਾ। ਸਿੰਘਾਂ ਦੇ ਮ੍ਰਿਤਕ ਸਰੀਰਾਂ ਦੀ ਚੀਰ-ਫਾੜ ਕਰ ਦਿੱਤੀ ਕਿ ਇਨ੍ਹਾਂ ਨੇ ਸੋਨੇ ਦੇ ਸਿੱਕੇ ਨਿਗਲ ਲਏ ਹਨ। ਸ਼ਹੀਦ ਸਿੰਘਾਂ ਦੇ ਸਿਰ ਨੇਜਿਆਂ, ਬਰਛਿਆਂ 'ਤੇ ਟੰਗੇ ਗਏ। ਬਾਬਾਜੀ ਸੁਪਤਨੀ 'ਤੇ ਤਿੰਨ ਵਰ੍ਹਿਆਂ ਦੇ ਪੁੱਤਰ ਅਜੈ ਸਿੰਘ ਨੂੰ ਵੀ ਫੜ ਲਿਆ। ਗੁਰਦਾਸ-ਨੰਗਲ ਤੋਂ ਬਾਬਾ ਜੀ ਅਤੇ ਸਾਥੀਆਂ ਨੂੰ ਕੈਦੀ ਬਣਾ ਕੇ ਲਾਹੌਰ ਲਿਆਂਦਾ ਗਿਆ। ਬਾਬਾ ਜੀ ਨੂੰ ਲੋਹੇ ਦੀਆਂ ਜੰਜੀਰਾਂ ਨਾਲ ਜਕੜ ਕੇ ਲੋਹੇ ਦੀ ਪਿੰਜਰੇ ਵਿਚ ਬੰਦ ਕਰ ਦਿੱਤਾ ਗਿਆ। ਪਿੰਜਰਾ ਹਾਥੀ ਉਪਰ ਬੰਨ੍ਹ ਦਿੱਤਾ। ਦੋ ਮੁਗ਼ਲ ਸੈਨਿਕ ਖੰਜਰ ਲੈ ਕੇ ਪਹਿਰਾ ਦੇ ਰਹੇ ਸਨ। ਸਾਥੀਆਂ ਨੂੰ ਵੀ ਜੰਜ਼ੀਰਾਂ ਨਾਲ ਬੰਨ੍ਹ ਕੇ ਖਚਰਾਂ ਖੋਤਿਆਂ ਉਪਰ ਬਿਠਾਇਆ।

ਬੰਦਾ ਸਿੰਘ ਬਹਾਦਰ ਜੀ ਨਾਲ 200 ਸਾਥੀਆਂ ਨੂੰ ਜ਼ਕਰੀਆ ਖਾਂ ਨੇ ਜਲੂਸ ਦੀ ਸ਼ਕਲ ਵਿਚ ਦਿੱਲੀ ਤੋਰਿਆ। ਬਾਦਸ਼ਾਹ ਨੂੰ ਖੁਸ਼ ਕਰਨ ਲਈ ਉਸਨੇ ਕੈਦੀਆਂ ਨੂੰ ਵਧਾਉਣ ਦੀ ਸੋਚੀ, ਰਾਹ ਵਿਚ ਹੋਰ ਸਿੱਖ ਫੜਨੇ ਸ਼ੁਰੂ ਦਿੱਤੇ। ਕੁਝ ਨੂੰ ਕੈਦੀ ਬਣਾ ਲਿਆ, ਕੁਝ ਦੇ ਸਿਰ ਵੱਡ ਕੇ ਹੋਰ ਨੇਜ਼ਿਆਂ 'ਤੇ ਟੰਗ ਲਏ। ਇਸ ਤਰ੍ਹਾਂ ਕੈਦੀਆਂ ਦੀ ਗਿਣਤੀ 740 ਅਤੇ ਟੰਗੇ ਹੋਏ ਸਿਰਾਂ ਦੀ ਗਿਣਤੀ 2000 ਹੋ ਗਈ। ਇਸ ਤੋਂ ਇਲਾਵਾ ਸਿੱਖਾਂ ਦੇਸਿਰ ਗੱਡਿਆਂ 'ਤੇ ਵੀ ਲੱਦੇ ਹੋਏ ਸਨ। ਇਹ ਜਲੂਸ 29 ਫਰਵਰੀ, 1716 ਈ. ਨੂੰ ਦਿੱਲੀ ਪੁੱਜਾ। ਜਲੂਸ ਦੇ ਅੱਗੇ ਟੰਗੇ ਹੋਏ ਸਿਰ ਸਨ। ਉਨ੍ਹਾਂ ਨਾਲ ਇਕ ਬਿੱਲੀ ਵੀ ਟੰਗੀ ਸੀ। ਇਹ ਦੱਸਣ ਲਈ ਕਿ ਗੁਰਦਾਸ-ਨੰਗਲ ਵਿਚ ਸਿੱਖ ਤਾਂ ਇਕ ਪਾਸੇ ਬਿੱਲੀ ਤੱਕ ਵੀ ਮਾਰ ਦਿੱਤੀ ਹੈ। ਇਸ ਤੋਂ ਬਾਅਦ ਬਾਬਾ ਜੀ ਸਨ, ਜੋ ਹਾਥੀ 'ਤੇ ਇਕ ਪਿੰਜਰੇ ਵਿਚ ਸਨ। ਮਖੌਲ ਉਡਾਵਣ ਲਈ ਤਿਲੇ ਗੋਟੇ ਵਾਲੇ ਕੀਮਤੀ ਕੱਪੜੇ ਪਾਏ ਹੋਏ ਸਨ। ਉਨ੍ਹਾਂ ਦੇ ਪਿਛੇ ਇਕ ਸੈਨਿਕ ਨੰਗੀ ਤਲਵਾਰ ਲੈ ਕੇ ਖੜ੍ਹਾ ਸੀ। ਪਿਛੇ ਬਾਕੀ ਕੈਦੀ ਆ ਰਹੇ ਸਨ। ਜੋ ਦੋ-ਦੋ ਬੰਨ੍ਹ ਕੇ ਬਿਨਾਂ ਕਾਠੀ ਵਾਲੇ ਊਠਾਂ ਉਤੇ ਬੈਠੇ ਹੋਏ ਸਨ। ਜਿੰਨਾਂ ਦੇ ਸਿਰਾਂ ਉਤੇ ਭੇਡ ਦੀ ਖੱਲ ਦੀਆਂ ਨੋਕਦਾਰ ਸ਼ੀਸ਼ੇ ਜੜੀਆਂ ਟੋਪੀਆਂ ਸਨ। ਅਗਰਾਬਾਦ ਅਤੇ ਦਿੱਲੀ ਦੇ ਲਾਹੌਰੀ ਦਰਵਾਜ਼ੇ ਦੇ ਵਿਚਕਾਰ ਮੀਲਾਂ ਲੰਮੀ ਸੜਕ ਦੇ ਦੋਨੇ ਪਾਸੇ ਤਮਾਸ਼ਬੀਨ ਖੜ੍ਹੇ ਸਨ।

ਮਿਰਜ਼ਾ ਮਹੰਮਦ ਹਰੀ ਸੀ ਜੋ ਇਸ ਨੂੰ ਦੇਖਿਆ ਤਮਾਸ਼ ਕਹਿੰਦਾ ਹੈ ਗਲੀਆਂ ਬਜ਼ਾਰਾਂ ਵਿਚ ਇਤਨਾ ਭਾਰੀ ਇਕੱਠ ਸ਼ਾਇਦ ਹੀ ਕਿਸੇ ਨੇ ਵੇਖਿਆ ਹੋਵੇ। ਮੁਸਲਮਾਨ ਖੁਸ਼ੀ ਦੇ ਮਾਰੇ ਫੁੱਲੇ ਨਹੀਂ ਸਨ ਸਮਾਉਂਦੇ, ਪਰ ਸਿੱਖ ਵੀ ਭਾਣੇ ਨੂੰ ਮੰਨਦੇ ਹੋਏ ਸ਼ਾਂਤ ਸਨ। ਗੁਰਬਾਣੀ ਦਾ ਜਾਪ ਕਰਦੇ ਰਹੇ। ਤਮਾਸ਼ਬੀਨ ਆਖਦੇ ਕਿ ਤੁਹਾਡੀਆਂ ਕੀਤੀਆਂ ਨੇ ਇਹ ਦਿਨ ਵਿਖਾਏ ਹਨ। ਸਿੰਘ ਕਹਿਦੇ ਸਭ ਕੁਝ ਰੱਬ ਦੀ ਰਜ਼ਾ ਵਿਚ ਹੋ ਰਿਹਾ ਹੈ। ਭੀੜ ਨੇ ਕਿਹਾ ਕਿ ਹੁਣ ਤੁਹਾਨੂੰ ਮਾਰ ਦਿੱਤਾ ਜਾਵੇਗਾ। ਸਿੰਘ ਕਹਿੰਦੇ ਅਸੀਂ ਮੌਤ ਤੋਂ ਕਦ ਡਰੇ ਹਾਂ? ਜੇਕਰ ਅਸੀਂ ਡਰਦੇ ਹੁੰਦੇ ਤਾਂ ਇੰਨੀਆਂ ਜੰਗਾਂ ਕਿਵੇਂ ਲੜ ਸਕਦੇ ਸੀ? ਅਸੀਂ ਤਾਂ ਮਜ਼ਬੂਰੀ ਵੱਸ ਤੁਹਾਡੇ ਕਾਬੂ ਆ ਗਏ। ਨਹੀਂ ਤਾਂ ਤੁਹਾਨੂੰ ਪਤਾ ਹੀ ਹੈ ਕਿ ਅਸੀਂ ਕਿਹੋ ਜਿਹੇ ਹੱਥ ਵਿਖਾ ਸਕਦੇ ਹਾਂ।

ਜਦੋਂ ਸ਼ਾਹੀ ਕਿਲ੍ਹੇ ਕੋਲ ਪਹੁੰਚੇ ਤਾਂ ਬਾਬਾ ਜੀ ਦੇ ਪ੍ਰਮੁੱਖ ਸਾਥੀ ਜਿਵੇਂ-ਬਾਜ਼ ਸਿੰਘ, ਫਤਹਿ ਸਿੰਘ, ਬਾਬਾ ਕਾਨ੍ਹ ਸਿੰਘ ਆਦਿ ਨੂੰ ਬੰਦੀਖਾਨੇ ਭੇਜ ਦਿੱਤਾ। ਬਾਬਾ ਜੀ ਦੇ ਤਿੰਨ ਵਰ੍ਹਿਆਂ ਦੇ ਪੁੱਤਰ ਅਜੈ ਸਿੰਘ ਉਸਦੀ ਮਾਤਾ ਤੇ ਖਿਡਾਵੀ ਨੂੰ ਸ਼ਾਹੀ ਜਨਾਨਖਾਨਾ ਵਿਚ ਰੱਖਿਆ। ਮਾਰਚ 5, 1716 ਨੂੰ ਕੋਤਵਾਲੀ ਦੇ ਸਾਹਮਣੇ ਸਿੱਖ ਕੈਦੀਆਂ ਦੇ 100-100 ਕਰਕੇ ਕਤਲ ਸ਼ੁਰੂ ਹੋਏ। ਵਾਰ ਵਾਰ ਐਲਾਨ ਕੀਤਾ ਜਾਂਦਾ ਕਿ ਜਿਹੜਾ ਆਪਣਾ ਧਰਮ ਤਿਆਗ ਕੇ ਮੁਸਲਮਾਨ ਬਣ ਜਾਵੇ। ਉਸਦੀ ਜਾਨ ਬਖਸ਼ ਦਿੱਤੀ ਜਾਵੇ। ਜਾਨ ਸਰਮਨ ਸਟੀਫ ਨਸਨ ਜੋ ਸ਼ਾਹੀ ਦਰਬਾਰ ਵਿਚੋਂ ਸਨ, ਦਾ ਕਥਨ ਹੈ ਕਿ ਕੋਈ ਵੀ ਸਿੱਖ ਆਪਣੇ ਧਰਮ ਤੋਂ ਨਹੀਂ ਫਿਰਿਆ। ਸੱਤ ਦਿਨਾਂ ਵਿਚ ਸਾਰੇ ਸਿੱਖ ਸ਼ਹੀਦ ਹੋ ਗਏ। ਰਾਤ ਨੂੰ ਸ਼ਹੀਦਾਂ ਦੇ ਸਰੀਰ ਗੱਡਿਆਂ ਉਤੇ ਲੱਦ ਕੇ ਸ਼ਹਿਰੋਂ ਬਾਹਰ ਦਰਖਤਾਂ 'ਤੇ ਟੰਗ ਦਿੱਤੇ ਜਾਂਦੇ।

ਇਸ ਕਤਲੇਆਮ ਤੋਂ ਤਿੰਨ ਮਹੀਨੇ ਤੱਕ ਬਾਬਾ ਜੀ ਅਤੇ ਸਾਥੀਆਂ ਨੂੰ ਸਖ਼ਤ ਤਸੀਹੇ ਦਿੱਤੇ ਗਏ ਕਿ ਉਹ ਆਪਣੇ ਦੱਬੇ ਹੋਏ ਖਜ਼ਾਨੇ ਅਤੇ ਉਨ੍ਹਾਂ ਦੇ ਮਦਦਗਾਰ ਕੌਣ ਸਨ, ਦਾ ਪਤਾ ਦੇਣ। ਅੰਤ ਬਾਬਾ ਜੀ ਅਤੇ ਉਨ੍ਹਾਂ ਦੇ 26 ਸਾਥੀਆਂ ਨੂੰ 9 ਜੂਨ 1716 ਨੂੰ ਸ਼ਹੀਦ ਕਰਨ ਲਈ ਖਵਾਜ਼ਾ ਕੁਤਬਦੀਨ ਬਖਤਿਆਰ ਕਾਕੀ ਦੇ ਮਕਬਰੇ ਦੀ ਪਰਿਕਰਮਾ ਕਰਵਾਈ ਗਈ। ਫਿਰ ਦੁਹਰਾਇਆ ਕਿ ਇਸਲਾਮ ਕਬੂਲ ਕਰੋ ਜਾਂ ਫਿਰ ਮੌਤ। ਦਸ਼ਮੇਸ਼ ਪਿਤਾ ਦੇ ਸਿੱਦਕੀ ਸੰਤ ਸੂਰਮਿਆਂ ਨੇ ਸ਼ਹੀਦੀ ਪ੍ਰਾਪਤ ਕਰ ਲਈ।

ਬਾਬਾ ਜੀ ਦੇ ਤਿੰਨ ਸਾਲਾਂ ਪੁੱਤਰ ਅਜੈ ਸਿੰਘ ਨੂੰ ਬਾਬਾ ਜੀ ਦੀ ਗੋਦ ਵਿਚ ਬਿਠਾਇਆ ਅਤੇ ਆਪਣੇ ਪੁੱਤਰ ਨੂੰ ਖ਼ੁਦ ਵੱਢ ਦਿਓ। ਬਾਬਾ ਜੀ ਨੇ ਇਕਰਾਰ ਕੀਤਾ ਤਾਂ ਜਲਾਦ ਨੇ ਬੱਚੇ ਦੇ ਟੋਟੇ ਕਰ ਦਿੱਤੇ। ਬੱਚੇ ਦਾ ਦਿਲ ਬਾਬਾ ਜੀ ਦੇ ਮੂੰਹ ਵਿਚ ਤੁਨਿਆ ਗਿਆ। ਬਾਬਾ ਜੀ ਰੱਬ ਦੇ ਭਾਣੇ ਨੇ ਮਿਠਾ ਕਰਕੇ ਮੰਨਦੇ ਅਡੋਲ ਰਹੇ। ਮੁਸਲਮਾਨ ਇਤਿਹਾਸਕਾਰ ਗੁਲਾਮ ਹੁਸੈਨ ਲਿਖਦਾ ਹੈ ਕਿ ਇਤਮਾਦੁਲ ਦੌਲਾ ਮੁਹੰਮਦ ਅਮੀਨ ਖਾਂ ਜੋ ਬਾਬਾ ਜੀ ਦੇ ਕੋਲ ਖੜ੍ਹਾ ਸੀ। ਇਸ ਸ਼ਹੀਦੀ ਦਾ ਉਸਦੇ ਮਨ ਤੇ ਅਸਰ ਹੋਇਆ ਤਾਂ ਉਹ ਕਹਿ ਉਠਿਆ ਕਿ ਅਜਿਹੀ ਸਿਆਣਪ, ਸਾਊਪੁਣੇ 'ਤੇ ਉਚਿਤਾ ਦੇ ਮਾਲਕ ਨੇ ਦੁਨੀਆਂ ਨੂੰ ਅਜਿਹੇ ਵਖਤਾਂ ਵਿਚ ਕਿਉਂ ਪਾਇਆ ਅਤੇ ਆਪਣੀ ਜਾਨ ਨੂੰ ਇਸ ਬਿਪਤਾ ਵਿਚ ਫਸਾਇਆ।

ਜਲਾਦ ਨੇ ਸਭ ਤੋਂ ਪਹਿਲਾਂ ਬਾਬਾ ਜੀ ਦੀਆਂ ਅੱਖਾਂ ਕੱਢੀਆਂ। ਹੱਥ ਪੈਰ ਵੱਢਣ ਉਪਰੰਤ ਭਖਦੇ ਹੋਏ ਨਾਲ ਜੰਬੂਰਾਂ ਨਾਲ ਸਰੀਰ ਤੋਂ ਮਾਸ ਨੋਚਿਆ ਗਿਆ। ਅਜਿਹੇ ਅਣਮਨੁੱਖੀ ਤਸੀਹੇ ਸਹਿੰਦਿਆਂ ਬਾਬਾ ਜੀ, ਜੂਨ 9, 1716 ਨੂੰ ਸ਼ਹੀਦੀ ਪਾ ਗਏ।

ਬਾਬਾ ਜੀ ਦੇ 6 ਸਾਲ ਦੇ ਰਾਜ-ਪ੍ਰਬੰਧ ਦੀਆਂ ਵਿਸ਼ੇਸ਼ਤਾਈਆਂ ਹਨ ਕਿ - ਬਾਬਾ ਜੀ ਸਿੱਖ ਕੌਮ ਦੇ ਉਹ ਸਿਪਾਹੀ ਹਨ ਜਿਨ੍ਹਾਂ ਸਿੱਖ ਧਰਮ ਵਿਚ ਬਹਾਦਰੀ ਦੇ ਸਿਧਾਂਤ ਨੂੰ ਅਗਾਂਹ ਤੋਰਿਆ। ਖਾਲਸੇ ਨੇ ਬਰਾਬਰਤਾ ਦੇ ਸਿਧਾਂਤ 'ਤੇ ਪਹਿਰਾ ਦਿੰਦਿਆਂ ਪਹਿਲੀ ਵਾਰ ਰਾਜਸੀ ਸੱਤਾ 'ਤੇ ਕਬਜ਼ਾ ਕੀਤਾ, ਉਸ ਸੂਬੇ ਦਾ ਪਹਿਲਾ ਹਾਕਮ ਭਾਈ ਬੀਰ ਸਿੰਘ ਨੂੰ ਥਾਪਿਆ ਜੋ ਇਕ ਨੀਵੀਂ ਜਾਤ ਵਿਚੋਂ ਸਨ। ਉਨ੍ਹਾਂ ਦੇ ਰਾਜ ਵਿਚ ਸਿੱਖ ਇਕ ਅਜਿੱਤ ਕੌਮ ਦੇ ਰੂਪ ਵਿਚ ਸਾਹਮਣੇ ਆਏ। ਉਨ੍ਹਾਂ ਦੇ ਰਾਜ-ਕਾਲ ਵਿਚ ਹਰ ਇਕ ਨੂੰ ਬਰਾਬਰ ਅਜ਼ਾਦੀ ਸੀ। ਉਹ ਕਿਸੇ ਕੌਮ ਜਾਂ ਫਿਰਕੇ ਦੇ ਵਿਰੁੱਧ ਨਹੀਂ ਸਨ। ਉਨ੍ਹਾਂ ਤੋਂ ਬਾਅਦ 1717-1748 ਤੱਕ ਮੁਗ਼ਲਾਂ ਦੇ ਅਕਹਿ ਜ਼ੁਲਮ ਸਹਿ ਕੇ ਵੀ ਖਾਲਸੇ ਦੀਆਂ ਬਾਰਾਂ ਮਿਸਲਾਂ ਹੋਂਦ ਵਿਚ ਆਈਆਂ। ਫਿਰ 1801 ਵਿਚ ਮਹਾਰਾਜਾ ਰਣਜੀਤ ਸਿੰਘ ਜੀ ਨੇ ਵਿਸ਼ਾਲ ਖਾਲਸਾ ਰਾਜ ਸਥਾਪਤ ਕੀਤਾ।

ਬਾਬਾ ਜੀ ਨੇ ਜਨਤੰਤਰ ਦੀ ਨੀਂਹ ਰੱਖੀ। ਡਾ. ਗੰਡਾ ਸਿੰਘ ਜੀ ਅਨੁਸਾਰ-ਬਾਬਾ ਜੀ ਦੀ ਅਗਵਾਈ ਹੇਠ ਖ਼ਾਲਸੇ ਨੇ ਜ਼ਿਮੀਦਾਰਾ ਪ੍ਰਬੰਧ ਖਤਮ ਕੀਤਾ। ਜ਼ਮੀਨ ਤੇ ਉਨ੍ਹਾਂ ਕਿਸਾਨਾਂ ਦੀ ਮਾਲਕੀ ਕੀਤੀ ਜੋ ਖ਼ੁਦ ਹੱਲ ਵਾਹੁੰਦੇ ਸਨ। ਅਜਿਹੇ ਲੋਕਾਂ ਨੂੰ ਉੱਘਾ ਕੀਤਾ ਜੋ ਬੇਜ਼ਮੀਨੇ ਅਤੇ ਨਿਧਿੰਧ ਸਨ।

ਬਾਬਾ ਜੀ ਇਕ ਸੂਰਬੀਰ ਯੋਧਾ, ਸਫ਼ਲ ਪ੍ਰਬੰਧਕ, ਸਿੱਦਕੀ ਅਤੇ ਧਰਮੀ ਸਿੱਖ ਸਨ। ਉਨ੍ਹਾਂ ਦੀ ਸਿੱਖ ਕੌਮ ਨੂੰ ਦੇਣ ਬੇਮਿਸਾਲ ਹੈ। ਉਨ੍ਹਾਂ ਦੀ ਵਿਲੱਖਣ ਸ਼ਹੀਦੀ ਅਤੇ ਉਨ੍ਹਾਂ ਦਾ ਸਿੱਖ ਪੰਥ ਦੀ ਸਥਾਪਤੀ ਵਿਚ ਪਾਏ ਯੋਗਦਾਨ ਤੇ ਕੌਮ ਨੂੰ ਹਮੇਸ਼ਾ ਮਾਣ ਰਹੇਗਾ। ਕੌਮ ਦਾ ਪ੍ਰਣਾਮ ਹੈ।

ਅੰਤਿਕਾ : ਜੋ ਮਨੁੱਖ ਜਗਤ-ਰੂਪ ਰਣ-ਭੂਮੀ ਵਿਚ ਦਲੇਰ ਹੋ ਕੇ ਵਿਕਾਰਾਂ ਦੇ ਟਾਕਰੇ 'ਤੇ ਅੜ ਖਲੋਤਾ ਹੈ ਤੇ ਸਮਝਦਾ ਹੈ ਕਿ ਇਹ ਮਨੁੱਖਾ ਜੀਵਨ ਹੀ ਮੌਕਾ ਹੈ ਜਦੋਂ ਇਨ੍ਹਾਂ ਨਾਲ ਲੜਿਆ ਜਾ ਸਕਦਾ ਹੈ। ਉਹ ਹੈ ਅਸਲ ਸੂਰਮਾ। ਉਸਦੇ ਦਸਮ ਦੁਆਰ ਵਿਚ ਧੌਂਸਾ ਵੱਜਦਾ ਹੈ। ਉਸਦੇ ਨਿਸ਼ਾਨੇ 'ਤੇ ਚੋਟ ਪੈਂਦੀ ਹੈ। ਭਾਵ ਉਸਦਾ ਮਨ ਪ੍ਰਭੂ ਚਰਣਾਂ ਵਿਚ ਉੱਚੀਆਂ ਉਡਾਰੀਆਂ ਲਾਉਂਦਾ ਹੈ। ਜਿਥੇ ਕਿਸੇ ਵਿਕਾਰ ਦੀ ਸੁਣਾਈ ਹੀ ਨਹੀਂ ਹੋ ਸਕਦੀ। ਉਸਦੇ ਹਿਰਦੇ ਵਿਚ ਪ੍ਰਭੂ-ਚਰਨਾ ਵਿਚ ਜੁੜੇ ਰਹਿਣ ਦੀ ਧੂਹ ਪੈਂਦੀ ਹੈ।

ਹਾਂ ਇਕ ਸੂਰਮਾ ਹੋਰ ਵੀ ਹੈ। ਉਸ ਮਨੁੱਖ ਨੂੰ ਸੂਰਮਾ ਸਮਝਣਾ ਚਾਹੀਦਾ ਹੈ ਜੋ ਗਰੀਬਾਂ ਦੀ ਖਾਤਰ ਲੜਦਾ ਹੈ। ਗਰੀਬਾਂ ਵਾਸਤੇ ਲੜਦਾ ਲੜਦਾ ਟੋਟੇ ਟੋਟੇ ਹੋ ਮਰਦਾ ਹੈ। ਪਰ ਲੜਾਈ ਦਾ ਮੈਦਾਨ ਕਦੇ ਨਹੀਂ ਛੱਡਦਾ। ਪਰ ਪਿਛਾਂਹ ਪੈਰ ਨਹੀਂ ਹਟਾਉਂਦਾ। ਆਪਣੀ ਜਿੰਦ ਬਚਾਉਣ ਦੀ ਖਾਤਰ ਗਰੀਬ ਦੀ ਫੜੀ ਹੋਈ ਬਾਂਹ ਨਹੀਂ ਛੱਡਦਾ।

ਅੰਗ 1105 ਭਗਤ ਕਬੀਰ ਜੀ

# ਕਰੋਨਾ ਦੇ ਲੌਕਡਾਉਣ ਤੋਂ ਸਾਹਮਣੇ ਆਏ ਕੁੱਝ ਤੱਥ

22 ਮਾਰਚ ਤੋਂ ਲੈਕੇ 1 ਜੂਨ ਤੱਕ ਕਰੋਨਾ ਤੋਂ ਬਚਣ ਲਈ ਲੌਕਡਾਉਣ ਲੱਗਣ ਕਰਕੇ ਕੁੱਝ ਗੱਲਾਂ ਸਾਹਮਣੇ ਆਈਆਂ ਹਨ, ਜਿਨ੍ਹਾਂ 'ਤੇ ਭਵਿੱਖ 'ਚ ਵੀ ਅਮਲ ਕੀਤਾ ਜਾਣਾ ਚਾਹੀਦਾ ਹੈ। ਇਨ੍ਹਾਂ ਦਿਨਾਂ 'ਚ ਲੋਕਾਂ ਦੀ ਖੁਰਾਕ 'ਚ ਅਨਾਜ, ਦੁੱਧ, ਸਬਜ਼ੀਆਂ, ਫਲ ਹੀ ਸ਼ਾਮਲ ਰਹੇ। ਫਾਸਟਫੂਡ ਦੀਆਂ ਚੀਜ਼ਾਂ ਜਿਵੇਂ ਗੋਲਗੱਪੇ, ਬਰਗਰ ਕੁਲਚੇ, ਹਾਟਡਾਗ, ਭਟੂਰੇ, ਨੂਡਲਜ਼ ਆਦਿ ਦੀ ਵਰਤੋਂ ਸੰਭਵ ਨਾ ਹੋ ਸਕੀ। ਬੇਕਰੀ ਵਾਲਾ ਖਾਣ-ਪੀਣ ਦਾ ਸਮਾਨ ਤੇ ਮਿਠਾਈਆਂ ਵੀ ਨਾ ਮਿਲੀਆਂ। ਇਸ ਦਾ ਮਤਲਬ ਫਾਸਟਫੂਡ ਤੇ ਮਿਠਾਈਆਂ ਬਿਨਾ ਅਸੀਂ ਸਾਰ ਸਕਦੇ ਹਾਂ।

ਹੋਰ ਨਹੀਂ ਤਾਂ ਹੁਣ ਸਾਨੂੰ ਇਨ੍ਹਾਂ ਚੀਜ਼ਾਂ ਦੀ ਵਰਤੋਂ ਘੱਟ ਜ਼ਰੂਰ ਕਰਨੀ ਚਾਹੀਦੀ ਹੈ। ਮੁਟਾਪਾ, ਸੂਗਰ, ਬਲੱਡ ਪ੍ਰੈਸ਼ਰ ਆਦਿ ਅਨੇਕਾਂ ਬਿਮਾਰੀਆਂ ਵਧਣ ਦਾ ਅਤੇ ਇਮਿਊਨ ਸਿਸਟਮ ਮਜਬੂਤ ਨਾ ਰਹਿਣ ਦਾ ਵੱਡਾ ਕਾਰਨ ਫਾਸਟਫੂਡ ਤੇ ਮਿਠਾਈਆਂ ਵੀ ਹਨ। ਜਦੋਂ ਲੋਕਾਂ ਨੇ ਮਿਠਾਈਆਂ ਦੀ ਖਪਤ ਘੱਟ ਕਰਨੀ ਸ਼ੁਰ ਕਰ ਦਿੱਤੀ ਤਾਂ ਨਕਲੀ ਦੁੱਧ, ਨਕਲੀ ਪਨੀਰ, ਨਕਲੀ ਖੋਆ ਬਨਣਾ ਵੀ ਬੰਦ ਹੋ ਜਾਵੇਗਾ। ਲੌਕਡਾਉਣ ਦੇ ਦੌਰਾਨ ਪ੍ਰਾਈਵੇਟ ਡਾਕਟਰਾਂ, ਹਸਪਤਾਲਾਂ ਨੇ ਮਰੀਜ਼ ਦੇਖਣੇ ਬੰਦ ਕਰ ਦਿੱਤੇ ਸਨ, ਕੈਮਿਸਟ ਦੀਆਂ ਦੁਕਾਨਾਂ ਵੀ ਬਹੁਤ ਘੱਟ ਸਮੇਂ ਲਈ ਖੁੱਲਦੀਆਂ ਸਨ। ਜ਼ਿਆਦਾਤਰ ਲੋਕਾਂ ਨੂੰ ਆਦਤ ਹੈ ਕਿ ਸਰੀਰ ਨੂੰ ਮਾਮੂਲੀ ਜਿਹੀ ਵੀ ਤਕਲੀਫ ਹੋਵੇ ਤਾਂ ਉਹ ਤੁਰੰਤ ਦਵਾਈਆਂ ਲੈਣੀਆਂ ਸ਼ੁਰੂ ਕਰ ਦਿੰਦੇ ਹਨ। ਇਸੇ ਕਰਕੇ ਸਾਡੀ ਆਮਦਨ ਦਾ ਵੱਡਾ ਹਿੱਸਾ ਦਵਾਈਆਂ ਦੀ ਭੇਂਟ ਚੜ੍ਹਨ ਲੱਗ ਪਿਆ ਹੈ। ਲੌਕਡਾਉਣ 'ਚ ਲੋਕਾਂ ਨੇ ਸਰੀਰਕ ਤਕਲੀਫ ਨੂੰ ਬਰਦਾਸ਼ਤ ਕੀਤਾ, ਉਨ੍ਹਾਂ ਦੇ ਇਮਿਊਨ ਸਿਸਟਮ ਨੇ ਉਨ੍ਹਾਂ ਨੂੰ ਬਿਨਾ ਦਵਾਈਆਂ ਦੇ ਠੀਕ ਵੀ ਕਰ ਦਿੱਤਾ। ਗੰਭੀਰ ਰੋਗਾਂ ਤੋਂ ਪੀੜਤ ਕੁੱਝ ਲੋਕਾਂ ਨੂੰ ਡਾਕਟਰੀ ਸਹੂਲਤ ਨਾ ਮਿਲਣ ਕਰਕੇ ਬਹੁਤ ਔਕੜ ਵੀ ਆਈ ਅਤੇ ਜਾਨ ਵੀ ਗੁਆਉਣੀ ਪਈ, ਪਰ ਬਹੁਗਿਣਤੀ ਲੋਕ ਦਵਾਈਆਂ ਖਾਣ ਤੋਂ ਬਚੇ ਰਹੇ। ਸਾਨੂੰ ਅਨਲੌਕ ਤੋਂ ਬਾਅਦ ਵੀ ਦਵਾਈਆਂ ਖਾਣ ਤੋਂ ਗੁਰੇਜ਼ ਹੀ ਕਰਨਾ ਠੀਕ ਰਹੇਗਾ। ਕਸਰਤ, ਯੋਗ ਕਰਨ ਦੇ ਨਾਲ ਨਾਲ ਸਾਦਾ ਤੇ ਪੌਸ਼ਟਿਕ ਭੋਜਨ ਖਾਣਾ ਚਾਹੀਦਾ ਹੈ। ਬਿਨਾ ਮਤਲਬ ਤੋਂ ਦਵਾਈਆਂ ਖਾਣੀਆਂ ਸਰੀਰ ਨੂੰ ਤੰਗ ਕਰਨ ਵਾਲੀ ਗੱਲ ਹੀ ਸਿੱਧ ਹੁੰਦੀ ਹੈ।

ਲੌਕਡਾਉਣ ਦੇ ਦਿਨਾਂ 'ਚ ਮੰਦਰ, ਗੁਰਦੁਆਰੇ, ਸਤਿਸੰਗ ਘਰ ਆਦਿ ਬੰਦ ਕਰ ਦਿੱਤੇ ਗਏ ਸਨ। ਲੋਕਾਂ ਨੇ ਆਪੋ-ਆਪਣੇ ਵਿਸ਼ਵਾਸ਼ ਤੇ ਸ਼ਰਧਾ ਮੁਤਾਬਿਕ ਪੂਜਾ-ਪਾਠ, ਭਗਤੀ, ਨਾਮ ਜਪਣ ਵਰਗੇ ਕੰਮ ਘਰੇ ਬੈਠ ਕੇ ਹੀ ਕੀਤੇ। ਕਾਫੀ ਸਾਲਾਂ ਤੋਂ ਦੂਰ ਦੂਰ ਦੇ ਵੱਖੋ-ਵੱਖ ਧਾਰਮਿਕ ਸਥਾਨਾਂ ਅਤੇ ਸਤਿਸੰਗ ਘਰਾਂ 'ਚ ਜਾਣ ਵੇਲੇ ਬਹੁਤ ਲੋਕਾਂ ਨੂੰ ਸੜਕ ਹਾਦਸਿਆਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਜੇ ਲੌਕਡਾਉਣ ਦੇ ਸਮੇਂ ਵਾਂਗ ਅਸੀਂ ਆਪਣੇ ਘਰਾਂ ਅਤੇ ਮਨਾਂ 'ਚ ਵੀ ਪ੍ਰਮਾਤਮਾ ਦਾ ਨਾਂ ਲੈਣ ਲੱਗ ਜਾਈਏ ਤਾਂ ਸਾਡਾ ਦੂਰ ਦਾ ਸਫਰ ਕਾਫੀ ਹੱਦ ਤੱਕ ਘਟ ਸਕਦਾ ਹੈ ਅਤੇ ਜਾਨਾਂ ਤੋਂ ਇਲਾਵਾ ਸਮੇਂ ਦੀ ਵੀ ਬੱਚਤ ਹੋ ਸਕਦੀ ਹੈ।

ਜਿਹੜੇ ਲੋਕਾਂ ਨੂੰ ਸੈਰ, ਯੋਗ, ਕਸਰਤ ਕਰਨ ਦੀ ਆਦਤ ਹੈ, ਉਨ੍ਹਾਂ ਨੇ ਲੌਕਡਾਉਣ ਦੇ ਦਿਨਾਂ 'ਚ ਘਰ ਦੀਆਂ ਛੱਤਾਂ 'ਤੇ ਹੀ ਇਹ ਕ੍ਰਿਆਵਾਂ ਕੀਤੀਆਂ। ਜਿਹੜੇ ਲੋਕ ਇਹ ਕਹਿੰਦੇ ਸਨ ਕਿ ਉਹ ਸੈਰ ਕਰਨ ਇਸ ਕਰਕੇ ਨਹੀਂ ਜਾ ਸਕਦੇ, ਕਿਉਂਕਿ ਪਾਰਕ ਉਨ੍ਹਾਂ ਦੇ ਘਰ ਤੋਂ ਬਹੁਤ ਦੂਰ ਪੈਂਦਾ ਹੈ। ਲੌਕਡਾਉਣ ਤੋਂ ਇਹ ਗੱਲ ਸਪਸ਼ਟ ਹੋ ਗਈ ਕਿ ਇਹ ਤਾਂ ਉਨ੍ਹਾਂ ਦੇ ਸਭ ਬਹਾਨੇ ਹਨ। ਜਿਨ੍ਹਾਂ ਨੇ ਕਸਰਤ ਕਰਨੀ ਹੋਵੇ, ਦੌੜ ਲਗਾਉਣੀ ਹੋਵੇ ਤਾਂ ਉਹ ਤਾਂ ਘਰਾਂ ਅੰਦਰ ਤੇ ਛੱਤਾਂ 'ਤੇ ਵੀ ਇਹ ਕ੍ਰਿਆਵਾਂ ਕਰਕੇ ਸਰੀਰ ਨੂੰ ਫਿੱਟ ਰੱਖ ਸਕਦੇ ਹਨ। ਲੌਕਡਾਉਣ ਲੱਗਣ ਕਰਕੇ ਲੋਕਾਂ ਨੂੰ ਮੈਰਿਜ ਪੈਲੇਸਾਂ 'ਚ ਰੱਖੇ ਹੋਏ ਵਿਆਹ ਕੈਂਸਲ ਕਰਨੇ ਪਏ। ਆਮ ਤੌਰ 'ਤੇ ਲੋਕ ਖਾਸਕਰ ਹਿੰਦੂ ਤਾਂ ਜਨਮਪੱਤਰੀਆਂ ਤੋਂ ਵਿਆਹ ਦੇ ਸ਼ੁਭ ਦਿਨ ਕਢਾਉਂਦੇ ਹਨ। ਜੇ ਸ਼ੁਭ ਦਿਨ ਕੱਢਣ ਵਾਲਿਆਂ ਨੂੰ ਲੌਕਡਾਉਣ ਲੱਗਣ ਦਾ ਗਿਆਨ ਹੁੰਦਾ ਤਾਂ ਉਨ੍ਹਾਂ ਨੇ ਵਿਆਹ ਇਨ੍ਹਾਂ ਦਿਨਾਂ 'ਚ ਨਹੀਂ ਸੀ ਕੱਢਣੇ। ਇਸ ਤੋਂ ਸਾਫ ਨਤੀਜਾ ਨਿਕਲਦਾ ਹੈ ਕਿ ਵਿਆਹ, ਸਾਹੇ ਦੇ ਸ਼ੁਭ ਦਿਨ ਕਢਾਉਣ ਦਾ ਕੋਈ ਮਹੱਤਵ ਤੇ ਲੋੜ ਨਹੀਂ, ਸਗੋਂ ਆਪਣੀ ਮਰਜ਼ੀ ਤੇ ਸਹੂਲਤ ਅਨੁਸਾਰ ਹੀ ਵਿਆਹ ਸ਼ਾਦੀਆਂ ਦੇ ਦਿਨ ਨਿਸ਼ਚਿਤ ਕਰ ਲੈਣੇ ਚਾਹੀਦੇ ਹਨ।



ਸੋਹਣ ਲਾਲ ਗੁਪਤਾ
98144 84161

ਲੌਕਡਾਉਣ ਦੇ ਸਮੇਂ 'ਚ ਸੜਕਾਂ ਤੇ ਆਵਾਜਾਈ ਬਹੁਤ ਘੱਟ ਹੋਣ ਕਰਕੇ ਸੜਕ ਹਾਦਸੇ ਬਹੁਤ ਹੀ ਘੱਟ ਹੋਏ। ਪ੍ਰਵਾਸੀ ਮਜਦੂਰਾਂ ਦੇ ਭਰੇ ਟਰੱਕਾਂ ਨਾਲ ਹੀ ਕੁਝ ਵੱਡੇ ਹਾਦਸੇ ਜਰੂਰ ਹੋਏ। ਸਾਡੇ ਦੇਸ਼ 'ਚ ਹਰੇਕ ਸਾਲ ਤਕਰੀਬਨ ਡੇਢ ਲੱਖ ਲੋਕ ਸੜਕ ਹਾਦਸਿਆਂ 'ਚ ਆਪਣੀ ਜਾਨ ਗੁਆ ਲੈਂਦੇ ਹਨ



ਅਤੇ ਤਿੰਨ ਲੱਖ ਲੋਕ ਜ਼ਖ਼ਮੀ ਹੋ ਜਾਂਦੇ ਹਨ। ਕਰੋਨਾ ਕਰਕੇ ਭਾਰਤ 'ਚ 11-12 ਹਜ਼ਾਰ ਲੋਕਾਂ ਦੀ ਮੌਤ ਹੋਈ ਹੈ, ਉਨ੍ਹਾਂ 'ਚ ਬਹੁਗਿਣਤੀ ਲੋਕ ਪਹਿਲਾਂ ਵੀ ਗੰਭੀਰ ਰੋਗਾਂ ਤੋਂ ਪੀੜਤ ਸਨ। ਸੜਕ ਹਾਦਸਿਆਂ 'ਚ ਹਰੇਕ ਮਹੀਨੇ ਔਸਤਨ 12 ਹਜ਼ਾਰ ਬੰਦੇ ਮਰ ਜਾਂਦੇ ਹਨ ਅਤੇ ਮਰਨ ਵਾਲੇ ਹੁੰਦੇ ਵੀ ਤੰਦਰੁਸਤ ਲੋਕ ਹੀ ਹਨ। ਸਪਸ਼ਟ ਗੱਲ ਹੈ ਕਿ ਕਰੋਨਾ ਨਾਲੋਂ ਵੱਡੀ ਸਮੱਸਿਆ ਸਾਡੇ ਦੇਸ਼ 'ਚ ਸੜਕ ਹਾਦਸਿਆਂ ਦੀ ਹੈ, ਜਿਨ੍ਹਾਂ ਨੂੰ ਘਟਾਉਣ ਵਾਸਤੇ ਕਿਸੇ ਸਿਆਸੀ ਪਾਰਟੀ ਨੇ ਅੱਜ ਤੱਕ ਆਪਣੇ ਚੋਣ ਮੈਨੀਫੈਸਟੋ 'ਚ ਜਿਕਰ ਕਰਨ ਦੀ ਲੋੜ ਵੀ ਨਹੀਂ ਸਮਝੀ। ਜੇ ਅਸੀਂ ਵਿਆਹਾਂ ਸ਼ਾਦੀਆਂ, ਭੋਗਾਂ ਆਦਿ ਸਮੇਂ ਵੱਡੇ ਇਕੱਠ ਕਰਨੇ ਬੰਦ ਕਰ ਦਈਏ ਅਤੇ ਬਿਨਾਂ ਮਤਲਬ ਤੋਂ ਹੋਰ ਥਾਵਾਂ ਤੇ ਜਾਣਾ ਵੀ ਘੱਟ ਕਰ ਦਈਏ ਤਾਂ ਕਾਫੀ ਸੜਕ ਹਾਦਸਿਆਂ ਤੋਂ ਬਚਿਆ ਜਾ ਸਕਦਾ ਹੈ।

ਲੌਕਡਾਉਣ ਦੇ ਦਿਨਾਂ 'ਚ ਸ਼ਰਾਬ ਦੇ ਠੇਕੇ ਬੰਦ ਸਨ। ਜਿਹੜੇ ਲੋਕਾਂ ਨੂੰ ਪਹਿਲਾਂ ਸ਼ਰਾਬ ਪੀਣ ਦੀ ਆਦਤ ਸੀ, ਉਨ੍ਹਾਂ ਨੂੰ ਆਪਣੇ ਤੇ ਕੰਟਰੋਲ ਕਰਨਾ ਵੀ ਪਿਆ। ਉਨ੍ਹਾਂ ਨੇ ਇਕੱਠੇ ਹੋਕੇ ਸਰਕਾਰ ਪਾਸੋਂ ਠੇਕੇ ਖੋਲ੍ਹਣ ਦੀ ਮੰਗ ਵੀ ਨਹੀਂ ਕੀਤੀ। ਠੇਕੇ ਖੋਲ੍ਹੇ ਜਾਣ ਦੀ ਕਾਹਲੀ ਤਾਂ ਸਗੋਂ ਹਾਕਮਾਂ, ਸਰਕਾਰਾਂ ਨੇ ਹੀ ਵਿਖਾਈ। ਇਸ ਦਾ ਮਤਲਬ ਜੇ ਲੋਕਾਂ ਦਾ ਦ੍ਰਿੜ ਇਰਾਦਾ ਹੋਵੇ ਤਾਂ ਉਹ ਸ਼ਰਾਬ ਪੀਣੀ ਛੱਡ ਸਕਦੇ ਹਨ। ਜੇ ਲੌਕਡਾਉਣ ਦੇ ਸਮੇਂ 'ਚ ਉਨ੍ਹਾਂ ਨੇ ਸ਼ਰਾਬ ਪੀਣ ਬਿਨਾ ਸਾਰ ਲਿਆ ਤੇ ਅਨਲੌਕ ਤੋਂ ਬਾਅਦ ਵੀ ਸ਼ਰਾਬ ਪੀਣ ਤੋਂ ਤੌਬਾ ਕਰਨੀ ਉਨ੍ਹਾਂ ਲਈ ਔਖੀ ਗੱਲ ਨਹੀਂ।

ਲੌਕਡਾਉਣ ਲੱਗਣ ਕਰਕੇ ਪਾਣੀ, ਹਵਾ, ਵਾਤਾਵਰਨ 'ਚ ਵੀ ਬਹੁਤ ਸ਼ੁੱਧਤਾ ਵੇਖਣ ਨੂੰ ਮਿਲੀ। ਅਨਲੌਕ ਹੋਣ ਤੋਂ ਬਾਅਦ ਵੀ ਵਾਤਾਵਰਨ ਨੂੰ ਪ੍ਰਦੂਸ਼ਿਤ ਹੋਣ ਤੋਂ ਬਚਾਈ ਰੱਖਣ ਵੱਲ ਧਿਆਨ ਦੇਣ ਦੀ ਲੋੜ ਵੀ ਸਿਆਸੀ ਆਗੂਆਂ, ਹਾਕਮਾਂ, ਸਰਕਾਰਾਂ ਅਤੇ ਲੋਕਾਂ ਨੂੰ ਯਾਦ ਰੱਖਣੀ ਚਾਹੀਦੀ ਹੈ।

# ਇਹੋ ਜਿਹੇ ਸਨ ਸਾਡੇ ਗੁਰੂਦੁਆਰਾ ਸਾਹਿਬ ਦੇ ਗ੍ਰੰਥੀ-ਭਾਈ ਅਰਜਨ ਸਿੰਘ ਜੀ

ਸਿੱਖਾਂ ਲਈ ਗੁਰੂਦੁਆਰਾ ਸਾਹਿਬ ਜਿਥੇ ਧਾਰਮਿਕ ਸਿੱਖਿਆ ਤੇ ਰੂਹਾਨੀਅਤ ਦੇ ਕੇਂਦਰ ਹਨ ਉਥੇ ਇਹਨਾਂ ਗੁਰੂਦੁਆਰਿਆਂ ਵਿਚ ਸੇਵਾ ਕਰ ਰਹੇ ਗ੍ਰੰਥੀ ਸਾਹਿਬ ਨੂੰ ਗੁਰੂ ਕਾ ਵਜੀਰ ਹੋਣ ਦਾ ਮਾਣ ਵੀ ਪ੍ਰਾਪਤ ਹੈ। ਵਰਤਮਾਨ ਯੁਗ ਵਿਚ ਭਾਵੇਂ ਇਹ ਗਲਾਂ ਅਮਲੀ ਤੌਰ 'ਤੇ ਹੁਣ ਕਹਿਣ ਕਹਾਉਣ ਲਈ ਹੀ ਰਹਿ ਗਈਆਂ ਹਨ ਲੇਕਿਨ ਸਿੱਖ ਸਮਾਜ ਅੰਦਰ ਇਹੋ ਜਿਹੀਆਂ ਉਦਾਹਰਣਾਂ ਵੀ ਮਿਲਦੀਆਂ ਹਨ ਜਦੋਂ ਸਿੱਖ ਸੰਗਤਾਂ ਨੇ ਗੁਰੂਦੁਆਰਾ ਸਾਹਿਬ ਦੇ ਗ੍ਰੰਥੀ ਸਾਹਿਬ ਨੂੰ ਜਿਥੇ ਗੁਰੂ ਕਾ ਵਜ਼ੀਰ ਹੋਣ ਦਾ ਮਾਣ ਦਿਤਾ ਉਥੇ ਸਬੰਧਤ ਗ੍ਰੰਥੀ ਸਾਹਿਬ ਨੇ ਵੀ 'ਗੁਰੂ ਕਾ ਵਜ਼ੀਰ' ਹੋਣ ਦਾ ਸੰਗਤਾਂ ਪ੍ਰਤੀ ਆਪਣਾ ਫਰਜ ਵੀ ਪੂਰੀ ਤਰਾਂ ਨਿਭਾਇਆ ਹੈ। ਇਹੋ ਜਿਹੇ ਗ੍ਰੰਥੀ ਸਾਹਿਬਾਨ ਵਿਚੋਂ ਸਾਡੇ ਪਿੰਡ ਦੇ ਗੁਰੂਦੁਆਰਾ ਸਾਹਿਬ ਵਿਚ ਤਾਇਨਾਤ ਗ੍ਰੰਥੀ ਸਾਹਿਬ ਭਾਈ ਅਰਜਨ ਸਿੰਘ ਜੀ ਦਾ ਨਾਮ ਵੀ ਸ਼ਾਮਲ ਹੈ। ਇਹ ਗਲ ਤਾਂ ਭਾਵੇਂ ਲਗਭਗ ਚਾਲੀ ਕੁ ਸਾਲ ਪਹਿਲਾਂ ਦੀ ਹੈ ਲੇਕਿਨ ਭਾਈ ਅਰਜਨ ਸਿੰਘ ਜੀ ਦਾ ਚਰਿਤਰ ਤੇ ਸੰਗਤਾਂ ਦੇ ਭਾਈ ਸਾਹਿਬ ਪ੍ਰਤੀ ਸਤਿਕਾਰ ਦੀਆਂ ਯਾਦਾਂ ਇਤਨੀਆਂ ਤਾਜਾ ਹਨ ਕਿ ਇਹ ਸਾਰੀਆਂ ਯਾਦਾਂ ਬੀਤੇ ਕੱਲ ਦੀਆਂ ਗੱਲਾਂ ਦਿਖਾਈ ਦੇ ਰਹੀਆਂ ਹਨ। ਭਾਈ ਅਰਜਨ ਸਿੰਘ ਸਾਡੇ ਪਿੰਡ ਦੇ ਗੁਰੂਦੁਆਰਾ ਸਾਹਿਬ ਵਿਚ ਗ੍ਰੰਥੀ ਦੀ ਸੇਵਾ ਕਰਿਆ ਕਰਦੇ ਸਨ। ਸਰੀਰਕ ਪੱਖ ਤੋਂ ਉਹ ਅੰਗਹੀਣ ਸਨ ਤੇ ਉਹਨਾਂ ਦੇ ਸਰੀਰ ਦਾ ਧੜ ਹੀ ਪੂਰੀ ਤਰਾਂ ਕੰਮ ਕਰਦਾ ਸੀ । ਉਹਨਾਂ ਦੀਆਂ ਲੱਤਾਂ ਬਿਲਕੁਲ ਕੰਮ ਨਹੀਂ ਸਨ ਕਰਦੀਆਂ ਲੇਕਿਨ ਹੱਥ ਪੂਰੀ ਤਰਾਂ ਕੰਮ ਕਰਦੇ ਸਨ। ਲੇਕਿਨ ਇਸ ਸਾਰੀ ਅੰਗਹੀਣਤਾ ਦੇ ਬਾਵਜੂਦ ਵੀ ਉਹ ਆਪਣੇ ਸਾਰੇ ਸਰੀਰ ਦੀ ਸਾਰੀ ਕਿਰਿਆ ਆਪ ਕਰਨ ਦੇ ਸਮਰਥ ਸਨ। ਇਧਰ ਉਧਰ ਰਿੜ ਕੇ ਜਾਣ ਵਿਚ ਆਸਰਾ ਲੈਣ ਲਈ ਉਹ ਹਮੇਸ਼ਾਂ ਆਪਣੇ ਹੱਥ ਵਿਚ ਇਕ ਲਕੜ ਦੀ ਖੂੰਡੀ ਰਖਿਆ ਕਰਦੇ ਸਨ। ਪਿੰਡ ਦਾ ਹਰ ਮਰਦ, ਔਰਤ, ਬੱਚਾ, ਬੱਚੀ ਇਹਨਾਂ ਨੂੰ ਭਾਈ ਜੀ ਕਹਿ ਕੇ ਸੰਬੋਧਨ ਕਰਦੇ ਸਨ। ਭਾਈ ਜੀ ਦੇ ਪਰਿਵਾਰਕ ਪਿਛੋਕੜ ਦਾ ਵੇਰਵਾ ਭਾਵੇਂ ਮਿਲ ਨਹੀਂ ਸਕਿਆ ਲੇਕਿਨ ਭਾਈ ਜੀ ਨਾਲ ਸਬੰਧਤ ਯਾਦਾਂ ਨੂੰ ਇਸ ਪੁਸਤਕ ਵਿਚ ਅੰਕਤ ਕਰਨ ਦਾ ਇਕ ਛੋਟਾ ਜਿਹਾ ਯਤਨ ਜਰੂਰ ਕਰ ਰਿਹਾ ਹਾਂ ਤਾਂ ਕਿ ਉਹਨਾਂ ਦਾ ਜੀਵਨ ਤੇ ਚਰਿਤਰ ਸਾਡੇ ਲਈ ਇਕ ਪਰੇਰਨਾ ਸਰੋਤ ਬਣਿਆ ਰਹੇ।

ਉਸ ਵਕਤ ਸਾਡੇ ਪਿੰਡ ਵਿਚ ਕੋਈ ਸਕੂਲ ਨਹੀਂ ਹੁੰਦਾ ਸੀ। ਸਿੱਖਿਆ ਦੀ ਇਸ ਘਾਟ ਨੂੰ ਪੂਰਾ ਕਰਨ ਤੇ ਪਿੰਡ ਦੇ ਨੌਜਵਾਨ ਮੁੰਡੇ ਕੁੜੀਆਂ ਨੂੰ ਧਾਰਮਿਕ ਸਿੱਖਿਆਂ ਦੇਣ ਲਈ ਭਾਈ ਜੀ ਨੇ ਗੁਰੂਦੁਆਰਾ ਸਾਹਿਬ ਵਿਖੇ ਹੀ ਸਕੂਲ ਚਲਾਇਆ ਹੋਇਆ ਸੀ। ਪਿੰਡ ਦੇ ਵਿਆਹੁਣ ਯੋਗ ਮੁੰਡੇ ਕੁੜੀਆਂ ਨੂੰ ਸ੍ਰੀ ਗੁਰੁ ਗ੍ਰੰਥ ਸਾਹਿਬ ਜੀ ਦਾ ਸ਼ੁਧ ਪਾਠ ਕਰਣ ਦੀ ਸਿੱਖਿਆ ਦੇਣ ਦਾ ਕੰਮ ਹਮੇਸ਼ਾਂ ਹੀ ਉਹਨਾਂ ਦੇ ਏਜੰਡੇ ਉਪਰ ਹੁੰਦਾ ਸੀ । ਪਿੰਡ ਦੇ ਗੁਰੂਦੁਆਰਾ ਸਾਹਿਬ ਵਿਖੇ ਹੋਣ ਵਾਲੇ ਗੁਰੁ ਗ੍ਰੰਥ ਸਾਹਿਬ ਜੀ ਦੇ ਸਾਰੇ ਅਖੰਡ ਪਾਠ ਭਾਈ ਜੀ ਆਪਣੀ ਦੇਖ ਰੇਖ ਹੇਠਾਂ ਇਹਨਾਂ ਨੌਜਵਾਨ ਮੁੰਡੇ ਕੁੜੀਆਂ ਪਾਸੋਂ ਕਰਵਾਇਆ ਕਰਦੇ ਸਨ । ਇਸ ਲਈ ਸਾਡੇ ਪਿੰਡ ਦੇ ਲਗਭਗ ਹਰ ਪਰਿਵਾਰ ਦਾ ਵਾਤਾਵਰਣ ਧਾਰਮਿਕ ਬਣਿਆ ਰਹਿੰਦਾ ਸੀ। ਇਹ ਗਲ ਭਾਈ ਜੀ ਦੇ ਯਤਨਾਂ ਦਾ ਹੀ ਸਿਟਾ ਹੈ ਕਿ ਉਸ ਵਕਤ ਭਾਈ ਜੀ ਵਲੋਂ ਜਿਹਨਾਂ ਨੌਜਵਾਨ ਮੁੰਡੇ ਕੁੜੀਆਂ ਨੂੰ ਜਿਹੜੀ ਧਾਰਮਿਕ ਸਿਖਿਆ ਦਿਤੀ ਗਈ ਸੀ ਉਸ ਸਿੱਖਿਆ ਦੇ ਸਦਕਾ ਅੱਜ ਉਹੋ ਹੀ ਮੁੰਡੇ ਕੁੜੀਆਂ ਆਪੋ


ਸਤਨਾਮ ਸਿੰਘ ਚਾਹਲ

ਆਪਣੇ ਗ੍ਰਹਿਸਥ ਜੀਵਨ ਦਾ ਵਾਤਾਵਰਣ ਵੀ ਧਾਰਮਿਕ ਰਖਣ ਵਿਚ ਸਫਲ ਹੋਏ ਹਨ। ਭਾਈ ਜੀ ਕਹਿਣੀ ਤੇ ਕਰਨੀ ਦੇ ਪੂਰੇ ਸਨ। ਉਹਨਾਂ ਦਾ ਚਰਿਤਰ ਇਤਨਾ ਸਾਫ ਸੁਥਰਾ ਸੀ ਕਿ ਪਿੰਡ ਦੇ ਲੋਕ ਉਹਨਾਂ ਦੇ ਮੂੰਹ ਵਿਚੋਂ ਨਿਕਲੀ ਹਰ ਗਲ ਨੂੰ ਇਕ ਧਾਰਮਿਕ ਹੁਕਮ ਵਜੋਂ ਮੰਨਣਾ ਆਪਣਾ ਫਰਜ ਸਮਝਦੇ ਸਨ। ਪਿੰਡ ਦੇ ਲੋਕਾਂ ਵਿਚਕਾਰ ਪੈਦਾ ਹੋਣ ਵਾਲੇ ਛੋਟੇ ਮੋਟੇ ਝਗੜਿਆਂ ਨੂੰ ਨਿਬੇੜਨ ਲਈ ਭਾਵੇਂ ਸਾਡੇ ਪਿੰਡ ਵਿਚ ਪੰਚਾਇਤ ਮੌਜੂਦ ਸੀ ਲੇਕਿਨ ਭਾਈ ਜੀ ਦਾ ਫੈਸਲਾ ਲੋਕ ਸੁਪਰੀਮ ਕੋਰਟ ਦੇ ਫੈਸਲਿਆਂ ਵਾਂਗ ਮੰਨਦੇ ਸਨ। ਭਾਈ ਜੀ ਵਲੋਂ ਕਿਸੇ ਵੀ ਵਿਸ਼ੇ ਉਪਰ ਦਿਤੇ ਗਏ ਫੈਸਲੇ ਉਪਰ ਕਿੰਤੂ ਪ੍ਰੰਤੂ ਕਰਨ ਦੀ ਕੋਈ ਵੀ ਹਿੰਮਤ ਨਹੀਂ ਸੀ ਕਰਦਾ। ਇਸ ਲਈ ਪਿੰਡ ਦੇ ਕਿਸੇ ਵੀ ਵਿਸ਼ੇਸ਼ ਝਗੜੇ ਨੂੰ ਲੋਕ ਪੰਚਾਇਤ ਨਾਲੋਂ ਭਾਈ ਜੀ ਕੋਲ ਲੈ ਕੇ ਜਾਣ ਨੂੰ ਬੇਹਤਰ ਸਮਝਦੇ ਸਨ । ਪਿੰਡ ਦੇ ਪਰਿਵਾਰ ਆਪਣੇ ਵਿਗੜੇ ਹੋਏ ਮੁੰਡੇ ਕੁੜੀਆਂ ਨੂੰ ਸਿੱਧੇ ਰਸਤੇ ਤੇ ਲਿਆਉਣ ਲਈ ਭਾਈ ਜੀ ਕੋਲ ਹੀ ਸ਼ਿਕਾਇਤ ਕਰਿਆ ਕਰਦੇ ਸਨ। ਇਥੋਂ ਤਕ ਕਿ ਜੇਕਰ ਕਿਸੇ ਪਤੀ ਪਤਨੀ ਵਿਚਕਾਰ ਕਿਸੇ ਗਲ ਤੋਂ ਕੋਈ ਝਗੜਾ ਜਾਂ ਤਕਰਾਰ ਹੋ ਜਾਂਦਾ ਸੀ ਤਾਂ ਉਹ ਇਕ ਦੂਸਰੇ ਨੂੰ ਭਾਈ ਜੀ ਨੂੰ ਦਸ ਦੇਣ ਦਾ ਡਰਾਵਾ ਹੀ ਦਿੰਦੇ ਸਨ। ਜਦ ਭਾਈ ਜੀ ਕੋਲ ਇਹੋ ਜਿਹੀਆਂ ਸ਼ਿਕਾਇਤਾਂ ਫੈਸਲੇ ਲਈ ਪਹੁੰਚਦੀਆਂ ਸਨ ਤਾਂ ਉਹ ਕਸੂਰਵਾਰ ਧਿਰ ਨੂੰ ਸੂਰ ਦਾ ਬੱਚਾ ਜਾਂ ਸੂਰ ਦੀ ਬੱਚੀ ਕਹਿ ਕੇ ਬੁਲਾਉਂਦੇ ਹੁੰਦੇ ਸਨ। ਇਹ ਉਹਨਾਂ ਦਾ ਤਕੀਆ ਕਲਾਮ ਹੁੰਦਾ ਸੀ।

ਪਿੰਡ ਦੇ ਲੋਕਾਂ ਨੂੰ ਇਸ ਗਲ ਦਾ ਭਲੀ ਪਰਕਾਰ ਪਤਾ ਹੁੰਦਾ ਸੀ ਕਿ ਜਿਸ ਆਦਮੀ ਜਾਂ ਔਰਤ ਨੂੰ ਭਾਈ ਜੀ ਨੇ ਇਸ ਤਕੀਏ ਕਲਾਮ ਨਾਲ ਸੰਬੋਧਨ ਹੋ ਕੇ ਬੁਲਾ ਲਿਆ ਬਸ ਉਸਨੂੰ ਭਾਈ ਜੀ ਵਲੋਂ ਸੁਣਾਈ ਗਈ ਸਜਾ ਭੁਗਤਣੀ ਹੀ ਪੈਂਦੀ ਸੀ। ਇਹ ਉਹਨਾਂ ਦੇ ਸਾਫ ਸੁਥਰੇ ਚਰਿਤਰ ਦਾ ਹੀ ਨਤੀਜਾ ਸੀ ਕਿ ਪਿੰਡ ਦੇ ਲੋਕਾਂ ਨੇ ਕਦੇ ਵੀ ਭਾਈ ਜੀ ਵਲੋਂ ਕੀਤੇ ਗਏ ਕਿਸੇ ਵੀ ਫੈਸਲੇ ਉਪਰ ਕਦੇ ਵੀ ਰੋਸ ਪਰਗਟ ਕਰਨ ਦੀ ਹਿੰਮਤ ਨਹੀਂ ਸੀ ਕੀਤੀ । ਪਿੰਡ ਵਿਚ ਹੋਣ ਵਾਲੇ ਸਾਰੇ ਹੀ ਵਿਕਾਸ ਦੇ ਕੰਮ ਭਾਈ ਜੀ ਦੀ ਪਰਵਾਨਗੀ ਨਾਲ ਹੀ ਹੁੰਦੇ ਸਨ। ਬਹੁਤ ਕਸੂਰ ਕਰਨ ਵਾਲੇ ਵਿਅਕਤੀ ਨੂੰ ਉਹ ਆਪਣੇ ਹਥ ਵਿਚ ਹਮੇਸ਼ਾਂ ਫੜੀ ਖੂੰਡੀ ਨਾਲ ਸਿੱਧਾ ਕਰਨ ਤੋਂ ਵੀ ਕਦੇ ਨਹੀਂ ਸਨ ਝਿਜਕਦੇ ਤੇ ਨਾਂ ਹੀ ਉਹ ਇਸ ਗਲ ਦੀ ਪਰਵਾਹ ਕਰਦੇ ਸਨ ਕਿ ਉਹਨਾਂ ਦੇ ਸਾਹਮਣੇ ਖੜਾ ਦੋਸ਼ੀ ਵਿਅਕਤੀ ਮਰਦ ਹੈ ਜਾਂ ਔਰਤ ਹੈ। ਪਿੰਡ ਦੇ ਲੋਕਾਂ ਨੂੰ ਹਮੇਸ਼ਾਂ ਆਪਣੇ ਧਾਰਮਿਕ ਵਿਰਸੇ ਨਾਲ ਜੋੜੀ ਰੱਖਣ ਲਈ ਉਹਨਾਂ ਨੇ ਪਿੰਡ ਦੇ ਗੁਰੂਦੁਆਰਾ ਸਾਹਿਬ ਵਿਚ ਹਰ ਸਾਲ ਤਿੰਨ ਰੋਜਾ ਧਾਰਮਿਕ ਦੀਵਾਨ ਸਜਾਉਣ ਦਾ ਸਿਲਸਿਲਾ ਵੀ ਆਰੰਭ ਕੀਤਾ ਜਿਹੜਾ ਅਜੇ ਤੱਕ ਵੀ ਸਾਡੇ ਪਿੰਡ ਵਿਚ ਚਲ ਰਿਹਾ ਹੈ।

ਇਹਨਾਂ ਤਿੰਨ ਦਿਨਾਂ ਧਾਰਮਿਕ ਸਮਾਗਮਾਂ ਵਿਚ ਉਚ ਕੋਟੀ ਦੇ ਢਾਡੀ, ਕਵੀਸ਼ਰ, ਪਰਚਾਰਕ ਤੇ ਧਾਰਮਿਕ ਆਗੂ ਜਿਥੇ ਸ਼ਾਮਲ ਹੁੰਦੇ ਹਨ ਉਥੇ ਹਰ ਸਾਲ ਅੰਮ੍ਰਿਤ ਪਰਚਾਰ ਵੀ ਹੁੰਦਾ ਹੈ। ਗੁਰੂਦੁਆਰਾ ਪਰਬੰਧ ਲਈ ਕੋਈ ਕਮੇਟੀ ਨਹੀਂ ਸੀ ਤੇ ਨਾਂ ਹੀ ਗੁਰਦੁਆਰਾ ਪਰਬੰਧ ਵਿਚ ਚੌਧਰ ਲਈ ਕੋਈ ਲੜਾਈ ਜਾਂ ਮੁਕਾਬਲਾ ਸੀ। ਇਸੇ ਲਈ ਗੁਰੂਦੁਆਰਾ ਸਾਹਿਬ ਦਾ ਵਾਤਾਵਰਣ ਹਮੇਸ਼ਾਂ ਹੀ ਧਾਰਮਿਕ ਤੇ ਰੂਹਾਨੀਅਤ ਵਾਲਾ ਬਣਿਆ ਰਹਿੰਦਾ ਸੀ। ਜਿਸ ਵਕਤ ਭਾਈ ਜੀ ਪਰਲੋਕ ਸਿਧਾਰੇ ਉਸ ਵਕਤ ਸਾਡੇ ਹੀ ਪਿੰਡ ਦੇ ਲੋਕਾਂ ਵਿਚ ਹੀ ਨਹੀਂ ਸਗੋਂ ਆਸ ਪਾਸ ਦੇ ਪਿੰਡਾਂ ਦੇ ਲੋਕਾਂ ਵਿਚ ਕਾਫੀ ਸਮੇਂ ਤਕ ਮਾਤਮ ਛਾਇਆ ਰਿਹਾ। ਅਜ ਵੀ ਪਿੰਡ ਦੇ ਲੋਕ ਜਦ ਦੇਸ਼ ਵਿਦੇਸ਼ ਵਿਚ ਇਕ ਦੂਸਰੇ ਨੂੰ ਮਿਲਦੇ ਹਨ ਤਾਂ ਉਹ ਭਾਈ ਅਰਜਨ ਸਿੰਘ ਦੇ ਸਮੇਂ ਨੂੰ ਪਿੰਡ ਦਾ ਸੁਨਹਿਰੀ ਸਮਾਂ ਕਹਿ ਕੇ ਯਾਦ ਕਰਦੇ ਹਨ।

# 20 ਸਾਲ ਤੱਕ ਰਹਿ ਸਕਦਾ ਹੈ ਕੋਰੋਨਾ-ਚੀਨ ਦੇ ਮਾਹਰ

ਚੀਨ : ਚੀਨ ਦੇ ਪ੍ਰਮੁੱਖ ਮਹਾਂਮਾਰੀ ਵਿਗਿਆਨੀ ਲੀ ਲਾਨਜੁਆਨ ਨੇ ਕਿਹਾ ਸੀ ਕਿ ਮਾਈਨੈਸ 20 ਡਿਗਰੀ ਸੈਲਸੀਅਸ ਤੇ ਕੋਰੋਨਾ ਵਾਇਰਸ 20 ਸਾਲਾਂ ਤੱਕ ਜਿੰਦਾ ਰਹਿ ਸਕਦਾ ਹੈ। ਜਦੋਂ ਕਿ ਮਾਈਨੈਸ 4ਡਿਗਰੀ ਸੈਲਸੀਅਸ 'ਤੇ ਕਈ ਮਹੀਨਿਆਂ ਲਈ। ਰਿਪੋਰਟ ਵਿਚ ਦੱਸਿਆ ਗਿਆ ਸੀ ਕਿ ਲੀ ਲਾਨਜੁਆਨ ਸਮਝਦਾ ਹੈ ਕਿ ਖ਼ਾਸਕਰ ਕੋਰੋਨਾ ਵਾਇਰਸ ਠੰਡਾ ਪ੍ਰਤੀਰੋਧੀ ਹੈ ਪਰ ਜਦੋਂ ਇਹ ਰਿਪੋਰਟ ਪ੍ਰਕਾਸ਼ਤ ਹੋਣ ਤੋਂ ਬਾਅਦ ਵਾਇਰਲ ਹੋਈ ਤਾਂ ਲਾਨਜੁਆਨ ਆਪਣੇ ਬਿਆਨ ਤੋਂ ਪਲਟ ਗਈ।

ਲੀ ਲਾਨਜੁਆਨ ਦਾ ਕਹਿਣਾ ਹੈ ਕਿ ਕੋਰੋਨਾ ਵਾਇਰਸ ਠੰਢ ਵਿੱਚ ਲੰਬੇ ਸਮੇਂ ਲਈ ਵਿੱਚ ਰਹਿ ਸਕਦਾ ਹੈ। ਇਹੀ ਕਾਰਨ ਹੈ ਕਿ ਵਾਇਰਸ ਇਕ ਦੇਸ਼ ਤੋਂ ਦੂਜੇ ਦੇਸ਼ ਵਿਚ ਪਹੁੰਚ ਰਿਹਾ ਹੈ। ਬਹੁਤ ਸਾਰੀਆਂ ਚੀਜ਼ਾਂ ਇਕ ਦੇਸ਼ ਤੋਂ ਦੂਜੇ ਦੇਸ਼ ਫ੍ਰੀਜਿੰਗ ਤਾਪਮਾਨ ਵਿਚ ਭੇਜੀਆਂ ਜਾਂਦੀਆਂ ਹਨ। ਇਹ ਵੀ ਕਿਹਾ ਗਿਆ ਸੀ ਕਿ ਵਾਇਰਸ ਠੰਡਾ-ਰੋਧਕ ਹੋਣ ਦੇ ਕਾਰਨ, ਕੋਰੋਨਾ ਚੀਨ ਦੇ ਸਮੁੰਦਰੀ ਭੋਜਨ ਬਾਜ਼ਾਰ ਵਿੱਚ ਕਈ ਵਾਰ ਪਾਇਆ ਗਿਆ ਹੈ।

ਚੀਨੀ ਅਖਬਾਰ ਨੇ ਉਦਯੋਗ ਦੇ ਲੋਕਾਂ ਦੇ ਹਵਾਲੇ ਨਾਲ ਇਹ ਵੀ ਕਿਹਾ ਕਿ ਚੀਨੀ ਲੋਕ ਮਹਾਂਮਾਰੀ ਮਾਹਰ ਦੇ ਬਿਆਨ ਤੋਂ ਬਾਅਦ ਆਪਣੇ ਆਪ ਨੂੰ ਫ੍ਰੋਜ਼ਨ ਭੋਜਨ ਤੋਂ ਦੂਰ ਕਰ ਰਹੇ ਹਨ। ਚੀਨ ਦੇ ਭੂਮੀਗਤ ਸਮੁੰਦਰੀ ਭੋਜਨ ਮਾਰਕੀਟ ਤੋਂ 200 ਨਮੂਨੇ ਲਏ ਗਏ ਸਨ। ਇਨ੍ਹਾਂ ਵਿਚੋਂ ਬਹੁਤ ਸਾਰੇ ਨਮੂਨੇ ਸਕਾਰਾਤਮਕ ਆਏ।

ਪਹਿਲਾਂ, ਇਹ ਵੀ ਦੱਸਿਆ ਗਿਆ ਸੀ ਕਿ ਚਾਈਨਾ ਦੇ ਜ਼ਿਨਫਾਦੀ ਵਿੱਚ ਆਯਾਤ ਕੀਤੇ ਗਏ ਸਾਲਮਨ ਦੇ ਕੱਟਣ ਵਾਲੇ ਬੋਰਡ ਵਿੱਚ ਵਾਇਰਸ ਮਿਲੇ ਹਨ। ਇਸ ਤੋਂ ਬਾਅਦ ਸਾਲਮਨ ਦੀ ਵਿਕਰੀ 'ਤੇ ਪਾਬੰਦੀ ਲਗਾਈ ਗਈ।

ਵਿਗਿਆਨੀ ਲੀ ਲਾਨਜੁਆਨ ਨੇ ਦਾਅਵਾ ਕੀਤਾ ਕਿ ਉਸ ਦਾ ਬਿਆਨ ਮਰੋੜ ਕੇ ਪ੍ਰਕਾਸ਼ਤ ਕੀਤਾ ਗਿਆ ਸੀ। ਬਿਆਨ ਬਦਲਦੇ ਹੋਏ ਲਾਨਜੁਆਨ ਨੇ ਕਿਹਾ- 'ਕੋਰੋਨਾ ਵਾਇਰਸ ਇਕ ਨਵਾਂ ਵਾਇਰਸ ਹੈ ਅਤੇ ਠੰਡ ਨੂੰ ਲੈ ਕੇ ਇਸਦੇ ਪ੍ਰਤੀਰੋਧ ਦਾ ਪਤਾ ਨਹੀਂ ਲੱਗ ਸਕਿਆ ਹੈ। ਲੀ ਲਾਨਜੁਆਨ ਦਾ ਇਹ ਬਿਆਨ ਚੀਨ ਦੇ ਸੋਸ਼ਲ ਮੀਡੀਆ 'ਤੇ ਵੀ ਵਾਇਰਲ ਹੋ ਗਿਆ ਅਤੇ ਲੋਕਾਂ ਨੇ ਆਪਣੇ ਆਪ ਨੂੰ ਫ੍ਰੋਜ਼ਨ ਖਾਣੇ ਤੋਂ ਦੂਰ ਕਰਨਾ ਸ਼ੁਰੂ ਕਰ ਦਿੱਤਾ। ਲਾਨਜੁਆਨ ਨੇ ਦਾਅਵਾ ਕੀਤਾ ਕਿ ਉਸ ਦੇ ਬਿਆਨ ਨੂੰ ਗਲਤ ਸਮਝਿਆ ਗਿਆ ਸੀ। ਉਸਨੇ ਕਿਹਾ ਕਿ ਉਸਨੇ ਆਮ ਤੌਰ 'ਤੇ ਕਿਹਾ ਹੈ ਕਿ ਲੰਬੇ ਸਮੇਂ ਤੋਂ ਠੰਢ ਦੇ ਤਾਪਮਾਨ ਵਿਚ ਵਾਇਰਸ ਦੇ ਕਿਰਿਆਸ਼ੀਲ ਹੋਣ ਅਤੇ ਇਹ ਪਹਿਲਾਂ ਤੋਂ ਜਾਣੇ ਜਾਂਦੇ ਵਾਇਰਸ ਲਈ ਸੀ ਨਾ ਕਿ ਕੋਰੋਨਾ ਲਈ। ਲੀ ਨੇ ਕਿਹਾ ਕਿ ਉਸਨੇ ਸਪੱਸ਼ਟ ਕਰ ਦਿੱਤਾ ਸੀ ਕਿ ਕੋਰੋਨਾ ਵਾਇਰਸ ਦੇ ਠੰਡੇ ਪ੍ਰਤੀਰੋਧ ਬਾਰੇ ਅਜੇ ਹੋਰ ਅਧਿਐਨ ਕਰਨ ਦੀ ਜ਼ਰੂਰਤ ਹੈ। ਹਾਲਾਂਕਿ, ਬੀਜਿੰਗ ਵਿੱਚ ਹਾਲ ਵਿੱਚ ਸਾਹਮਣੇ ਆਏ ਕੋਰੋਨਾ ਦੇ ਸਾਹਮਣੇ ਆਏ ਕੇਸਾਂ ਨੂੰ ਆਯਾਤ ਕੀਤੇ ਗਏ ਫ੍ਰੋਜ਼ਨ ਭੋਜਨ ਨਾਲ ਸਬੰਧਤ ਪਾਇਆ ਗਿਆ ਹੈ।

# ਚੀਨ ਤੇ ਕੈਨੇਡਾ ਦਾ ਪੈ ਗਿਆ ਪੰਗਾ, ਦੋ ਕੈਨੇਡੀਅਨ ਨਾਗਰਿਕ ਕੀਤੇ ਨਜ਼ਰਬੰਦ

ਓਟਾਵਾ : ਕੈਨੇਡਾ-ਚੀਨ 'ਚ ਵਾਰ-ਪਲਟਵਾਰ ਜਾਰੀ ਹੈ। ਕੈਨੇਡੀਅਨ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਨੇ ਦੋ ਕੈਨੇਡੀਅਨ ਨਾਗਰਿਕਾਂ ਦੀ ਚੀਨ ਵੱਲੋਂ ਕੀਤੀ ਗਈ ਨਜ਼ਰਬੰਦੀ ਤੇ ਸਖਤ ਪ੍ਰਤੀਕ੍ਰਿਆ ਦਿੱਤੀ ਹੈ। ਚੀਨ ਵੱਲੋਂ ਨਜ਼ਰਬੰਦ ਕੀਤੇ ਗਏ ਦੋ ਕੈਨੇਡੀਅਨ ਨਾਗਰਿਕਾਂ 'ਚ ਇੱਕ ਸਾਬਕਾ ਡਿਪਲੋਮੈਟ ਵੀ ਸ਼ਾਮਲ ਹੈ। ਨਜ਼ਰਬੰਦ ਨਾਗਰਿਕਾਂ ਤੇ ਚੀਨ 'ਚ ਜਾਸੂਸੀ ਦੇ ਇਲਜ਼ਾਮ ਹਨ। ਟਰੂਡੋ ਨੇ ਦੋਸ਼ ਲਿਆ ਕਿ ਚੀਨ ਇਹ ਨਜ਼ਰਬੰਦੀਆਂ ਰਾਜਨੀਤਕ ਟੀਚਿਆਂ ਨੂੰ ਵਧਾਉਣ ਲਈ ਕਰ ਰਿਹਾ ਹੈ। ਜਸਟਿਨ ਟਰੂਡੋ ਦਾ ਕਹਿਣਾ ਹੈ ਕਿ ਚੀਨ ਨੂੰ ਆਪਣੀਆਂ ਹਰਕਤਾਂ ਤੋਂ ਬਾਜ ਆਉਣਾ ਚਾਹੀਦਾ ਹੈ। ਟਰੂਡੋ ਦਾ ਇਹ ਵੀ ਕਹਿਣਾ ਹੈ ਕਿ 'ਚੀਨ ਕੈਨੇਡਾ ਵੱਲੋਂ ਚੀਨੀ ਅਧਿਕਾਰੀ ਦੀ ਗ੍ਰਿਫ਼ਤਾਰੀ ਦਾ ਬਦਲਾ ਲੈ ਰਿਹਾ ਹੈ'। ਹਾਲਾਂਕਿ ਚੀਨ ਨੇ ਇਸ ਗੱਲ ਤੋਂ ਇਨਕਾਰ ਕੀਤਾ ਹੈ ਕਿ ਮਾਈਕਲ ਸਪੈਵਰ ਤੇ ਮਾਈਕਲ ਕੋਵ੍ਰਿਗ ਦੀ ਨਜ਼ਰਬੰਦੀ ਦਸੰਬਰ 2018 ਵਿੱਚ ਵੈਨਕੂਵਰ ਵਿੱਚ ਚੀਨੀ ਦੂਰਸੰਚਾਰ ਫਰਮ ਹੁਆਵੀ ਦੀ ਸੀਐਫਓ ਮੋਂਗ ਵਾਂਝੂ ਦੀ ਗ੍ਰਿਫਤਾਰੀ ਨਾਲ ਸਬੰਧਤ ਹੈ। ਉਧਰ, ਚੀਨ ਦਾ ਕਹਿਣਾ ਹੈ ਕਿ ਟਰੂਡੋ ਨੂੰ ਗੈਰ-ਜ਼ਿੰਮੇਵਾਰਾਨਾ ਬਿਆਨ ਦੇਣੇ ਬੰਦ ਕਰਨੇ ਚਾਹੀਦੇ ਹਨ। ਚੀਨ ਨੇ ਕੈਨੇਡਾ ਤੋਂ ਚੀਨੀ ਅਧਿਕਾਰੀ ਮੇਂਗ ਨੂੰ ਜਲਦ ਰਿਹਾਅ ਕਰਨ ਦੀ ਮੰਗ ਵੀ ਕੀਤੀ ਹੈ। ਸਾਲ 2018 ਤੋਂ ਚੀਨ ਤੇ ਕੈਨੇਡਾ ਵਿਚਾਲੇ ਤਕਰਾਰ ਜਾਰੀ ਹੈ। ਸਾਲ 2018 'ਚ ਕੈਨੇਡਾ ਨੇ ਚੀਨੀ ਕੰਪਨੀ ਹੁਵੇਈ ਦੇ ਅਧਿਕਾਰੀ ਮੇਂਗ ਵਾਨਝੋਊ ਨੂੰ ਵੈਨਕੂਵਰ ਤੋਂ ਗ੍ਰਿਫ਼ਤਾਰ ਕੀਤਾ ਸੀ। ਇਸ ਤੋਂ ਬਾਅਦ ਚੀਨ ਨੇ ਵੀ ਜਵਾਬੀ ਕਾਰਵਾਈ ਕੀਤੀ ਤੇ ਚੀਨ ਨੇ ਕੈਨੇਡਾ ਦੇ ਦੋ ਨਾਗਰਿਕਾਂ ਨੂੰ ਗ੍ਰਿਫ਼ਤਾਰ ਕੀਤਾ। ਮਾਈਕਲ ਸਪੈਵਰ ਤੇ ਮਾਈਕਲ ਕੋਵ੍ਰਿਗ 'ਤੇ ਚੀਨ 'ਚ ਜਾਸੂਸੀ ਦੇ ਇਲਜ਼ਾਮ ਹਨ। ਦੋਵਾਂ ਨੂੰ ਬੀਜਿੰਗ 'ਚ ਗ੍ਰਿਫ਼ਤਾਰ ਕੀਤਾ ਹੋਇਆ ਹੈ ਪਰ ਕੈਨੇਡਾ ਨੇ ਇਲਜ਼ਾਮਾਂ ਨੂੰ ਖਾਰਜ ਕਰ ਦਿੱਤਾ ਹੈ। ਮਨਮਾਨੀ ਹਿਰਾਸਤ ਵਰਗੀ ਕੋਈ ਚੀਜ਼ ਨਹੀਂ, ਕੈਨੇਡਾ ਨੂੰ ਅਪੀਲ ਹੈ ਕਿ ਉਹ ਕਾਨੂੰਨ ਦੇ ਸ਼ਾਸਨ ਦੀ ਭਾਵਨਾ ਦਾ ਦਿਲੋਂ ਸਤਿਕਾਰ ਕਰੇ। ਚੀਨ ਦੀ ਨਿਆਂਇਕ ਪ੍ਰਭੂਸੱਤਾ ਦਾ ਸਤਿਕਾਰ ਕਰਨ ਤੇ ਗੈਰ ਜ਼ਿੰਮੇਵਾਰਾਨਾ ਟਿੱਪਣੀ ਕਰਨਾ ਬੰਦ ਕਰੇ, ਮੇਂਗ ਦਾ ਮਾਮਲਾ ਇੱਕ ਗੰਭੀਰ ਰਾਜਨੀਤਕ ਘਟਨਾ ਹੈ ਅਸੀਂ ਕੈਨੇਡਾ ਨੂੰ ਅਪੀਲ ਕਰਦੇ ਹਾਂ ਕਿ ਜਿੰਨੀ ਜਲਦੀ ਹੋ ਸਕੇ ਆਪਣੀਆਂ ਗਲਤੀਆਂ ਨੂੰ ਸੁਧਾਰੇ, ਨਹੀਂ ਤਾਂ ਕਾਰਵਾਈ ਲਈ ਤਿਆਰ ਰਹੇ।

## ਕੋਰੋਨਾ

ਕਿਤੇ ਨਹੀਂ ਗਈ ਬਿਮਾਰੀ, ਆਈ ਹੈ ਟੱਪ ਕੇ ਨਦੀਆਂ ਨਾਲ਼ੇ
ਅਜੇ ਬਾਹਰ ਹੀ ਬੈਠਾ ਕੋਰੋਨਾ, ਕੋਰੋਨਾ ਹੈ ਆਲੇ ਦੁਆਲੇ...

ਚੱਕਰ ਹੈ ਸਾਰਾ ਖਜ਼ਾਨੇ ਦਾ, ਸਭ ਕੁਝ ਹੀ ਖੋਲ੍ਹੀ ਜਾਂਦੇ
ਬਚਣਾ ਤਾਂ ਘਰ ਹੀ ਬੈਠੋ, ਇਹ ਵੀ ਹਾਕਮ ਬੋਲੀ ਜਾਂਦੇ
ਕਈ ਕੁਝ ਹੀ ਸਮਝਾਉਣਗੇ, ਇਹ ਦਿਨ ਜੋ ਆਏ ਕਾਲੇ...
ਅਜੇ ਬਾਹਰ ਹੀ ਬੈਠਾ ਕੋਰੋਨਾ, ਕੋਰੋਨਾ ਹੈ ਆਲੇ ਦੁਆਲੇ...



ਕੋਈ ਕਿਸੇ ਦਾ ਸਕਾ ਨਹੀਂ, ਨਾ ਕੋਈ ਅੰਦਰੋਂ ਹੈ ਦਰਦੀ
ਕੁਰਸੀ ਦਾ ਲਾਲਚ ਹੀ ਕਰਦੇ, ਦੁਨੀਆਂ ਦਿਨੋ ਦਿਨ ਮਰਦੀ
ਡਾਕਟਰ ਵੀ ਕਈ ਬਚੇ ਨਹੀਂ, ਕਈ ਘਰਾਂ ਵਿਚ ਲੱਗੇ ਜਾਲ੍ਹੇ...

ਕਿਥੋਂ ਕਿਥੇ ਹੈ ਪਹੁੰਚੀ ਕੋਰੋਨਾ, ਕੋਈ ਨਹੀਂ ਛੱਡਿਆ ਇਲਾਕਾ
ਖਤਰਾ ਅਜੇ ਵੀ ਪੂਰਾ ਹੈ ਲਾ ਕੇ ਰੱਖੀਏ ਜੀ ਨਾਕਾ
ਬਹੁਤਾ ਭਿਆਨਕ ਸਮਾਂ ਹੈ, ਮੁਰਦੇ ਨਾ ਜਾਣ ਸੰਭਾਲੇ...
ਅਜੇ ਬਾਹਰ ਹੀ ਬੈਠਾ ਕੋਰੋਨਾ, ਕੋਰੋਨਾ ਹੈ ਆਲੇ ਦੁਆਲੇ...

ਘਰਾਂ ਵਿਚੋਂ ਨਿਕਲ ਤੁਰੇ ਲੋਕੀ, ਇਕੱਠੇ ਖੜ੍ਹਨੇ ਠੀਕ ਨਹੀਂ
ਬਚਾਓ ਦੇ ਵਿਚ ਬਚਾਓ ਹੈ, ਮੁਜ਼ਾਹਰੇ ਵੀ ਕਰਨੇ ਠੀਕ ਨਹੀਂ
ਕਿੱਦਾਂ ਮਿਲਣਗੀਆ ਵੋਟਾਂ, ਜੇ ਗੱਲਾਂ ਨਾਲ ਮਸਲੇ ਟਾਲੇ...
ਅਜੇ ਬਾਹਰ ਹੀ ਬੈਠਾ ਕੋਰੋਨਾ...

ਮੌਤਾਂ ਦੀ ਗਿਣਤੀ ਘਟਦੀ ਨਹੀਂ, ਖਬਰਾਂ ਦੱਸਦੀਆਂ ਸ਼ਾਮ ਸਵੇਰੇ
ਆਪਣਾ ਆਪ ਹੀ ਸੰਭਾਲੀਏ, ਹੁਣ ਵਸ ਹੈ ਤੇਰੇ ਮੇਰੇ
ਅਜੀਤ ਸਿੰਘ ਸਮਝ ਲਈਏ, ਖੋਲ੍ਹਕੇ ਅਕਲ ਦੇ ਤਾਲੇ
ਅਜੇ ਬਾਹਰ ਹੀ ਬੈਠਾ ਕੋਰੋਨਾ, ਕੋਰੋਨਾ ਹੈ ਆਲੇ ਦੁਆਲੇ....



ਅਜੀਤ ਸਿੰਘ ਬਾਹੀਆ
(510) 314-2859

## ਮੇਰੇ ਸਾਈਂਆ

ਫੁੱਲ ਕੁਮਲਾਏ ਜਿੰਦ ਮੇਰੀ ਦੇ,
ਤੂੰ ਕਦੇ ਤਾਂ ਛੋਹਾਂ ਲਾਅ,
ਮੇਰੇ ਸਾਈਆਂ ...
ਕਿਉਂ ਬੇਪਰਵਾਈਆ...।
ਤੂੰ ਕਦੇ ਤਾਂ ਫੇਰਾ ਪਾਅ..।

ਜਿੰਨੀ ਰਾਹੀਂ ਤੂੰ ਮੁੜਣਾ ਇਕ ਦਿਨ,
ਦਿਲ ਕਰੇ ਦੇਵਾਂ ਸੀਸ ਨਿਵਾਅ,
ਦਿਨ ਨਾ ਚੜੇ ਤੇ ਰਾਤ ਵੀ ਜਾਗੇ,
ਤੈਨੂੰ ਬਾਹੀਂ ਲਵਾਂ ਸਮਾਅ,
ਮੇਰੇ ਸਾਈਆਂ ...
ਕਿਉਂ ਬੇਪਰਵਾਈਆਂ...।
ਤੂੰ ਕਦੇ ਤਾਂ ਫੇਰਾ ਪਾਅ..।

ਹਰ ਪਲ ਮੈਨੂੰ ਤੇਰੀਆਂ ਦੀਦਾਂ,
ਮੇਰੇ ਮਰ ਗਏ ਸਭੇ ਚਾਅ,
ਤਨ ਦੀ ਸੇਜ ਤੇ ਰੂਹੀ ਬਿਸਤਰ,
ਨਿੱਤ ਕੋਈ ਚੜੇ ਰੂਹਾਨੀ ਚਾਅ,
ਮੇਰੇ ਸਾਈਆਂ ...
ਕਿਉਂ ਬੇਪਰਵਾਈਆਂ...।
ਤੂੰ ਕਦੇ ਤਾਂ ਫੇਰਾ ਪਾਅ..।

ਕਦੇ ਮੁੱਕਣੀ ਇਹ ਵਾਟ ਜ਼ਿੰਦਗੀ ਦੀ,
ਹੁਣ ਸਭੇ ਵਾਟਾਂ ਲਈਆਂ ਗਾਅ ।
ਔਸੀਆਂ ਪਾਉਂਦੇ ਪੋਟੇ ਘਸ ਗਏ,
ਤੂੰ ਹੁਣ ਕੋਈ ਤਰਸ ਤਾਂ ਖਾਅ,
ਮੇਰੇ ਸਾਈਆਂ ...
ਕਿਉਂ ਬੇਪਰਵਾਈਆਂ...
ਤੂੰ ਕਦੇ ਤਾਂ ਫੇਰਾ ਪਾਅ..।

ਔੜਾਂ ਮਾਰਿਆ ਦਿਲ ਦਾ ਵੇਹੜਾ,
ਕਦੇ ਗਲ ਮਿਲ ਕੇ ਠੰਢ ਵਰਤਾਅ,
ਵੱਲ ਦਰਵਾਜੇ ਵੇਂਹਦੀਆਂ ਰਹਿਣ,
ਇਹ ਅੱਖੀਆਂ ਸਾਵਣ ਲਾਅ,
ਮੇਰੇ ਸਾਈਆਂ ...
ਕਿਉਂ ਬੇਪਰਵਾਈਆਂ...
ਤੂੰ ਕਦੇ ਤਾਂ ਫੇਰਾ ਪਾਅ..।
ਤੂੰ ਕਦੇ ਤਾਂ ਫੇਰਾ ਪਾਅ..।



-ਗੁਰਬਾਜ ਸਿੰਘ ਤਰਨ ਤਾਰਨ
8837644027


ਸ. ਬਲਬੀਰ ਸਿੰਘ ਰਾਗੀ

ਇੰਗਲੈਂਡ ਦੇ ਇਤਿਹਾਸ ਨੂੰ ਉਜਾਗਰ ਕਰਨ ਦੇ ਲਈ ਸ.ਬਲਵੀਰ ਸਿੰਘ ਰਾਗੀ ਦੀ ਸ਼ਲਾਘਾ ਕੀਤੀ ਜਾਣੀ ਚਾਹੀਦੀ ਹੈ। ਇਸ ਦਾ ਕਾਰਨ ਇਹ ਹੈ ਕਿ ਇਸ ਧਰਤੀ ਉਪਰ ਵਸਣ ਵਾਲੇ ਇਨ੍ਹਾਂ ਲੋਕਾਂ ਨੇ ਕੀ-ਕੀ ਸਹਿਣ ਨਹੀਂ ਕੀਤਾ, ਉਨ੍ਹਾਂ ਦੇ ਕਾਰਨ ਹੀ ਅੱਜ ਅਸੀਂ ਮਾਣ ਸਨਮਾਨ ਵਾਲਾ ਜੀਵਨ ਜੀਅ ਰਹੇ ਹਾਂ ਅਤੇ ਹੁਣ ਬ੍ਰਿਟੇਨ ਦੀ ਸੰਸਦ 'ਚ ਸਾਡੇ ਸੰਸਦ ਮੈਂਬਰ ਵੀ ਹਨ ਅਤੇ ਇੰਗਲੈਂਡ ਦੇ ਹਰ ਖੇਤਰ ਵਿਚ ਸਿੱਖ ਭਾਈਚਾਰੇ ਨੇ ਮੱਲ੍ਹਾਂ ਮਾਰੀਆਂ ਹਨ। ਇਸ ਸਭ ਬਾਰੇ ਜਾਗਰੂਕ ਕਰਨ ਲਈ ਹੁਣ ਅਸੀਂ ਅਮਰੀਕਾ ਦੇ ਉਘੇ ਸਿੱਖ ਆਗੂ ਸ. ਬਲਵੀਰ ਸਿੰਘ ਰਾਗੀ ਜੀ ਦੀ ਲਿਖੀ ਕਿਤਾਬ 'ਇਨ ਸਰਵਿਸ ਆਫ਼ ਹਿਜ਼ ਮਾਸਟਰ' ਕਿਤਾਬ ਨੂੰ ਲੜੀਵਾਰ 'ਸਾਡੇ ਲੋਕ' ਅਖ਼ਬਾਰ ਵਿਚ ਛਾਪ ਕੇ ਇੰਗਲੈਂਡ ਦੇ ਇਤਿਹਾਸ ਬਾਰੇ ਅਮਰੀਕਾ 'ਚ ਵਸਦੇ ਭਾਰਤੀ ਭਾਈਚਾਰੇ ਨੂੰ ਜਾਣੂ ਕਰਵਾਉਣਾ ਚਾਹੁੰਦੇ ਹਾਂ, ਤਾਂ ਜੋ 'ਸਾਡੇ ਲੋਕ' ਦੇ ਸਮੂਹ ਪਾਠਕ ਇਸ ਲੜੀਵਾਰ ਪੁਸਤਕ ਨੂੰ ਪੜ੍ਹ ਕੇ ਇੰਗਲੈਂਡ ਅਤੇ ਸਿੱਖਾਂ ਦੇ ਇਤਿਹਾਸ ਦੀ ਨੀਂਹ ਰੱਖ ਕੇ ਗੁਰੂਘਰ ਬਣਾਉਣ ਦੀ ਕਹਾਣੀ ਉਨ੍ਹਾਂ ਦੇ ਪਿਤਾ ਸ. ਧਰਮ ਸਿੰਘ ਰਾਗੀ, ਮਾਤਾ ਨਸੀਬ ਕੌਰ ਰਾਗੀ ਅਤੇ ਉਨ੍ਹਾਂ ਸਿੱਖਾਂ ਦੀ ਹੈ, ਜਿਨ੍ਹਾਂ ਨੇ ਇੰਗਲੈਂਡ ਵਿਚ ਪਹਿਲੇ ਗੁਰਦੁਆਰੇ ਦੀ ਨੀਂਹ ਰੱਖ ਕੇ ਵਿਦੇਸ਼ 'ਚ ਸਿੱਖੀ ਦਾ ਮੁੱਢ ਬੰਨ੍ਹਿਆ। ਇਹ ਸਿੱਖ ਜਗਤ ਦੀ ਚੜ੍ਹਦੀਕਲਾ ਦੀ ਕਹਾਣੀ ਹੈ। - ਸਤਨਾਮ ਸਿੰਘ ਖਾਲਸਾ

# ਪਰਮਾਤਮਾ ਅਤੇ ਜੀਵਨ ਦੀਆਂ ਆਪਣੀਆਂ ਆਪਣੀਆਂ ਯੋਜਨਾਵਾਂ ਹੁੰਦੀਆਂ ਹਨ

(ਲੜੀ ਜੋੜਨ ਲਈ ਪਿਛਲਾ ਅੰਕ ਦੇਖੋ)

ਉਹ ਰਸੋਈ ਵਿੱਚ ਚਲੇ ਗਏ ਅਤੇ ਆਪਣਾ ਮੂੰਹ ਧੋਤਾ, ਬੀਜੀ ਨੇ ਉਸ ਸਮੇਂ ਉਨ੍ਹਾਂ ਲਈ ਚਾਹ ਦਾ ਕੱਪ ਤਿਆਰ ਕਰ ਲਿਆ। ਬੀਜੀ ਇੰਤਜ਼ਾਰ ਕਰ ਰਹੇ ਸਨ ਕਿ ਉਹ ਸਾਨੂੰ ਦੱਸਣ ਕਿ ਉਨ੍ਹਾਂ ਨਾਲ ਕੀ ਵਾਪਰਿਆ। ਉਨ੍ਹਾਂ ਨੇ ਪਾਪਾ ਜੀ ਲਈ ਦੁਪਹਿਰ ਦਾ ਭੋਜਨ ਤਿਆਰ ਕੀਤਾ। ਜਦੋਂ ਉਨ੍ਹਾਂ ਨੇ ਖਾਣਾ ਖਾ ਲਿਆ ਤਾਂ ਉਨ੍ਹਾਂ ਵਿੱਚ ਊਰਜਾ ਵਾਪਸ ਆ ਗਈ। ਫਿਰ ਉਨ੍ਹਾਂ ਨੇ ਸਾਨੂੰ ਦੱਸਣਾ ਸ਼ੁਰੂ ਕੀਤਾ ਕਿ ਉਨ੍ਹਾਂ ਨਾਲ ਕੀ ਹੋਇਆ।

ਉਨ੍ਹਾਂ ਦੱਸਿਆ ਕਿ ਜਦੋਂ ਉਹ ਬਰਮਿੰਘਮ ਪਹੁੰਚ ਗਏ, ਉਹ ਸ਼ਿੰਗਾਰਾ ਸਿੰਘ ਨੂੰ ਮਿਲਣ ਗਏ, ਪਰ ਉਹ ਬਿਮਾਰ ਸਨ ਅਤੇ ਸਮਾਗਮ 'ਤੇ ਆਉਣ ਦੇ ਯੋਗ ਨਹੀਂ ਸਨ। ਇਸ ਨਾਲ ਉਨ੍ਹਾਂ ਦੇ ਸਾਰੇ ਅਰਮਾਨਾਂ 'ਤੇ ਪਾਣੀ ਫਿਰ ਗਿਆ ਕਿਉਂਕਿ ਉਹ ਲੋਕਾਂ ਨੂੰ ਦੱਸ ਚੁੱਕੇ ਸਨ ਕਿ ਸ਼ਿੰਗਾਰਾ ਸਿੰਘ ਢਾਡੀ ਆ ਰਿਹਾ ਹੈ। ਚਲੋ ਪਰਮਾਤਮਾ ਅਤੇ ਜੀਵਨ ਦੀਆਂ ਆਪਣੀਆਂ ਆਪਣੀਆਂ ਯੋਜਨਾਵਾਂ ਹੁੰਦੀਆਂ ਹਨ। ਉਹ ਲੜੇ ਬਿਨਾਂ ਹਾਰ ਮੰਨਣ ਵਾਲਿਆਂ ਵਿੱਚੋਂ ਨਹੀਂ ਸਨ। ਉਹ ਹਮੇਸ਼ਾਂ ਸਾਨੂੰ ਕਹਿੰਦੇ ਕਿ ਹਾਰ ਕਹਿ ਰਹੀ ਹੈ ਕਿ ਤੁਹਾਡੇ ਕੋਲ ਸੋਚਣ ਲਈ ਹੋਰ ਕੁਝ ਨਹੀਂ ਹੈ। ਹਾਰ ਇੱਕ ਵਿਕਲਪ ਨਹੀਂ ਹੈ, ਹਮੇਸ਼ਾਂ ਹੋਰ ਵਿਕਲਪ ਹੁੰਦੇ ਹਨ, ਇਸ ਲਈ ਵਿਕਲਪਾਂ ਨੂੰ ਦੇਖੋ ਅਤੇ ਅਗਲੇ ਸਰਵੋਤਮ ਵਿਕਲਪ 'ਤੇ ਜਾਓ।

ਉਹ ਸਾਨੂੰ ਹਮੇਸ਼ਾਂ ਕਹਿੰਦੇ, 'ਇਹ ਕਹਿਣਾ ਕੋਈ ਵਿਕਲਪ ਨਹੀਂ ਹੈ ਕਿ ਬ੍ਰਹਿਮੰਡ ਸੀਮਤ ਹੈ ਅਤੇ ਇਹ ਨਹੀਂ ਹੈ।'

ਉਹ ਅਗਲੇ ਵਿਕਲਪ 'ਤੇ ਗਏ। ਸ਼ਿੰਗਾਰਾ ਸਿੰਘ ਨੂੰ ਮਿਲਣ ਤੋਂ ਬਾਅਦ ਉਹ ਬੂਟਾ ਸਿੰਘ ਨੂੰ ਮਿਲਣ ਚਲੇ ਗਏ ਤਾਂ ਕਿ ਇਹ ਯਕੀਨੀ ਬਣਾਇਆ ਜਾ ਸਕੇ ਕਿ ਉਹ ਤਿਆਰ ਹਨ। ਉਨ੍ਹਾਂ ਦੱਸਿਆ ਕਿ ਜਦੋਂ ਉਨ੍ਹਾਂ ਨੇ ਇਊਸਟਨ ਤੋਂ ਇਊਸਟਨ ਲੰਡਨ ਲਈ ਰੇਲ ਗੱਡੀ ਲਈ, ਫਿਰ ਉਨ੍ਹਾਂ ਨੇ ਹਾਉਂਸਲੋ ਤੋਂ ਸਾਊਥਹਾਲ ਵਿੱਚ ਰਹਿੰਦੇ ਆਪਣੇ ਦੋਸਤ ਕੋਲ ਜਾਣ ਲਈ ਟੈਕਸੀ ਲਈ। ਉਹ ਆਪਣੇ ਦੋਸਤ ਕੋਲ ਰਾਤ ਨੂੰ ਲਗਪਗ 12 ਵਜੇ ਪਹੁੰਚ ਗਏ। ਉਨ੍ਹਾਂ ਨੇ ਦਰਵਾਜ਼ੇ 'ਤੇ ਦਸਤਕ ਦਿੱਤੀ ਤਾਂ ਉਨ੍ਹਾਂ ਦਾ ਦੋਸਤ ਅਜੇ ਜਾਗਦਾ ਹੀ ਸੀ। ਘਰ ਉਨ੍ਹਾਂ ਸਾਰੇ ਮਰਦਾਂ ਨਾਲ ਭਰਿਆ ਹੋਇਆ ਸੀ ਜਿਨ੍ਹਾਂ ਦੇ ਪਰਿਵਾਰ ਅਜੇ ਪੰਜਾਬ ਤੋਂ ਨਹੀਂ ਆਏ ਸਨ। ਸ਼ੁੱਕਰਵਾਰ ਦੀ ਰਾਤ ਹੋਣ ਕਾਰਨ ਦੇਰ ਰਾਤ ਪੱਬ ਤੋਂ ਬਾਹਰ ਆਏ ਸਨ। ਉਹ ਪੱਬ ਦੀ ਅੰਤਿਮ ਗਿਆਰਾਂ ਵਜੇ ਵਾਲੀ ਕਾਲ ਤੋਂ ਬਾਅਦ ਘਰ ਆਏ ਸਨ। ਪਾਪਾ ਜੀ ਜਦੋਂ ਉੱਥੇ ਪਹੁੰਚੇ ਤਾਂ ਉਹ ਸਕੋਚ ਪੀ ਰਹੇ ਸਨ।

ਉਨ੍ਹਾਂ ਨੇ ਆਪਣੇ ਦੋਸਤ ਨੂੰ ਆਪਣੇ ਨਾਲ ਬੀਤਿਆ ਸਾਰਾ ਦੱਸਿਆ ਅਤੇ ਕਿਹਾ ਕਿ ਉਹ ਪ੍ਰੀਤਮ ਸਿੰਘ ਢਾਡੀ ਨੂੰ ਮਿਲਣਾ ਚਾਹੁੰਦੇ ਹਨ ਜਿਹੜੇ ਲੰਡਨ ਵਿੱਚ ਹੀ ਕਿਧਰੇ ਰਹਿੰਦੇ ਸਨ। ਉਨ੍ਹਾਂ ਦੇ ਦੋਸਤ ਨੇ ਉਨ੍ਹਾਂ ਨੂੰ ਪ੍ਰੀਤਮ ਸਿੰਘ ਮਿਲਣ ਲਈ ਉਨ੍ਹਾਂ ਨੂੰ ਸਵੇਰੇ ਲੈ ਕੇ ਜਾਣ ਲਈ ਕਿਹਾ। ਪਾਪਾ ਜੀ ਕਿਸੇ ਕੰਮ ਵਿੱਚ ਦੇਰੀ ਕਰਨ ਵਾਲਿਆਂ ਵਿੱਚੋਂ ਨਹੀਂ ਸਨ, ਇਸ ਲਈ ਉਨ੍ਹਾਂ ਨੇ ਹੁਕਮ ਦਿੱਤਾ। ਤਾਂ ਉਨ੍ਹਾਂ ਦੇ ਦੋਸਤ ਨੇ ਜਵਾਬ ਦੇ ਦਿੱਤਾ। ਪਾਪਾ ਜੀ ਨੇ ਕਿਹਾ ਕਿ ਹੁਣੇ ਹੀ ਸ਼ਰਾਬ ਪੀਣੀ ਬੰਦ ਕਰੋ ਅਤੇ ਮੇਰੇ ਨਾਲ ਚੱਲੋ। ਉਨ੍ਹਾਂ ਦੇ ਦੋਸਤ ਨੇ ਕਿਹਾ ਕਿ ਹੁਣ ਬਹੁਤ ਦੇਰ ਹੋ ਚੁੱਕੀ ਹੈ। ਪਾਪਾ ਜੀ ਨੇ ਆਪਣੇ ਦੋਸਤ ਨੂੰ ਕਿਹਾ ਕਿ ਜੇ ਉਹ ਸ਼ੁੱਕਰਵਾਰ ਨੂੰ ਦੇਰ ਨਾਲ ਉੱਠੇ ਤਾਂ ਕੀ ਉਹ ਹੋਵੇਗਾ? ਇਸ ਲਈ ਉਨ੍ਹਾਂ ਦਾ ਦੋਸਤ ਸ਼ਰਾਬੀ ਹਾਲਤ ਵਿੱਚ ਹੀ ਡਰਾਈਵ ਕਰਕੇ ਪ੍ਰੀਤਮ ਸਿੰਘ ਨੂੰ ਮਿਲਣ ਲਈ ਲੈ ਕੇ ਗਿਆ। ਪ੍ਰੀਤਮ ਸਿੰਘ ਪਾਪਾ ਜੀ ਨੂੰ ਚੰਗੀ ਤਰ੍ਹਾਂ ਜਾਣਦੇ ਸਨ ਅਤੇ ਜਦੋਂ ਉਨ੍ਹਾਂ ਨੇ ਪਾਪਾ ਜੀ ਨੂੰ ਦੇਖਿਆ ਤਾਂ ਉਹ ਬਹੁਤ ਹੈਰਾਨ ਹੋਏ ਅਤੇ ਪੁੱਛਿਆ ਕਿ ਉਹ ਇੰਨੀ ਰਾਤ ਨੂੰ ਇੱਥੇ ਕੀ ਕਰ ਰਹੇ ਹਨ। ਪਾਪਾ ਜੀ ਨੇ ਪ੍ਰੀਤਮ ਸਿੰਘ ਨੂੰ ਉਹ ਸਾਰਾ ਕੁਝ ਦੱਸ ਦਿੱਤਾ ਜੋ ਉਨ੍ਹਾਂ ਨਾਲ ਹੋਇਆ।

ਪਾਪਾ ਜੀ ਨੇ ਦੱਸਿਆ ਕਿ ਪ੍ਰੀਤਮ ਸਿੰਘ ਇਨ੍ਹਾਂ ਗੱਲਾਂ ਤੋਂ ਇੰਨੇ ਪ੍ਰਭਾਵਿਤ ਹੋ ਗਏ ਕਿ ਉਹ ਅੱਧੀ ਰਾਤ ਨੂੰ ਇੱਥੇ ਆਏ ਅਤੇ ਉਨ੍ਹਾਂ ਨੂੰ ਸਮਾਗਮ ਵਿੱਚ ਆਉਣ ਲਈ ਕਿਹਾ। ਇਸ ਤੋਂ ਉਹ ਟੁੱਟ ਗਏ ਅਤੇ ਉਨ੍ਹਾਂ ਨੇ ਪਾਪਾ ਜੀ ਨੂੰ ਗਲੇ ਲਗਾ ਲਿਆ। ਪਾਪਾ ਜੀ ਨੇ ਮੈਨੂੰ ਦੱਸਿਆ ਕਿ ਇਹ ਸੱਚਮੁੱਚ ਬਹੁਤ ਭਾਵਨਾਤਮਕ ਦ੍ਰਿਸ਼ ਸੀ। ਉਨ੍ਹਾਂ ਕਿਹਾ, 'ਉਹ ਐਤਵਾਰ ਸਵੇਰੇ ਆਉਣਗੇ।' ਉਨ੍ਹਾਂ ਕਿਹਾ ਕਿ ਉਹ ਹੁਣ ਇਸਦਾ ਅਭਿਆਸ ਤਾਂ ਨਹੀਂ ਕਰਦੇ, ਪਰ ਉਹ ਆਪਣੇ ਜੱਥੇ ਨੂੰ ਇਕੱਠਾ ਕਰਕੇ ਪ੍ਰੋਗਰਾਮ ਕਰਨਗੇ।

ਪਾਪਾ ਜੀ ਦੇ ਦੋਸਤ ਨੇ ਪਾਪਾ ਜੀ ਨੂੰ ਸਵੇਰੇ ਇਊਸਟਨ ਸਟੇਸ਼ਨ 'ਤੇ ਛੱਡਿਆ ਅਤੇ ਉੱਥੋਂ ਉਨਲ੍ਹਾਂ ਨੇ ਇਊਸਟਨ ਤੋਂ ਕੋਵੈਂਟਰੀ ਲਈ ਸਵੇਰ ਵਾਲੀ ਰੇਲ ਗੱਡੀ ਲਈ।

ਜਦੋਂ ਉਨ੍ਹਾਂ ਨੇ ਆਪਣੀ ਸਾਰੀ ਕਹਾਣੀ ਸਾਨੂੰ ਦੱਸ ਦਿੱਤੀ, ਫਿਰ ਬੀਜੀ ਨੇ ਉਨ੍ਹਾਂ ਅੱਗੇ ਮੰਨਿਆ ਕਿ ਉਨ੍ਹਾਂ ਨੂੰ ਬਹੁਤ ਚਿੰਤਾ ਹੋ ਰਹੀ ਸੀ। ਬੀਜੀ ਨੇ ਉਨ੍ਹਾਂ ਨੂੰ ਕੁਝ ਘੰਟੇ ਸੌਣ ਲਈ ਕਿਹਾ, ਪਰ ਉਨ੍ਹਾਂ ਨੇ ਕਿਸੇ ਦੀ ਨਾ ਸੁਣੀ। ਫਿਰ ਬੀਜੀ ਨੇ ਉਨ੍ਹਾਂ ਨੂੰ ਕੁਝ ਘੰਟਿਆਂ ਲਈ ਆਰਾਮ ਕਰਨ ਲਈ ਮਨਾ ਲਿਆ ਕਿਉਂਕਿ ਸ਼ਾਮ ਤੋਂ ਉਨ੍ਹਾਂ ਨੇ ਬਿਲਕੁਲ ਆਰਾਮ ਨਹੀਂ ਕੀਤਾ।

ਜਿਵੇਂ ਹੀ ਪਾਪਾ ਜੀ ਲੇਟਣ ਲੱਗੇ, ਭਾਜੀ ਦਿਲਬਾਗ ਸਿੰਘ ਆ ਗਏ। ਪਰ ਇੰਨਾ ਚੰਗਾ ਹੋ ਗਿਆ ਕਿ ਪਾਪਾ ਜੀ ਲੇਟ ਗਏ ਸਨ ਨਹੀਂ ਤਾਂ ਇਸ ਨਾਲ ਪਾਪਾ ਜੀ ਨੇ ਪਰੇਸ਼ਾਨ ਹੋਣਾ ਸੀ।

ਜਿਵੇਂ ਹੀ ਉਹ ਦਰਵਾਜ਼ੇ ਦੇ ਅੰਦਰ ਆਏ, ਤਾਂ ਚਿਲਾਏ, 'ਮਾਮੀ, ਮਾਮਾ ਜੀ ਆ ਗਏ ਕਿ ਨਹੀਂ।'

ਬੀਜੀ ਨੇ ਉਨ੍ਹਾਂ ਨੂੰ ਚੁੱਪ ਕਰਾਉਣ ਲਈ ਆਪਣਾ ਹੱਥ ਆਪਣੇ ਬੁੱਲ੍ਹਾਂ 'ਤੇ ਰੱਖਿਆ ਅਤੇ ਆਪਣਾ ਸਿਰ ਹਿਲਾਇਆ ਕਿ ਉਹ ਆ ਗਏ ਹਨ।

ਭਾਜੀ ਦਿਲਬਾਗ ਸਿੰਘ ਮਨ ਤੋਂ ਸੱਚੇ ਸਨ, ਉਹ ਆਪਣੀਆਂ ਭਾਵਨਾਵਾਂ ਨੂੰ ਪ੍ਰਗਟਾ ਦਿੰਦੇ ਸਨ। ਉਹ ਬੋਲੇ, 'ਭਲਾ ਮਾਮੀ ਇਹ ਮਾਮਾ ਜੀ ਨੇ ਕੀ ਕੰਮ ਫੜ ਲਿਆ ਸਾਰੀ ਰਾਤ ਵਕਤ ਪਾ ਛੱਡਿਆ।'

ਬੀਜੀ ਨੇ ਭਾਜੀ ਨੂੰ ਇੱਕੋ ਸ਼ਬਦ ਕਿਹਾ, 'ਬਸ।' ਉਹ ਚੁੱਪ ਹੋ ਗਏ ਅਤੇ ਕੁਝ ਸਮਾਂ ਬੈਠੇ ਰਹੇ। ਉਹ ਪਾਪਾ ਜੀ ਦੇ ਉੱਠਣ ਤੋਂ ਕੁਝ ਘੰਟੇ ਪਹਿਲਾਂ ਚਲੇ ਗਏ।

ਸ਼ਾਮ ਲਗਪਗ ਚਾਰ ਵਜੇ ਦੇ ਆਸਪਾਸ ਬਾਬਾ ਨੰਦ ਸੰਘ ਸਾਡੇ ਘਰ ਆਏ, ਬੀਜੀ ਨੇ ਉਨ੍ਹਾਂ ਲਈ ਚਾਹ ਬਣਾਈ। ਉਨ੍ਹਾਂ ਬੀਜੀ ਨੂੰ ਪੁੱਛਿਆ ਕਿ ਸਭ ਕਿਵੇਂ ਚੱਲ ਰਿਹਾ ਹੈ। ਕੀ ਉਹ ਕੱਲ੍ਹ ਦੇ ਵੱਡੇ ਪ੍ਰੋਗਰਾਮ ਲਈ ਤਿਆਰ ਹਨ। ਸਾਨੂੰ ਕੋਈ ਪਛਤਾਵਾ ਤਾਂ ਨਹੀਂ। ਜਦੋਂ ਉਨ੍ਹਾਂ ਇਹ ਸ਼ਬਦ ਕਹੇ ਤਾਂ ਬੀਜੀ ਮੁਸਕਰਾਏ ਅਤੇ ਪਾਪਾ ਜੀ ਵੀ ਹੱਸ ਪਏ।

ਬੀਜੀ ਨੇ ਉਨ੍ਹਾਂ ਨੂੰ ਪੁੱਛਿਆ, 'ਭਾਈਆ ਜੀ ਕੋਈ ਸ਼ੱਕ ਹੈ।'

(ਚਲਦਾ)



# ਖ਼ੁਦਕੁਸ਼ੀਆਂ ਦੀ ਥਾਂ ਖ਼ਾਬ ਦੇਹ ਮੇਰੇ ਮਾਲਕਾ



ਮੇਰਾ ਇਕ ਬੁੱਧੀਜੀਵੀ ਮਿੱਤਰ ਟਰਾਂਟੋ ਰਹਿੰਦਾ ਹੈ ਜਿਸਦਾ ਉਥੇ ਸ਼ਾਨਦਾਰ ਫਿਊਨਰਲ ਹੋਮ ਹੈ। ਪਿਛਲੇ ਸਾਲ ਜਦੋਂ ਉਹ ਪੰਜਾਬ ਆਇਆ ਤਾਂ ਦਸਤਾਰ ਦਿਵਸ ਸੰਬੰਧੀ ਇਕ ਸਮਾਗਮ 'ਚ ਉਸਨੇ ਆਖਿਆ ਕਿ ਮੈਂ ਚਾਹੁੰਦਾ ਹਾਂ ਕਿ ਪੰਜਾਬ ਦੇ ਬੇਰੁਜ਼ਗਾਰ ਮੁੰਡੇ-ਕੁੜੀਆਂ ਕੈਨੇਡਾ ਆਉਣ। ਅਸੀਂ ਉਥੇ ਨਵਾਂ ਪੰਜਾਬ ਵਸਾਉਣਾ ਚਾਹੁੰਦੇ ਹਾਂ। ਸਾਡੀ ਭਰਪੂਰ ਕੋਸ਼ਿਸ਼ ਹੈ ਕਿ ਇਕ ਦਿਨ ਕੈਨੇਡਾ ਦਾ ਪ੍ਰਧਾਨ ਮੰਤਰੀ ਸਿੱਖ ਹੋਵੇ। ਕੁਝ ਮਤਭੇਦ ਹੋਣ ਦੇ ਬਾਵਜੂਦ ਮੈਨੂੰ ਉਸਦੀ ਆਕਰਸ਼ਕ ਤੇ ਅੰਬਰੀ ਉਡਾਣ ਚੰਗੀ ਲੱਗੀ ਪਰ ਇਸ ਸਾਲ ਜਦੋਂ ਉਹ ਆਇਆ ਤਾਂ ਕੈਨੇਡਾ ਪੰਜਾਬ ਸਦਭਾਵਨਾ ਮਿਲਣੀ ਦੇ ਸਮਾਗਮ 'ਚ ਉਸ ਦੇ ਮਾਤਮੀ ਵਿਚਾਰਾਂ ਨੇ ਨਵੀਂ ਡਿਬੇਟ ਛੇੜ ਦਿੱਤੀ। ਉਸ ਆਖਿਆ ਕਿ ਸਾਡੇ ਫਿਊਨਰਲ ਹੋਮ 'ਚ ਪਿਛਲੇ ਕੁਝ ਮਹੀਨਿਆਂ 'ਚ ਅਸੀਂ ਲਗਭਗ 60-70 ਅਜਿਹੇ ਨੌਜਵਾਨ ਪੰਜਾਬੀ ਬੱਚਿਆਂ ਦਾ ਸਸਕਾਰ ਕੀਤਾ ਹੈ ਜੋ ਹਾਲਾਤਾਂ ਨਾਲ ਜੂਝਦੇ ਹੋਏ ਆਤਮਹੱਤਿਆ ਕਰ ਗਏ। ਸਿੱਖ ਮਿਲੀਟੈਂਸੀ ਨਾਲ ਜੁੜੇ ਰਹੇ ਇਸ ਬੁੱਧੀਜੀਵੀ ਮਿੱਤਰ ਦੇ ਸੋਗਮਈ ਤੇ ਸੰਵੇਦਨਸ਼ੀਲ ਬਿਆਨ ਨੇ ਮਨ ਨੂੰ ਅਸ਼ਾਂਤ ਤੇ ਅਵਾਜ਼ਾਰ ਕਰ ਦਿੱਤਾ। ਸੂਰਬੀਰ ਵਿਰਾਸਤ ਨਾਲ ਸੰਬੰਧਤ ਪੰਜਾਬੀਆਂ ਨੂੰ ਖੁਦਕੁਸ਼ੀਆਂ ਨਾਲ ਏਨਾ ਮੋਹ ਕਿਉਂ ਹੋ ਗਿਆ ਹੈ? ਪੰਜਾਬ ਦੀਆਂ ਅਖ਼ਬਾਰਾਂ 'ਚ ਹਰ ਰੋਜ਼ ਇਕ ਦੋ ਖੁਦਕੁਸ਼ੀਆਂ ਦੀ ਖਬਰ ਪ੍ਰਕਾਸ਼ਿਤ ਹੁੰਦੀ ਹੈ। ਅਖ਼ਬਾਰਾਂ ਨੇ ਖੁਦਕੁਸ਼ੀ ਖ਼ਬਰਾਂ ਲਈ ਵਿਸ਼ੇਸ਼ ਪੰਨੇ ਨਿਸ਼ਚਿਤ ਕੀਤੇ ਹੋਏ ਹਨ। ਬਿਨਾਂ ਨਾਗਾ ਤਸਵੀਰਾਂ ਸਮੇਤ ਕਿਸਾਨਾਂ ਜਾ ਮਜ਼ਦੂਰਾਂ ਦੀਆਂ ਖੁਦਕੁਸ਼ੀ ਦੀਆਂ ਖਬਰਾਂ ਇਨ੍ਹਾਂ ਨਿਸ਼ਚਿਤ ਡੱਬੀਦਾਰ ਕਾਲਮਾਂ 'ਚ ਛੱਪਦੀਆਂ ਹਨ। ਪੰਜਾਬ ਏਨਾ ਖ਼ਾਬਹੀਣ ਤੇ ਖਾਮੋਸ਼ ਕਿਉਂ ਹੋ ਗਿਆ ਹੈ? ਪੰਜਾਬੀਆਂ ਦੀ ਜ਼ਮੀਰ, ਜੇਰਾ ਤੇ ਜ਼ਿੰਦਾਦਿਲੀ ਕਿੱਥੇ ਚਲੇ ਗਏ? ਪੰਜਾਬ ਏਨਾ ਕਮਦਿਲ, ਕਿਰਤਹੀਣ ਤੇ ਕੰਗਾਲ ਕਿਉਂ ਹੋ ਗਿਆ ਹੈ? ਪੰਜਾਬ ਦੀ ਅੰਦਰੂਨੀ ਸ਼ਕਤੀ, ਸੰਵੇਦਨਾ ਤੇ ਸੂਰਮਗਤੀ ਕਿਸਨੇ ਨਿਗਲ ਲਈ ਹੈ? ਪੰਜਾਬ ਦੇ ਕਮੀਨੇ ਤੇ ਕੁਰੱਪਟ ਸੱਤਾਧਾਰੀਆਂ ਨੇ ਪੰਜਾਬ ਨੂੰ ਸੰਗਮਰਮਰ ਤੇ ਸ਼ੀਸ਼ਿਆ ਦਾ ਦਿਖਾਵਟੀ ਤੇ ਦੇਹਧਾਰੀ ਥੇਹ ਕਿਉਂ ਬਣਾ ਦਿੱਤਾ ਹੈ। ਪੰਜਾਬ ਦਾ ਹਰ ਸਿਆਣਾ ਤੇ ਸੁਹਿਰਦ ਬੰਦਾ ਪੰਜਾਬ ਲਈ ਫਿਕਰਮੰਦ ਹੈ। ਫਿਕਰਮੰਦੀ ਦੇ ਪ੍ਰਸ਼ਨ ਸਤਾਉਂਦੇ ਹਨ।

ਪੰਜਾਬ ਡੀਪ ਡਿਪਰੈਸ਼ਨ ਵਲ ਨੂੰ ਜਾ ਰਿਹਾ ਹੈ। ਮੇਰੇ ਇਕ ਹੋਰ ਅਦੀਬ ਮਿੱਤਰ ਦਾ 35 ਲੱਖ ਰੁਪਈਆ ਲਾ ਕੇ ਜਾਅਲੀ ਢੰਗ ਨਾਲ ਅਮਰੀਕਾ ਪਹੁੰਚਿਆ, ਭਤੀਜਾ ਸਿਰਫ ਦੋ ਮਹੀਨਿਆਂ 'ਚ ਹੀ ਖੁਦਕੁਸ਼ੀ ਕਰ ਗਿਆ। ਖੁਦਕੁਸ਼ੀ ਦੀ ਖਬਰ ਨੇ ਪਰਿਵਾਰ ਨੂੰ ਬੁਰੀ ਤਰ੍ਹਾਂ ਭੰਨ ਦਿੱਤਾ ਹੈ। ਅਜੀਤ ਤੇ ਜੁਝਾਰ ਦੀਆਂ ਘੋੜੀਆਂ ਗਾਉਣ ਵਾਲੇ ਪੰਜਾਬ ਕੋਲ ਕੀ ਵੈਣ ਪਾਉਣ ਤੇ ਵੈਰਾਗ ਹੰਢਾਉਣ ਵਾਸਤੇ ਅੰਦਰੂਨੀ ਆਤਮਾ ਬਚ ਜਾਏਗੀ। ਅੰਦਰੂਨੀ ਜ਼ਖਮਾਂ ਤੇ ਜਲਾਵਤਨੀਆਂ ਦੇ ਕਥਾਰਸਿਸ ਲਈ ਪੰਜਾਬੀਆਂ ਕੋਲ ਨਸ਼ਾ ਹੀ ਮਨਭਾਉਂਦੀ ਖ਼ੁਰਾਕ ਹੈ। 'ਕਿੱਥੇ ਮਾਤਾ ਤੋਰਿਆ ਈ ਅਜੀਤ ਤੇ ਜੁਝਾਰ ਨੂੰ' ਵਰਗੇ ਮੋਹਖੋਰੇ ਤੇ ਮਰਦ ਅਗੰਮੜੇ ਗੀਤ ਗਾਉਣ ਵਾਲਾ ਪੰਜਾਬ ਨਸ਼ਿਆ, 'ਗੈਂਗਸਟਰਾਂ, ਹਥਿਆਰਾਂ, ਨੰਗੇਜ ਤੇ ਮਾਰਧਾੜ ਦੇ ਗੀਤ ਗਾਉਣ ਤੇ ਮਾਨਵ 'ਚ ਮਸ਼ਰੂਫ ਹੈ। ਚਿੰਤਾ ਤੇ ਚਰਚਾ ਕਰਨ ਵਾਲੇ ਬਹੁਤ ਹਨ ਪਰ ਰੋਕਣ ਵਾਲਾ ਕੋਈ ਨਹੀਂ। ਵਰਤਾਰੇ, ਵਣਜ ਤੇ ਵਿਚਾਰ ਕਾਗਜ਼ੀ ਹੋ ਗਏ ਹਨ। ਕਿਰਸਾਨ ਮਜ਼ਦੂਰ ਹੀ ਨਹੀਂ ਸਗੋਂ ਹਰ ਵਰਗ ਅੰਦਰ ਖੁਦਕੁਸ਼ੀ ਨੇ ਪਰਵੇਸ਼ ਕਰ ਲਿਆ ਹੈ। ਗੁਰੀਲਾ ਯੁੱਧ ਕਰ ਰਹੇ ਸੂਰਮਿਆਂ ਦਾ ਹੰਢਾਇਆ ਦੇਖਿਆ ਬਿਰਤਾਂਤ ਲਿਖਣ ਵਾਲਾ ਜੰਗਲਨਾਮਾ ਜਦੋਂ ਆਤਮਹੱਤਿਆ ਕਰ ਗਿਆ ਤਾਂ ਮੈਂ ਕਈ ਦਿਨ ਚੁੱਪ ਰਿਹਾ, ਕੋਈ ਕੁਮੈਂਟ ਅੰਦਰੋਂ ਨਾ ਨਿਕਲੇ। ਆਲੇ-ਦੁਆਲੇ ਦਾ ਖੌਫ, ਅਵਾਜ਼ਾਰੀ ਤੇ ਅਰਾਜਕਤਾ ਦੀ ਜਦੋ-ਜਹਿਦ ਨੂੰ ਵੀ ਖਾ ਜਾਣਗੇ। ਮੇਰੇ ਜ਼ਿਲੇ ਦਾ ਅਗਾਂਹਵਧੂ ਯੂਨੀਅਨਲਿਸਟ ਸ਼ਰਾਬ ਪੀ ਪੀ ਕੇ 50 ਸਾਲ ਤੋਂ ਪਹਿਲਾਂ ਹੀ ਮਰ ਗਿਆ। ਬੁਲਾਰੇ ਉਸ ਦੀ ਨਿਗੁਣੀ ਜਿਹੀ ਜਦੋ-ਜਹਿਦ ਦਾ ਮਹਾਤਮ ਵਧ-ਚੜ੍ਹ ਕੇ ਗਾਇਨ ਕਰ ਰਹੇ ਸਨ। ਕੀ ਜਦੋ-ਜਹਿਦ, ਜੇਰੇ ਤੇ ਜੁਬਿਸ਼ ਦੀ ਉਮਰ ਏਨੀ ਕੁ ਰਹਿ ਗਈ ਹੈ। ਬੰਦੇ ਨੂੰ ਕੀ ਹੁਣ ਸਿਰਫ ਆਪਣੇ ਆਪ ਨੂੰ ਬਚਾਉਣ ਤੇ ਸੁਰੱਖਿਅਤ ਰੱਖਣ ਦੇ ਸੁਪਨੇ ਹੀ ਚੰਗੇ ਲੱਗ ਪਏ ਹਨ? ਸਿਹਤ, ਸੰਗੀਤ, ਸੱਭਿਆਚਾਰ, ਸਿਰਜਣਾ, ਸੰਘਰਸ਼ ਤੇ ਸੰਵੇਦਨਾ ਡੀਪ ਡਿਪ੍ਰੈਸ਼ਨ 'ਚ ਹੈ। ਟੋਰਾਂਟੋ ਵਾਲਾ ਮੇਰਾ ਬੁੱਧੀਮਾਨ ਮਿੱਤਰ ਕੈਨੇਡਾ ਸਰਕਾਰ 'ਚ ਪੰਜਾਬੀਆਂ ਦੀ ਹਿੱਸੇਦਾਰੀ ਨੂੰ ਵਡਿਆ-ਵਡਿਆ ਨੇ ਦੱਸਦਾ ਰਿਹਾ ਪਰ ਮੇਰਾ ਮਨ ਉਨ੍ਹਾਂ ਬੱਚਿਆਂ 'ਚ ਹੀ ਅਟਕ ਗਿਆ ਜੋ ਪਰਵਾਸ 'ਚ ਰੀਜ਼ਨ ਦੀ ਲੜਾਈ ਲੜਦੇ ਹੋਏ ਖੁਦਕੁਸ਼ੀਆਂ ਕਰ ਗਏ। ਇਸ ਵੈਰਾਗ 'ਚੋਂ ਇਕ ਅਰਜ਼ੋਈ ਨਿਕਲੀ :

**ਖੁਦਕੁਸ਼ੀਆਂ ਦੀ ਥਾਂ ਖ਼ਾਬ ਦੇਹ ਮੇਰੇ ਮਾਲਿਕਾ**
**ਜਜ਼ਬਾ ਜੀਊਣ ਦਾ ਬੇਹਿਸਾਬ ਦੇਹ ਮੇਰੇ ਮਾਲਿਕਾ**
**ਕਲੀਆਂ ਕਰੂੰਬਲਾਂ ਨੂੰ ਖਿੜਨ ਦੀ ਜਾਚ ਦੱਸ**
**ਅੱਖਰਾਂ ਨੂੰ ਧੜਕਣ ਲਈ ਰਬਾਬ ਦੇਹ ਮੇਰੇ ਮਾਲਿਕਾ**

ਦੁਆਵਾਂ ਤੇ ਅਰਜ਼ੋਈਆਂ ਦੇ ਕਾਵਿਕ ਸਲੋਗਨਾਂ ਨਾਲ ਵੀ ਕੋਈ ਸਮਾਧਾਨ ਨਿਕਲਦਾ ਨਜ਼ਰ ਨਹੀਂ ਆਉਂਦਾ। ਪੰਜਾਬ ਦੀ ਨੀਅਤ, ਨੀਤੀ, ਨਿਯਮ, ਨਿਆਂ ਤੇ ਨੈਤਿਕਤਾ ਦੇ ਬੇਇਖ਼ਲਾਕ, ਬੇਈਮਾਨ ਤੇ ਬੇਜਾਨ ਹੋਣ ਸਦਕਾ ਆਪਮਾ ਕੰਮ ਕੀਤਾ ਢੱਠੇ ਖੂਹ 'ਚ ਪਵੇ ਜੀਤਾ ਵਰਗੇ ਸਵਾਰਥ ਸਲੋਗਨ ਸਾਡੀ ਸੋਚ ਤੇ ਸੰਵੇਦਨਾ ਛਾ ਗਏ ਹਨ। ਸਿਰਫ ਸਲੋਗਾਂ, ਸੰਦੇਸ਼ਾਂ ਤੇ ਸਦਭਾਵਨਾਵਾਂ ਨਾਲ ਪੰਜਾਬ ਨੇ ਬਚਣਾ ਨਹੀਂ। ਵੋਟਾਂ ਨੇ ਪੰਜਾਬ ਨੂੰ ਇੰਤਦਾ ਖੋਟ ਤੇ ਕੁਆਰੀ ਦਿੱਤੀ ਅਤੇ ਖ਼ਾਬ ਤੇ ਰਬਾਬ ਖੋਹ ਲਈ ਹੈ। ਵੋਟਾਂ ਵਾਲਿਆਂ ਨਫਰਤ ਕਰਦੇ ਹਨ ਪੰਜਾਬੀ ਲੋਕ ਪਰ ਬਦਲ ਕੋਈ ਨਹੀਂ। ਵੋਟਾਂ ਵਾਲਿਆਂ ਦੇਤਰਕ, ਤੱਥ, ਤਰੀਕੇ, ਤਿਹੁ ਤੇ ਤਰਾਨੇ ਪੰਜਾਬ ਦਾ ਮਨ ਨਹੀਂ ਮੋਂਹਦੇ। ਪੰਜਾਬ ਦਾ ਨੌਜਵਾਨ ਪੜ੍ਹਨ ਵਲੋਂ ਉਚਾਟ ਹੋ ਗਿਆ ਹੈ। ਕਿਰਸਾਨ ਸ਼ਹਿਰਾਂ ਨੂੰ ਬੀਜ ਬੀਜ ਥੱਕ ਗਿਆ ਹੈ। ਨਿਗੂਣੀਆਂ ਤਨਖਾਹਾਂ 'ਤੇ ਕੰਮ ਕਰਦੇ ਕਰਮਚਾਰੀ ਹੈਤਾਸ਼ ਤੇ ਹੈਰਾਨ ਹਨ। ਰਿਸ਼ਵਤ ਨੇ ਢਾਂਚਾ ਹੀ ਢੇਰ ਕਰ ਦਿੱਤਾ ਹੈ। ਕਾਲੀਆਂ ਕਰਤੂਤਾਂ ਨਾਲ ਕਮਾਏ ਜਾਣ ਵਾਲੇ ਧਨ ਨੇ ਸਾਡਾ ਮਾਨਵੀ ਰੁਝਾਨ ਮਾੜੇ ਕੰਮਾਂ ਪ੍ਰਤੀ ਲੋਭਿਤ ਕਰ ਦਿੱਤਾ ਹੈ। ਅਜਿਹੇ ਅਪਨਾਵੀ ਮਾਹੌਲ 'ਚ ਬੰਦ ਆਪਣੇ ਬੱਚਿਆਂ ਨੂੰ ਕਿਧਰ ਭੇਜੇ? ਕਾਲਜਾਂ, ਯੂਨੀਵਰਸਿਟੀਆਂ ਦੇ ਹੋਸਟਲਾਂ 'ਚ ਨਸ਼ੇ ਤੇ ਗੈਂਗਵਾਟ ਦੀ ਭਰਮਾਰ ਹੋ ਗਈ ਹੈ। ਜਿਨ੍ਹਾਂ ਵਿੱਦਿਅਕ ਸੰਸਥਾਵਾਂ 'ਚੋਂ ਫਕੀਰੀਆਂ, ਫਲਸਫੇ ਤੇ ਫਨਕਾਰ ਉੱਗਦੇ ਸਨ। ਉਨ੍ਹਾਂ ਸੰਸਥਾਵਾਂ 'ਚੋਂ ਅਮਲੀ ਤੇ ਅਮਲਹਣ ਆਦਤਾਂ ਉਰਜਿਤ ਹੋ ਰਹੀਆਂ ਹਨ। ਮਾਪਿਆਂ ਕੋਲ ਪਰਵਾਸ ਹੀ ਇਕੋ ਇਕ ਬਦਲ ਬਚਿਆ ਹੈ ਪਰ ਪਰਵਾਸ ਵਿਚੋਂ ਆ ਰਹੀਆਂ ਖੁਦਕੁਸ਼ੀ ਦੀਆਂ ਖ਼ਬਰਾਂ ਨੇ ਚਿੰਤਾ ਤੇ ਚਿੰਤਨ ਨੂੰ ਬੇਚੈਨ ਕਰ ਦਿੱਤਾ ਹੈ।

ਅਜੇ ਮੈਂ ਖੁਦਕੁਸ਼ੀਆਂ ਦੇ ਵਿਵੇਕ ਤੇ ਵਰਤਾਰੇ ਬਾਰੇ

**ਪ੍ਰੋ. ਕੁਲਵੰਤ ਔਜਲਾ**

ਸੋਚ ਹੀ ਰਿਹਾ ਸੀ ਕਿ ਮੇਰੇ ਇਕ ਸ਼ਾਗਿਰਦ ਦੇ 35 ਸਾਲਾ ਵਿਆਹੇ ਹੋਏ ਭਰਾ ਦੀ ਖੁਦਕੁਸ਼ੀ ਨਾਲ ਮੁੱਕ ਜਾਣ ਦੀ ਖਬਰ ਆ ਗਈ। ਨਸ਼ਿਆਂ ਦੀ ਇਲਤ ਦੀ ਸ਼ਿਕਾਰ ਇਹ ਨੌਜਵਾਨ ਰੋਜ਼ ਨਸ਼ੇ ਕਰਕੇ ਪਤਨੀ ਨੂੰ ਕੁੱਟਣਾ ਤੇ ਮਾਪਿਆਂ ਨਾਲ ਝਗੜਦਾ ਰਹਿੰਦਾ। ਉਸ ਦੀ ਖੁਦਕੁਸ਼ੀ ਨੂੰ ਕੀ ਘਰ ਦੀ ਚੈਨ ਨਾਲ ਜੋੜ ਕੇ ਦੇਖਿਆ ਜਾ ਸਕਦਾ ਹੈ। ਮੌਤ ਦੇ ਦਿਖਾਵਟੀ ਤੇ ਦੁਨਿਆਵੀ ਰੋਣ-ਧੋਣ ਉਪਰੰਤ ਨਿੱਕੇ-ਨਿੱਕੇ ਬੱਚਿਆਂ ਦੀ ਜ਼ਿੰਮੇਵਾਰੀ ਬੁਢਾਪੇ ਸਿਰ ਆ ਜਾਵੇਗੀ। ਜ਼ਿੰਮੇਵਾਰੀਆਂ ਦੀ ਮਾਰ ਝਲਦਾ ਬੁਢਾਪਾ ਕਿਥੇ ਜਾਵੇ? ਮੇਰਾ ਨੌਕਰ ਅਕਸਰ ਦੱਸਦਾ ਹੈ ਕਿ ਮੇਰੇ ਪਿੰਡ ਦੇ ਬਹੁਤੇ ਘਰਾਂ ਦੇ ਨੌਜਵਾਨ ਪਿਛਲੇ ਸਮੇਂ 'ਚ ਨਸ਼ਿਆਂ ਦੀ ਬਹੁਤਾਤ ਨਾਲ ਮਰ ਗਏ ਹਨ। ਇਹ ਬਿਰਤਾਤ ਹਰੀਜਨਾਂ ਦੇ ਪਿੰਡ ਦਾ ਹੈ ਪਰ ਮੇਰੇ ਆਪਣੇ ਪਿੰਡ ਦੀ ਬਹੁਤਾਤ ਨਾਲ ਮਰ ਗਏ ਹਨ। ਇਹ ਬਿਰਤਾਤ ਹਰੀਜਨਾਂ ਦੇ ਪਿੰਡ ਦਾ ਹੈ ਪਰ ਮੇਰੇ ਆਪਣੇ ਪਿੰਡ 'ਚ ਜੱਟਾਂ ਦੇ ਬਹੁਤੇ ਬੱਚੇ ਏਥੋਂ ਪਰਵਾਸ ਕਰ ਗਏ ਹਨ ਜਾਂ ਮਾਪਿਆਂ ਨੇ ਅਜੋਕੇ ਮਾਹੌਲ ਤੋਂ ਡਰਦਿਆਂ ਬੱਚਿਆਂ ਨੂੰ ਪੌਂਡਾਂ, ਡਾਲਰਾਂ ਦੀ ਜੰਗ ਲਈ ਭੇਜ ਦਿੱਤਾ ਹੈ। ਅਜੀਤ ਤੇਬ ਕੋਲ ਕਰੇ ਪੌਂਡਾਂ ਡਾਲਰਾਂ ਦੀ ਜੰਗ ਹੀ ਲੜਨ ਲਈ ਬਾਕੀ ਰਹਿ ਗਈ ਹੈ। ਜਵਾਨੀ ਨੂੰ ਜਲਾਵਤਨ ਕਰੇ ਜੁਝਾਰ ਨੂੰ ਸ਼ਹੀਦ ਹੋਣ ਲਈ ਭੇਜਣ ਦੀਆਂ ਸਰਬੰਸ ਦਾਨੀ ਬਾਤਾਂ ਪਾਉਣ ਵਾਲੇ ਪੰਜਾਕ ਪੰਜਾਬ ਦੀ ਕਲਾ, ਵਿਦਿਆ ਖਾਬਗੋਈ, ਮੁਸ਼ਕਤ ਤੇ ਮੌਤ ਨੂੰ ਕਿਸ ਤਰ੍ਹਾਂ ਬਚਾ ਲਵੇਗੇ? ਪੰਜਾਬੀ ਦੇ ਵੱਡੇ ਕਹਾਣੀਕਾਰ ਵਰਿਆਮ ਸੰਧੂ ਦੀ ਜਮਰੌਦ ਦੇ ਕਿੱਲ੍ਹੇ ਨੂੰ ਜਿੱਤਣ ਦੇ ਮੈਟਾਫਰ ਰਾਹੀ ਪੰਜਾਬੀਆਂ ਦੇ ਪਰਵਾਸ ਮੋਹ ਦੀਆਂ ਵਿਵੇਕਮਈ ਬਾਤਾਂ ਪਾਉਂਦੀ ਕਹਾਣੀ ਦੁੱਖ ਤੋੜਦੀ ਹੈ। ਯੁੱਧ ਲੜਨਾ ਹੁਣ ਪੰਜਾਬ ਇਸ਼ਟ ਤੇ ਇਮਾਨ ਨਹੀਂ। ਸ਼ਹੀਦ ਹੋਣਾ ਹੁਣ ਪੰਜਾਬ ਦੀ ਧੜਕਣ ਤੇ ਧਰਮ ਨਹੀਂ। ਪਰਵਾਸ ਧਾਰਨ ਕਰਨਾ ਪੰਜਾਬੀਆਂ ਦਾ ਇਕੋ ਇਕ ਮਕਸਦ ਰਿਹ ਗਿਆ ਹੈ। ਗਰੀਬ ਕੋਲ ਗਹਿਣੇ ਰੱਖਣ ਲਈ ਕੁਝ ਨਹੀਂ। ਇਸ ਲਈ ਉਨ੍ਹਾਂ ਦੇ ਬੱਚੇ ਕਿਥੇ ਜਾਣ? ਜ਼ਮੀਨਾਂ ਤੇ ਘਰਾਂ ਵਾਲਿਆਂ ਨੇ ਸਭ ਕੁਝ ਗਹਿਣੇ ਰਖਕੇ ਬੱਚੇ ਵਿਦੇਸ਼ ਤੋਰ ਦਿੱਤੇ। ਵਿਦੇਸ਼ ਲਈ ਗਹਿਣੇ ਤਾਂ ਕੀ ਲੋਕੀ ਜ਼ਮੀਨਾਂ ਵੀ ਵੇਚ ਰਹੇ ਹਨ। ਪੰਜਾਬ ਦਾ ਵੱਡਾ ਦੁਖਾਂਤ ਇਹ ਹੈ ਕਿ ਪੰਜਾਬ ਦੇ ਸਰਦੇ ਪੁੱਜਦੇ ਲਗਭਗ ਸਾਰੇ ਘਰਾਂ ਨੇ ਆਪਣੇ ਬੱਚੇ ਵਿਦੇਸ਼ ਭੇਜ ਦਿੱਤੇ ਹਨ। ਏਥੋਂ ਦੀ ਕਮਾਈ ਨੇ ਕੁਰਪੈਸ਼ਨ ਨਾਲ ਬੱਚਿਆਂ ਨੂੰ ਵਪਾਰ ਖੋਹਲ ਦਿੱਤੇ ਹਨ, ਘਰ ਲੈ ਦਿੱਤੇ ਹਨ, ਕਾਰਾਂ ਲੈ ਦਿੱਤੀਆਂ ਹਨ। ਏਥੋਂ +2 ਕਰਕੇ ਗਏ ਬੱਚੇ ਉਥੇ ਜਾ ਕੇ ਪੜ੍ਹਦੇ ਨਹੀਂ। ਪੰਜਾਬ ਨੇ ਕੀ ਖਟਿਆ ਕਮਾਇਆ? ਏਥੇ ਵੀ ਅਨਪੜ੍ਹ ਹੁੜਦੰਗ ਅਤੇ ਉਥੇ ਅਨਪੜ੍ਹ ਵੀ ਹੁੜ ਦੰਗ। ਸਰੀਰ ਦੀਆਂ ਕਾਇਆ ਕਲਪੀਆਂ, ਵੱਡੇ-ਵੱਡੇ ਘਰਾਂ ਤੇ ਬੀ.ਐੱਮ.ਡਬਲਯੂ. ਕਾਰਾਂ ਨਾਲ ਆਦਮੀ ਸੁਹਜਮਈ, ਸੰਵੇਦਨਸ਼ੀਲ ਤੇ ਸਿਆਣਾ ਨਹੀਂ ਹੋ ਜਾਂਦਾ। ਥੋੜੇ ਜੇਹੇ ਰੱਜ-ਪੁੱਜ ਗਏ ਵਿਦੇਸ਼ੀ ਲੋਕ ਦਾਨਪੁੰਨ ਦੀਆਂ ਢੇਰੀਆਂ ਲਾਲਾ ਕਮਾ ਰਹੇ ਹਨ। ਦਾਨ ਪੁੰਨ ਦੀ ਦਰਿਆ ਦਿਲੀ 'ਚ ਮਾਨਵੀ ਮੋਹ ਤੇ ਮਰਿਆਦਾ ਦੀ ਥਾਂ ਇਸ਼ਤਿਹਾਰੀ ਪ੍ਰਭੂਸੱਤਾ ਜ਼ਿਆਦਾ ਹੋ ਗਈ ਹੈ। ਦਿੱਲੀ ਦਾ ਇਕ ਮੁੱਖ ਮੰਤਰੀ, ਰਾਜਨੀਤਕ ਤਲਬ ਲਈ ਪੰਜਾਬੀਆਂ ਦੀ ਪੈਸੇ ਨੂੰ ਪਾਣੀ ਵਾਂਗ ਵਹਾਉਣ ਦੀ ਅਦਾ ਤੇ ਅੰਦਾਜ਼ ਤੋਂ ਹੈਰਾਨ ਰਹਿ ਗਿਆ। ਏਧਰਲੇ ਪੰਜਾਬ ਦੇ ਸਾਰੇ ਵਿਗਾੜਾਂ, ਵਿਗੋਚਿਆਂ ਤੇ ਵਫਾਦਾਰੀਆਂ ਨੂੰ ਨਵੇਂ ਉੱਗੇ ਪੰਜਾਬਾਂ ਵਿਚ ਟਰਾਂਸਪਲਾਂਟ ਕਰ ਰਹੇ ਪੰਜਾਬੀਆਂ ਨੂੰ ਉਲਾਰ ਹੋਣ ਦੀ ਥਾਂ ਹੋਸ਼ ਤੇ ਹੋਸਾਸ ਦੀ ਲੋੜ ਹੈ।

ਪੰਜਾਬ ਦੇ ਹਿਜਰਤ-ਉਜਾੜੇ ਨਾਲ ਉਤਪੰਨ ਹੋਏ ਦਰਦ ਦੀ ਬਹੁਪਰਤੀ ਤੇ ਬਹੁਪਾਸਾਰੀ ਬਾਤ ਪਾਉਣ ਵਾਲਾ ਸਿਰਜਵਾਤਮਕ ਸਿਨਫਕਾਰ ਕਿਥੋਂ ਲੱਭੀਏ? ਪੰਜਾਬ ਦੇ ਧੁਖਦੇ ਤੇ ਧੜਕਦੇ ਦਰਦ ਨੂੰ ਮਹਾਂਕਾਵਿਕ ਜ਼ੁਬਾਨ ਦੇਣ ਵਾਲੀਆਂ ਕਲਮਾਂ ਘੁੱਗੂ ਘੋੜਿਆ ਤੀਕ ਸੀਮਤ ਹੋ ਗਈਆਂ ਹਨ। ਪੰਜਾਬ ਦੇ ਬਹੁਤੇ ਲੇਖਕਾਂ, ਫ਼ੁਨਕਾਰਾਂ, ਕਲਾਕਾਰਾਂ ਦੇ ਬੱਚੇ ਵਿਦੇਸ਼ ਹਨ। ਹਿਜਰਤ ਤੇ ਕੁਧਕੁਸ਼ੀ ਦੀ ਅੰਦਰੂਨੀ ਮਾਰ ਪੰਜਾਬੀ ਦੀ ਪ੍ਰਤਿਭਾ ਨੂੰ ਅਮਨ ਤੇ ਆਤਮਮੁੱਖ ਕਰਨ ਲਈ ਕਾਫੀ ਹੈ। ਦੁੱਖ ਤੇ ਦੁਖਾਂਤ ਦੇ ਵੱਡੇ ਬਿਰਤਾਂਤ ਦੀਆਂ ਬਾਤਾਂ ਵੱਡੇ ਜੇਰਿਆ, ਜੀਰਾਦਾਂ ਤੇ ਜ਼ਿੰਦਗੀ ਨਾਮਿਆਂ 'ਚੋਂ ਫੁੱਟਦੀਆਂ ਪੁੰਗਰਦੀਆਂ ਹਨ। ਪਰਵਾਸ ਦੀ ਇਲਤ ਤੇ ਏਜਾਰੀਦਾਰੀ ਨੇ ਪੰਜਾਬੀਆਂ ਕੋਲੋਂ ਝੱਜ ਦਾ ਕੰਮ ਕਰਨ ਦੀ ਫੁਰਸਤ ਤੇ ਫਕੀਰੀ ਖੋਹ ਲਈ ਹੈ। ਹਰ ਬੰਦੇ ਅੰਦਰ ਖੁਦਕੁਸ਼ੀ ਆ ਵੜੀ ਹੈ। ਆਰਿਥਕ, ਸਮਾਜਿਕ, ਸੱਭਿਆਚਾਰ, ਧਾਰਮਿਕ ਤੇ ਸੱਭਿਆਚਾਰਕ ਗਿਰਾਵਟ ਤੇ ਮੰਦਹਾਲੀ ਵਿਚੋਂ ਜਨਮੀ ਖੁਦਕੁਸ਼ੀ ਹੁਣ ਭਾਵਨਾਵਾਂ ਮਿਕ ਮਰਜ ਬਣ ਗਈ ਹੈ। ਚਲੋ ਰੱਲ-ਮਿਲ ਦੁਆਵਾਂ ਕਰੀਏ। ਨਿੱਕੇ-ਨਿੱਕੇ ਹੰਭਲੇ ਵੀ ਮਾਈਏ।

**ਨਿਰਮੋਹ ਹੋਈ ਕਿਤਾਬ ਦਾ ਕੈਸਾ ਇਹ ਅਧਿਆਏ**
**ਬੇਵਤਨਾਂ ਨੂੰ ਤਾਂਘਦੇ ਗੁਰੂਆਂ ਦੇ ਵਰੋਸਾਏ**

# ਪੰਜਾਬ 'ਚ 2022 ਦਾ ਸਿਆਸੀ ਸੈਮੀ.ਫ਼ਾਈਨਲ ਸਾਬਤ ਹੋਣਗੀਆਂ ਨਗਰ ਨਿਗਮ ਅਤੇ ਕੌਂਸਲ ਚੋਣਾਂ

ਚੰਡੀਗੜ੍ਹ : ਕੋਰੋਨਾ ਮਹਾਂਮਾਰੀ ਦਾ ਪ੍ਰਭਾਵ ਹੁਣ ਮਨੁੱਖੀ ਜੀਵਨ ਦੇ ਹਰ ਪਹਿਲੂ 'ਤੇ ਵੇਖਣ ਨੂੰ ਮਿਲਣ ਲੱਗ ਪਿਆ ਹੈ। ਇਥੋਂ ਤਕ ਕਿ ਸਿਆਸਤ ਜਿਹਾ ਨਿਰੋਲ ਗ਼ੈਰ ਕੁਦਰਤੀ ਵਰਤਾਰਾ ਵੀ ਇਸ ਤੋਂ ਅਭਿੱਜ ਨਹੀਂ ਰਹਿ ਸਕਿਆ। ਜਿਸ ਕਾਰਨ ਪੰਜਾਬ 'ਚ ਸਥਾਨਕ ਸਰਕਾਰਾਂ ਦੀਆਂ ਚੋਣਾਂ ਹੁਣ ਫ਼ਰਵਰੀ 2021 ਤਕ ਅੱਗੇ ਪੈਣੀਆਂ ਤੈਅ ਮੰਨੀਆਂ ਜਾ ਰਹੀਆਂ ਹਨ। ਜੋ ਕੈਪਟਨ ਸਰਕਾਰ ਸਣੇ ਸੂਬੇ ਦੀਆਂ ਦੂਜਿਆਂ ਪ੍ਰਮੁੱਖ ਸਿਆਸੀ ਧਿਰਾਂ ਲਈ 2022 ਵਿਧਾਨ ਸਭਾ ਚੋਣਾਂ ਦੇ ਸਿਆਸੀ ਸੈਮੀਫਾਈਨਲ ਤੋਂ ਘੱਟ ਨਹੀਂ ਹੋਵੇਗਾ।

ਪੰਜਾਬ ਵਿਚ ਮਿਆਦ ਪੁਗਾ ਚੁਕੀਆਂ ਇਹ 6 ਨਗਰ ਨਿਗਮਾਂ ਅਤੇ 125 ਨਗਰ ਕੌਂਸਲਾਂ ਇਸ ਕੋਰੋਨਾ ਆਫ਼ਤ ਕਾਰਨ ਸਮੇਂ ਸਿਰ ਚੋਣਾਂ ਨਾ ਕਰਵਾਈਆਂ ਜਾ ਸਕ ਰਹੀਆਂ ਹੋਣ ਕਾਰਨ ਪਿਛਲੀ ਤਿਮਾਹੀ ਤੋਂ ਪ੍ਰਬੰਧਕਾਂ ਹਵਾਲੇ 'ਬੁੱਤਾ ਸਾਰ ਮੋਡ' 'ਚ ਚਲ ਰਹੀਆਂ ਹਨ। ਕੋਰੋਨਾ ਦੇ ਕੇਸ ਲਗਾਤਾਰ ਆਉਂਦੇ ਜਾ ਰਹੇ ਹੋਣ ਵਜੋਂ ਅਗਲੀ ਤਿਮਾਹੀ ਭਾਵ ਨਿਯਮਾਂ ਮੁਤਾਬਕ ਸਤੰਬਰ ਮਹੀਨੇ ਤਕ ਵੀ ਇਨ੍ਹਾਂ ਚੋਣਾਂ ਦਾ ਅਮਲ ਸਿਰੇ ਚੜ੍ਹਾਇਆ ਜਾ ਸਕਣ ਲੱਗਭਗ ਅਸੰਭਵ ਹੈ। ਇੰਨਾ ਹੀ ਨਹੀਂ ਇਨ੍ਹਾਂ ਚੋਣਾਂ ਤੋਂ ਪਹਿਲਾਂ ਲਾਜ਼ਮੀ ਮੁੜ ਵਾਰਡਬੰਦੀ ਦੀ ਉਡੀਕ ਕਰ ਰਹੀਆਂ ਕਰੀਬ ਤਿੰਨ ਦਰਜਨ ਨਗਰ ਕੌਂਸਲਾਂ ਵਿਚ ਇਸ ਕਾਰਜ ਨੂੰ ਵੀ ਅਮਲੀ ਜਾਮਾ ਪਹਿਨਾਏ ਜਾ ਸਕਣ ਦੀ ਕੋਈ ਸੰਭਾਵਨਾ ਨਜ਼ਰੀਂ ਨਹੀਂ ਪੈ ਰਹੀ। ਕਿਉਂਕਿ ਇਸ ਕਾਰਜ ਲਈ ਅਮਲੇ ਦਾ ਗਲੀਆਂ-ਮੁਹੱਲਿਆਂ ਅਤੇ ਘਰੋ- ਘਰੀ ਜਾਣਾ ਅਤਿ ਲੋੜੀਂਦਾ ਹੈ, ਜੋ ਕੋਰੋਨਾ ਸੰਕਟ ਦੀ ਸਮਾਜਕ ਦੂਰੀ ਦੀ ਨਾ ਟਾਲਣਯੋਗ ਸ਼ਰਤ ਕਾਰਨ ਛੇਤੀ ਕਿਤੇ ਸੰਭਵ ਨਹੀਂ ਹੈ।

ਸਥਾਨਕ ਸਰਕਾਰਾਂ ਵਿਭਾਗ ਦੇ ਇਕ ਸੀਨੀਅਰ ਅਧਿਕਾਰੀ ਨੇ ਵੀ ਪੁਸ਼ਟੀ ਕੀਤੀ ਹੈ ਕਿ ਵਿਭਾਗ ਕਰੀਬ ਇਕ ਮਹੀਨੇ ਤੋਂ ਹੀ ਇਹ ਚੋਣਾਂ ਅਗਾਮੀ ਫ਼ਰਵਰੀ ਤਕ ਹੀ ਕਰਵਾਈਆਂ ਜਾ ਸਕਣ ਲਈ ਖ਼ੁਦ ਨੂੰ ਤਿਆਰ ਕਰੀ ਬੈਠਾ ਹੈ।

# ਬਾਦਲਾਂ ਨੇ ਕਿਸਾਨ ਵਿਰੋਧੀ .ਫ਼ੈਸਲਿਆਂ ਦੇ ਹੱਕ 'ਚ ਸਟੈਂਡ ਕੁਰਸੀ ਬਚਾਉਣ ਖਾਤਰ ਲਿਆ : ਪਰਮਿੰਦਰ ਢੀਂਡਸਾ

ਸੰਗਰੂਰ : ਸ਼੍ਰੋਮਣੀ ਅਕਾਲੀ ਦਲ ਦੀ ਕਮਜ਼ੋਰ ਲੀਡਰਸ਼ਿਪ ਨੇ ਪਾਰਟੀ ਸਿਧਾਂਤਾਂ ਨੂੰ ਤਿਲਾਂਜਲੀ ਦਿੰਦਿਆਂ ਰੇਤ ਮਾਫੀਆ, ਭੂਮੀ ਮਾਫ਼ੀਆ, ਨਸ਼ਾ ਸਮੱਗਲਰਾਂ ਤੇ ਗੈਂਗਸਟਰਾਂ ਨੂੰ ਹਵਾ ਦੇਣੀ ਸ਼ੁਰੂ ਕਰ ਦਿੱਤੀ ਸੀ ਜਿਸ ਦਾ ਖਮਿਆਜ਼ਾ ਪਾਰਟੀ ਨੂੰ ਵਿਧਾਨ ਸਭਾ ਅਤੇ ਲੋਕ ਸਭਾ ਚੋਣਾਂ ਦੌਰਾਨ ਹਾਰ ਦੇ ਰੂਪ ਵਿਚ ਭੁਗਤਣਾ ਪਿਆ। ਇਹ ਪ੍ਰਗਟਾਵਾ ਸਾਬਕਾ ਵਿੱਤ ਮੰਤਰੀ ਤੇ ਵਿਧਾਇਕ ਪਰਮਿੰਦਰ ਸਿੰਘ ਢੀਂਡਸਾ ਨੇ ਅਕਾਲੀ ਦਲ ਦੇ ਸਾਬਕਾ ਜ਼ਿਲ੍ਹਾ ਪ੍ਰਧਾਨ ਜਥੇ ਪ੍ਰਿਤਪਾਲ ਸਿੰਘ ਹਾਂਡਾ ਦੇ ਗ੍ਰਹਿ ਵਿਖੇ ਗੱਲਬਾਤ ਦੌਰਾਨ ਕੀਤਾ। ਉਨ੍ਹਾਂ ਕਿਹਾ ਕਿ ਲੋਕ ਅੱਜ ਵੀ ਅਕਾਲੀ ਵਿਚਾਰਧਾਰਾ ਦੀ ਕਦਰ ਕਰਦੇ ਹਨ। ਲੋਕ ਅੱਜ ਵੀ ਇਸ ਵਿਚਾਰਧਾਰਾ ਨੂੰ ਉਨਾ ਹੀ ਮਾਣ ਸਤਿਕਾਰ ਦਿੰਦੇ ਹਨ, ਜਿੰਨਾ ਪਹਿਲਾਂ ਦਿੰਦੇ ਸਨ। ਉਨ੍ਹਾਂ ਕਿਹਾ ਕਿ ਲੋਕ ਜਾਣਦੇ ਹਨ ਕਿ ਪੰਜਾਬ ਦਾ ਭਲਾ ਅਕਾਲੀ ਵਿਚਾਰਧਾਰਾ ਸਦਕਾ ਹੀ ਸੰਭਵ ਹੈ। ਉਨ੍ਹਾਂ ਕਿਹਾ ਕਿ ਬਾਦਲ ਪਰਿਵਾਰ ਤੋਂ ਲੋਕ ਪਹਿਲਾਂ ਹੀ ਬੜੇ ਔਖੇ ਸਨ, ਪਰ ਹੁਣ ਜਿਨਸਾਂ ਦੇ ਘੱਟੋ ਘੱਟ ਸਮਰਥਨ ਮੁੱਲ ਦੇ ਮੁੱਦੇ 'ਤੇ ਪਾਰਟੀ ਪ੍ਰਧਾਨ ਦੇ ਸਟੈਂਡ ਨੇ ਉਨ੍ਹਾਂ ਦੀ ਕਾਰਪੋਰੇਟ ਘਰਾਣਿਆਂ ਪੱਖੀ ਸੋਚ ਨੂੰ ਉਜਾਗਰ ਕਰ ਦਿੱਤਾ ਹੈ। ਉਨ੍ਹਾਂ ਕਿਹਾ ਕਿ



ਬਾਦਲਾਂ ਨੇ ਇਹ ਸਟੈਂਡ ਕੇਂਦਰੀ ਮੰਤਰੀ ਹਰਸਿਮਰਤ ਕੌਰ ਬਾਦਲ ਦੀ ਕੁਰਸੀ ਬਚਾਉਣ ਖਾਤਰ ਲਿਆ ਹੈ।

ਕਰੋਨਾ ਕਾਲ ਦੌਰਾਨ ਕੇਂਦਰ ਅਤੇ ਪੰਜਾਬ ਸਰਕਾਰ ਵਲੋਂ ਕਰੋਨਾ ਨਾਲ ਨਿਪਟਣ ਲਈ ਚੁੱਕੇ ਗਏ ਕਦਮਾਂ ਦੀ ਨਿੰਦਾ ਕਰਦਿਆਂ ਉਨ੍ਹਾਂ ਕਿਹਾ ਕਿ ਸਰਕਾਰਾਂ ਦੀ ਅਣਗਹਿਲੀ ਦਾ ਖਮਿਆਜ਼ਾ ਆਮ ਲੋਕਾਂ ਨੂੰ ਮੁਸ਼ਕਲਾਂ ਦੇ ਰੂਪ ਵਿਚ ਭੁਗਤਣਾ ਪੈ ਰਿਹਾ ਹੈ। ਉਨ੍ਹਾਂ ਕਿਹਾ ਕਿ ਲੌਕਡਾਊਨ ਦੌਰਾਨ ਸਮਾਂ ਮਿਲਣ ਦੇ ਬਾਵਜੂਦ ਹਸਪਤਾਲਾਂ ਅੰਦਰ ਬੁਨਿਆਦੀ ਸਹੂਲਤਾਂ ਦੀ ਵੱਡੀ ਘਾਟ ਸਾਹਮਣੇ ਆ ਰਹੀ ਹੈ ਜਿਸ ਕਾਰਨ ਲੋਕਾਂ ਨੂੰ ਪ੍ਰੇਸ਼ਾਨੀ ਝੱਲਣੀ ਪਈ ਹੈ।

ਉਨ੍ਹਾਂ ਕਿਹਾ ਕਿ ਸ਼੍ਰੋਮਣੀ ਅਕਾਲੀ ਦਲ ਦੀ ਨਵੀਂ ਜਥੇਬੰਦੀ ਡੇਢ ਦੋ ਮਹੀਨੇ ਤੱਕ ਹੋਂਦ ਵਿਚ ਆ ਜਾਵੇਗੀ। ਉਨ੍ਹਾਂ ਕਿਹਾ ਕਿ ਨਵੇਂ ਹੋਂਦ 'ਚ ਆਉਣ ਵਾਲੇ ਅਕਾਲੀ ਦਲ ਦਾ ਚਿਹਰਾ ਮੋਹਰਾ ਪੰਥਕ ਹੋਵੇਗਾ। ਪੰਜਾਬ ਅੰਦਰ ਤੀਸਰੇ ਫ਼ਰੰਟ ਦੀਆਂ ਸੰਭਾਵਨਾਵਾਂ ਦਾ ਜ਼ਿਕਰ ਕਰਦਿਆਂ ਉਨ੍ਹਾਂ ਕਿਹਾ ਕਿ ਪੰਜਾਬ ਦੇ ਲੋਕ ਦੋਵਾਂ ਪਾਰਟੀਆਂ ਦੀ ਕਾਰਗੁਜ਼ਾਰੀ ਤੋਂ ਡਾਢੇ ਪ੍ਰੇਸ਼ਾਨ ਹਨ, ਜਿਸ ਕਾਰਨ ਪੰਜਾਬ ਅੰਦਰ ਤੀਸਰੇ ਫ਼ਰੰਟ ਦੀ ਕਾਇਮੀ ਹੋਣ ਦੇ ਅਸਾਰ ਹਨ।

ਇਹੀ ਕਾਰਨ ਹੈ ਕਿ ਤੀਜੇ ਫ਼ਰੰਟ ਦੀ ਕਾਇਮੀ ਤੋਂ ਡਰੇ ਕੈਪਟਨ ਅਤੇ ਸੁਖਬੀਰ ਹੁਣ ਨਵੇਂ ਫ਼ਰੰਟ ਦੀਆਂ ਸਰਗਰਮੀਆਂ ਨੂੰ ਰੋਕਣ ਲਈ ਸਰਗਰਮ ਹੋ ਗਏ ਹਨ। ਉਨ੍ਹਾਂ ਲੋਕਾਂ ਨੂੰ ਅਪੀਲ ਕੀਤੀ ਕਿ ਉਹ ਪੰਜਾਬ ਦੇ ਭਲੇ ਲਈ ਸੁਖਦੇਵ ਸਿੰਘ ਢੀਂਡਸਾ ਵਲੋਂ ਸ਼ੁਰੂ ਕੀਤੀ ਗਈ ਮੁਹਿੰਮ ਨੂੰ ਹੋਰ ਪ੍ਰਚੰਡ ਕਰਨ ਲਈ ਅੱਗੇ ਆਉਣ। ਇਸ ਦੌਰਾਨ ਅਕਾਲੀ ਆਗੂ ਜਥੇ ਪ੍ਰਿਤਪਾਲ ਸਿੰਘ ਹਾਂਡਾ ਨੇ ਕਿਹਾ ਕਿ ਜ਼ਿਲ੍ਹੇ ਦੇ ਵੱਡੀ ਗਿਣਤੀ ਅਕਾਲੀ ਵਰਕਰ ਸੁਖਦੇਵ ਸਿੰਘ ਢੀਂਡਸਾ ਦੀ ਮੁਹਿੰਮ ਦੀ ਬਿਹਤਰੀ ਲਈ ਸਰਗਰਮ ਹਨ।

# ਸਿੱਖਿਆ 'ਤੇ ਕੋਰੋਨਾ ਦਾ ਪਰਛਾਵਾਂ




ਕੋਰੋਨਾ ਸੰਕਟ ਦਾ ਪ੍ਰਭਾਵ ਜੀਵਨ ਦੇ ਹਰ ਖੇਤਰ 'ਤੇ ਸਪਸ਼ਟ ਤੌਰ 'ਤੇ ਪ੍ਰਗਟ ਹੋ ਰਿਹਾ ਹੈ। ਸਨਅਤ, ਵਪਾਰ, ਖੇਤੀਬਾੜੀ, ਬੇਰੁਜ਼ਗਾਰੀ, ਆਰਥਿਕ ਤੇ ਸਮਾਜਿਕ ਖੇਤਰ 'ਤੇ ਵੀ ਇਸ ਦਾ ਪ੍ਰਭਾਵ ਪ੍ਰਬਲ ਰੂਪ 'ਚ ਨਜ਼ਰ ਆਉਂਦਾ ਹੈ। ਵਿਸ਼ਵ ਭਰ 'ਚ ਇਨ੍ਹਾਂ ਸਮੱਸਿਆਵਾਂ ਦੇ ਹੱਲ ਲੱਭਣ ਦੇ ਯਤਨ ਨਿਰੰਤਰ ਤੌਰ 'ਤੇ ਜਾਰੀ ਹਨ। ਵਿਸ਼ਵ ਦੇ ਦੂਜੇ ਦੇਸ਼ਾਂ ਦੀ ਤਰ੍ਹਾਂ ਭਾਰਤ 'ਚ ਵੀ ਕੇਂਦਰ ਤੇ ਪ੍ਰਾਂਤਕ ਸਰਕਾਰਾਂ ਆਪੋ-ਆਪਣੇ ਹਾਲਾਤ ਮੁਤਾਬਕ ਇਸ ਨਾਲ ਨਜਿੱਠਣ ਲਈ ਯਤਨਸ਼ੀਲ ਹਨ। ਹਰ ਕੋਈ ਸਫਲਤਾ ਜਾਂ ਅਸਫਲਤਾ ਦੇ ਮਾਪਦੰਡ ਹਰ ਵਕਤ ਆਪੋ-ਆਪਣੇ ਢੰਗ ਨਾਲ ਹੀ ਵਾਚਣ ਦਾ ਯਤਨ ਕਰ ਰਿਹਾ ਹੈ। ਇਸ ਸਬੰਧੀ ਸਰਕਾਰਾਂ ਵੱਲੋਂ ਵੀ ਵੱਡੇ ਪੱਧਰ 'ਤੇ ਵਿੱਤੀ ਸਹਾਇਤਾ ਦਿੱਤੀ ਜਾ ਰਹੀ ਹੈ ਪਰ ਸਭ ਤੋਂ ਮਹੱਤਵਪੂਰਨ ਤੇ ਦੂਰਦਰਸ਼ੀ ਨਤੀਜੇ ਦੇਣ ਵਾਲੇ ਖੇਤਰ ਨੂੰ ਪੂਰਨ ਤੌਰ 'ਤੇ ਵਿਸਾਰਿਆ ਜਾ ਰਿਹਾ ਹੈ। ਇਹ ਖੇਤਰ ਹੈ ਸਿੱਖਿਆ। ਸਿੱਖਿਆ ਦੇ ਸੰਦਰਭ ਵਿਚ ਕੇਂਦਰ ਤੇ ਪ੍ਰਾਂਤਕ ਸਰਕਾਰ ਕਿਸੇ ਤਰ੍ਹਾਂ ਦੀ ਨੀਤੀ 'ਤੇ ਅਮਲ ਦੇ ਪੈਂਤੜੇ ਨਿਰਧਾਰਤ ਕਰਨ ਵੱਲ ਸੋਚ ਹੀ ਨਹੀਂ ਰਹੀ।

ਸਪਸ਼ਟ ਸ਼ਬਦਾਂ ਵਿਚ ਕਿਹਾ ਜਾ ਸਕਦਾ ਹੈ ਕਿ ਸਰਕਾਰਾਂ ਵੱਲੋਂ ਸਕੂਲਾਂ, ਕਾਲਜਾਂ ਅਤੇ ਯੂਨੀਵਰਸਿਟੀਆਂ ਬੰਦ ਰੱਖਣ ਤੋਂ ਇਲਾਵਾ ਕਿਸੇ ਕਿਸਮ ਦੇ ਨਿਰਦੇਸ਼ ਜਾਰੀ ਨਹੀਂ ਕੀਤੇ ਜਾ ਰਹੇ। ਭਾਰਤ ਦੇ ਸਰਬਪੱਖੀ ਵਿਕਾਸ ਦਾ ਕੇਂਦਰੀ ਧੁਰਾ ਸਿੱਖਿਆ ਨੂੰ ਦੱਸਿਆ ਜਾ ਰਿਹਾ ਹੈ। ਵਿਸ਼ਵ ਭਰ ਦੇ ਮੁਲਕ ਹਰ ਸੰਕਟ ਸਮੇਂ ਸਿੱਖਿਆ ਦੇ ਮਹੱਤਵ ਨੂੰ ਕਦੇ ਵੀ ਨਹੀਂ ਭੁਲਾਉਂਦੇ ਪਰ ਮੌਜੂਦਾ ਸਥਿਤੀ ਵਿਚ ਇਸ ਨੂੰ ਪੂਰਨ ਤੌਰ 'ਤੇ ਵਿਸਾਰਿਆ ਜਾ ਰਿਹਾ ਹੈ। ਇਸ ਸਥਿਤੀ ਨੂੰ ਸਮਝਣ ਲਈ ਇਜ਼ਰਾਈਲ ਤੇ ਵੀਅਤਨਾਮ ਦੀ ਮਿਸਾਲ ਦਿੱਤੀ ਜਾ ਸਕਦੀ ਹੈ। ਯਹੂਦੀ ਕੌਮ ਸੈਂਕੜੇ ਸਾਲ ਦਰ-ਦਰ ਭਟਕਦੀ ਰਹੀ।

ਆਪਣੀ ਧਰਤੀ ਦੀ ਤਲਾਸ਼ ਵਿਚ ਜੂਝਦੀ ਰਹੀ ਪਰ ਯਹੂਦੀਆਂ ਦੇ ਨੇਤਾਵਾਂ ਨੇ ਆਪਣੇ ਬੱਚਿਆਂ ਨੂੰ ਉੱਚ ਪੱਧਰ ਦੀ ਸਿੱਖਿਆ ਪ੍ਰਦਾਨ ਕਰਨ ਦੇ ਯਤਨਾਂ ਨੂੰ ਕਦੇ ਅੱਖੋਂ-ਪਰੋਖੇ ਨਹੀਂ ਕੀਤਾ। ਫਲਸਰੂਪ ਇਜ਼ਰਾਈਲ ਦੀ ਸਥਾਪਨਾ ਉਪਰੰਤ ਯਹੂਦੀ ਕੌਮ ਦੀ ਜਿਹੜੀ ਅਮੀਰੀ ਦੇ ਸਿਰ 'ਤੇ ਉਸ ਨੇ ਵਿਸ਼ਵ ਭਰ 'ਚ ਜੋ ਉੱਚ ਪੱਧਰ ਦੀਆਂ ਪ੍ਰਾਪਤੀਆਂ ਕੀਤੀਆਂ, ਉਹ ਕਿਸੇ ਤੋਂ ਭੁੱਲੀਆਂ ਨਹੀਂ ਹਨ। ਇਸੇ ਤਰ੍ਹਾਂ ਵੀਅਤਨਾਮ ਨੇ ਅਮਰੀਕਾ ਵਰਗੀ ਵੱਡੀ ਸ਼ਕਤੀ ਨਾਲ ਸਾਲਾਂ ਭਰ ਜੰਗ ਲੜੀ ਪਰ ਸਿੱਖਿਆ ਨੂੰ ਨਹੀਂ ਵਿਸਾਰਿਆ। ਸਗੋਂ ਸੰਘਰਸ਼ ਦੇ ਦਿਨਾਂ ਵਿਚ ਵੀ ਸੁਰੰਗਾਂ ਰਾਹੀਂ ਧਰਤੀ ਦੇ ਅੰਦਰ ਸਕੂਲ, ਕਾਲਜ ਤੇ ਯੂਨੀਵਰਸਿਟੀਆਂ ਸਥਾਪਤ ਕਰ ਕੇ ਅਗਲੀ ਪੀੜ੍ਹੀ ਨੂੰ ਗਿਆਨ ਤੇ ਵਿਗਿਆਨ ਨਾਲ ਜੋੜੀ ਰੱਖਿਆ ਪਰ ਭਾਰਤ ਦੀ ਸਥਿਤੀ ਇਹ ਹੈ ਕਿ ਹਰ ਸੰਕਟ ਸਮੇਂ ਸਭ ਤੋਂ ਵੱਡਾ ਧੱਕਾ ਸਿੱਖਿਆ ਦੇ ਖੇਤਰ ਨਾਲ ਹੀ ਕੀਤਾ ਜਾਂਦਾ ਹੈ।

ਮੌਜੂਦਾ ਸਥਿਤੀ ਵਿਚ ਵਿਦਿਆਰਥੀਆਂ ਦਾ ਕੀ ਭਵਿੱਖ ਹੈ? ਸਬੰਧੀ ਸਰਕਾਰੀ ਤੇ ਗ਼ੈਰ ਸਰਕਾਰੀ ਪੱਧਰ 'ਤੇ ਗੰਭੀਰ ਚਰਚਾ ਦੀ ਲੋੜ ਮਹਿਸੂਸ ਹੀ ਨਹੀਂ ਕੀਤੀ ਗਈ। ਡੰਗ ਟਪਾਊ ਨੀਤੀ ਤਹਿਤ ਸਕੂਲ, ਕਾਲਜ, ਯੂਨੀਵਰਸਿਟੀਆਂ ਵਿਦਿਆਰਥੀਆਂ ਲਈ ਹੀ ਨਹੀਂ ਸਗੋਂ ਅਧਿਆਪਕਾਂ ਤੇ ਕਰਮਚਾਰੀਆਂ ਲਈ ਵੀ ਬੰਦ ਕਰ ਦਿੱਤੀਆਂ ਗਈਆਂ। ਇਨ੍ਹਾਂ ਨੂੰ ਬੰਦ ਰੱਖਣ ਦੀ ਹੱਦ ਵੀ ਤੈਅ ਨਹੀਂ। ਭਵਿੱਖ ਮੁਖੀ ਕੀ ਪੈਂਤੜਾ ਅਪਣਾਇਆ ਜਾਣਾ ਹੈ? ਇਸ ਸਬੰਧੀ ਗੰਭੀਰਤਾ ਨਾਲ ਕਿਸੇ ਕਿਸਮ ਦੀ ਚਰਚਾ ਹੀ ਨਹੀਂ ਕੀਤੀ ਗਈ ਹੈ। ਇਸ ਹਾਲਤ 'ਚ ਸਿੱਖਿਆ ਪ੍ਰਬੰਧ ਤੇ ਇਸ ਨਾਲ ਜੁੜੇ ਸਰੋਕਾਰਾਂ ਸਬੰਧੀ ਚਰਚਾ ਜ਼ਰੂਰੀ ਹੈ।

ਸਿੱਖਿਆ ਪ੍ਰਬੰਧ 'ਚ ਅਧਿਆਪਕ, ਵਿਦਿਆਰਥੀ ਤੇ ਯੂਨੀਵਰਸਿਟੀਆਂ ਸ਼ਾਮਲ ਹਨ। ਇਨ੍ਹਾਂ ਤਿੰਨਾਂ ਧਿਰਾਂ ਨੂੰ ਮਿਲ-ਬੈਠ ਕੇ ਮੌਜੂਦਾ ਸਥਿਤੀ 'ਚ

**-ਡਾ. ਸ. ਪ. ਸਿੰਘ**

ਪ੍ਰੀਖਿਆ ਦਾ ਪ੍ਰਬੰਧ ਕਰਨਾ ਸ਼ਾਮਲ ਹੈ। ਓਥੇ ਹੀ ਸਕੂਲਾਂ-ਕਾਲਜਾਂ ਦਾ ਪ੍ਰਬੰਧ ਚਲਾਉਣ ਲਈ ਵਿੱਤੀ ਸੰਕਟ ਨੂੰ ਵੀ ਧਿਆਨ ਗੋਚਰੇ ਕਰਨਾ ਜ਼ਰੂਰੀ ਹੈ। ਸਕੂਲਾਂ-ਕਾਲਜਾਂ 'ਚ ਵਿਦਿਆਰਥੀਆਂ ਲਈ ਛੁੱਟੀਆਂ ਹਨ। ਇਸ ਲਈ ਨਾ ਸਿੱਧੇ ਤੌਰ 'ਤੇ ਅਧਿਆਪਨ ਹੈ ਅਤੇ ਨਾ ਹੀ ਖੋਜ ਦਾ ਮਾਹੌਲ ਬਣਾਇਆ ਗਿਆ ਹੈ।

ਆਨਲਾਈਨ ਪੜ੍ਹਾਈ ਦਾ ਪ੍ਰਬੰਧ ਵੀ ਅਧੂਰਾ ਹੀ ਹੈ। ਇਸ ਸਥਿਤੀ 'ਚ ਮਾਪੇ ਜੋ ਕਾਫ਼ੀ ਹੱਦ ਤਕ ਪਹਿਲਾਂ ਹੀ ਆਰਥਿਕ ਮੁਸ਼ਕਲਾਂ ਦਾ ਸ਼ਿਕਾਰ ਹਨ ਉਹ ਫੀਸ ਦੇਣ ਤੋਂ ਅਸਮਰੱਥ ਹਨ। ਦੂਜੇ ਪਾਸੇ ਪ੍ਰਬੰਧਕ ਕਮੇਟੀਆਂ ਤੇ ਸਰਕਾਰ ਦੀ ਨੈਤਿਕ ਜ਼ਿੰਮੇਵਾਰੀ ਹੈ ਕਿ ਉਹ ਅਧਿਆਪਕਾਂ ਤੇ ਕਰਮਚਾਰੀਆਂ ਨੂੰ ਤਨਖ਼ਾਹ ਦੀ ਅਦਾਇਗੀ ਕਰਨ। ਪਰ ਫੀਸਾਂ ਦੀ ਵਸੂਲੀ ਤੋਂ ਬਿਨਾਂ ਤਨਖ਼ਾਹਾਂ ਦੀ ਅਦਾਇਗੀ ਲੰਬੇ ਸਮੇਂ ਤਕ ਕਿਸੇ ਤਰ੍ਹਾਂ ਵੀ ਸੰਭਵ ਨਹੀਂ। ਯੂਨੀਵਰਸਿਟੀਆਂ ਤੇ ਬੋਰਡ ਪ੍ਰੀਖਿਆਵਾਂ ਦਾ ਸੰਚਾਲਨ ਕਿਸ ਤਰ੍ਹਾਂ ਕਰਨ? ਇਸ ਸਬੰਧੀ ਸਥਿਤੀ ਸਪਸ਼ਟ ਨਹੀਂ। ਵਿਦਿਆਰਥੀਆਂ ਦਾ ਭਵਿੱਖ ਕੀ ਹੈ? ਇਸ ਬਾਰੇ ਵੀ ਕੋਈ ਅਨੁਮਾਨ ਨਹੀਂ ਲਗਾਇਆ ਜਾ ਸਕਦਾ ਪਰ ਇਕ ਗੱਲ ਸਪਸ਼ਟ ਹੈ ਕਿ ਫੀਸਾਂ ਤੇ ਤਨਖ਼ਾਹਾਂ ਦਾ ਸਬੰਧ ਅਧਿਆਪਕਾਂ ਤੇ ਵਿਦਿਆਰਥੀਆਂ ਲਈ ਮਹੱਤਵਪੂਰਨ ਹੈ। ਅਸੀਂ ਪ੍ਰਬੰਧਕ ਕਮੇਟੀਆਂ ਤੇ ਵਿੱਦਿਅਕ ਸੰਸਥਾਵਾਂ ਨੂੰ ਬੰਦ ਕਰ ਕੇ ਇਮਾਰਤਾਂ ਦੀ ਵਰਤੋਂ ਕਿਸੇ ਹੋਰ ਕਾਰਜ ਲਈ ਕਰ ਸਕਦੇ ਹਾਂ ਪਰ ਇਸ ਤਰ੍ਹਾਂ ਵਿਦਿਆਰਥੀਆਂ ਦੀ ਪੜ੍ਹਾਈ ਤੇ ਅਧਿਆਪਕਾਂ ਦੀ ਨੌਕਰੀ ਵੱਡੇ ਸੰਕਟ ਨੂੰ ਜਨਮ ਦੇ ਸਕਦੀ ਹੈ। ਬਦਕਿਸਮਤੀ ਇਹ ਹੈ ਕਿ ਇਨ੍ਹਾਂ ਹਾਲਤਾਂ ਨੂੰ ਸਿੱਖਿਆ ਸ਼ਾਸਤਰੀ, ਅਫ਼ਸਰ ਤੇ ਰਾਜਨੀਤਕ ਲੋਕ ਭੁਲਾਈ ਬੈਠੇ ਹਨ। ਵੱਖ-ਵੱਖ ਅਦਾਲਤਾਂ ਹੀ ਦਿਸ਼ਾ-ਨਿਰਦੇਸ਼ ਜਾਰੀ ਕਰ ਕੇ ਨੀਤੀਆਂ ਨੂੰ ਘੜਨ ਦਾ ਯਤਨ ਕਰ ਰਹੀਆਂ ਹਨ ਪਰ ਠੋਸ ਨਤੀਜੇ ਸਾਹਮਣੇ ਨਹੀਂ ਆ ਰਹੇ। ਇਸ ਹਾਲਾਤ 'ਚ ਸਭ ਤੋਂ ਵੱਡੀ ਜ਼ਿੰਮੇਵਾਰੀ ਸਿੱਖਿਆ ਸ਼ਾਸਤਰੀਆਂ ਤੇ ਅਧਿਆਪਕਾਂ ਦੀ ਬਣਦੀ ਹੈ ਕਿ ਉਹ ਅਮਲੀ ਤੌਰ 'ਤੇ ਇਸ ਸਮੇਂ ਪੈਦਾ ਹੋਏ ਸੰਕਟ ਵੇਲੇ ਸੁਖਾਵੇਂ ਮਾਹੌਲ 'ਚ ਸਿੱਖਿਆ ਸੰਸਥਾਵਾਂ ਨੂੰ ਸੰਭਲਣ 'ਚ ਸਹਾਈ ਹੋਣ।

ਇਸ ਸਮੇਂ ਵੱਖ-ਵੱਖ ਪੱਧਰ 'ਤੇ ਅਪ੍ਰਸੰਗਿਕ ਪੱਧਰ 'ਤੇ ਮੰਗਾਂ ਪੂਰੀਆਂ ਕਰਵਾ ਕੇ ਮਾਹੌਲ ਨੂੰ ਵਿਗਾੜਨ ਦਾ ਯਤਨ ਨਾ ਕਰਨ। ਕਾਲਜ ਅਧਿਆਪਕਾਂ ਵੱਲੋਂ ਮੁਜ਼ਾਹਰਾ ਕਰਨਾ ਕਿ ਉਨ੍ਹਾਂ ਨੂੰ ਕਾਲਜਾਂ ਵਿਚ ਕੰਮ ਕਰਨ ਲਈ ਨਾ ਬੁਲਾਇਆ ਜਾਵੇ, ਆਪਣੇ-ਆਪ ਵਿਚ ਗ਼ੈਰ-ਸੰਜੀਦਗੀ ਦਾ ਹੀ ਸੂਚਕ ਹੈ। ਲੋੜ ਹੈ ਕਿ ਅਧਿਆਪਕ ਵਾਂਗ ਪ੍ਰਬੰਧਕ ਕਮੇਟੀਆਂ ਮਾਪਿਆਂ, ਵਿਦਿਆਰਥੀਆਂ 'ਚ ਪੁਲ ਬਣ ਕੇ ਸਮੁੱਚੀ ਸਥਿਤੀ ਨਾਲ ਯਥਾਰਥਕ ਪੱਧਰ 'ਤੇ ਨਜਿੱਠਣ ਦਾ ਯਤਨ ਕਰਨ ਜਿਸ 'ਚ ਵਿਦਿਆਰਥੀਆਂ ਦਾ ਅਧਿਐਨ ਅਤੇ ਅਧਿਆਪਕ ਦਾ ਪ੍ਰਬੰਧ ਹੋਣਾ, ਯੂਨੀਵਰਸਿਟੀਆਂ ਅਤੇ ਬੋਰਡਾਂ ਵੱਲੋਂ ਪ੍ਰੀਖਿਆਵਾਂ ਸੰਪੰਨ ਕਰਨੀਆਂ, ਪ੍ਰਬੰਧਕ ਕਮੇਟੀਆਂ ਲਈ ਫੀਸਾਂ ਦੀ ਵਸੂਲੀ ਦਾ ਯਤਨ ਕਰਨਾ ਅਤੇ ਅਧਿਆਪਨ ਤੇ ਕਰਮਚਾਰੀਆਂ ਦੀਆਂ ਤਨਖ਼ਾਹਾਂ ਨੂੰ ਸਮਰਪਿਤ ਕਰਨਾ ਹੈ।

ਇਸ ਹਾਲਤ 'ਚ ਜੇ ਅਧਿਆਪਕ ਵਰਗ ਅਵੇਸਲਾ ਰਿਹਾ ਤਾਂ ਵਿੱਦਿਅਕ ਸੰਸਥਾਵਾਂ ਬੰਦ ਹੋਣ ਦੀ ਸਥਿਤੀ ਵਿਚ ਚਲੀਆਂ ਜਾਣਗੀਆਂ ਤੇ ਅਧਿਆਪਕਾਂ ਦੀਆਂ ਨੌਕਰੀਆਂ ਵੀ ਖ਼ਤਰੇ ਵਿਚ ਪੈ ਜਾਣਗੀਆਂ। ਅਖ਼ੀਰ ਵਿਚ ਇਹ ਹੀ ਸੁਝਾਅ ਦਿੱਤਾ ਜਾ ਸਕਦਾ ਹੈ ਕਿ ਸਾਰੀਆਂ ਧਿਰਾਂ ਸੁਹਿਰਦਤਾ ਦਾ ਪ੍ਰਗਟਾਵਾ ਕਰਨ ਅਤੇ ਹਰ ਵਰਗ ਦੀ ਸਹੂਲੀਅਤ ਨੂੰ ਮੁੱਖ ਰੱਖਦੇ ਹੋਏ ਸਭ ਲੋੜੀਂਦੀਆਂ ਸਹੂਲਤਾਂ ਮੁਹੱਈਆ ਕਰਵਾਉਂਦੇ ਹੋਏ ਭਵਿੱਖੀ ਪੀੜ੍ਹੀ ਨੂੰ ਗਿਆਨ ਤੇ ਵਿਗਿਆਨ ਨਾਲ ਜੋੜਨ ਦੇ ਸੁਹਿਰਦ ਯਤਨ ਕਰੀਏ।




Travel for Less Inc.

SPECIALIZED IN DISCOUNT FARES WORLDWIDE

INDIA | PAKISTAN | EUROPE

ASIANA AIRLINES
A STAR ALLIANCE MEMBER

ਅਗਰ ਤੁਸੀ ਇੰਡਿਆਂ ਜਾਣ ਲਈ ਸਸਤੀਆਂ ਟਿਕਟਾ ਲਭ ਰਹੇ ਹੋ ਜਾਂ ਫਿਰ ਤੁਹਾਨੂੰ ਸੀਟ ਮਿਲਣ ਵਿਚ ਦਿਕਤ ਆ ਰਹੀ ਹੈ ਤਾਂ ਸਾਨੂੰ ਇੱਕ ਵਾਰ ਕਾਲ ਜਰੂਰ ਕਰੋ ਅਸੀ ਹਰੇਕ ਵੱਡੀ ਏਅਰਲਾਈਨ ਦੀਆਂ ਟਿਕਟਾ ਬਹੁਤ ਵਧੀਆ ਰੇਟਾਂ ਤੇ ਵੇਚਦੇ ਹਾਂ।

Asiana Airlines
Daily Flight To New Delhi

Best deals on major airlines like

ASIANA AIRLINES · Emirates · CHINA AIRLINES · الإتحاد · BRITISH AIRWAYS · ETIHAD AIRWAYS · CATHAY PACIFIC · Lufthansa · virgin atlantic · QATAR AIRWAYS القطرية · SINGAPORE AIRLINES

8th time in a row
2016 Best of Fremont Award

CALL US TO GET BEST RATES FOR YOUR AIR TICKETS TO INDIA AND WORLDWIDE.




BBB · IATAN

CST NO : 2031914-40

We have moved to

Serving the Bay Area Since 1996
32116-Alvarado Blvd. Union City, CA-94587
Email: info@travelforlessinc.com

CALL 510-791-3300 Book online 24x7 @ www.Letsflyhome.com

# Valley Real Estate
## Center's

1). **1415 W Anderson Stockton, $4,900,000.**
  a). **4.5 Acre Lot, include 15000 Square foot warehouse with 10 loading dock, 2000 square foot office.**
  b). **Two bay truck repair shop.**



2). **1801 E Dr martin luther king jr Blvd, Stockton, CA 95205 APN 155-140-15. Offered at $4,399,000. Almost 10 acres paved truck parking with approximately $32000 monthly income.**

3). **1943 E Fremont St, 1924 E park St and 1850 E Oak St Stockton CA 95205, Total 8 APN number, one lot, 7.56 acres paved truck parking.Offered at $3,000,000.**

Valley Real Estate Center
Realtor DRE 01922089
209.956.1000
gbsingh84@gmail.com
68 E 11th St Ste 109
Tracy, CA 95376



Ranjit Singh

Steele Insurance Agency
Broker DRE 0H78402
408.355.5700
rsingh@siainc.net
17900 Murphy Pkwy
Lathrop, CA 95330

VALLEY REAL ESTATE CENTER

STEELE INSURANCE AGENCY

Sell & Buy | Residential | Commercial | Management